ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
# SADE LOK


sadelok.com

9-15 ਸਤੰਬਰ2026

ਸਾਲ 17ਵਾਂ - ਅੰਕ 37



email : info@sadelok.com

510-706-1300


## ਗ਼ਦਰੀ ਬਾਬਿਆਂ ਦੀ ਇਤਿਹਾਸਕ ਧਰਤੀ 'ਤੇ ਸਿੱਖਾਂ ਅਤੇ ਪੰਜਾਬੀ ਭਾਈਚਾਰੇ ਦੇ ਵੱਕਾਰ ਨੂੰ ਦਾਗ਼ਦਾਰ ਕਰਨ ਦੀ ਸਾਜ਼ਿਸ਼

## ਕੈਨੇਡਾ 'ਚ ਫਿਰੌਤੀ ਸਿੰਡੀਕੇਟਾਂ 'ਤੇ ਕਾਨੂੰਨ ਦਾ ਸਭ ਤੋਂ ਵੱਡਾ ਸ਼ਿਕੰਜਾ




(ਦੇਖੋ ਸਫ਼ਾ 37 'ਤੇ)

ਸਿੱਖ ਇਨਫਰਮੇਸ਼ਨ ਦੇ ਸੱਦੇ 'ਤੇ ਕੈਲੀਫੋਰਨੀਆ 'ਚ ਸਦੀ ਦੇ ਮਹਾਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ 'ਤੇ ਯਾਦਗਾਰੀ ਇਕੱਠ

# ਅਮਰੀਕੀ ਕਾਂਗਰਸਮੈਨ ਟੌਮ ਮੈਕਲਿੰਟੌਕ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਪੰਜਾਬ ਦੇ ਲਾਪਤਾ ਲੋਕਾਂ ਲਈ ਕੌਮਾਂਤਰੀ ਇਨਸਾਫ਼ ਦੀ ਗੂੰਜ

- ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸਨਮਾਨ ਵਿੱਚ ਕਰਵਾਏ ਗਏ ਮਨੁੱਖੀ ਅਧਿਕਾਰ ਸਮਾਗਮ
- 'ਹਨੇਰੇ ਨੂੰ ਚੁਣੌਤੀ' (ਚੈਲੇਂਜ ਦ ਡਾਰਕਨੈੱਸ) ਵਿੱਚ ਲਗਭਗ 400 ਲੋਕਾਂ ਨੇ ਸ਼ਿਰਕਤ ਕੀਤੀ

ਲੇਥਰੌਪ, ਕੈਲੀਫੋਰਨੀਆ : ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਵਿਰਾਸਤ ਨੂੰ ਯਾਦ ਕਰਨ ਲਈ ਲੇਥਰੌਪ ਕਮਿਊਨਿਟੀ ਸੈਂਟਰ ਵਿਖੇ ਆਯੋਜਿਤ "ਹਨੇਰੇ ਨੂੰ ਚੁਣੌਤੀ" ਇਕੱਠ ਵਿੱਚ ਲਗਭਗ 350

(ਬਾਕੀ ਸਫ਼ਾ 28-29 'ਤੇ)



## ਘਰੇਲੂ ਨਫ਼ਰਤ ਅਤੇ ਕੌਮਾਂਤਰੀ ਖ਼ਤਰਿਆਂ ਦੇ ਦੁਵੱਲੇ ਸਾਏ ਹੇਠ ਅਮਰੀਕੀ ਸਿੱਖ

### ਵਧਦੀ ਬੇਗ਼ਾਨਗੀ ਅਤੇ ਅਸੁਰੱਖਿਆ ਨੇ ਖੜ੍ਹਾ ਕੀਤਾ ਗੰਭੀਰ ਸਵਾਲ: ਕੀ ਦੁਨੀਆ 'ਚ ਸਿੱਖਾਂ ਲਈ ਸ਼ਾਂਤੀ ਨਾਲ ਜਿਊਣ ਦੀ ਕੋਈ ਥਾਂ ਨਹੀਂ ਬਚੀ ?

9/11 ਦੀ 25ਵੀਂ ਬਰਸੀ ਦੇ ਮੋੜ 'ਤੇ ਪੁਰਾਣੇ ਜ਼ਖ਼ਮ ਮੁੜ ਤਾਜ਼ਾ : ਸਤੰਬਰ 11, 2001 ਦੇ ਅੱਤਵਾਦੀ ਹਮਲਿਆਂ ਤੋਂ ਤੁਰੰਤ ਬਾਅਦ ਅਮਰੀਕਾ ਵਿੱਚ ਨਫ਼ਰਤੀ ਹਿੰਸਾ ਦੀ ਪਹਿਲੀ ਗੋਲੀ ਦਾ ਸ਼ਿਕਾਰ ਸ. ਬਲਬੀਰ ਸਿੰਘ ਸੋਢੀ ਬਣੇ




The DHS poster carried the message: "America for Americans. Get off our roads; you don't know how to drive, Mr Singh." It also urged people to "self-deport".X/@DHSgov

ਸਨ, ਜਿਨ੍ਹਾਂ ਨੂੰ ਸਿਰਫ਼ ਉਨ੍ਹਾਂ ਦੀ ਦਸਤਾਰ ਅਤੇ ਦਾੜ੍ਹੀ ਕਾਰਨ ਸ਼ਹੀਦ ਕਰ ਦਿੱਤਾ ਗਿਆ ਸੀ। ਅੱਜ, ਜਦੋਂ ਉਸ ਦਰਦਨਾਕ ਘਟਨਾ ਦੀ 25ਵੀਂ ਬਰਸੀ ਨੇੜੇ ਹੈ, ਤਾਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਸਮਾਜ ਵਿੱਚ ਸਿੱਖ ਪਛਾਣ ਪ੍ਰਤੀ ਜਾਗਰੂਕਤਾ, ਸਮਝ ਅਤੇ ਸਤਿਕਾਰ ਵਧੇਗਾ। ਪਰ ਇਸ ਦੇ ਉਲਟ,

(ਦੇਖੋ ਸਫ਼ਾ 31 'ਤੇ)

## ਭਾਰਤ 'ਚ 70% ਤੋਂ ਵੱਧ ਆਬਾਦੀ ਵਾਲੇ ਦਲਿਤ ਅੱਜ ਵੀ ਰਾਖਵਾਂਕਰਨ ਮੰਗਣ ਲਈ ਮਜਬੂਰ

### ਪਟਨਾ 'ਚ 'ਰਾਖਵਾਂਕਰਨ ਵਧਾਓ, ਸੰਵਿਧਾਨ ਬਚਾਓ' ਸੰਘਰਸ਼ ਸਮਿਤੀ ਦਾ ਰੋਸ ਮਾਰਚ



ਪਟਨਾ : ਰਾਖਵਾਂਕਰਨ ਦਾ ਦਾਇਰਾ ਵਧਾਉਣ ਅਤੇ ਸੰਵਿਧਾਨ ਦੀ ਰਾਖੀ ਦੀ ਮੰਗ ਨੂੰ ਲੈ ਕੇ ਮੰਗਲਵਾਰ ਨੂੰ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ 'ਰਾਖਵਾਂਕਰਨ ਵਧਾਓ, ਸੰਵਿਧਾਨ ਬਚਾਓ' ਸੰਘਰਸ਼ ਸਮਿਤੀ ਵੱਲੋਂ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਸਮਿਤੀ ਦੇ ਸੱਦੇ 'ਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਸਮਰਥਕਾਂ ਨੇ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਲੋਕ ਭਵਨ ਵੱਲ ਮਾਰਚ ਸ਼ੁਰੂ ਕੀਤਾ। ਜਦੋਂ ਪ੍ਰਦਰਸ਼ਨਕਾਰੀ ਲੋਕ ਭਵਨ ਵੱਲ ਵਧਣ ਲੱਗੇ ਤਾਂ ਸੁਰੱਖਿਆ ਕਰਮੀਆਂ ਨੇ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ, ਜਿਸ ਕਾਰਨ ਮੌਕੇ 'ਤੇ ਪੁਲਿਸ ਅਤੇ ਮੁਜ਼ਾਹਰਾਕਾਰੀਆਂ ਵਿਚਾਲੇ ਤਿੱਖੀ ਧੱਕਾਮੁੱਕੀ ਤੇ ਤਣਾਅ ਵਾਲੀ ਸਥਿਤੀ ਪੈਦਾ ਹੋ ਗਈ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਅਤੇ ਝੰਡੇ ਫੜ ਕੇ ਸੰਵਿਧਾਨਿਕ ਹੱਕਾਂ ਦੀ ਰਾਖੀ ਅਤੇ ਵਾਂਝੇ ਵਰਗਾਂ ਲਈ ਰਾਖਵਾਂਕਰਨ ਵਧਾਉਣ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

(ਦੇਖੋ ਸਫ਼ਾ 37 'ਤੇ)


Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.






CALL OR TEXT HARRY FOR A QUOTE (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਹਰੀਕੇ 'ਚ ਖਾਲੜਾ ਦੀ ਯਾਦਗਾਰ ਜਲਦੀ ਉਸਾਰੀ ਜਾਵੇਗੀ: ਧਾਮੀ

## ਸ੍ਰੀ ਹਰਿਮੰਦਰ ਸਾਹਿਬ ਸਮੂਹ 'ਚ ਜਸਵੰਤ ਸਿੰਘ ਖਾਲੜਾ ਨਮਿਤ ਸਮਾਗਮ ਕਰਵਾਇਆ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕਮੇਟੀ ਵੱਲੋਂ ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਹਰੀਕੇ ਵਿੱਚ ਯਾਦਗਾਰ ਜਲਦੀ ਬਣਾਈ ਜਾਵੇਗੀ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਵਿਖੇ ਜਸਵੰਤ ਸਿੰਘ ਖਾਲੜਾ ਨਮਿਤ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਜਸਵੰਤ ਸਿੰਘ ਖਾਲੜਾ ਦੀ ਭੈਣ ਬਲਬੀਰ ਕੌਰ ਅਤੇ ਮੁੱਖ ਗਵਾਹ ਕੁਲਦੀਪ ਸਿੰਘ ਬਚੜੇ ਦੀ ਪਤਨੀ ਕਮਲਜੀਤ ਕੌਰ ਦਾ ਸਨਮਾਨ ਕੀਤਾ ਗਿਆ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖਾਲੜਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਮਨੁੱਖੀ ਅਧਿਕਾਰਾਂ ਦਾ ਕਿਸੇ ਵੀ ਥਾਂ 'ਤੇ ਘਾਣ ਨਹੀਂ ਹੋਣਾ ਚਾਹੀਦਾ। ਉਨ੍ਹਾਂ ਜਸਵੰਤ ਸਿੰਘ ਖਾਲੜਾ ਨੂੰ ਕੌਮੀ ਸ਼ਹੀਦ ਕਹਿ ਕੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਉਨ੍ਹਾਂ ਲਾਵਾਰਿਸ ਲਾਸ਼ਾਂ ਦੇ ਵਾਰਸ ਬਣੇ, ਉਨ੍ਹਾਂ ਦਿਨ-ਰਾਤ ਮਿਹਨਤ ਕਰ ਕੇ ਲਾਸ਼ਾਂ ਦੇ ਵੇਰਵੇ ਇਕੱਤਰ ਕੀਤੇ, ਉਹ ਅਜੇ ਕਾਰਜ ਕਰ ਹੀ ਰਹੇ ਸਨ ਕਿ ਹਕੂਮਤ ਨੇ ਉਨ੍ਹਾਂ ਨੂੰ ਵੀ ਸ਼ਹੀਦ ਕਰ ਦਿੱਤਾ। ਸ਼ਹੀਦੀ ਪੱਤਣ ਹਰੀਕੇ ਵਿਖੇ ਸ਼ਹੀਦੀ ਯਾਦਗਾਰ ਸਥਾਪਤ ਕਰਨ ਅਤੇ 1982 ਤੋਂ 1994 ਦੇ ਸਮੂਹ ਸ਼ਹੀਦਾਂ ਦੇ ਵੇਰਵੇ ਇਕੱਤਰ ਕਰਨ ਦਾ ਕਾਰਜ ਜਲਦੀ ਅਰੰਭਿਆ ਜਾਵੇਗਾ। ਇਹ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਵੇਗਾ ਅਤੇ ਸਰਪ੍ਰਸਤੀ ਅਕਾਲ ਤਖ਼ਤ ਦੀ ਹੋਵੇਗੀ। ਐਡਵੋਕੇਟ ਧਾਮੀ ਨੇ ਆਖਿਆ ਕਿ ਜਸਵੰਤ ਸਿੰਘ ਖਾਲੜਾ ਅਤੇ ਹੋਰ ਸਿੱਖਾਂ ਦੀ ਹਰੀਕੇ ਵਿੱਚ ਯਾਦਗਾਰ ਬਣਾਉਣ ਲਈ ਸਬ-ਕਮੇਟੀ ਬਣਾਈ ਗਈ ਹੈ, ਜਿਸ ਵੱਲੋਂ ਜਲਦੀ ਹੀ ਲੋੜੀਂਦੀ ਜ਼ਮੀਨ ਦਾ ਪ੍ਰਬੰਧ ਕੀਤਾ ਜਾਵੇਗਾ। ਸਮਾਗਮ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜੈਬ ਸਿੰਘ ਅਭਿਆਸੀ, ਬਲਜੀਤ ਸਿੰਘ ਜਲਾਲਉਸਮਾ, ਅਮਰਜੀਤ ਸਿੰਘ ਬੰਡਾਲਾ, ਭਾਈ ਮਨਜੀਤ ਸਿੰਘ, ਭਾਈ ਜਸਵੰਤ ਸਿੰਘ ਖਾਲੜਾ ਦੀ ਭੈਣ ਬੀਬੀ ਬਲਵੀਰ ਕੌਰ, ਮੁੱਖ ਗਵਾਹ ਕੁਲਦੀਪ ਸਿੰਘ ਬਚੜੇ ਦੀ ਪਤਨੀ ਬੀਬੀ ਕਮਲਜੀਤ ਕੌਰ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਜਸਵਿੰਦਰ ਸਿੰਘ ਜੱਸੀ, ਮੀਤ ਸਕੱਤਰ ਗੁਰਨਾਮ ਸਿੰਘ, ਮਨਜੀਤ ਸਿੰਘ, ਹਰਭਜਨ ਸਿੰਘ ਵਕਤਾ ਅਤੇ ਮੈਨੇਜਰ ਮੇਜਰ ਸਿੰਘ ਹਾਜ਼ਰ ਸਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders

We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332

433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਭਾਰਤੀਆਂ ਲਈ ਈ.ਬੀ.-1 ਗ੍ਰੀਨ ਕਾਰਡ ਕੋਟਾ ਮੁੱਕਣ ਦਾ ਖ਼ਦਸ਼ਾ

ਨਿਊਯਾਰਕ : ਅਮਰੀਕਾ ਵਿਚ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਭਾਰਤੀਆਂ ਲਈ ਨਵੀਂ ਚਿੰਤਾ ਖੜ੍ਹੀ ਹੋ ਗਈ ਹੈ। ਅਰਜ਼ੀਆਂ ਦੀ ਭਾਰੀ ਮੰਗ ਕਾਰਨ ਈ.ਬੀ.-1 ਸ਼੍ਰੇਣੀ ਵਿਚ ਭਾਰਤ ਲਈ ਉਪਲਬਧ ਵੀਜ਼ਾ ਨੰਬਰ ਮੌਜੂਦਾ ਵਿੱਤੀ ਸਾਲ ਦੀ ਸਮਾਪਤੀ ਤੋਂ ਪਹਿਲਾਂ ਹੀ ਮੁੱਕ ਸਕਦੇ ਹਨ। ਅਮਰੀਕੀ ਵਿਦੇਸ਼ ਵਿਭਾਗ ਨੇ ਸਤੰਬਰ ਦੇ ਵੀਜ਼ਾ ਬੁਲੇਟਿਨ ਵਿਚ ਚਿਤਾਵਨੀ ਦਿੱਤੀ ਹੈ ਕਿ ਜੇਕਰ ਭਾਰਤ ਲਈ ਨਿਰਧਾਰਤ ਹੱਦ 30 ਸਤੰਬਰ ਤੋਂ ਪਹਿਲਾਂ ਪੂਰੀ ਹੋ ਗਈ ਤਾਂ ਈ.ਬੀ.-1 ਸ਼੍ਰੇਣੀ ਨੂੰ ਆਉਣ ਵਾਲੇ ਹਫ਼ਤਿਆਂ ਵਿਚ ਅਸਥਾਈ ਤੌਰ 'ਤੇ ਅਣਉਪਲਬਧ ਐਲਾਨਿਆ ਜਾ ਸਕਦਾ ਹੈ। ਅਜਿਹੀ ਸਥਿਤੀ ਵਿਚ ਵੀਜ਼ਾ ਨੰਬਰ ਮੁੜ ਉਪਲਬਧ ਹੋਣ ਤੱਕ ਗ੍ਰੀਨ ਕਾਰਡ ਮਾਮਲਿਆਂ ਨੂੰ ਅੰਤਿਮ ਮਨਜ਼ੂਰੀ ਨਹੀਂ ਮਿਲ ਸਕੇਗੀ। ਈ.ਬੀ.-1 ਰੁਜ਼ਗਾਰ ਆਧਾਰਿਤ ਪਹਿਲੀ ਤਰਜੀਹ ਵਾਲੀ ਸ਼੍ਰੇਣੀ ਹੈ। ਇਸ ਵਿਚ ਆਪਣੇ ਖੇਤਰ ਵਿਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਅਕਤੀ, ਨਾਮਵਰ ਪ੍ਰੋਫੈਸਰ ਤੇ ਖੋਜਕਰਤਾ, ਕੁਝ ਬਹੁਕੌਮੀ ਕੰਪਨੀਆਂ ਦੇ ਸੀਨੀਅਰ ਅਧਿਕਾਰੀ ਤੇ ਪ੍ਰਬੰਧਕ ਸ਼ਾਮਿਲ ਹੁੰਦੇ ਹਨ। ਸਤੰਬਰ ਵਿਚ ਭਾਰਤ ਲਈ ਈ.ਬੀ.-1 ਦੀ ਅੰਤਿਮ ਕਾਰਵਾਈ ਦੀ ਕੱਟਆਫ਼ ਤਾਰੀਖ 15 ਅਕਤੂਬਰ 2022 ਹੈ, ਜਦਕਿ ਅਰਜ਼ੀ ਦਾਖ਼ਲ ਕਰਨ ਦੀ ਤਾਰੀਖ 1 ਦਸੰਬਰ 2023 ਰੱਖੀ ਗਈ ਹੈ। ਰਜ਼ੀ ਦਾਖ਼ਲ ਕਰਨ ਦੀ ਇਜਾਜ਼ਤ ਮਿਲਣ ਦਾ ਮਤਲਬ ਇਹ ਨਹੀਂ ਕਿ ਗ੍ਰੀਨ ਕਾਰਡ ਨੂੰ ਤੁਰੰਤ ਅੰਤਿਮ ਮਨਜ਼ੂਰੀ ਵੀ




ਮਿਲ ਜਾਵੇਗੀ।-ਭਾਰਤੀਆਂ ਲਈ ਦੂਜੀਆਂ ਰੁਜ਼ਗਾਰ ਆਧਾਰਿਤ ਸ਼੍ਰੇਣੀਆਂ ਦੀ ਸਥਿਤੀ ਵੀ ਮੁਸ਼ਕਲ ਬਣੀ ਹੋਈ ਹੈ। ਈ.ਬੀ.-2 ਅਤੇ ਗੈਰ-ਰਾਖਵੀਂ ਈਜ਼ ਬੀ-5 ਸ਼੍ਰੇਣੀ ਸਤੰਬਰ ਵਿਚ ਅੰਤਿਮ ਕਾਰਵਾਈ ਲਈ ਅਣਉਪਲਬਧ ਹਨ। ਈ.ਬੀ.-3 ਦੀ ਅੰਤਿਮ ਕਾਰਵਾਈ ਦੀ ਤਾਰੀਖ 1 ਜਨਵਰੀ 2014 ਹੈ, ਜਿਸ ਤੋਂ ਭਾਰਤੀ ਬਿਨੈਕਾਰਾਂ ਦੀ ਲੰਮੀ ਉਡੀਕ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਵਿੱਤੀ ਸਾਲ 2026 ਲਈ ਦੁਨੀਆ ਭਰ ਵਿਚ ਰੁਜ਼ਗਾਰ ਆਧਾਰਿਤ ਇਮੀਗ੍ਰੈਂਟ ਵੀਜ਼ਿਆਂ ਦੀ ਕੁੱਲ ਹੱਦ 1,86,317 ਹੈ। ਦੇਸ਼ ਅਨੁਸਾਰ ਲੱਗੀ ਕਾਨੂੰਨੀ ਹੱਦ ਅਤੇ ਭਾਰਤ ਤੋਂ ਆਉਂਦੀਆਂ ਅਰਜ਼ੀਆਂ ਦੀ ਵੱਡੀ ਗਿਣਤੀ ਕਾਰਨ ਇਹ ਕਤਾਰ ਲਗਾਤਾਰ ਲੰਮੀ ਹੋ ਰਹੀ ਹੈ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਈ.ਬੀ.-1 ਦੇ ਅਣਉਪਲਬਧ ਹੋਣ ਨਾਲ ਅਰਜ਼ੀਆਂ ਸਥਾਈ ਤੌਰ 'ਤੇ ਰੱਦ ਨਹੀਂ ਹੋਣਗੀਆਂ। ਇਹ ਸਿਰਫ਼ ਕੋਟਾ ਪੂਰਾ ਹੋਣ ਕਾਰਨ ਲੱਗਣ ਵਾਲੀ ਆਰਜ਼ੀ ਰੋਕ ਹੋਵੇਗੀ ਅਤੇ ਨਵੇਂ ਵਿੱਤੀ ਸਾਲ ਵਿਚ ਵੀਜ਼ਾ ਨੰਬਰ ਮੁੜ ਉਪਲਬਧ ਹੋ ਸਕਦੇ ਹਨ।

# ਦੱਖਣੀ ਏਸ਼ੀਆਈ ਲੋਕਾਂ ਵਿਰੁੱਧ ਨਫ਼ਰਤੀ ਅਪਰਾਧਾਂ ਬਾਰੇ ਗੋਲਮੇਜ ਕਾਨਫ਼ਰੰਸ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਦੱਖਣੀ ਏਸ਼ੀਆਈ ਅਮਰੀਕੀ ਕਾਨੂੰਨ ਨਿਰਮਾਤਾਵਾਂ ਅਤੇ ਚੁਣੇ ਹੋਏ ਅਧਿਕਾਰੀਆਂ ਦੇ ਗੱਠਜੋੜ ਨੇ ਭਾਰਤੀ ਅਮਰੀਕੀ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਦੀ ਅਗਵਾਈ ਵਿਚ ਇਕ ਰਾਸ਼ਟਰੀ ਗੋਲਮੇਜ਼ ਕਾਨਫ਼ਰੰਸ ਕੀਤੀ। ਕਾਨਫ਼ਰੰਸ ਵਿਚ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਸੰਭਾਵੀ ਨਫ਼ਰਤ, ਪਰੇਸ਼ਾਨੀ ਅਤੇ ਹਿੰਸਾ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਕਾਨਫ਼ਰੰਸ ਵਿਚ ਸੰਘੀ, ਰਾਜ ਅਤੇ ਸਥਾਨਕ ਚੁਣੇ ਹੋਏ ਅਧਿਕਾਰੀਆਂ ਨੇ ਦੱਖਣੀ ਏਸ਼ੀਆਈ ਅਮਰੀਕੀਆਂ ਨਾਲ ਵਿਤਕਰੇ ਅਤੇ ਨਫ਼ਰਤੀ ਅਪਰਾਧਾਂ ਦੀ ਰੋਕਥਾਮ, ਰਿਪੋਰਟਿੰਗ ਅਤੇ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਨ ਦੇ ਢੰਗ-ਤਰੀਕਿਆਂ ਬਾਰੇ ਚਰਚਾ ਕੀਤੀ। ਅਮਰੀਕੀ ਪ੍ਰਤੀਨਿਧੀ ਪ੍ਰਮਿਲਾ ਜੈਪਾਲ, ਅਮੀ ਬੇਰਾ, ਸੁਹਾਸ ਸੁਬਰਾਮਨੀਅਮ ਅਤੇ ਸ਼੍ਰੀ ਥਾਨੇਦਾਰ ਕ੍ਰਿਸ਼ਨਾਮੂਰਤੀ ਨਾਲ ਗੋਲਮੇਜ਼ ਕਾਨਫ਼ਰੰਸ ਵਿੱਚ ਸ਼ਾਮਲ ਹੋਏ। ਇਸ ਤੋਂ ਇਲਾਵਾ ਦੇਸ਼ ਭਰ ਦੇ ਰਾਜਾਂ ਅਤੇ ਸਥਾਨਕ ਚੁਣੇ ਹੋਏ ਅਧਿਕਾਰੀਆਂ ਦੇ ਨਾਲ



ਇੰਡੀਅਨ ਅਮਰੀਕਨ ਇੰਪੈਕਟ ਅਤੇ ਸਟਾਪ ਏ.ਏ.ਪੀ.ਆਈ. ਹੇਟ ਦੇ ਪ੍ਰਤੀਨਿਧੀਆਂ ਨੇ ਵੀ ਹਿੱਸਾ ਲਿਆ। ਉੱਤਰੀ ਕੈਰੋਲੀਨਾ, ਨਿਊਜਰਸੀ, ਵਰਜੀਨੀਆ, ਕੈਲੀਫੋਰਨੀਆ, ਮਿਸ਼ੀਗਨ, ਟੈਕਸਾਸ ਅਤੇ ਪੈਨਸਿਲਵੇਨੀਆ ਤੋਂ ਪ੍ਰਤੀਨਿੱਧ ਪੁੱਜੇ। ਇੰਡੀਅਨ ਅਮਰੀਕਨ ਇੰਪੈਕਟ ਦੇ ਕਾਰਜਕਾਰੀ ਨਿਰਦੇਸ਼ਕ ਚਿੰਤਨ ਪਟੇਲ ਅਤੇ ਸਟਾਪ ਏ.ਏ.ਪੀ.ਆਈ. ਹੇਟ ਦੇ ਸਹਿ-ਸੰਸਥਾਪਕ ਮੰਜੂ ਕੁਲਕਰਨੀ ਨੇ ਵੀ ਹਿੱਸਾ ਲਿਆ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਅੱਜ ਦੀ ਗੋਲਮੇਜ਼ ਕਾਨਫ਼ਰੰਸ ਵਿਚ ਦੇਸ਼ ਭਰ ਦੇ ਦੱਖਣੀ ਏਸ਼ੀਆਈ ਆਗੂਆਂ ਨੇ ਹਿੱਸਾ ਲਿਆ ਤਾਂ ਜੋ ਨਫ਼ਰਤ, ਪ੍ਰੇਸ਼ਾਨੀ ਅਤੇ ਹਿੰਸਾ ਵਿੱਚ ਵਾਧੇ ਦਾ ਸਾਹਮਣਾ ਕੀਤਾ ਜਾ ਸਕੇ ਅਤੇ ਇਸ ਬਾਰੇ ਧਿਆਨ ਕੇਂਦਰਿਤ ਕੀਤਾ ਜਾ ਸਕੇ ਕਿ ਅਸੀਂ ਇਸ ਬਾਰੇ ਕੀ ਕਰ ਸਕਦੇ ਹਾਂ। ਕ੍ਰਿਸ਼ਨਾਮੂਰਤੀ ਦੇ ਦਫ਼ਤਰ ਅਨੁਸਾਰ, ਭਾਗੀਦਾਰਾਂ ਨੇ ਨਫ਼ਰਤ ਨੂੰ ਵਧਾਉਣ ਵਾਲੇ ਕਾਰਕਾਂ ਅਤੇ ਦੱਖਣੀ ਏਸ਼ੀਆਈ ਭਾਈਚਾਰਿਆਂ ਲਈ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸੰਭਾਵਿਤ ਉਪਾਵਾਂ ਬਾਰੇ ਚਰਚਾ ਕੀਤੀ।

### ਜੰਗ ਜਿੱਤਦੇ ਹੀ ਤੇਲ ਹੋਵੇਗਾ ਸਸਤਾ !

# 2 ਡਾਲਰ ਤੋਂ ਹੇਠਾਂ ਡਿੱਗਣਗੀਆਂ ਕੀਮਤਾਂ : ਟਰੰਪ

ਵਾਸ਼ਿੰਗਟਨ/ਡੀਸੀ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਈਰਾਨ ਨਾਲ ਚੱਲ ਰਹੇ ਫੌਜੀ ਟਕਰਾਅ ਵਿੱਚ ਅਮਰੀਕਾ ਦੀ ਜਿੱਤ ਤੋਂ ਬਾਅਦ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਆਵੇਗੀ ਅਤੇ ਤੇਲ ਦੀਆਂ ਕੀਮਤਾਂ ਦੋ ਡਾਲਰ ਪ੍ਰਤੀ ਗੈਲਨ ਤੋਂ ਵੀ ਹੇਠਾਂ ਆ ਸਕਦੀਆਂ ਹਨ।

**ਈਰਾਨ ਦਾ ਪਲਟਵਾਰ :** ਦੂਜੇ ਪਾਸੇ ਈਰਾਨ ਦੀ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਗਾਲੀਬਾਫ ਨੇ ਸੋਮਵਾਰ ਨੂੰ ਵਾਸ਼ਿੰਗਟਨ ਨੂੰ ਈਰਾਨ ਦੇ ਊਰਜਾ ਢਾਂਚੇ ਵਿਰੁੱਧ ਕੋਈ ਵੀ ਗਲਤੀ ਨਾ ਕਰਨ ਦੀ ਸਖ਼ਤ ਚੇਤਾਵਨੀ ਦਿੱਤੀ ਹੈ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਮਰੀਕਾ ਨੇ ਕੋਈ ਅਜਿਹੀ ਕੋਸ਼ਿਸ਼ ਕੀਤੀ, ਤਾਂ ਇਸ ਦੇ ਬੇਹੱਦ ਗੰਭੀਰ ਨਤੀਜੇ ਨਿਕਲਣਗੇ। ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਪੋਸਟ ਸਾਂਝੀ ਕਰਦਿਆਂ ਗਾਲੀਬਾਫ ਨੇ ਲਿਖਿਆ ਕਿ ਈਰਾਨ ਦਾ ਤੇਲ ਅਤੇ ਗੈਸ



ਉਤਪਾਦਨ ਦਾ ਢਾਂਚਾ ਬਹੁਤ ਵਿਸ਼ਾਲ, ਪਹੁੰਚਯੋਗ ਅਤੇ ਖੁੱਲ੍ਹਾ ਹੈ। ਉਨ੍ਹਾਂ ਅਮਰੀਕਾ ਨੂੰ ਚੇਤਾਵਨੀ ਦਿੰਦਿਆਂ ਕਿਹਾ, 'ਇਨ੍ਹਾਂ ਪਾਣੀਆਂ ਅਤੇ ਸਹੂਲਤਾਂ ਵਿੱਚ ਮੌਜੂਦ ਅਮਰੀਕੀ ਤੇਲ ਅਤੇ ਗੈਸ ਕੰਪਨੀਆਂ ਨੂੰ ਵੀ ਬਰਾਬਰ ਦਾ ਖ਼ਤਰਾ ਹੈ। ਜੇਕਰ ਤੁਸੀਂ ਸਾਡੀਆਂ ਸੰਪਤੀਆਂ 'ਤੇ ਹਮਲਾ ਕਰੋਗੇ, ਤਾਂ ਤੁਹਾਡੇ 'ਤੇ ਵੀ ਹਮਲਾ ਕੀਤਾ ਜਾਵੇਗਾ। ਅਸੀਂ ਇਹ ਪਹਿਲਾਂ ਹੀ ਸਾਬਤ ਕਰ ਚੁੱਕੇ ਹਾਂ। ਉਨ੍ਹਾਂ ਅਮਰੀਕੀ ਫੌਜੀ ਬੇਸਾਂ ਬਾਰੇ ਪੁੱਛੋ ਜੋ ਹੁਣ ਵਰਤੋਂ ਯੋਗ ਨਹੀਂ ਰਹੇ।'

ਗਾਲੀਬਾਫ ਨੇ X 'ਤੇ ਇਹ ਤਿੱਖੀ ਟਿੱਪਣੀ ਅਮਰੀਕਾ ਦੇ ਰੱਖਿਆ ਸਕੱਤਰ ਪੀਟ ਹੇਗਸੇਥ ਦੀ ਉਸ ਪੋਸਟ ਨੂੰ ਰੀਸ਼ੇਅਰ ਕਰਦੇ ਹੋਏ ਕੀਤੀ, ਜਿਸ ਵਿੱਚ ਹੇਗਸੇਥ ਨੇ ਦਾਅਵਾ ਕੀਤਾ ਸੀ ਕਿ ਈਰਾਨ ਦਾ ਤੇਲ ਟੈਂਕਰ ਬੇੜਾ ਪੂਰੀ ਤਰ੍ਹਾਂ ਬੇਸਹਾਰਾ ਅਤੇ ਅਸੁਰੱਖਿਅਤ ਹੈ। ਹੇਗਸੇਥ ਨੇ ਅਮਰੀਕਾ ਦੇ ਉਨ੍ਹਾਂ ਦਾਅਵਿਆਂ ਨੂੰ ਦੁਹਰਾਇਆ ਸੀ ਕਿ ਅਮਰੀਕੀ ਬਲਾਂ ਨੇ ਈਰਾਨ ਦੀ ਜਲ ਸੈਨਾ ਅਤੇ ਹਵਾਈ ਸੈਨਾ ਨੂੰ ਤਬਾਹ ਕਰ ਦਿੱਤਾ ਹੈ। ਇਸ ਦੇ ਜਵਾਬ ਵਿੱਚ ਗਾਲੀਬਾਫ ਨੇ ਆਪਣੀ ਪੋਸਟ ਨਾਲ ਇੱਕ ਤਸਵੀਰ ਵੀ ਸਾਂਝੀ ਕੀਤੀ, ਜਿਸ ਵਿੱਚ ਲਿਖਿਆ ਸੀ, 'ਅਮਰੀਕੀ ਆਰਥਿਕਤਾ ਦਾ ਗੁਆਚਿਆ ਹੋਇਆ ਦਹਾਕਾ ਆ ਰਿਹਾ ਹੈ, ਕਿਉਂਕਿ D.O.[I].W. ਦੇ ਕੁਝ ਜੋਕਰਾਂ ਨੇ ਅਜਿਹਾ ਫੈਸਲਾ ਕੀਤਾ ਹੈ।'

# ਡਾ. ਦਵਿੰਦਰ ਕੌਰ ਸਿੱਧੂ ਵੱਲੋਂ 'ਕਰਮਨ ਯੂਨੀਫਾਈਡ ਸਕੂਲ ਬੋਰਡ ਆਫ ਟਰੱਸਟੀਜ਼' ਲਈ ਉਮੀਦਵਾਰ

## ਸਮੁੱਚੇ ਭਾਈਚਾਰੇ ਨੂੰ ਉਨ੍ਹਾਂ ਦਾ ਸਹਿਯੋਗ ਦੇਣ ਦੀ ਮੰਗ

ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ/ਸਾਡੇ ਲੋਕ) : ਸ਼ੈਂਟਰਲ ਕੈਲੇਫੋਰਨੀਆਂ ਵਿੱਚ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ "ਕਰਮਨ ਯੂਨੀਫਾਈਡ ਸਕੂਲ ਬੋਰਡ ਆਫ਼ ਟਰੱਸਟੀਜ਼" ਦੀ ਚੋਣ ਲਈ ਡਾ. ਦਵਿੰਦਰ ਕੌਰ ਸਿੱਧੂ ਪੰਜਾਬੀ ਭਾਈਚਾਰੇ ਵਿੱਚੋਂ ਬਤੌਰ ਉਮੀਦਵਾਰ ਅੱਗੇ ਆਈ ਹੈ। ਡਾ. ਸਿੱਧੂ ਉੱਚ ਵਿੱਦਿਆ ਪ੍ਰਾਪਤ ਅਤੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸੋਚਣ ਵਾਲੀ ਉਮੀਦਵਾਰ ਹੈ। ਜਿਸ ਨੇ 33 ਸਾਲ ਪਹਿਲਾਂ ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ (KUSD) ਵਿੱਚ ਬਤੌਰ ਅਧਿਆਪਕ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਦੇ ਦੋਵੇਂ ਪੁੱਤਰਾਂ ਨੇ ਕਰਮਨ ਸਕੂਲ (KUSD) ਤੋਂ ਪੜ੍ਹਾਈ ਕੀਤੀ ਅਤੇ ਗ੍ਰੈਜੂਏਸ਼ਨ ਕੀਤੀ ਅਤੇ ਅੱਜ ਉਨ੍ਹਾਂ ਦੀ ਪੋਤਰੀ ਵੀ ਕਰਮਨ ਸਕੂਲ (KUSD) ਦੀ ਵਿਦਿਆਰਥਣ ਹੈ। ਉਹ ਇੱਕ ਸਿੱਖਿਆ ਸ਼ਾਸਤਰੀ ਅਤੇ ਪ੍ਰਸ਼ਾਸਕ ਹਨ। ਜਿਸ ਕੋਲ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸੇਵਾ ਕਰਨ ਦਾ 32 ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਉਨ੍ਹਾਂ ਦਾ ਕੈਰੀਅਰ ਇੱਕ ਅਧਿਆਪਕ ਤੋਂ ਸ਼ੁਰੂ ਹੋ ਕੇ ਸਹਾਇਕ ਸੁਪਰਡੈਂਟ ਤੱਕ ਦਾ ਸਫਲਤਾ ਪੂਰਵਕ ਰਿਹਾ ਹੈ ਅਤੇ ਹੁਣ ਟੁਲੈਰੀ ਕਾਉਂਟੀ ਆਫ਼ਿਸ ਆਫ਼ ਐਜੂਕੇਸ਼ਨ ਵਿਖੇ 'ਮਿਡ-ਸਟੇਟ ਕੋਲਾਬੋਰੇਟਿਵ ਜੀਓ ਲੀਡ ਏਜੰਸੀ' ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ।

ਉਨ੍ਹਾਂ ਨੇ ਦੱਸਿਆ ਕਿ "ਮੈਂ ਇੱਕ ਟਰੱਸਟੀ ਵਜੋਂ ਆਪਣੀ 'ਸੇਵਾ-ਭਾਵੀ ਅਗਵਾਈ' (servant leadership) ਨੂੰ ਜਾਰੀ ਰੱਖਣ ਲਈ ਚੋਣ ਲੜ ਰਿਹਾ ਹਾਂ, ਤਾਂ ਜੋ ਵਿਦਿਆਰਥੀਆਂ, ਮਾਪਿਆਂ, ਸਟਾਫ ਅਤੇ ਭਾਈਚਾਰੇ ਨਾਲ ਨਿਰੰਤਰ ਸਹਿਯੋਗ ਰਾਹੀਂ ਕਰਮਨ ਸਕੂਲ (KUSD) ਨੂੰ ਮਜ਼ਬੂਤ ਬਣਾਇਆ ਜਾ ਸਕੇ। ਮੈਂ ਸੁਰੱਖਿਅਤ ਅਤੇ ਮਜ਼ਬੂਤ ਸਕੂਲਾਂ ਦੀ ਮਹੱਤਤਾ ਅਤੇ ਵਿਦਿਆਰਥੀਆਂ, ਪਰਿਵਾਰਾਂ ਅਤੇ ਸਾਡੇ ਭਵਿੱਖ 'ਤੇ ਉਨ੍ਹਾਂ ਦੇ ਡੂੰਘੇ ਪ੍ਰਭਾਵ ਨੂੰ ਸਮਝਦੀ ਹਾਂ। ਉਸ ਭਾਈਚਾਰੇ ਲਈ ਕੁਝ ਵਾਪਸ ਕਰਨਾ



ਮੇਰੇ ਲਈ ਮਾਣ ਵਾਲੀ ਗੱਲ ਹੋਵੇਗੀ, ਜਿਸ ਨੇ ਮੇਰੇ ਪਰਿਵਾਰ ਨੂੰ ਬਹੁਤ ਕੁਝ ਦਿੱਤਾ ਹੈ ਅਤੇ ਨਾਲ ਹੀ ਕਰਮਨ ਦੇ ਵਿਦਿਆਰਥੀਆਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਉੱਜਵਲ ਭਵਿੱਖ ਬਣਾਉਣ ਵਿੱਚ ਮਦਦ ਕਰਨਾ ਵੀ ਮੇਰੇ ਲਈ ਮਾਣ ਦੀ ਗੱਲ ਹੋਵੇਗੀ।

ਡਾ. ਦਵਿੰਦਰ ਕੌਰ ਸਿੱਧੂ ਆਪਣੇ ਕਾਰਜਕਾਲ ਦੌਰਾਨ ਬੱਚਿਆਂ ਅਤੇ ਉਨ੍ਹਾਂ ਨੂੰ ਆ ਰਹੀਆਂ ਸਮੱਸਿਆਵਾਂ ਤੋਂ ਜਾਣੂ ਰਹੇ ਹਨ। ਉਨ੍ਹਾਂ ਨੇ ਹਮੇਸ਼ਾ ਹੀ ਚੰਗੇ ਵਿਦਿਅਕ ਸਿਸਟਮ ਨੂੰ ਚਲਾਉਣ ਲਈ ਪਹਿਲ ਦੇ ਆਧਾਰ ਤੇ ਉਪਰਾਲੇ ਕੀਤੇ ਹਨ। ਕਰਮਨ ਸ਼ਹਿਰ ਵਿੱਚ ਵਲੰਟੀਅਰ ਤੌਰ 'ਤੇ ਉਨ੍ਹਾਂ ਵੀਕਐਂਡ ਪੰਜਾਬੀ ਸਕੂਲ ਦੀ ਸ਼ੁਰੂਆਤ ਅਤੇ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਸਨ ਤਾਂ ਜੋ ਬੱਚਿਆਂ ਨੂੰ ਇੱਥੋਂ ਦੀ ਪੜ੍ਹਾਈ ਦੇ ਨਾਲ-ਨਾਲ ਆਪਣੇ ਧਰਮ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਿਆ ਜਾ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਬੱਚਿਆਂ ਦੇ ਸੁਨਹਿਰੇ ਭਵਿੱਖ ਅਤੇ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਰ ਸੰਭਵ ਯਤਨ ਕਰਨਗੇ। ਸੋ ਸਮੁੱਚੇ ਭਾਈਚਾਰੇ ਨੂੰ ਡਾ. ਸਿੱਧੂ ਨੂੰ ਵੋਟ ਪਾਉਣ ਲਈ ਅਪੀਲ ਕੀਤੀ ਗਈ ਹੈ। ਅਜਿਹਾ ਕਰਦੇ ਹੋਏ ਅਸੀਂ ਇੱਕ ਯੋਗ ਅਗਵਾਈ ਵਾਲੇ ਆਪਣੇ ਭਾਈਚਾਰੇ ਦੇ ਉਮੀਦਵਾਰ ਨੂੰ ਅੱਗੇ ਲਿਆ ਸਕਦੇ ਹਾਂ।

### ਟਰੰਪ ਦਾ ਵੱਡਾ ਐਕਸ਼ਨ

# 125 ਕਰੋੜ ਦੇ ਬਜਟ ਨਾਲ ਵੋਟਰ ਸੂਚੀਆਂ ਦੀ ਜਾਂਚ ਸ਼ੁਰੂ

ਵਾਸ਼ਿੰਗਟਨ : ਅਮਰੀਕਾ ਵਿਚ ਵੋਟਰ ਸੂਚੀ ਦੀ ਜਾਂਚ ਦੇ ਹੁਕਮ ਦਿੱਤੇ ਗਏ ਹਨ, ਇਸ ਨਾਲ 10 ਲੱਖ ਭਾਰਤੀ ਮੂਲ ਦੇ ਵੋਟਰਾਂ ਦੇ ਨਾਂਅ ਕੱਟਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਏਜੰਸੀ 'ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ' ਨੂੰ ਵੋਟਰ ਡਾਟਾਬੇਸ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਸੌਂਪੀ ਹੈ। ਇਸ ਲਈ ਲੱਗਭਗ 125 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ। ਇਸ ਕੰਮ ਲਈ ਕੰਪਿਊਟਰ ਅਤੇ ਡਿਜੀਟਲ ਟੂਲਜ਼ ਰਾਹੀਂ ਰਾਸ਼ਟਰੀ ਪੱਧਰ 'ਤੇ ਇਕ ਡਾਟਾਬੇਸ ਤਿਆਰ ਕੀਤਾ ਜਾ ਰਿਹਾ ਹੈ। ਵੋਟਰਾਂ ਦੀ ਜਾਣਕਾਰੀ ਨੂੰ ਕੰਪਿਊਟਰ ਰਾਹੀਂ ਇਮੀਗ੍ਰੇਸ਼ਨ ਰਿਕਾਰਡ, ਸਿਟੀਜ਼ਨਸ਼ਿਪ ਰਿਕਾਰਡ ਅਤੇ ਹੋਰ ਸਰਕਾਰੀ ਡਾਟਾ ਨਾਲ ਮਿਲਾਇਆ ਜਾ ਰਿਹਾ ਹੈ।

**ਅਜਿਹਾ ਹੋਣ 'ਤੇ ਨਾਂਅ ਕੱਟੇਗਾ :** ਜੇ ਕਿਸੇ ਵੋਟਰ ਦੇ ਨਾਂਅ ਦੇ ਸਪੈਲਿੰਗ, ਪਤੇ ਜਾਂ ਹੋਰ ਜਾਣਕਾਰੀ ਦਾ ਸਰਕਾਰੀ ਰਿਕਾਰਡ ਨਾਲ ਸਹੀ ਮਿਲਾਨ ਨਹੀਂ ਹੁੰਦਾ ਹੈ, ਤਾਂ ਉਨ੍ਹਾਂ ਦੀ ਮੁੜ ਤੋਂ ਡੂੰਘੀ ਜਾਂਚ ਕੀਤੀ ਜਾਵੇਗੀ। ਜੇ ਉਹ ਸਹੀ ਦਸਤਾਵੇਜ਼ ਪੇਸ਼ ਨਹੀਂ ਕਰ ਪਾਉਂਦੇ ਤਾਂ ਉਨ੍ਹਾਂ ਦਾ ਵੋਟਰ ਸੂਚੀ ਤੋਂ ਨਾਂ ਹਟਾ ਦਿੱਤਾ ਜਾਵੇਗਾ।

**ਭਾਰਤੀ ਮੂਲ ਦੇ ਲੋਕਾਂ 'ਤੇ ਜ਼ਿਆਦਾ ਅਸਰ :** ਅਮਰੀਕਾ ਦੇ ਨਿਊਯਾਰਕ, ਨਿਊਜਰਸੀ,



ਕੈਲੀਫੋਰਨੀਆ ਅਤੇ ਟੈਕਸਾਸ ਵਰਗੇ ਸੂਬਿਆਂ ਵਿਚ ਭਾਰਤੀ ਮੂਲ ਦੇ ਵੋਟਰਾਂ ਦੀ ਵੱਡੀ ਗਿਣਤੀ ਹੈ। ਉੱਥੇ ਕੁੱਲ 26 ਲੱਖ ਭਾਰਤੀ ਮੂਲ ਦੇ ਵੋਟਰ ਹਨ। ਟਰੰਪ ਪ੍ਰਸ਼ਾਸਨ ਇਸ ਮੁਹਿੰਮ ਰਾਹੀਂ 'ਸੇਵ ਅਮਰੀਕਾ ਐਕਟ' ਨੂੰ ਪਾਸ ਕਰਵਾਉਣ ਲਈ ਸਿਆਸੀ ਜ਼ਮੀਨ ਤਿਆਰ ਕਰ ਰਿਹਾ ਹੈ।

**ਇਸ ਫੈਸਲੇ ਨੂੰ ਅਦਾਲਤਾਂ 'ਚ ਚੁਣੌਤੀ ਮਿਲਣਾ ਤੈਅ :** ਅਮਰੀਕਾ ਵਿਚ ਕੋਈ ਕੇਂਦਰੀ ਚੋਣ ਕਮਿਸ਼ਨ ਨਹੀਂ ਹੁੰਦਾ। ਹਰ ਸੂਬਾ ਆਪਣੇ ਨਿਯਮ ਖੁਦ ਤੈਅ ਕਰਦਾ ਹੈ। ਇਸ ਲਈ ਇਸ ਫੈਸਲੇ ਨੂੰ ਅਦਾਲਤਾਂ ਵਿਚ ਚੁਣੌਤੀ ਮਿਲਣਾ ਤੈਅ ਹੈ। ਟੈਕਸਾਸ ਵਿਚ ਪਹਿਲਾਂ ਵੀ 24 ਹਜ਼ਾਰ ਲੋਕਾਂ ਦੇ ਨਾਂ ਵੋਟਰ ਸੂਚੀ ਤੋਂ ਹਟਾਏ ਜਾਣ 'ਤੇ ਫੈਡਰਲ ਕੋਰਟ ਨੇ ਰੋਕ ਲਾ ਦਿੱਤੀ ਸੀ।

# ਅਮਰੀਕਾ ਨੇ ਡੋਨਾਲਡ ਟਰੰਪ ਦੀ ਤਸਵੀਰ ਵਾਲਾ 1 ਡਾਲਰ ਦਾ ਸਿੱਕਾ ਕੀਤਾ ਜਾਰੀ

## 2.44 ਡਾਲਰ ਯਾਨੀ 230 ਰੁਪਏ ਰੱਖੀ ਗਈ ਸਿੱਕੇ ਦੀ ਕੀਮਤ

ਵਾਸ਼ਿੰਗਟਨ : ਅਮਰੀਕਾ ਦੀ 250ਵੀਂ ਵਰ੍ਹੇਗੰਢ ਮੌਕੇ ਅਮਰੀਕੀ ਟਕਸਾਲ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਵਾਲਾ ਨਵਾਂ ਇੱਕ ਡਾਲਰ ਦਾ ਸਿੱਕਾ ਵਿਕਰੀ ਲਈ ਜਾਰੀ ਕੀਤਾ ਗਿਆ ਹੈ। ਇਹ ਵਿਸ਼ੇਸ਼ ਸਿੱਕਾ 2 ਸਤੰਬਰ 2026 ਤੋਂ ਖਰੀਦ ਲਈ ਉਪਲਬਧ ਹੋਇਆ ਹੈ ਅਤੇ ਕਲੈਕਟਰਾਂ ਵਿਚ ਇਸਨੂੰ ਲੈ ਕੇ ਕਾਫ਼ੀ ਦਿਲਚਸਪੀ ਦੇਖੀ ਜਾ ਰਹੀ ਹੈ। ਇਸ ਸਿੱਕੇ ਦੇ ਇੱਕ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਬਣਾਈ ਗਈ ਹੈ, ਜਦਕਿ ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਦੀ ਅਧਿਕਾਰਕ ਮੋਹਰ ਅਤੇ ਦੇਸ਼ ਦੀ 250ਵੀਂ ਵਰ੍ਹੇਗੰਢ ਨਾਲ ਜੁੜੇ ਨਿਸ਼ਾਨ ਦਰਸਾਏ ਗਏ ਹਨ।







ਇੱਕ ਅਹਿਮ ਗੱਲ ਇਹ ਹੈ ਕਿ ਇਸਨੂੰ ਕਈ ਥਾਵਾਂ 'ਤੇ ਗੋਲਡ ਕੌਇਨ ਕਿਹਾ ਜਾ ਰਿਹਾ ਹੈ, ਪਰ ਇਹ ਅਸਲੀ ਸੋਨੇ ਦਾ ਸਿੱਕਾ ਨਹੀਂ ਹੈ। ਇਸਦੀ ਧਾਤੂ ਬਣਤਰ ਅਜਿਹੀ ਹੈ ਕਿ ਇਸਨੂੰ ਸੁਨਹਿਰੀ ਰੰਗ ਮਿਲਦਾ ਹੈ। ਇਸ ਲਈ ਇਸਨੂੰ ਅਸਲੀ ਸੋਨੇ ਦੀ ਕੀਮਤ ਵਾਲਾ ਸਿੱਕਾ ਸਮਝਣਾ ਗਲਤ ਹੋਵੇਗਾ।

ਇਹ ਸਿੱਕੇ ਵੱਖ-ਵੱਖ ਪੈਕਿੰਗ ਵਿਚ ਵੇਚੇ ਜਾ ਰਹੇ ਹਨ। 25 ਸਿੱਕਿਆਂ ਦਾ ਇੱਕ ਰੋਲ 61 ਡਾਲਰ ਵਿਚ ਅਤੇ 100 ਸਿੱਕਿਆਂ ਦਾ ਬੈਗ 154 ਡਾਲਰ 50 ਸੈਂਟ ਵਿਚ ਉਪਲਬਧ ਕਰਵਾਇਆ ਗਿਆ ਹੈ। ਇਸ ਕਰਕੇ ਇਹ ਸਿੱਕੇ ਆਮ ਲੈਣ-ਦੇਣ ਨਾਲੋਂ ਵਧੇਰੇ ਕਲੈਕਟਰਾਂ ਅਤੇ ਯਾਦਗਾਰੀ ਵਸਤੂਆਂ ਇਕੱਠੀਆਂ ਕਰਨ ਵਾਲਿਆਂ ਲਈ ਖਾਸ ਮੰਨੇ ਜਾ ਰਹੇ ਹਨ।

ਇਨ੍ਹਾਂ ਵਿਚੋਂ ਕਰੀਬ 2 ਲੱਖ 50 ਹਜ਼ਾਰ ਸਿੱਕੇ 4 ਜੁਲਾਈ 2026 ਨੂੰ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਗਏ ਸਨ। ਇਨ੍ਹਾਂ ਉੱਤੇ 4 ਜੁਲਾਈ ਨਾਲ ਸਬੰਧਤ ਖਾਸ ਨਿਸ਼ਾਨ ਵੀ ਲਗਾਇਆ ਗਿਆ ਹੈ। ਇਹ ਵਿਸ਼ੇਸ਼ ਸਿੱਕੇ ਆਮ ਰੋਲਾਂ ਅਤੇ ਬੈਗਾਂ ਵਿਚ ਮਿਲ ਸਕਦੇ ਹਨ, ਜਿਸ ਕਾਰਨ ਉਨ੍ਹਾਂ ਦੀ ਕਲੈਕਟਰ ਕੀਮਤ ਭਵਿੱਖ ਵਿਚ ਵਧਣ ਦੀ ਸੰਭਾਵਨਾ ਵੀ ਮੰਨੀ ਜਾ ਰਹੀ ਹੈ।

ਹਾਲਾਂਕਿ, ਮੌਜੂਦਾ ਰਾਸ਼ਟਰਪਤੀ ਦੀ ਤਸਵੀਰ ਅਮਰੀਕੀ ਕਰੰਸੀ ਉੱਤੇ ਲਗਾਉਣ ਨੂੰ ਲੈ ਕੇ ਵਿਵਾਦ ਵੀ ਖੜ੍ਹਾ ਹੋਇਆ ਹੈ। ਕੁਝ ਡੈਮੋਕ੍ਰੇਟ ਨੇਤਾਵਾਂ ਅਤੇ ਸਿੱਕਾ ਮਾਹਿਰਾਂ ਨੇ ਇਸਦੀ ਕਾਨੂੰਨੀਤਾ 'ਤੇ ਸਵਾਲ ਉਠਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕੀ ਪ੍ਰੰਪਰਾ ਅਨੁਸਾਰ ਜਿਉਂਦੇ ਵਿਅਕਤੀਆਂ ਦੀ ਤਸਵੀਰ ਕਰੰਸੀ ਉੱਤੇ ਲਗਾਉਣ ਤੋਂ ਆਮ ਤੌਰ 'ਤੇ ਪਰਹੇਜ਼ ਕੀਤਾ ਗਿਆ ਹੈ।

ਦੂਜੇ ਪਾਸੇ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਦੇਸ਼ ਦੀ 250ਵੀਂ ਵਰ੍ਹੇਗੰਢ ਮਨਾਉਣ ਲਈ ਵਿਸ਼ੇਸ਼ ਇੱਕ ਡਾਲਰ ਦੇ ਸਿੱਕੇ ਜਾਰੀ ਕਰਨ ਦੀ ਕਾਨੂੰਨੀ ਵਿਵਸਥਾ ਪਹਿਲਾਂ ਹੀ ਕੀਤੀ ਗਈ ਸੀ।

ਇਤਿਹਾਸਕ ਤੌਰ 'ਤੇ ਇਹ ਘਟਨਾ ਇਸ ਲਈ ਵੀ ਖਾਸ ਹੈ ਕਿਉਂਕਿ 1926 ਵਿਚ ਰਾਸ਼ਟਰਪਤੀ ਕੈਲਵਿਨ ਕੂਲਿਜ ਦੀ ਤਸਵੀਰ ਵੀ ਇੱਕ ਯਾਦਗਾਰੀ ਅਮਰੀਕੀ ਸਿੱਕੇ ਉੱਤੇ ਲਗਾਈ ਗਈ ਸੀ। ਹੁਣ ਲਗਭਗ ਇੱਕ ਸਦੀ ਬਾਅਦ ਇੱਕ ਮੌਜੂਦਾ ਰਾਸ਼ਟਰਪਤੀ ਦੀ ਤਸਵੀਰ ਮੁੜ ਅਮਰੀਕੀ ਸਿੱਕੇ ਉੱਤੇ ਸਾਹਮਣੇ ਆਈ ਹੈ। ਇਸ ਨਵੇਂ ਸਿੱਕੇ ਨੇ ਇੱਕ ਪਾਸੇ ਕਲੈਕਟਰਾਂ ਵਿਚ ਉਤਸ਼ਾਹ ਪੈਦਾ ਕੀਤਾ ਹੈ, ਜਦਕਿ ਦੂਜੇ ਪਾਸੇ ਇਸਦੀ ਕਾਨੂੰਨੀਤਾ ਅਤੇ ਅਮਰੀਕੀ ਰਾਜਨੀਤਿਕ ਪ੍ਰੰਪਰਾਵਾਂ ਨੂੰ ਲੈ ਕੇ ਚਰਚਾ ਵੀ ਤੇਜ਼ ਹੋ ਗਈ ਹੈ।

1 ਸਿੱਕੇ ਦੀ ਕੀਮਤ 2.44 ਡਾਲਰ ਯਾਨੀ 230 ਰੁਪਏ ਤੱਕ ਰੱਖੀ ਗਈ । 25 ਅਤੇ 100 ਸਿੱਕਿਆਂ ਦੇ ਪੈਕ ਵਿਕਰੀ ਲਈ ਜਾਰੀ ਕੀਤੇ ਗਏ । ਵਿਕਰੀ ਸ਼ੁਰੂ ਹੋਣ ਦੇ ਸਿਰਫ਼ 3 ਘੰਟਿਆਂ ਬਾਅਦ ਹੀ ਸਿੱਕੇ ਆਊਟ ਆਫ਼ ਸਟਾਕ ਹੋ ਗਏ। ਸਿੱਕੇ ਦੇ ਇੱਕ ਪਾਸੇ ਟਰੰਪ ਦੀ ਤਸਵੀਰ ਹੈ। ਇਸ ਦੇ ਨਾਲ 'IN GOD WE TRUST' ਅਤੇ 'LIBERTY' ਲਿਖਿਆ ਹੈ। ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਦੀ ਮੋਹਰ ਅਤੇ ਅਮਰੀਕਾ ਦੀ 250ਵੀਂ ਵਰ੍ਹੇਗੰਢ ਲਈ '250' ਲਿਖਿਆ ਗਿਆ ਹੈ।

# ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਕਰਮਨ ਦੇ ਗੁਰਦੁਆਰਾ ਵਿਖੇ ਵਿਸ਼ੇਸ਼ ਸਮਾਗਮ ਹੋਏ

ਫਰਿਜ਼ਨੋ/ਕੈਲੇਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ) : ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ "ਗੁਰਦੁਆਰਾ ਅਨੰਦਗੜ੍ਹ ਸਾਹਿਬ" ਕਰਮਨ, ਕੈਲੇਫੋਰਨੀਆ ਵਿਖੇ ਕਰਵਾਏ ਗਏ। ਜਿਸ ਦੌਰਾਨ ਪਾਠ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਖਾਲੜਾ ਸਾਹਿਬ ਦੇ ਸੱਚੇ-ਸੁੱਚੇ ਨਿਧੜਕ ਕੁਰਬਾਨੀ ਵਾਲੇ ਜੀਵਨ ਬਾਰੇ ਵਿਚਾਰਾਂ ਹੋਈਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਜੱਥੇ ਦੇ ਭਾਈ ਬਲਜਿੰਦਰ ਸਿੰਘ, ਭਾਈ ਸਤਿੰਦਰ ਸਿੰਘ ਅਤੇ ਭਾਈ ਨਰਿੰਦਰ ਸਿੰਘ ਨੇ ਨਿਰੋਲ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਉਂਦਿਆਂ ਕੀਤੀ। ਇਸ ਬਾਅਦ ਪ੍ਰਬੰਧਕਾਂ ਦੇ ਸੱਦੇ 'ਤੇ ਪਹੁੰਚੇ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲਿਆਂ ਦੇ ਕਵੀਸ਼ਰੀ ਜੱਥੇ ਨੇ ਖਾਲੜਾ ਸਾਹਿਬ ਦੀ ਜ਼ਿੰਦਗੀ ਅਤੇ ਹੋਰ ਸ਼ਹੀਦਾਂ ਦੀ ਜ਼ਿੰਦਗੀ ਬਾਰੇ ਇਤਿਹਾਸਕ ਵਾਰਾ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ।



ਇਸ ਪ੍ਰੋਗਰਾਮ ਦੌਰਾਨ ਸਟੇਜ਼ ਦਾ ਸੰਚਾਲਨ ਕਰਦਿਆਂ ਸ. ਸਰਬਜੀਤ ਸਿੰਘ ਸਰਾਂ ਨੇ ਜਿੱਥੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਇਤਿਹਾਸਕ ਪੱਖਾਂ ਦੀ ਗੱਲ ਕੀਤੀ, ਉੱਥੇ ਆਪਣੀ ਨਵੀਂ ਪੀੜੀ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਤੋਂ ਇਲਾਵਾ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਅਜਿਹੇ ਉਪਰਾਲੇ ਕਰਨ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਪ੍ਰੋਗਰਾਮ ਦੌਰਾਨ ਰੇਡੀਓ ਹੋਸਟ ਅਤੇ ਸੀਨੀਅਰ ਪੱਤਰਕਾਰ ਪਰਵੀਨ ਸ਼ਰਮਾ ਨੇ ਬੋਲਦਿਆਂ ਸੁਰੂ ਤੋਂ ਮੌਜੂਦਾ ਸਮੇਂ ਤੱਕ ਸਿੱਖ ਸ਼ਹੀਦਾਂ ਅਤੇ ਸਿੱਖ ਇਤਿਹਾਸ ਦੀ ਗੱਲ ਕਰਦਿਆਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ। ਜਦ ਕਿ ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ਉੱਪਰ ਪਾਰਕ ਅਤੇ ਸਕੂਲ ਬਣਾਉਣ ਲਈ ਸਹਿਯੋਗੀਆਂ ਸਮੇਤ ਸੇਵਾਵਾਂ ਨਿਭਾਉਣ ਵਾਲੇ ਨੌਜਵਾਨ ਆਗੂ ਨੈਣਦੀਪ ਸਿੰਘ ਨੇ ਵੀ ਖਾਲੜਾ ਸਾਹਿਬ ਨੂੰ ਯਾਦ ਕਰਦਿਆਂ ਸਿੱਖ ਭਾਰੀਇਸ ਤੋਂ ਬਾਅਦ ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਲਈ ਉਮੀਦਵਾਰ ਡਾ. ਦਵਿੰਦਰ ਕੌਰ ਸਿੱਧੂ ਨੇ ਸਿੱਖ ਇਤਿਹਾਸ ਦੇ ਨਾਲ-ਨਾਲ ਸੰਗਤਾਂ ਨੂੰ ਵੋਟਾਂ ਪਾਉਣ ਲਈ ਵੀ ਅਪੀਲ ਕੀਤੀ।

ਇਸ ਪ੍ਰੋਗਰਾਮ ਦੌਰਾਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਨ ਲਈ ਭਾਰੀ ਗਿਣਤੀ ਵਿੱਚ ਸਿੱਖ ਸੰਗਤਾਂ ਦੂਰ ਦੁਰਾਡੇ ਤੋਂ ਗੁਰੂਘਰ ਪਹੁੰਚੀਆਂ ਹੋਈਆਂ ਸਨ। ਇਸ ਪ੍ਰੋਗਰਾਮ ਦੇ ਇਤਿਹਾਸਕ ਪਲਾਂ ਨੂੰ ਲਾਈਵ ਅਤੇ ਕੈਮਰਾਬੰਧ ਕਰਨ ਦੀਆਂ ਸੇਵਾਵਾਂ ਭਾਈ ਬਲਵਿੰਦਰ ਸਿੰਘ 'ਸਿੰਘ ਪ੍ਰੋਡਕਸਨ ਯੂ.ਐਸ.ਏ.' ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਨਿਭਾਈਆਂ ਗਈਆ। ਅੰਤ ਸ. ਸਰਬਜੀਤ ਸਿੰਘ ਸਰਾਂ ਨੇ ਇਸ ਪ੍ਰੋਗਰਾਮ ਵਿੱਚ ਸੇਵਾਵਾਂ ਨਿਭਾਉਣ ਅਤੇ ਹਾਜ਼ਰ ਹੋਣ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ। ਸਮੁੱਚੇ ਤੌਰ 'ਤੇ ਸਿੱਖ ਇਤਿਹਾਸ ਦੇ ਸ਼ਹਾਦਤਾਂ ਭਰੇ ਅਤੇ ਇਨਸਾਨੀਅਤ ਲਈ ਬਹਾਦਰੀ ਨਾਲ ਲੜਨ ਵਾਲੇ ਸਮੇਂ ਦੀ ਯਾਦ ਕਰਵਾਉਂਦਿਆਂ, ਨਵੀਂ ਪੀੜ੍ਹੀ ਲਈ ਸੇਧ ਦੇਣ ਵਾਲੇ ਪ੍ਰੋਗਰਾਮ ਦਾ ਪ੍ਰਬੰਧਕਾਂ ਵੱਲੋਂ ਵੱਡਾ ਉਪਰਾਲਾ ਸੀ।

# ਯੂਨੀਵਰਸਿਟੀ ਆਫ਼ ਮਾਂਟਰੀਅਲ ਵਲੋਂ 'ਸਿੱਖ ਸਟੱਡੀਜ਼ ਇਨ ਫਰੈਂਚ' ਵਿਸ਼ੇ ਦੀ ਪੜ੍ਹਾਈ ਸ਼ੁਰੂ

ਟੋਰਾਂਟੋ/ਐਬਟਸਫੋਰਡ : ਕਿਊਬਕ ਵਿਚ ਮਾਂਟਰੀਅਲ ਵਿਖੇ 'ਯੂਨੀਵਰਸਿਟੀ ਆਫ਼ ਮਾਂਟਰੀਅਲ' ਵਲੋਂ ਗਰੈਜੂਏਟ ਪੱਧਰ 'ਤੇ ਸਿੱਖ ਧਰਮ ਬਾਰੇ ਪੜ੍ਹਾਉਣ ਵਾਲੇ ਇਕ ਕੋਰਸ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਤਹਿਤ ਯੂਨੀਵਰਸਿਟੀ ਵਲੋਂ 'ਸਿੱਖ ਸਟੱਡੀਜ਼ ਇਨ ਫਰੈਂਚ' ਦੇ ਅਧੀਨ ਇਸ ਕੋਰਸ ਵਿਚ ਮਾਸਟਰਜ਼ ਅਤੇ ਡੌਕਟ੍ਰੇਟ (ਪੀ.ਐਚ.ਡੀ.) ਆਦਿ ਦੀ ਉਚੇਰੀ ਪੜ੍ਹਾਈ ਲਈ ਸਿੱਖ ਧਰਮ ਬਾਰੇ ਫਰੈਂਚ ਵਿਚ ਪੜ੍ਹਾਇਆ ਜਾਵੇਗਾ। ਜਾਣਕਾਰੀ ਅਨੁਸਾਰ ਯੂਨੀਵਰਸਿਟੀ ਵਲੋਂ ਸਿੱਖ ਧਰਮ ਬਾਰੇ ਜਾਨਣ ਅਤੇ ਵਿਦਿਆਰਥੀਆਂ ਨੂੰ ਇਸ ਪਾਸੇ ਰੁਚਿਤ ਕਰਨ ਲਈ ਇਹ ਵੀ ਛੋਟ ਦਿੱਤੀ ਹੈ ਕਿ ਸਿੱਖ ਧਰਮ ਬਾਰੇ ਫਰੈਂਚ ਵਿਚ ਪੜ੍ਹਾਈ ਕਰਕੇ ਅਤੇ ਅਸਾਈਨਮੈਂਟਜ਼ ਸਬਮੈਂਟ (ਪੇਪਰ ਤਿਆਰ ਕਰਕੇ) ਕਰਕੇ ਇਸ ਨੂੰ ਇਮਤਿਹਾਨ ਵੇਲੇ ਫਰੈਂਚ ਜਾਂ ਅੰਗਰੇਜ਼ੀ ਵਿਚ ਵੀ ਲਿਖਿਆ ਜਾ ਸਕਦਾ ਹੈ। ਇਹ ਕੋਰਸ ਮਾਂਟਰੀਅਲ ਵੱਸਦੇ ਸਿੱਖ ਕਾਰੋਬਾਰੀ ਬਲਜੀਤ ਸਿੰਘ ਚੱਢਾ ਅਤੇ ਉਨ੍ਹਾਂ ਦੀ ਪਤਨੀ ਬੀਬੀ ਮਨਦੀਪ ਕੌਰ ਉਰਫ਼ ਰੋਸ਼ੀ ਕੌਰ ਚੱਢਾ ਦੇ ਉਦਮਾਂ ਸਦਕਾ ਸ਼ੁਰੂ ਹੋਇਆ ਹੈ। ਬਲਜੀਤ ਸਿੰਘ ਚੱਢਾ ਨੇ ਦੱਸਿਆ ਕਿ ਸਿੱਖ ਧਰਮ ਦੀ ਪੜ੍ਹਾਈ ਬਾਰੇ ਸਤੰਬਰ ਤੋਂ ਸ਼ੁਰੂ ਹੋਇਆ ਇਹ ਕਾਰਜ਼ ਇਕ ਮੀਲ ਪੱਥਰ ਸਾਬਤ ਹੋਵੇਗਾ ਅਤੇ ਬਹੁਤ ਸਾਰੇ ਲੋਕ ਸਿੱਖ ਧਰਮ ਬਾਰੇ ਪੜ੍ਹ ਕੇ ਸਿੱਖ ਧਰਮ ਦੀ ਮਹਾਨਤਾ ਬਾਰੇ ਜਾਣਕਾਰੀ ਹਾਸਲ ਕਰ ਸਕਣਗੇ ਅਤੇ ਯੂਨੀਵਰਸਿਟੀ ਵਲੋਂ ਫਰੈਂਚ ਵਿਚ ਜੋ ਇਹ ਕੋਰਸ ਸ਼ੁਰੂ ਕੀਤੇ ਗਏ ਹਨ, ਸਿੱਖਾਂ ਲਈ ਵੱਡੀ ਅਤੇ ਮਾਣ ਵਾਲੀ ਗੱਲ ਹੈ। ਇਹ ਕੋਰਸ ਵਿਦਿਆਰਥੀ ਪ੍ਰੋ. ਡਿਆਨਾਂ ਡਿੰਮਟ੍ਰੋਵਾ ਦੀ ਅਗਵਾਈ 'ਚ ਕਰ ਸਕਣਗੇ, ਜਿਨ੍ਹਾਂ ਨੂੰ ਦੱਖਣੀ ਏਸ਼ੀਆ ਦੀਆਂ ਕਈ ਭਾਸ਼ਵਾਂ ਦਾ ਗਿਆਨ ਹੈ। ਪ੍ਰੋ. ਡਿਆਨਾਂ ਸਿੱਖ ਧਰਮ ਤੋਂ ਇਲਾਵਾ ਹਿੰਦੂ ਧਰਮ ਦੀ ਪੁਰਾਤਨਤਾ, ਬੁੱਧ ਧਰਮ, ਭਗਤੀ ਲਹਿਰ ਅਤੇ ਭਾਰਤ ਵਿਚ ਚੱਲੀਆਂ ਹੋਰ ਕਈ ਧਾਰਮਿਕ ਲਹਿਰਾਂ ਬਾਰੇ ਅਧਿਐਨ ਕਰ ਚੁੱਕੇ ਹਨ।




# ਯੂ.ਕੇ. ਦੇ ਗੁਰਦੁਆਰਾ ਸਾਹਿਬ 'ਚ ਭਾਗਵਤ ਦੇ ਵਿਸ਼ੇਸ਼ ਸਨਮਾਨ ਦੀ ਅਮਰੀਕੀ ਸਿੱਖਾਂ ਵਲੋਂ ਨਿਖੇਧੀ

ਨਿਊਯਾਰਕ : ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦੇ ਲੰਡਨ ਸਥਿਤ ਇਕ ਗੁਰਦੁਆਰਾ ਸਾਹਿਬ ਦੇ ਦੌਰੇ ਅਤੇ ਉਨ੍ਹਾਂ ਦੇ ਕਥਿਤ ਵਿਸ਼ੇਸ਼ ਸਨਮਾਨ ਨੂੰ ਲੈ ਕੇ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਇਸੇ ਦੌਰਾਨ ਨਿਊਯਾਰਕ ਦੇ ਤਿੰਨ ਧਾਰਮਿਕ ਆਗੂਆਂ ਨੇ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਸੱਦਾ ਦੇਣ ਵੇਲੇ ਭਾਗਵਤ ਅਤੇ ਆਰ.ਐਸ.ਐਸ. ਦੀ ਭੂਮਿਕਾ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਸੀ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਭਾਗਵਤ ਨੂੰ ਲੰਡਨ ਦੇ ਖਾਲਸਾ ਜਥਾ ਬ੍ਰਿਟਿਸ਼ ਆਇਲਜ਼ ਗੁਰਦੁਆਰਾ ਸਾਹਿਬ ਲਿਜਾਣਾ ਅਤੇ ਉਨ੍ਹਾਂ ਦੀ ਆਮਦ ਮੌਕੇ ਵਿਸ਼ੇਸ਼ ਪ੍ਰਬੰਧ ਕਰਨਾ ਨਿੰਦਣਯੋਗ ਹੈ। ਸਿੱਖ ਆਗੂਆਂ ਨੇ ਇਸ ਕਾਰਵਾਈ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਆਰ.ਐਸ.ਐਸ. ਨਾਲ ਸੰਬੰਧਿਤ ਜਥੇਬੰਦੀ ਬਾਰੇ ਜਾਰੀ ਪੁਰਾਣੇ ਹੁਕਮਨਾਮੇ ਦੀ ਭਾਵਨਾ ਦੇ ਉਲਟ ਦੱਸਿਆ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਵਿੱ ਭਾਗਵਤ ਦੇ ਦੌਰੇ ਦਾ ਵਿਰੋਧ ਹੋਣ ਤੋਂ ਬਾਅਦ ਯੂ.ਕੇ. ਦੇ ਗੁਰਦੁਆਰੇ ਵਿਚ ਉਨ੍ਹਾਂ ਦਾ ਸਵਾਗਤ ਕੀਤੇ ਜਾਣ ਨਾਲ ਸਿੱਖ ਸੰਗਤ ਵਿੱਚ ਰੋਸ ਪੈਦਾ ਹੋਇਆ ਹੈ। ਜਥੇਬੰਦੀਆਂ ਨੇ ਆਰ.ਐਸ.ਐਸ. ਦੀ ਸਿੱਖ ਇਤਿਹਾਸ ਅਤੇ ਧਾਰਮਿਕ ਮਾਮਲਿਆਂ ਪ੍ਰਤੀ ਨੀਤੀ 'ਤੇ ਸਵਾਲ ਚੁੱਕਦਿਆਂ ਦੁਨੀਆ ਭਰ ਦੀਆਂ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ। ਇਹ ਸਾਂਝਾ ਬਿਆਨ ਹਿੰਮਤ ਸਿੰਘ, ਹਰਜਿੰਦਰ ਸਿੰਘ ਅਤੇ ਡਾ. ਪ੍ਰਿਤਪਾਲ ਸਿੰਘ ਵਲੋਂ ਜਾਰੀ ਕੀਤਾ ਗਿਆ।ਦੂਜੇ ਪਾਸੇ, ਨਿਊਯਾਰਕ ਦੇ ਮੈਡਿਸਨ ਸਕੁਏਅਰ ਗਾਰਡਨ ਵਿੱਚ ਹੋਏ 'ਵਨ ਵਰਲਡ, ਵਨ ਹਿਊਮੈਨਿਟੀ' ਸਮਾਗਮ ਨੂੰ ਲੈ ਕੇ ਵੀ ਸਵਾਲ ਉੱਠੇ ਹਨ। ਰੈਵਰੈਂਡ ਐਡਰੀਅਨ ਥੋਰਨ ਨੇ ਕਿਹਾ ਕਿ ਉਨ੍ਹਾਂ ਨੂੰ ਸਮਾਗਮ ਸ਼ਾਂਤੀ ਅਤੇ ਧਾਰਮਿਕ ਸਦਭਾਵਨਾ ਨਾਲ ਜੁੜਿਆ ਦੱਸਿਆ ਗਿਆ ਸੀ, ਪਰ ਸੱਦੇ ਵਿੱਚ ਭਾਗਵਤ ਜਾਂ ਆਰ.ਐਸ.ਐਸ. ਦਾ ਜ਼ਿਕਰ ਨਹੀਂ ਸੀ। ਉਨ੍ਹਾਂ ਨੇ ਆਪਣੀ ਸ਼ਮੂਲੀਅਤ ਨੂੰ ਗ਼ਲਤੀ ਕਰਾਰ ਦਿੱਤਾ। ਇਮਾਮ ਸ਼ਮਸੀ ਅਲੀ ਅਤੇ ਰੈਵਰੈਂਡ ਵਿੰਨੀ ਵਰਗੀਜ਼ ਨੇ ਵੀ ਕਿਹਾ ਕਿ ਉਨ੍ਹਾਂ ਨੂੰ ਭਾਗਵਤ ਦੇ ਮੁੱਖ ਮਹਿਮਾਨ ਹੋਣ ਬਾਰੇ ਪਹਿਲਾਂ ਨਹੀਂ ਦੱਸਿਆ ਗਿਆ ਸੀ। ਦੋਵੇਂ ਪੀਅਰੇ ਹੋਟਲ ਵਿਖੇ ਹੋਏ ਇਕੱਠ ਵਿੱਚ ਪਹੁੰਚੇ, ਪਰ ਮੈਡਿਸਨ ਸਕੁਏਅਰ ਗਾਰਡਨ ਦੇ ਮੁੱਖ ਸਮਾਗਮ ਵਿਚ ਸ਼ਾਮਲ ਨਹੀਂ ਹੋਏ। ਵਰਗੀਜ਼ ਮੁੱਖ ਸਮਾਗਮ ਵਿੱਚ ਜਾਣ ਦੀ ਥਾਂ ਬਾਹਰ ਹੋ ਰਹੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋ ਗਏ।ਸਾਹਮਣੇ ਆਏ ਸੱਦਾ-ਪੱਤਰ ਵਿੱਚ ਵੀ ਭਾਗਵਤ ਅਤੇ ਆਰ.ਐਸ.ਐਸ. ਦਾ ਨਾਮ ਦਰਜ ਨਹੀਂ ਸੀ, ਜਦਕਿ ਮੁੱਖ ਮਹਿਮਾਨ ਵਾਲੀ ਥਾਂ ਖਾਲੀ ਛੱਡੀ ਗਈ ਸੀ। ਹਾਲਾਂਕਿ ਇਹ ਜਾਣਕਾਰੀ ਜਾਣਬੁੱਝ ਕੇ ਲੁਕਾਈ ਗਈ ਸੀ ਜਾਂ ਨਹੀਂ, ਇਸ ਦੀ ਸੁਤੰਤਰ ਤੌਰ 'ਤੇ ਪੱਕੀ ਪੁਸ਼ਟੀ ਨਹੀਂ ਹੋਈ।



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਟਰੰਪ ਨੇ ਵ੍ਹਾਈਟ ਹਾਊਸ ਦੇ ਆਪਣੇ ਖਾਸ ਸਟਾਫ਼ ਨੂੰ ਦਿੱਤੇ ਲੱਖਾਂ ਰੁਪਏ ਦੇ 'ਹੌਲੀਡੇ ਗਿਫਟ'

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵ੍ਹਾਈਟ ਹਾਊਸ ਦੇ ਆਪਣੇ ਚਾਰ ਪ੍ਰਮੁੱਖ ਸਟਾਫ਼ ਮੈਂਬਰਾਂ ਨੂੰ ਵੱਡੇ 'ਹੌਲੀਡੇ ਗਿਫਟ' ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਸ਼ਾਸਨ ਵੱਲੋਂ ਜਾਰੀ ਕੀਤੀਆਂ ਗਈਆਂ ਨਵੀਆਂ ਵਿੱਤੀ ਖੁਲਾਸਾ ਰਿਪੋਰਟਾਂ ਅਨੁਸਾਰ ਟਰੰਪ ਨੇ ਆਪਣੀ ਕਾਰਜਕਾਰੀ ਸਹਾਇਕ ਨੈਟਲੀ ਹਾਰਪ, ਸੰਚਾਰ ਸਲਾਹਕਾਰ ਮਾਰਗੋ ਮਾਰਟਿਨ ਅਤੇ ਓਵਲ ਆਫਿਸ ਆਪ੍ਰੇਸ਼ਨਜ਼ ਦੇ ਡਿਪਟੀ ਡਾਇਰੈਕਟਰ ਚੈਂਬਰਲੇਨ ਹੈਰਿਸ ਨੂੰ 45,000-45,000 ਅਮਰੀਕੀ ਡਾਲਰ (ਲਗਭਗ 42.79 ਲੱਖ ਰੁਪਏ) ਦੇ ਨਕਦ ਤੋਹਫ਼ੇ ਦਿੱਤੇ ਹਨ। ਇਸ ਤੋਂ ਇਲਾਵਾ ਓਵਲ ਆਫਿਸ ਆਪ੍ਰੇਸ਼ਨਜ਼ ਦੇ ਡਾਇਰੈਕਟਰ ਵਾਲਟ ਨੌਟਾ ਨੂੰ 20,000 ਡਾਲਰ ਦਾ ਤੋਹਫ਼ਾ ਦਿੱਤਾ ਗਿਆ ਹੈ। ਇਨ੍ਹਾਂ ਤੋਹਫ਼ਿਆਂ ਦਾ ਜ਼ਿਕਰ ਸਟਾਫ਼ ਮੈਂਬਰਾਂ ਦੇ ਸਾਲਾਨਾ ਵਿੱਤੀ ਖੁਲਾਸਾ ਫਾਰਮਾਂ ਵਿੱਚ ਕੀਤਾ ਗਿਆ ਹੈ। ਕਾਂਗਰਸ ਨੂੰ ਦਿੱਤੀ ਗਈ ਵ ?ਹਾਈਟ ਹਾਊਸ ਦੀ ਤਨਖਾਹ ਰਿਪੋਰਟ ਮੁਤਾਬਕ ਨੈਟਲੀ ਹਾਰਪ, ਮਾਰਗੋ ਮਾਰਟਿਨ ਅਤੇ ਚੈਂਬਰਲੇਨ ਹੈਰਿਸ ਦੀ ਸਾਲਾਨਾ ਤਨਖਾਹ 150,000 ਅਮਰੀਕੀ ਡਾਲਰ ਹੈ, ਜਦਕਿ ਵਾਲਟ ਨੌਟਾ ਨੂੰ ਸਾਲਾਨਾ 175,000 ਡਾਲਰ ਤਨਖਾਹ ਮਿਲਦੀ ਹੈ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਟਰੰਪ ਦੀ ਆਪਣੇ ਕਰੀਬੀ ਲੋਕਾਂ ਅਤੇ ਸਟਾਫ਼ ਨੂੰ ਕ੍ਰਿਸਮਸ ਤੋਹਫ਼ੇ ਦੇਣ ਦੀ ਪੁਰਾਣੀ ਰਵਾਇਤ ਰਹੀ ਹੈ। ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਇਹ ਨਕਦ ਤੋਹਫ਼ੇ ਸਟਾਫ਼ ਦੀਆਂ ਸਰਕਾਰੀ ਜ਼ਿੰਮੇਵਾਰੀਆਂ ਨਾਲ ਸਬੰਧਤ ਨਹੀਂ ਹਨ, ਇਸ ਲਈ ਇਹ ਕਾਨੂੰਨੀ ਅਤੇ ਨੈਤਿਕ ਮਾਪਦੰਡਾਂ ਅਧੀਨ ਪੂਰੀ ਤਰ੍ਹਾਂ ਜਾਇਜ਼ ਹਨ। ਇਹ ਖੁਲਾਸਾ ਸਭ ਤੋਂ ਪਹਿਲਾਂ 'ਦਿ ਵਾਸ਼ਿੰਗਟਨ ਪੋਸਟ' ਦੁਆਰਾ ਕੀਤਾ ਗਿਆ।



ਇੱਥੇ ਦੱਸ ਦਈਏ ਕਿ ਨੈਟਲੀ ਹਾਰਪ ਲਗਾਤਾਰ ਟਰੰਪ ਦੇ ਨਾਲ ਰਹਿੰਦੀ ਹੈ ਅਤੇ ਉਹ ਆਪਣੇ ਨਾਲ ਇੱਕ ਪੋਰਟੇਬਲ ਪ੍ਰਿੰਟਰ ਰੱਖਣ ਲਈ ਜਾਣੀ ਜਾਂਦੀ ਹੈ, ਤਾਂ ਜੋ ਉਹ ਟਰੰਪ ਲਈ ਖ਼ਬਰਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਪ੍ਰਿੰਟ ਕਰਕੇ ਦੇ ਸਕੇ, ਕਿਉਂਕਿ ਟਰੰਪ ਸਕ੍ਰੀਨ ਦੀ ਬਜਾਏ ਕਾਗਜ਼ 'ਤੇ ਪੜ੍ਹਨਾ ਪਸੰਦ ਕਰਦੇ ਹਨ। ਸੰਚਾਰ ਸਲਾਹਕਾਰ ਮਾਰਗੋ ਮਾਰਟਿਨ ਟਰੰਪ ਦੇ ਪਹਿਲੇ ਕਾਰਜਕਾਲ ਤੋਂ ਹੀ ਉਨ੍ਹਾਂ ਨਾਲ ਕੰਮ ਕਰ ਰਹੀ ਹੈ ਅਤੇ 2020 ਦੀਆਂ ਚੋਣਾਂ ਤੋਂ ਬਾਅਦ ਵੀ ਉਨ੍ਹਾਂ ਨਾਲ ਫਲੋਰੀਡਾ ਵਿਖੇ ਮੀਡੀਆ ਆਪ੍ਰੇਸ਼ਨ ਸੰਭਾਲਦੀ ਰਹੀ, ਜੋ 2024 ਦੀ ਜਿੱਤ ਤੋਂ ਬਾਅਦ ਮੁੜ ਵ੍ਹਾਈਟ ਹਾਊਸ ਪਰਤੀ ਹੈ।

ਟਰੰਪ ਨੇ ਇਸੇ ਸਾਲ ਚੈਂਬਰਲੇਨ ਹੈਰਿਸ ਨੂੰ 'ਯੂ.ਐੱਸ. ਕਮਿਸ਼ਨ ਆਫ਼ ਫਾਈਨ ਆਰਟਸ' ਵਿੱਚ ਨਿਯੁਕਤ ਕੀਤਾ ਹੈ, ਜੋ ਵ੍ਹਾਈਟ ਹਾਊਸ ਦੇ ਬਾਲਰੂਮ ਪ੍ਰੋਜੈਕਟ ਦੀ ਨਿਗਰਾਨੀ ਕਰਦਾ ਹੈ। ਵਾਲਟ ਨੌਟਾ, ਜੋ ਪਹਿਲਾਂ ਟਰੰਪ ਦੇ ਵੈਲੇਟ ਵਜੋਂ ਸੇਵਾ ਨਿਭਾਉਂਦੇ ਸਨ, 'ਤੇ 2023 ਵਿੱਚ ਵਰਗੀਕ੍ਰਿਤ ਦਸਤਾਵੇਜ਼ਾਂ ਦੀ ਐੱਫ.ਬੀ.ਆਈ. ਜਾਂਚ ਵਿੱਚ ਰੁਕਾਵਟ ਪਾਉਣ ਦੇ ਦੋਸ਼ ਲੱਗੇ ਸਨ, ਜਿਨ੍ਹਾਂ ਨੂੰ 2024 ਵਿੱਚ ਖਾਰਜ ਕਰ ਦਿੱਤਾ ਗਿਆ ਸੀ।

# ਮਿਸਰ ਦੀ ਅਦਾਲਤ ਨੇ ਮਹਿਲਾ ਟੀਵੀ ਐਂਕਰ ਸਾਰਾ ਖਲੀਫਾ ਸਮੇਤ 12 ਨੂੰ ਸੁਣਾਈ ਮੌਤ ਦੀ ਸਜ਼ਾ

## 9 ਹੋਰ ਮੁਲਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਅਤੇ 7 ਨੂੰ ਕੀਤਾ ਬਰੀ, ਡਰੱਗ ਨਾਲ ਜੁੜੇ ਮਾਮਲੇ 'ਚ ਠਹਿਰਾਇਆ ਗਿਆ ਦੋਸ਼ੀ



ਮਿਸਰ : ਮਿਸਰ ਦੀ ਇੱਕ ਅਦਾਲਤ ਨੇ ਮਹਿਲਾ ਐਂਕਰ ਸਾਰਾ ਖਲੀਫਾ ਸਮੇਤ 12 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਇਹਨਾਂ ਸਾਰਿਆਂ ਨੂੰ ਡਰੱਗਜ਼ ਨਾਲ ਜੁੜੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਮਿਸਰ ਦੇ ਸਰਕਾਰੀ ਮੀਡੀਆ ਆਊਟਲੇਟ ਅਲ ਅਹਰਾਮ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। 39 ਸਾਲ ਦੀ ਸਾਰਾ ਖਲੀਫਾ ਆਪਣੇ ਪ੍ਰੋਗਰਾਮ 'ਮਿਸ਼ਨ ਇੰਪੌਸੀਬਲ' ਲਈ ਮਸ਼ਹੂਰ ਰਹੀ ਹੈ। ਇਹ ਪ੍ਰੋਗਰਾਮ ਸੁਰੱਖਿਆ ਅਤੇ ਅਪਰਾਧ ਨਾਲ ਜੁੜੇ ਮੁੱਦਿਆਂ 'ਤੇ ਆਧਾਰਿਤ ਸੀ।

ਕਾਹਿਰਾ ਦੀ ਕ੍ਰਿਮੀਨਲ ਕੋਰਟ ਨੇ ਦੋਸ਼ੀਆਂ ਨੂੰ ਨਸ਼ੀਲੇ ਪਦਾਰਥਾਂ ਨੂੰ ਬਣਾਉਣ ਵਿੱਚ ਵਰਤੀ ਜਾਣ ਵਾਲੀ ਸਮੱਗਰੀ ਇਕੱਠੀ ਕਰਨ ਅਤੇ ਉਹਨਾਂ ਦੀ ਤਸਕਰੀ ਕਰਨ ਲਈ ਅਪਰਾਧਿਕ ਗਿਰੋਹ ਬਣਾਉਣ ਦਾ ਦੋਸ਼ੀ ਪਾਇਆ ਸੀ। 12 ਲੋਕਾਂ ਦੀ ਮੌਤ ਦੀ ਸਜ਼ਾ ਤੋਂ ਇਲਾਵਾ ਕੋਰਟ ਨੇ 9 ਹੋਰ ਮੁਲਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। 7 ਲੋਕਾਂ ਨੂੰ ਬਰੀ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਕੁੱਲ 28 ਮੁਲਜ਼ਮ ਸਨ ਅਤੇ 750 ਕਿਲੋਗ੍ਰਾਮ ਤੋਂ ਵੱਧ ਡਰੱਗਜ਼ ਜ਼ਬਤ ਕੀਤੀ ਗਈ ਸੀ। ਅਧਿਕਾਰੀਆਂ ਨੂੰ ਮੁਲਜ਼ਮਾਂ ਦੇ ਕਬਜ਼ੇ ਤੋਂ ਹਥਿਆਰ ਅਤੇ ਗੋਲਾ-ਬਾਰੂਦ ਵੀ ਮਿਲੇ ਸਨ।

# ਨੇਪਾਲ ਦੇ ਹੜ ਪੀੜਤਾਂ ਲਈ 'ਸਿੱਖਸ ਆਫ਼ ਅਮੈਰਿਕਾ' ਵੱਲੋਂ ਰਾਹਤ ਮੁਹਿੰਮ ਜਾਰੀ

## ਕੁਦਰਤੀ ਤ੍ਰਾਸਦੀ ਦੇ ਪੀੜਤਾਂ ਨੂੰ ਖਾਣ ਪੀਣ ਅਤੇ ਕੰਬਲ ਆਦਿ ਸਮਾਨ ਵੰਡਿਆ : ਚੇਅਰਮੈਨ ਜਸਦੀਪ 'ਜੱਸੀ'





ਵਾਸ਼ਿੰਗਟਨ, (ਰਾਜ ਗੋਗਨਾ) : ਬੀਤੇ ਦਿਨੀਂ ਨੇਪਾਲ 'ਚ ਆਏ ਹੜਾਂ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਲਈ 'ਸਿੱਖਸ ਆਫ਼ ਅਮੈਰਿਕਾ' ਵੱਲੋਂ ਵੱਡੇ ਪੱਧਰ 'ਤੇ ਰਾਹਤ ਸਮੱਗਰੀ ਵੰਡੀ ਗਈ। ਇਸ ਦੌਰਾਨ ਕੁਦਰਤੀ ਤ੍ਰਾਸਦੀ ਦੇ ਪੀੜਤਾਂ ਨੂੰ ਖਾਣ ਪੀਣ ਦੇ ਸਮਾਨ ਦੇ ਨਾਲ ਕੰਬਲ ਆਦਿ ਸਮਾਨ ਵੰਡਿਆ ਗਿਆ। ਸੰਸਥਾ ਦੇ ਇੰਡੀਆ ਟੀਮ ਦੇ ਵਾਲੰਟੀਅਰਾਂ ਨੇ ਖੁਦ ਨੇਪਾਲ ਪਹੁੰਚ ਕੇ ਹੜ੍ਹ ਪੀੜ੍ਹਤ ਪਰਿਵਾਰਾਂ ਤੱਕ ਰਾਹਤ ਸਮੱਗਰੀ ਪਹੁੰਚਾ ਰਹੇ ਹਨ ਅਤੇ ਉਨਾਂ ਦੀ ਮਦਦ ਕਰ ਰਹੇ ਹਨ। ਇਹ ਮਦਦ ਇਸ ਹੜ੍ਹ ਤ੍ਰਾਸਦੀ ਵਿਚ ਬਚੇ 'ਚਮਤਕਾਰੀ ਹਰੇ ਘਰ' ਦੇ ਇਲਾਕੇ ਵਿਚ ਕੀਤੀ ਗਈ ਜੋ ਕਿ ਨੇਪਾਲ ਦੇ ਬਾਗਮਤੀ ਸੂਬੇ ਦੇ ਨੁਵਾਕੋਟ ਜ਼ਿਲੇ ਦੇ ਡੂੰਗੇ ਬਾਜ਼ਾਰ ਵਾਲੇ ਪਾਸੇ ਪੈਂਦਾ ਹੈ। ਸਿੱਖਸ ਆਫ਼ ਅਮੈਰਿਕਾ ਸੰਸਥਾ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਕੁਦਰਤੀ ਆਫ਼ਤ ਦੇ ਇਸ ਮੁਸ਼ਕਲ ਸਮੇਂ ਵਿੱਚ ਪੀੜ੍ਹਤ ਲੋਕਾਂ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣਾ ਉਨਾਂ ਦੀ ਮੁੱਖ ਤਰਜ਼ੀਹ ਹੈ। ਦੱਸਣਯੋਗ ਹੈ ਕਿ 'ਸਿੱਖਸ ਆਫ਼ ਅਮੈਰਿਕਾ' ਪਹਿਲਾਂ ਵੀ ਵੱਖ-ਵੱਖ ਦੇਸ਼ਾਂ ਵਿੱਚ ਕੁਦਰਤੀ ਤ੍ਰਾਸਦੀਆਂ ਦੌਰਾਨ ਰਾਹਤ ਕਾਰਜਾਂ ਰਾਹੀਂ ਪੀੜਤਾਂ ਦੀ ਮਦਦ ਕਰਦੀ ਰਹੀ ਹੈ। ਸਿੱਖਸ ਆਫ ਅਮੈਰਿਕਾ ਸੰਸਥਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ, ਪ੍ਰਧਾਨ ਕੰਵਲਜੀਤ ਸਿੰਘ ਸੋਨੀ ਅਤੇ ਵਾਈਸ-ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਲਈ ਸਰਹੱਦਾਂ ਦੀ ਕੋਈ ਪਾਬੰਦੀ ਨਹੀਂ ਹੁੰਦੀ। ਉਨਾਂ ਕਿਹਾ ਕਿ ਕੁਦਰਤੀ ਆਫ਼ਤਾਂ ਦੇ ਸਮੇਂ ਲੋੜਵੰਦਾਂ ਤੱਕ ਮਦਦ ਪਹੁੰਚਾਉਣਾ ਸਿੱਖ ਭਾਈਚਾਰੇ ਦੀ ਸੇਵਾ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਦਾ ਹਿੱਸਾ ਹੈ। ਉਨਾਂ ਨੇ ਕਿਹਾ ਕਿ ਅਸੀਂ ਅਰਦਾਸ ਕਦੇ ਹਾਂ ਕਿ ਦੁਨੀਆਂ ਦੇ ਕਿਸੇ ਵੀ ਹਿੱਸੇ 'ਚ ਕੁਦਰਤੀ ਆਫ਼ਤ ਨਾ ਆਵੇ ਪਰ ਜੇਕਰ ਭਵਿੱਖ ਵਿੱਚ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਕੁਦਰਤੀ ਆਫ਼ਤ ਆਉਂਦੀ ਹੈ ਤਾਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅਸੀਂ ਆਪਣੀ ਸਮਰੱਥਾ ਅਨੁਸਾਰ ਰਾਹਤ ਕਾਰਜ ਜਾਰੀ ਰੱਖੇ ਜਾਣਗੇ।

# ਕੈਨੇਡਾ ਨੇ ਅਮਰੀਕਾ ਦੇ ਸਮਾਨ 'ਤੇ ਲਗਾਇਆ 50 ਫ਼ੀਸਦ ਟੈਰਿਫ਼

ਸਿੰਗਾਪੁਰ: ਸਿੰਗਾਪੁਰ ਸਰਕਾਰ ਨੇ ਪ੍ਰਧਾਨ ਮੰਤਰੀ, ਮੰਤਰੀਆਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀਆਂ ਤਨਖਾਹਾਂ ਵਧਾਉਣ ਦਾ ਫੈਸਲਾ ਕੀਤਾ ਹੈ। ਦੁਨੀਆ ਦੇ ਸਭ ਤੋਂ ਵੱਧ ਤਨਖਾਹ ਲੈਣ ਵਾਲੇ ਨੇਤਾਵਾਂ ਵਿੱਚ ਸ਼ਾਮਲ ਪ੍ਰਧਾਨ ਮੰਤਰੀ ਲਾਰੈਂਸ ਵੋਂਗ ਦੀ ਸਾਲਾਨਾ ਆਮਦਨ ਹੁਣ ਲਗਭਗ 11 ਕਰੋੜ ਰੁਪਏ ਵਧ ਜਾਵੇਗੀ।



ਵੋਂਗ ਨੂੰ ਇਸ ਸਮੇਂ ਲਗਭਗ 22 ਲੱਖ ਸਿੰਗਾਪੁਰ ਡਾਲਰ (ਲਗਭਗ 16 ਕਰੋੜ ਰੁਪਏ) ਸਾਲਾਨਾ ਮਿਲਦੇ ਹਨ। ਵਾਧੇ ਤੋਂ ਬਾਅਦ, ਉਸਦਾ ਸਾਲਾਨਾ ਪੈਕੇਜ ਲਗਭਗ 36 ਲੱਖ ਸਿੰਗਾਪੁਰ ਡਾਲਰ (ਲਗਭਗ 27 ਕਰੋੜ ਰੁਪਏ) ਹੋਵੇਗਾ।

ਭਾਵ ਉਨ੍ਹਾਂ ਦੀ ਕਮਾਈ 60% ਤੋਂ ਵੱਧ ਵਧ ਜਾਵੇਗੀ। ਇਸ ਦੇ ਮੁਕਾਬਲੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਸਾਲਾਨਾ ਤਨਖਾਹ ਲਗਭਗ 20 ਲੱਖ ਰੁਪਏ ਹੈ। ਇਸ ਮੁਤਾਬਕ ਵੋਂਗ ਦੀ ਨਵੀਂ ਸਾਲਾਨਾ ਆਮਦਨ ਮੋਦੀ ਦੀ ਤਨਖਾਹ ਤੋਂ ਲਗਭਗ 135 ਗੁਣਾ ਜ਼ਿਆਦਾ ਹੋਵੇਗੀ।

ਵਰਤਮਾਨ ਵਿੱਚ, ਸਿੰਗਾਪੁਰ ਦੇ ਮੰਤਰੀਆਂ ਨੂੰ ਸਾਲਾਨਾ ਲਗਭਗ 1.1 ਮਿਲੀਅਨ ਸਿੰਗਾਪੁਰ ਡਾਲਰ (82 ਮਿਲੀਅਨ) ਮਿਲਦੇ ਹਨ। ਇਹ ਨਵੀਂ ਪ੍ਰਣਾਲੀ ਦੇ ਤਹਿਤ ਲਗਭਗ 1.2 ਮਿਲੀਅਨ ਸਿੰਗਾਪੁਰ ਡਾਲਰ (89.5 ਮਿਲੀਅਨ) ਤੱਕ ਵਧ ਜਾਵੇਗਾ।

ਵੋਂਗ ਦੇ ਅਨੁਸਾਰ, ਮੌਜੂਦਾ ਸਰਕਾਰ ਦੇ ਕਾਰਜਕਾਲ ਦੇ ਅੰਤ ਤੱਕ, ਜ਼ਿਆਦਾਤਰ ਮੰਤਰੀ 1.35 ਮਿਲੀਅਨ ਸਿੰਗਾਪੁਰ ਡਾਲਰ (ਲਗਭਗ 100 ਮਿਲੀਅਨ) ਤੱਕ ਕਮਾ ਸਕਦੇ ਹਨ। ਇਸ ਤਨਖਾਹ ਦਾ ਇੱਕ ਹਿੱਸਾ ਸਰਕਾਰ ਦੇ ਪ੍ਰਦਰਸ਼ਨ 'ਤੇ ਨਿਰਭਰ ਕਰੇਗਾ।

# ਅਮਰੀਕਾ ਨੇ ਈਰਾਨ ਦੇ ਹਵਾਬਾਜ਼ੀ ਖੇਤਰ 'ਤੇ ਲਾਈਆਂ ਨਵੀਆਂ ਪਾਬੰਦੀਆਂ

ਵਾਸ਼ਿੰਗਟਨ : ਈਰਾਨ ਦੇ ਹਵਾਬਾਜ਼ੀ ਉਦਯੋਗ ਵਿਰੁੱਧ ਹੁਣ ਤੱਕ ਦੀਆਂ ਸਭ ਤੋਂ ਵਿਆਪਕ ਕਾਰਵਾਈਆਂ ਵਿੱਚੋਂ ਇੱਕ ਵਿੱਚ ਅਮਰੀਕਾ ਨੇ ਈਰਾਨ ਦੇ ਹਵਾਬਾਜ਼ੀ ਨੈੱਟਵਰਕ, ਹਥਿਆਰਾਂ ਦੇ ਤਬਾਦਲੇ ਅਤੇ ਗੈਰ-ਕਾਨੂੰਨੀ ਖਰੀਦ ਯੋਜਨਾਵਾਂ ਦਾ ਸਮਰਥਨ ਕਰਨ ਦੇ ਦੋਸ਼ ਵਿੱਚ 36 ਸੰਸਥਾਵਾਂ ਅਤੇ ਵਿਅਕਤੀਆਂ 'ਤੇ ਪਾਬੰਦੀਆਂ ਲਗਾਈਆਂ ਹਨ। ਅਮਰੀਕੀ ਖਜ਼ਾਨਾ ਵਿਭਾਗ ਦੇ ਵਿਦੇਸ਼ੀ ਸੰਪਤੀਆਂ ਦੇ ਨਿਯੰਤਰਣ ਦਫਤਰ (OFAC) ਨੇ ਕਿਹਾ ਕਿ ਇਸਨੇ ਸਾਰੀਆਂ ਸਰਗਰਮ ਈਰਾਨੀ ਏਅਰਲਾਈਨਾਂ, ਨਾਲ ਹੀ ਵਿਦੇਸ਼ੀ ਵਿਚੋਲਿਆਂ, ਸ਼ੈੱਲ ਕੰਪਨੀਆਂ ਅਤੇ ਹੋਰ ਫਰਮਾਂ ਨੂੰ ਨਿਸ਼ਾਨਾ ਬਣਾਇਆ ਹੈ ਜੋ ਕਥਿਤ ਤੌਰ 'ਤੇ ਈਰਾਨ ਨੂੰ ਜਹਾਜ਼, ਜਹਾਜ਼ ਦੇ ਪੁਰਜ਼ੇ ਅਤੇ ਹਵਾਬਾਜ਼ੀ ਨਾਲ ਸਬੰਧਤ ਤਕਨਾਲੋਜੀ ਪ੍ਰਾਪਤ ਕਰਨ ਵਿੱਚ ਮਦਦ ਕਰ ਰਹੀਆਂ ਹਨ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਟੌਮੀ ਨੇ ਕਿਹਾ ਕਿ ਅਮਰੀਕਾ ਈਰਾਨ ਦੇ ਹਵਾਬਾਜ਼ੀ ਖੇਤਰ ਦਾ ਸਮਰਥਨ ਕਰਨ ਵਾਲੇ ਵੱਖ-ਵੱਖ ਦੇਸ਼ਾਂ ਵਿੱਚ 36 ਸੰਸਥਾਵਾਂ ਅਤੇ ਵਿਅਕਤੀਆਂ 'ਤੇ ਪਾਬੰਦੀਆਂ ਲਗਾ ਕੇ 'ਆਪ੍ਰੇਸ਼ਨ ਇਕਨਾਮਿਕ ਆਊਟਕਾਸਟ' ਨੂੰ ਲਾਗੂ ਕਰਨਾ ਜਾਰੀ ਰੱਖਦਾ ਹੈ। ਉਨ੍ਹਾਂ ਕਿਹਾ ਕਿ ਇਸ ਖੇਤਰ ਨੂੰ ਈਰਾਨੀ ਸ਼ਾਸਨ ਦੁਆਰਾ ਦੁਨੀਆ ਭਰ ਵਿੱਚ ਪ੍ਰਸਾਰ ਅਤੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਲਈ ਵਰਤਿਆ ਗਿਆ ਹੈ। ਇਹ ਕਾਰਵਾਈ 'ਆਪ੍ਰੇਸ਼ਨ ਇਕਨਾਮਿਕ ਆਊਟਕਾਸਟ' ਦੇ ਤਹਿਤ ਕੀਤੀ ਗਈ ਹੈ। ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ 24



ਅਗਸਤ ਨੂੰ ਇਸ ਕਾਰਵਾਈ ਦਾ ਐਲਾਨ ਕਰਦੇ ਹੋਏ ਕਿਹਾ ਕਿ ਇਸਦਾ ਉਦੇਸ਼ ਉਸ ਚੀਜ਼ ਨੂੰ ਕੱਟਣਾ ਹੈ ਜਿਸਨੂੰ ਵਾਸ਼ਿੰਗਟਨ ਈਰਾਨੀ ਸ਼ਾਸਨ ਦੇ ਬਾਕੀ ਵਿੱਤੀ ਸਰੋਤਾਂ ਨੂੰ ਮੰਨਦਾ ਹੈ। ਬੇਸੈਂਟ ਨੇ ਕਿਹਾ, 'ਅੱਜ, ਅਸੀਂ ਮਹਾਨ ਏਅਰ ਦਾ ਸਮਰਥਨ ਜਾਰੀ ਰੱਖਣ ਵਾਲੀਆਂ ਕੰਪਨੀਆਂ 'ਤੇ ਪਾਬੰਦੀਆਂ ਲਗਾ ਕੇ ਉਸ ਵਾਅਦੇ ਨੂੰ ਪੂਰਾ ਕੀਤਾ ਹੈ।'

ਉਨ੍ਹਾਂ ਨੇ ਈਰਾਨੀ ਏਅਰਲਾਈਨਾਂ ਨਾਲ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੂੰ ਚੇਤਾਵਨੀ ਦਿੱਤੀ, 'ਤੁਹਾਨੂੰ ਗਲੋਬਲ ਵਿੱਤੀ ਪ੍ਰਣਾਲੀ ਤੋਂ ਬਾਹਰ ਕੀਤੇ ਜਾਣ ਦਾ ਜੋਖਮ ਹੈ।' OFAC ਨੇ ਕਾਰਜਕਾਰੀ ਆਦੇਸ਼ 13902 ਦੇ ਤਹਿਤ 27 ਈਰਾਨੀ ਏਅਰਲਾਈਨਾਂ ਨੂੰ ਮਨਜ਼ੂਰੀ ਦਿੱਤੀ, ਜੋ ਈਰਾਨ ਦੀ ਆਰਥਿਕਤਾ ਦੇ ਵੱਖ-ਵੱਖ ਖੇਤਰਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਬਿਆਨ ਦੇ ਅਨੁਸਾਰ ਇਨ੍ਹਾਂ ਵਿੱਚ ਈਰਾਨ ਏਅਰ ਟੂਰ, ਈਰਾਨ ਅਸੀਮਾਨ ਏਅਰਲਾਈਨਜ਼, ਕਿਸ਼ ਏਅਰਲਾਈਨਜ਼, ਕਿਸ਼ਮ ਏਅਰ, ਸਾਹਾ ਏਅਰਲਾਈਨਜ਼, ਸਿਪਾਹਰਾਨ ਏਅਰਲਾਈਨਜ਼, ਵਾਰੇਸ਼ ਏਅਰਲਾਈਨਜ਼, ਜ਼ਾਗਰੋਸ ਏਅਰਲਾਈਨਜ਼ ਅਤੇ ਹੋਰ ਸ਼ਾਮਲ ਹਨ। ਅਮਰੀਕਾ ਨੇ ਕਿਹਾ ਕਿ ਈਰਾਨ ਦੀ ਵਪਾਰਕ ਹਵਾਬਾਜ਼ੀ ਪ੍ਰਣਾਲੀ ਦੀ ਵਰਤੋਂ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ (IRGC) ਅਤੇ ਈਰਾਨੀ ਸ਼ਾਸਨ ਦੇ ਹੋਰ ਹਿੱਸਿਆਂ ਦੁਆਰਾ ਹਥਿਆਰਾਂ, ਕਰਮਚਾਰੀਆਂ ਅਤੇ ਗੈਰ-ਕਾਨੂੰਨੀ ਮਾਲ ਦੀ ਢੋਆ-ਢੁਆਈ ਲਈ ਕੀਤੀ ਗਈ ਹੈ। ਵਿੱਤ ਮੰਤਰਾਲੇ ਨੇ ਕਿਹਾ ਕਿ ਨਵੀਨਤਮ ਕਾਰਵਾਈ ਦਾ ਉਦੇਸ਼ ਈਰਾਨ ਦੇ ਹਵਾਬਾਜ਼ੀ ਖੇਤਰ ਲਈ ਅੰਤਰਰਾਸ਼ਟਰੀ ਵਿੱਤੀ ਅਤੇ ਵਪਾਰਕ ਪ੍ਰਣਾਲੀ ਵਿੱਚ ਕੰਮ ਕਰਨਾ ਮੁਸ਼ਕਲ ਬਣਾਉਣਾ ਹੈ। ਵਿੱਤ ਮੰਤਰਾਲੇ ਨੇ ਚੇਤਾਵਨੀ ਦਿੱਤੀ ਕਿ ਪਾਬੰਦੀਆਂ ਈਰਾਨੀ ਏਅਰਲਾਈਨਾਂ ਤੱਕ ਸੀਮਿਤ ਨਹੀਂ ਹਨ। 'ਕਿਸੇ ਵੀ ਵਿਦੇਸ਼ੀ ਕੰਪਨੀ ਜਾਂ ਵਿਅਕਤੀ ਜੋ ਪਾਬੰਦੀਸ਼ੁਦਾ ਈਰਾਨੀ ਏਅਰਲਾਈਨਾਂ ਨੂੰ ਸਮਰੱਥ ਬਣਾਉਂਦੀ ਹੈ, ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ' ਇਸ ਵਿੱਚ ਕਿਹਾ ਗਿਆ ਹੈ। ਇਸ ਵਿੱਚ ਜਹਾਜ਼ ਟ ?ਰਾਂਸਫਰ, ਮਾਲ ਸੇਵਾਵਾਂ, ਇੱਕ ਆਮ ਵਿਕਰੀ ਏਜੰਟ ਵਜੋਂ ਸਹਿਯੋਗ, ਅਤੇ ਖਰੀਦ ਨੈੱਟਵਰਕਾਂ ਵਿੱਚ ਸਹਾਇਤਾ ਸ਼ਾਮਲ ਹੈ।

# ਵਧਦੀ ਵਿਕਾਸ ਦਰ ਦਾ ਦਾਅਵਾ

ਭਾਰਤੀ ਰਿਜ਼ਰਵ ਬੈਂਕ ਵਲੋਂ ਦੇਸ਼ ਦੀ ਅਰਥਵਿਵਸਥਾ ਚਾਲੂ ਸਾਲ 2026-27 ਦੇ ਅਪ੍ਰੈਲ-ਜੂਨ ਵਿਚ ਉਮੀਦ ਨਾਲੋਂ ਤੇਜ਼ 7.8 ਫ਼ੀਸਦੀ ਵਧਣ ਦੀ ਜਾਣਕਾਰੀ ਦਿੱਤੀ ਗਈ ਹੈ। ਅਜਿਹਾ ਸਾਲਾਂ ਤੋਂ ਰੂਸ ਅਤੇ ਯੂਕਰੇਨ ਵਿਚ ਜੰਗ ਲੱਗੇ ਹੋਣ ਦੇ ਨਾਲ-ਨਾਲ ਪਿਛਲੇ 6 ਮਹੀਨਿਆਂ ਤੋਂ ਅਮਰੀਕਾ ਅਤੇ ਈਰਾਨ ਵਿਚ ਛਿੜੀ ਜੰਗ ਦੇ ਬਾਵਜੂਦ ਹੋਇਆ ਹੈ। ਰਿਜ਼ਰਵ ਬੈਂਕ ਦਾ ਇਸ ਤਿਮਾਹੀ ਵਿਚ ਆਰਥਿਕਤਾ ਦੇ 6.7 ਫ਼ੀਸਦੀ ਵਧਣ ਦਾ ਅਨੁਮਾਨ ਸੀ ਪਰ ਨਤੀਜੇ ਉਸ ਦੇ ਅਨੁਮਾਨ ਤੋਂ ਵੀ ਜ਼ਿਆਦਾ ਆਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਵਾਧੇ 'ਤੇ ਬੇਹੱਦ ਸੰਤੁਸ਼ਟੀ ਪ੍ਰਗਟ ਕੀਤੀ ਹੈ। ਪਿਛਲੇ ਦਿਨੀਂ ਬੈਲਜੀਅਮ ਦੇ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ 'ਤੇ ਆਉਣ 'ਤੇ ਜਿੱਥੇ ਦੋਹਾਂ ਦੇਸ਼ਾਂ ਵਿਚਕਾਰ ਵੱਡੇ ਕਰਾਰ ਹੋਏ, ਉੱਥੇ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਦੇ ਆਰਥਿਕ ਵਾਧੇ ਦਾ ਵੀ ਜ਼ਿਕਰ ਕੀਤਾ ਹੈ। ਨਿਊਯਾਰਕ ਵਿਚ ਕੇਂਦਰੀ ਵਿੱਤ ਮੰਤਰੀ ਸੀਤਾਰਮਨ ਨੇ ਵੀ ਬੋਲਦਿਆਂ ਭਾਰਤ ਦੇ ਤਕੜੇ ਹੁੰਦੇ ਆਰਥਿਕ ਵਿਕਾਸ ਦੀ ਗੱਲ ਕੀਤੀ ਹੈ ਅਤੇ ਕਿਹਾ ਕਿ ਦੁਨੀਆ ਵਿਚ ਕਈ ਥਾਵਾਂ 'ਤੇ ਜੰਗਾਂ ਛਿੜੇ ਹੋਣ ਦੇ ਬਾਵਜੂਦ ਭਾਰਤ ਅਡੋਲਚਿਤ ਅੱਗੇ ਵਧਦਾ ਜਾ ਰਿਹਾ ਹੈ। ਇਸੇ ਕਰਕੇ ਦੁਨੀਆ ਭਰ ਦੇ ਦੇਸ਼ ਭਾਰਤ ਨਾਲ ਵਪਾਰਕ ਸਹਿਯੋਗ ਵਧਾਉਣ ਦੇ ਚਾਹਵਾਨ ਨਜ਼ਰ ਆ ਰਹੇ ਹਨ ਅਤੇ ਤਰਜੀਹੀ ਆਧਾਰ 'ਤੇ ਉਨ੍ਹਾਂ ਨੇ ਹੋਰ ਦੇਸ਼ਾਂ ਨਾਲੋਂ ਭਾਰਤ ਵਿਚ ਕੰਮਕਾਰ ਕਰਨ ਦੀ ਇੱਛਾ ਪ੍ਰਗਟਾਈ ਹੈ।

ਪਿਛਲੇ ਦਹਾਕਿਆਂ ਵਿਚ ਕਈ ਪੱਖਾਂ ਤੋਂ ਭਾਰਤ ਵਿਕਾਸ ਦੇ ਰਾਹ 'ਤੇ ਅੱਗੇ ਵਧਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਵੀ ਲਗਾਤਾਰ ਇਹ ਦਾਅਵਾ ਕੀਤਾ ਹੈ ਕਿ ਪਿਛਲੇ ਦਹਾਕੇ ਵਿਚ 25 ਕਰੋੜ ਲੋਕ ਗਰੀਬੀ ਰੇਖਾ ਤੋਂ ਉੱਪਰ ਉੱਠੇ ਹਨ। ਇਸੇ ਲਈ ਮੱਧ ਵਰਗ ਦਾ ਘੇਰਾ ਵਧਦਾ ਜਾ ਰਿਹਾ ਹੈ। 40 ਕਰੋੜ ਦੇ ਲਗਭਗ ਲੋਕ ਅਜਿਹੇ ਹਨ ਜੋ ਅਨੁਪਾਤਨ ਚੰਗੀਆਂ ਸਹੂਲਤਾਂ ਨਾਲ ਜੀਅ ਰਹੇ ਹਨ। ਦੂਸਰੇ ਪਾਸੇ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਇਨ੍ਹਾਂ ਅੰਕੜਿਆਂ ਨੂੰ ਫ਼ਰਜ਼ੀ ਦੱਸਦਿਆਂ ਦੇਸ਼ ਵਿਚਲੀ ਬੇਰੁਜ਼ਗਾਰੀ, ਮਹਿੰਗਾਈ ਅਤੇ ਵਧਦੀ ਅਸਮਾਨਤਾ ਦੀ ਆਲੋਚਨਾ ਕੀਤੀ ਹੈ। ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਸਰਕਾਰ ਵਾਰ-ਵਾਰ ਢੰਗ-ਤਰੀਕਾ ਬਦਲ ਕੇ ਇਨ੍ਹਾਂ ਅੰਕੜਿਆਂ ਨੂੰ ਆਪਣੇ ਹਿਸਾਬ ਨਾਲ ਸੈੱਟ ਕਰ ਰਹੀ ਹੈ। ਅਸੀਂ ਦੇਸ਼ ਦੀ ਵਧਦੀ ਵਿਕਾਸ ਗਤੀ ਦੇ ਨਾਲ-ਨਾਲ ਇੱਥੇ ਹਾਲੇ ਤੱਕ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੀ ਵੀ ਗੱਲ ਕਰਾਂਗੇ। ਕਿਸੇ ਵੀ ਦੇਸ਼ ਦੇ ਅੱਗੇ ਵਧਣ ਦਾ ਪੈਮਾਨਾ ਰੁਜ਼ਗਾਰ ਅਤੇ ਆਮ ਲੋਕਾਂ ਦੀ ਆਮਦਨ ਦਾ ਆਧਾਰ ਹੀ ਹੋਣਾ ਚਾਹੀਦਾ ਹੈ। ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ ਅਨੇਕਾਂ ਅੰਕੜਿਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚ ਖੇਤੀਬਾੜੀ, ਉਦਯੋਗ, ਉਸਾਰੀ ਦੀਆਂ ਸਰਗਰਮੀਆਂ ਅਤੇ ਸਰਕਾਰ ਨੂੰ ਹੋਣ ਵਾਲੀ ਆਮਦਨ ਸ਼ਾਮਿਲ ਹੁੰਦੀ ਹੈ। ਦੇਸ਼ ਵਿਚ ਮਜ਼ਬੂਤ ਹੁੰਦੇ ਆਰਥਿਕ ਵਿਕਾਸ ਦਾ ਪ੍ਰਭਾਵ ਆਮ ਲੋਕਾਂ ਨੂੰ ਮਹਿਸੂਸ ਹੋਣਾ ਚਾਹੀਦਾ ਹੈ। ਇਹ ਵੀ ਦੇਖਣਾ ਜ਼ਰੂਰੀ ਹੈ ਕਿ ਰੁਜ਼ਗਾਰ ਦੇ ਕਿੰਨੇ ਸਾਧਨ ਪੈਦਾ ਹੋ ਰਹੇ ਹਨ ਅਤੇ ਮਹਿੰਗਾਈ ਕਿਸ ਕਦਰ ਵਧ ਰਹੀ ਹੈ ਜਾਂ ਸੀਮਤ ਹੋ ਰਹੀ ਹੈ, ਨਿੱਜੀ ਨਿਵੇਸ਼ ਕਿੰਨਾ ਹੋ ਰਿਹਾ ਹੈ ਅਤੇ ਪ੍ਰਤੀ ਵਿਅਕਤੀ ਆਮਦਨ ਕਿੰਨੀ ਵਧ ਰਹੀ ਹੈ। ਜਿੱਥੋਂ ਤੱਕ ਭਾਰਤ ਦਾ ਸਵਾਲ ਹੈ ਇਹ ਆਮ ਪ੍ਰਭਾਵ ਬਣਿਆ ਹੋਇਆ ਹੈ ਕਿ ਇੱਥੇ ਲਗਾਤਾਰ ਅਮੀਰਾਂ ਅਤੇ ਆਮ ਲੋਕਾਂ ਵਿਚ ਪਾੜਾ ਵਧਦਾ ਜਾ ਰਿਹਾ ਹੈ। ਪਿਛਲੇ 4 ਸਾਲਾਂ ਵਿਚ ਦੇਸ਼ ਵਿਚ ਇਕ ਅਰਬ ਤੋਂ ਜ਼ਿਆਦਾ ਸਾਲਾਨਾ ਆਮਦਨ ਵਾਲੇ ਲੋਕ 4 ਗੁਣਾ ਵਧ ਗਏ ਹਨ ਅਤੇ ਉਨ੍ਹਾਂ ਦੀ ਗਿਣਤੀ ਸਾਢੇ 500 ਤੋਂ ਵੀ ਵਧ ਗਈ ਹੈ। 'ਵਰਲਡ ਇਨ ਇਕੁਆਲਿਟੀ ਰਿਪੋਰਟ-2026' ਅਨੁਸਾਰ ਭਾਰਤ ਦੇ 10 ਫ਼ੀਸਦੀ ਲੋਕਾਂ ਦੀ ਆਮਦਨ ਕੁੱਲ ਆਮਦਨ 58 ਫ਼ੀਸਦੀ ਹੈ, ਜਦੋਂ ਕਿ 50 ਫ਼ੀਸਦੀ ਲੋਕਾਂ ਕੋਲ ਇਸ ਦਾ ਸਿਰਫ਼ 15 ਫ਼ੀਸਦੀ ਹਿੱਸਾ ਹੈ। ਸਾਡੇ ਇਕ ਫ਼ੀਸਦੀ ਬੇਹੱਦ ਅਮੀਰ ਲੋਕਾਂ ਕੋਲ ਕੌਮੀ ਆਮਦਨ ਦਾ 22.7 ਫ਼ੀਸਦੀ ਹਿੱਸਾ ਹੈ। ਬਿਨਾਂ ਸ਼ੱਕ ਵਧ ਰਹੀ ਵਿਕਾਸ ਦਰ ਦੇ ਪੇਸ਼ ਕੀਤੇ ਗਏ ਇਨ੍ਹਾਂ ਅੰਕੜਿਆਂ ਨੇ ਵੱਡੀ ਉਮੀਦ ਪੈਦਾ ਕੀਤੀ ਹੈ ਪਰ ਵਿਕਾਸ ਦਰ ਦੇ ਨਾਲ ਮਹਿੰਗਾਈ ਦਾ ਵਧਣਾ ਚੰਗਾ ਸੰਕੇਤ ਨਹੀਂ ਹੈ। ਸਰਕਾਰ ਨੇ ਖਾੜੀ ਦੇਸ਼ਾਂ ਦੇ ਤੇਲ ਦੇ ਸੰਕਟ ਦੇ ਬਾਵਜੂਦ ਹੁਣ ਤੱਕ ਪੈਟਰੋਲ ਅਤੇ ਡੀਜ਼ਲ ਦੇ ਭਾਅ ਉਸ ਉੱਚੀ ਦਰ ਤੱਕ ਨਹੀਂ ਵਧਾਏ, ਜਿਸ ਦਾ ਲਗਭਗ ਸਾਰੇ ਹੀ ਵੱਡੇ ਦੇਸ਼ਾਂ ਨੂੰ ਅੱਜ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦੇ ਨਾਲ-ਨਾਲ ਭਾਰਤੀ ਬਰਾਮਦ ਵਿਚ ਵਾਧਾ ਹੋਣਾ ਵੀ ਇਕ ਚੰਗਾ ਪੱਖ ਮੰਨਿਆ ਜਾ ਸਕਦਾ ਹੈ ਜੋ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਿਚ ਸਹਾਈ ਹੋ ਸਕਦਾ ਹੈ।

ਅਸੀਂ ਸਰਕਾਰ ਦੀ ਉਤਪਾਦਨ ਵਿਚ ਸਵਦੇਸ਼ੀ ਪਹਿਲ ਦੀ ਨੀਤੀ ਦੀ ਸ਼ਲਾਘਾ ਜ਼ਰੂਰ ਕਰਦੇ ਹਾਂ ਪਰ ਹਾਲੇ ਤੱਕ ਇਸ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆ ਸਕਣ ਵਿਚ ਸਰਕਾਰ ਕਾਮਯਾਬ ਨਹੀਂ ਹੋ ਸਕੀ। ਹਰ ਤਰ੍ਹਾਂ ਦੇ ਸਵਦੇਸ਼ੀ ਮਾਲ ਦੇ ਉਤਪਾਦਨ ਨਾਲ ਆਮ ਲੋਕਾਂ ਲਈ ਵਧੇਰੇ ਮੌਕੇ ਪੈਦਾ ਹੋ ਸਕਦੇ ਹਨ। ਆਰਥਿਕ ਵਿਕਾਸ ਦਰ ਦੇ ਵਧਣ ਨਾਲ ਹੀ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਸੋਨਾ ਘੱਟ ਖਰੀਦਣ ਅਤੇ ਵਿਦੇਸ਼ਾਂ ਦੇ ਸੈਰ-ਸਪਾਟੇ ਤੋਂ ਵੀ ਗੁਰੇਜ਼ ਕਰਨ ਦੀ ਨਸੀਹਤ ਦਿੱਤੀ ਹੈ, ਜਿੱਥੇ ਸੋਨੇ ਦਾ ਕਾਰੋਬਾਰ ਉਤਪਾਦਕਤਾ ਦੇ ਮੌਕੇ ਪੈਦਾ ਨਹੀਂ ਕਰਦਾ, ਉੱਥੇ ਵਿਦੇਸ਼ਾਂ ਵਿਚ ਕੀਤਾ ਗਿਆ ਹਰ ਤਰ੍ਹਾਂ ਦਾ ਖ਼ਰਚ ਵੀ ਦੇਸ਼ ਦੀ ਆਰਥਿਕਤਾ 'ਤੇ ਅਸਰ-ਅੰਦਾਜ਼ ਜ਼ਰੂਰ ਹੁੰਦਾ ਹੈ। ਸਰਕਾਰ ਦੇ ਅਜਿਹੇ ਦਾਅਵਿਆਂ ਦੇ ਬਾਵਜੂਦ ਦੇਸ਼ ਦੇ ਲੋਕਾਂ ਦਾ ਜੀਵਨ ਹਰ ਪੱਖੋਂ ਉੱਚਾ ਕਰਨ ਲਈ ਹਾਲੇ ਬਹੁਤ ਵੱਡੇ ਯਤਨਾਂ ਦੀ ਜ਼ਰੂਰਤ ਹੋਵੇਗੀ। ਅਜਿਹੇ ਯਤਨ ਹੀ ਸਹੀ ਅਰਥਾਂ ਵਿਚ ਦੇਸ਼ ਨੂੰ ਵਿਕਾਸ ਦੇ ਰਾਹ 'ਤੇ ਤੋਰਨ ਵਿਚ ਵੱਡੀ ਹੱਦ ਤੱਕ ਸਹਾਈ ਹੋ ਸਕਣਗੇ।

# ਪੰਜਾਬ ਦੀ ਅਜੋਕੀ ਸਥਿਤੀ 'ਚ ਸ਼੍ਰੋਮਣੀ ਅਕਾਲੀ ਦਲ ਕੀ ਕਰੇ?



ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਬੇਹੱਦ ਸ਼ਾਨਾਮੱਤਾ ਹੈ। 1920-21 ਵਿਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਵਿਚੋਂ ਇਸ ਦਾ ਜਨਮ ਹੋਇਆ ਸੀ। ਗੁਰਦੁਆਰਾ ਸੁਧਾਰ ਲਹਿਰ ਵਿਚ ਸਿੱਖ ਪੰਥ ਨੂੰ ਮਿਲੀ ਵੱਡੀ ਸਫ਼ਲਤਾ ਨੇ ਉਸ ਸਮੇਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ 'ਤੇ ਵੀ ਵੱਡਾ ਪ੍ਰਭਾਵ ਪਾਇਆ ਸੀ। ਇਸੇ ਕਰਕੇ ਮਹਾਤਮਾ ਗਾਂਧੀ ਨੇ ਸਿੱਖ ਪੰਥ ਨੂੰ ਵਧਾਈ ਦਿੰਦਿਆਂ ਇਕ ਤਾਰ ਭੇਜ ਕੇ ਇਹ ਆਖਿਆ ਸੀ, 'ਵਧਾਈ ਹੋਵੇ, ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ ਹੈ।' ਦੇਸ਼ ਦੀ ਵੰਡ ਸਮੇਂ ਜੋ ਪੰਜਾਬ ਦਾ ਇਕ ਵੱਡਾ ਹਿੱਸਾ ਭਾਰਤ ਵਿਚ ਸ਼ਾਮਿਲ ਹੋਇਆ ਸੀ, ਉਸ ਦਾ ਸਿਹਰਾ ਵੀ ਅਕਾਲੀ ਦਲ ਨੂੰ ਹੀ ਜਾਂਦਾ ਹੈ। ਅੰਗਰੇਜ਼ਾਂ ਵਲੋਂ ਚੜ੍ਹਦੇ ਪੰਜਾਬ ਨਾਲ ਸੰਬੰਧਤ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਕਰਵਾਈ ਗਈ ਵੱਖਰੀ ਮੀਟਿੰਗ ਵਿਚ ਅਕਾਲੀ ਦਲ ਦੇ 22 ਵਿਧਾਇਕਾਂ ਦੀਆਂ ਵੋਟਾਂ ਨਾਲ ਹੀ ਪੰਜਾਬ ਦੀ ਵੰਡ ਦਾ ਫ਼ੈਸਲਾ ਹੋਇਆ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਸ਼੍ਰੋਮਣੀ ਅਕਾਲੀ ਦਲ ਦੇਸ਼ ਤੇ ਪੰਜਾਬ ਦੀ ਰਾਜਨੀਤੀ 'ਤੇ ਗਹਿਰਾ ਪ੍ਰਭਾਵ ਪਾਉਣ ਵਿਚ ਸਫ਼ਲ ਰਿਹਾ ਹੈ। ਉਸ ਨੇ ਪੰਥ ਤੇ ਪੰਜਾਬ ਲਈ ਵੱਡੇ ਸੰਘਰਸ਼ ਲੜੇ ਹਨ। ਇਨ੍ਹਾਂ ਵਿਚ ਪੰਜਾਬੀ ਸੂਬੇ ਦੀ ਸਥਾਪਨਾ, ਐਮਰਜੈਂਸੀ ਵਿਰੁੱਧ ਸਫ਼ਲ ਮੋਰਚੇ ਤੇ ਧਰਮ ਯੁੱਧ ਮੋਰਚੇ ਨੂੰ ਗਿਣਿਆ ਜਾ ਸਕਦਾ ਹੈ। ਆਜ਼ਾਦੀ ਤੋਂ ਬਾਅਦ ਇਹ ਕੇਂਦਰ ਦੀ ਸੱਤਾ ਵਿਚ ਵੀ ਸਮੇਂ-ਸਮੇਂ ਸ਼ਾਮਿਲ ਹੁੰਦਾ ਰਿਹਾ ਹੈ। ਪੰਜਾਬ 'ਤੇ ਇਸ ਦੀਆਂ ਸਰਕਾਰਾਂ ਨੇ 22 ਸਾਲ 3 ਮਹੀਨੇ ਰਾਜ ਕੀਤਾ ਹੈ। ਪਰ 2017 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ ਦਲ ਸੱਤਾ ਤੋਂ ਬਾਹਰ ਹੋ ਗਿਆ ਅਤੇ 2022 ਵਿਚ ਦੂਜੀ ਵਾਰ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਵਿਚ ਵੀ ਉਸ ਦੀ ਬੁਰੀ ਤਰ੍ਹਾਂ ਹਾਰ ਹੋਈ। ਇਸ ਸਮੇਂ ਦੌਰਾਨ 2019 ਅਤੇ 2024 ਵਿਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਵੀ ਅਕਾਲੀ ਦਲ ਨੂੰ ਵੱਡੀਆਂ ਹਾਰਾਂ ਦਾ ਹੀ ਸਾਹਮਣਾ ਕਰਨਾ ਪਿਆ। ਹੁਣ ਜਦੋਂ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਆ ਖੜ੍ਹੀਆਂ ਹੋਈਆਂ ਹਨ ਤਾਂ ਅਕਾਲੀ ਦਲ ਅਜੀਬ ਤਰ੍ਹਾਂ ਦੀ ਕਸ਼ਮਕਸ਼ ਵਿਚ ਫਸਿਆ ਹੋਇਆ ਹੈ। ਹਕੀਕਤ ਇਹ ਹੈ ਕਿ ਇਹ ਵੱਖ-ਵੱਖ ਧੜਿਆਂ ਵਿਚ ਵੰਡਿਆ ਜਾਣ ਕਾਰਨ ਪੰਜਾਬ ਦੀ ਰਾਜਨੀਤੀ ਵਿਚ ਵਿਰੋਧੀ ਪਾਰਟੀਆਂ ਲਈ ਹੁਣ ਇਹ ਕੋਈ ਵੱਡੀ ਚੁਣੌਤੀ ਰਿਹਾ ਨਹੀਂ ਜਾਪਦਾ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਸ਼ਾਇਦ ਹੀ ਕੋਈ ਅਜਿਹਾ ਸਮਾਂ ਆਇਆ ਹੋਵੇਗਾ, ਜਦੋਂ ਅਕਾਲੀ ਦਲ ਰਾਜਨੀਤਕ, ਧਾਰਮਿਕ ਅਤੇ ਮਨੋਬਲ ਦੇ ਤੌਰ 'ਤੇ ਏਨਾ ਕਮਜ਼ੋਰ ਹੋਇਆ ਹੋਵੇਗਾ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਤੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਅਤੇ ਅਕਾਲੀ ਦਲ (ਅੰਮ੍ਰਿਤਸਰ) ਤਿੰਨ ਦਲ ਹਨ, ਜੋ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਲੜਨਗੇ। ਇਨ੍ਹਾਂ ਤਿੰਨਾਂ ਦਲਾਂ ਅੱਗੇ ਇਸ ਸਮੇਂ ਵੱਡਾ ਸਵਾਲ ਇਹ ਹੈ ਕਿ ਪੰਜਾਬ ਦੀ ਅਜੋਕੀ ਸਥਿਤੀ ਵਿਚ ਆਪਣੀ-ਆਪਣੀ ਪ੍ਰਸੰਗਿਕਤਾ ਬਣਾ ਕੇ ਕਿਵੇਂ ਰੱਖੀ ਜਾਵੇ? ਅਕਾਲੀ ਦਲ (ਅੰਮ੍ਰਿਤਸਰ) ਦੀ ਆਮ ਕਰਕੇ ਇਹੀ ਪਹੁੰਚ ਰਹੀ ਹੈ ਕਿ ਉਹ ਕਿਸੇ ਵੀ ਹੋਰ ਸਿਆਸੀ ਪਾਰਟੀ ਨਾਲ ਗੱਠਜੋੜ ਨਹੀਂ ਕਰਦਾ। ਉਂਝ ਵੀ ਉਸ ਦੀ ਵਿਚਾਰਧਾਰਾ ਸਪੱਸ਼ਟ ਰੂਪ ਵਿਚ ਖ਼ਾਲਿਸਤਾਨੀ ਹੋਣ ਕਾਰਨ ਦੂਜੇ ਸਿਆਸੀ ਦਲ ਉਸ ਨਾਲ ਗੱਠਜੋੜ ਕਰਨ ਲਈ ਤਿਆਰ ਵੀ ਨਹੀਂ ਹੁੰਦੇ। ਹੁਣ ਵੀ ਉਹ ਆਪਣੇ ਰਸਤੇ 'ਤੇ ਹੀ ਤੁਰੇਗਾ। ਅਕਾਲੀ ਦਲ (ਵਾਰਿਸ ਪੰਜਾਬ ਦੇ) ਵਲੋਂ ਵੀ ਰਵਾਇਤੀ ਅਕਾਲੀ ਦਲਾਂ ਨਾਲ ਕੋਈ ਚੋਣ ਸਮਝੌਤਾ ਕਰਨ ਦੀ ਸੰਭਾਵਨਾ ਨਹੀਂ ਹੈ। ਉਂਝ ਸਿੱਖ ਭਾਈਚਾਰੇ ਦਾ ਇਕ ਵੱਡਾ ਭਾਗ ਇਸ ਦਲ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਵਿਚ ਬੰਦ ਹੋਣ ਕਾਰਨ ਹਮਦਰਦੀ ਵਜੋਂ ਇਸ ਸਮੇਂ ਇਸ ਦਲ ਵੱਲ ਝੁਕਦਾ ਨਜ਼ਰ ਆ ਰਿਹਾ ਹੈ। ਉਹ ਦੂਜੇ ਅਕਾਲੀ ਦਲਾਂ ਦੇ ਲੀਡਰਾਂ ਨੂੰ ਭ੍ਰਿਸ਼ਟਾਚਾਰ ਤੇ ਬੇਅਦਬੀਆਂ ਆਦਿ ਦੇ ਮਾਮਲਿਆਂ ਲਈ ਜ਼ਿੰਮੇਵਾਰ ਸਮਝਦਾ ਹੋਇਆ, ਉਨ੍ਹਾਂ ਤੋਂ ਦੂਰੀ ਬਣਾ ਕੇ ਹੀ ਰੱਖਣਾ ਚਾਹੁੰਦਾ ਹੈ, ਉਸ ਨੂੰ ਆਸ ਹੈ ਕਿ ਲੋਕ ਸਭਾ ਚੋਣਾਂ ਵਾਂਗ ਹੀ ਵਿਧਾਨ ਸਭਾ ਚੋਣਾਂ ਵਿਚ ਵੀ ਇਸ ਨੂੰ ਵੱਡੀ ਸਫ਼ਲਤਾ ਮਿਲ ਸਕਦੀ ਹੈ।

ਇਸ ਸੰਦਰਭ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੋਵਾਂ ਦੀ ਸਪੱਸ਼ਟ ਰੂਪ ਵਿਚ ਨਜ਼ਰ ਆ ਰਹੀ ਪਹੁੰਚ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਨਾਲ ਕਿਸੇ ਨਾ ਕਿਸੇ ਢੰਗ ਨਾਲ ਚੋਣ ਸਮਝੌਤਾ ਕਰਕੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਜਾਣ। ਜਦੋਂ ਕਿ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਅਤੇ ਸੂਬਾਈ ਲੀਡਰਸ਼ਿਪ ਲਗਾਤਾਰ ਸਪੱਸ਼ਟ ਰੂਪ ਵਿਚ ਇਹ ਕਹਿੰਦੀ ਆ ਰਹੀ ਹੈ, ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਕਿਸੇ ਵੀ ਧੜੇ ਨਾਲ ਕੋਈ ਸਮਝੌਤਾ ਨਹੀਂ ਕਰਨਗੇ, ਸਗੋਂ ਰਾਜ ਦੀਆਂ ਸਾਰੀਆਂ 117 ਸੀਟਾਂ 'ਤੇ ਖ਼ੁਦ ਚੋਣਾਂ ਲੜਨਗੇ। ਹਾਂ, ਏਨਾ ਜ਼ਰੂਰ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਕੁਝ ਸੂਬਾਈ ਆਗੂ, ਜਿਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਇਹ ਕਹਿੰਦੇ ਰਹੇ ਹਨ, ਕਿ ਪੰਜਾਬ ਵਿਚ ਭਾਜਪਾ ਨੂੰ ਅਕਾਲੀ ਦਲ ਨਾਲ ਸਮਝੌਤਾ ਕਰਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਆਪਣੀ ਜਲੰਧਰ ਫੇਰੀ ਦੌਰਾਨ ਵੀ ਅਜਿਹੇ ਹੀ ਪ੍ਰਭਾਵ ਦੇ ਕੇ ਗਏ ਸਨ। ਭਾਰਤੀ ਜਨਤਾ ਪਾਰਟੀ ਦੇ ਕੌਮੀ ਸੰਗਠਨ ਸਕੱਤਰ ਬੀ. ਐਲ. ਸੰਤੋਸ਼ ਵਲੋਂ ਵੀ ਆਪਣੇ ਪੰਜਾਬ ਦੌਰੇ ਦੌਰਾਨ ਇਹ ਬਿਲਕੁਲ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਭਾਜਪਾ ਰਾਜ ਵਿਚ ਇਕੱਲਿਆਂ ਹੀ ਚੋਣਾਂ ਲੜੇਗੀ, ਪੰਜਾਬ ਭਾਜਪਾ ਦੇ ਨਵੇਂ ਨਿਯੁਕਤ ਕੀਤੇ ਗਏ ਇੰਚਾਰਜ ਡਾ. ਸਤੀਸ਼ ਪੂਨੀਆ ਨੇ ਹੁਣ ਇਕ ਵਾਰ ਫਿਰ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਭਾਜਪਾ ਰਾਜ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜੇਗੀ, ਉਸ ਨੇ ਅਸਿੱਧੇ ਢੰਗ ਨਾਲ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਮੰਤਰੀ ਨਾਲ

**ਸਤਨਾਮ ਸਿੰਘ ਮਾਣਕ**

ਮੁਲਾਕਾਤ ਦਾ ਹਵਾਲਾ ਦਿੰਦਿਆਂ ਇਹ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਕੋਈ ਵੀ ਮਿਲ ਸਕਦਾ ਹੈ ਪਰ ਚੋਣ ਸਮਝੌਤਾ ਵੱਖਰੀ ਗੱਲ ਹੈ। ਸੂਤਰਾਂ ਅਨੁਸਾਰ ਪਿਛਲੇ ਦਿਨੀਂ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੀ ਅਮਿਤ ਸ਼ਾਹ ਨੂੰ ਮਿਲੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਦਲ ਦੀ ਮੀਟਿੰਗ ਪਿਛੋਂ ਪ੍ਰੈੱਸ ਕਾਨਫਰੰਸ ਵਿਚ ਕਿਹਾ ਸੀ ਕਿ ਉਨ੍ਹਾਂ ਦੀ ਭਾਜਪਾ ਨਾਲ ਸਮਝੌਤੇ ਸੰਬੰਧੀ ਗੱਲ ਚੱਲ ਰਹੀ ਹੈ, ਪਰ ਉਹ 1996 ਵਿਚ ਅਕਾਲੀ ਦਲ (ਬਾਦਲ) ਦੀ ਤਰ੍ਹਾਂ ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਨਹੀਂ ਦੇਣਗੇ, ਸਗੋਂ ਮੁੱਦਿਆਂ ਦੇ ਆਧਾਰ 'ਤੇ ਸਮਝੌਤਾ ਕਰਨਗੇ। ਉਨ੍ਹਾਂ ਨੇ ਆਪਣੀਆਂ ਮੰਗਾਂ ਸੰਬੰਧੀ 18 ਨੁਕਾਤੀ ਮੰਗ ਪੱਤਰ ਵੀ ਭਾਜਪਾ ਦੀ ਲੀਡਰਸ਼ਿਪ ਨੂੰ ਸੌਂਪਿਆ ਹੋਇਆ ਹੈ। ਪਰ ਡਾ. ਸਤੀਸ਼ ਪੂਨੀਆ ਦੇ ਤਾਜ਼ਾ ਬਿਆਨ ਤੋਂ ਉਨ੍ਹਾਂ ਨੂੰ ਵੀ ਭਾਜਪਾ ਦੀ ਪਹੁੰਚ ਸੰਬੰਧੀ ਸਭ ਕੁਝ ਸਪੱਸ਼ਟ ਹੋ ਜਾਣਾ ਚਾਹੀਦਾ ਹੈ। ਇਸ ਸਭ ਕੁਝ ਬਾਅਦ ਸ਼੍ਰੋਮਣੀ ਅਕਾਲੀ ਦਲ (ਬਾਦਲ), ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਸਾਹਮਣੇ ਬਦਲ ਬਹੁਤ ਘੱਟ ਬਚੇ ਹਨ। ਕਿਹਾ ਜਾਵੇ ਤਾਂ ਇਨ੍ਹਾਂ ਸਾਹਮਣੇ ਦੋ ਹੀ ਬਦਲ ਹਨ। ਇਕ ਇਹ ਕਿ ਆਪਸੀ ਏਕਤਾ ਕਰਕੇ ਚੋਣਾਂ ਲੜਨ, ਦੂਜਾ ਇਹ ਕਿ ਵੱਖੋ-ਵੱਖ ਚੋਣਾਂ ਲੜਦੇ ਹੋਏ ਚੋਣਾਂ ਵਿਚ ਆਪਣੀ ਸੀਮਤ ਜਿਹੀ ਹਾਜ਼ਰੀ ਲਗਵਾ ਲੈਣ। ਪੰਜਾਬ ਦੇ ਸਿੱਖ ਭਾਈਚਾਰੇ ਦਾ ਵੱਡਾ ਹਿੱਸਾ ਅਤੇ ਉਹ ਪੰਜਾਬੀ ਜੋ ਅਕਾਲੀ ਦਲ ਦੇ ਸਮਰਥਕ ਅਤੇ ਪ੍ਰਸ਼ੰਸਕ ਰਹੇ ਹਨ, ਅਕਾਲੀ ਦਲ ਦੀ ਅਜੋਕੀ ਸਥਿਤੀ ਤੋਂ ਬੇਹੱਦ ਨਿਰਾਸ਼ ਹੋਏ ਨਜ਼ਰ ਆ ਰਹੇ ਹਨ। ਅਜਿਹੇ ਲੋਕਾਂ ਦਾ ਮਤ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਮਾਨ ਵਿਚਾਰਾਂ ਵਾਲੇ ਧੜਿਆਂ ਨੂੰ ਆਪਸੀ ਏਕਤਾ ਕਰਨੀ ਚਾਹੀਦੀ ਹੈ ਅਤੇ ਉਹ ਦਿੱਲੀ ਵੱਲ ਝਾਕਦਿਆਂ ਊਠ ਦਾ ਬੁੱਲ੍ਹ ਡਿੱਗਣ ਦੀ ਉਡੀਕ ਕਰਨ ਦੀ ਥਾਂ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵੱਲ ਆਪਣਾ ਮੂੰਹ ਕਰਨ, ਆਪਣੇ ਕੇਡਰ ਅਤੇ ਸਮਰਥਕਾਂ ਨਾਲ ਪੰਜਾਬ ਨੂੰ ਇਸ ਸਮੇਂ ਦਰਪੇਸ਼ ਸਮੱਸਿਆਵਾਂ 'ਤੇ ਖੁੱਲ੍ਹ ਕੇ ਚਰਚਾ ਕਰਨ। ਸਿੱਖ ਪੰਥ ਦੇ ਸ਼ਾਨਾਮੱਤੇ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੋਂ ਪ੍ਰੇਰਨਾ ਲੈਂਦੇ ਹੋਏ ਪੰਜਾਬ ਦੇ ਬਹੁਪੱਖੀ ਵਿਕਾਸ ਲਈ ਇਕ ਬਿਹਤਰ ਏਜੰਡਾ ਤਿਆਰ ਕਰਨ, ਜਿਸ ਵਿਚ ਪੰਜਾਬ ਨੂੰ ਦਰਪੇਸ਼ ਆਰਥਿਕ, ਰਾਜਨੀਤਕ, ਸੱਭਿਆਚਾਰਕ ਮਸਲਿਆਂ ਨੂੰ ਹੱਲ ਕਰਨ ਲਈ ਸਪੱਸ਼ਟ ਰੂਪ ਵਿਚ ਯੋਜਨਾਬੰਦੀ ਦੀ ਝਲਕ ਪੇਸ਼ ਕੀਤੀ ਜਾਵੇ। ਪਿਛਲੀਆਂ ਗ਼ਲਤੀਆਂ ਤੋਂ ਲੋਕਾਂ ਤੋਂ ਖੁੱਲ੍ਹੇ ਦਿਲ ਨਾਲ ਖ਼ਿਮਾਂ ਮੰਗਦਿਆਂ ਉਨ੍ਹਾਂ ਤੋਂ ਅਕਾਲੀ ਦਲ ਲਈ ਮੁੜ ਤੋਂ ਸਮਰਥਨ ਮੰਗਿਆ ਜਾਵੇ। ਭਾਜਪਾ ਨਾਲ ਸਮਝੌਤੇ ਦੀ ਉਡੀਕ ਵਿਚ ਲੰਮੇ ਸਮੇਂ ਤੱਕ ਹੱਥ 'ਤੇ ਹੱਥ ਧਰ ਕੇ ਨਹੀਂ ਬੈਠਣਾ ਚਾਹੀਦਾ। ਉਂਝ ਵੀ ਭਾਜਪਾ ਜੇਕਰ ਪੰਜਾਬ ਦੇ ਭਖਦੇ ਮੁੱਦਿਆਂ ਦੇ ਨਿਆਂਸੰਗਤ ਨਿਪਟਾਰੇ ਲਈ ਜਨਤਕ ਤੌਰ 'ਤੇ ਸਹਿਮਤੀ ਨਹੀਂ ਦਿੰਦੀ ਅਤੇ ਕਿਸੇ ਸਾਂਝੇ ਏਜੰਡੇ ਤੋਂ ਬਿਨਾਂ ਜੇ ਅਕਾਲੀ ਦਲ ਦਾ ਕੋਈ ਧੜਾ ਭਾਜਪਾ ਨਾਲ ਸਮਝੌਤਾ ਕਰਦਾ ਵੀ ਹੈ, ਤਾਂ ਵੀ ਉਹ ਕਿਸੇ ਅਕਾਲੀ ਦਲ ਲਈ ਬਹੁਤਾ ਲਾਭਦਾਇਕ ਸਿੱਧ ਨਹੀਂ ਹੋ ਸਕਦਾ। ਭਾਜਪਾ ਨੂੰ ਆਪਣੇ ਤੌਰ 'ਤੇ ਹੀ ਚੋਣ ਲੜਨ ਦੇਣੀ ਚਾਹੀਦੀ ਹੈ। ਦੇਸ਼ ਦੀ ਅਜੋਕੀ ਸਥਿਤੀ ਵੀ ਇਹ ਮੰਗ ਕਰਦੀ ਹੈ ਕਿ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ (ਸਰਬੱਤ ਦਾ ਭਲਾ) ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਵਾਲੀ ਪਹੁੰਚ ਅਖ਼ਤਿਆਰ ਕੀਤੀ ਜਾਵੇ। ਪਿਛਲੇ ਕੁਝ ਸਮੇਂ ਤੋਂ ਉਂਝ ਵੀ ਦੇਸ਼ ਦੀ ਰਾਜਨੀਤਕ ਫਿਜ਼ਾ ਬਦਲਦੀ ਨਜ਼ਰ ਆ ਰਹੀ ਹੈ। ਸਿੱਖ ਪੰਥ ਦਾ ਇਤਿਹਾਸ ਹਮੇਸ਼ਾ ਜਬਰ ਤੇ ਜ਼ੁਲਮ ਦਾ ਵਿਰੋਧ ਕਰਨ, ਮਨੁੱਖੀ ਅਧਿਕਾਰਾਂ ਲਈ ਖੜ੍ਹੇ ਹੋਣ ਅਤੇ ਆਪਣੀ ਜਨਮ ਭੂਮੀ ਲਈ ਲੜਨ ਅਤੇ ਸ਼ਹਾਦਤਾਂ ਪ੍ਰਾਪਤ ਕਰਨ ਦਾ ਰਿਹਾ ਹੈ। ਆਪਣੇ ਗੌਰਵਸ਼ਾਲੀ ਇਤਿਹਾਸ ਤੇ ਵਿਰਸੇ ਤੋਂ ਪ੍ਰੇਰਨਾ ਲੈਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਮਖਿਆਲ ਧੜਿਆਂ ਨੂੰ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਨਿਰਧਾਰਨ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੇ ਵਾਰਿਸ ਬਣ ਕੇ ਚੋਣ ਮੈਦਾਨ ਵਿਚ ਉਤਰਨਾ ਚਾਹੀਦਾ ਹੈ। ਚੋਣਾਂ ਦਾ ਇਹ ਰਸਤਾ ਕਠਿਨ ਜ਼ਰੂਰ ਹੈ, ਸਾਨੂੰ ਬਹੁਤੀ ਆਸ ਵੀ ਨਹੀਂ ਕਿ ਸ਼੍ਰੋਮਣੀ ਅਕਾਲੀ ਦਲਾਂ ਦੇ ਆਗੂ ਇਸ ਰਸਤੇ 'ਤੇ ਤੁਰਨਗੇ ਪਰ ਫਿਰ ਵੀ ਸ਼੍ਰੋਮਣੀ ਅਕਾਲੀ ਦਲ ਨੇ ਜੇ ਆਪਣੀ ਪੁਰਾਣੀ ਆਨ ਤੇ ਸ਼ਾਨ ਬਹਾਲ ਕਰਨੀ ਹੈ, ਤਾਂ ਇਸ ਨੂੰ ਇਸ ਰਸਤੇ 'ਤੇ ਹੀ ਤੁਰਨਾ ਪਵੇਗਾ। ਸਾਰੇ ਅਕਾਲੀ ਦਲਾਂ ਤੇ ਸੀਨੀਅਰ ਆਗੂਆਂ ਨੂੰ ਇਹ ਵੀ ਅਹਿਸਾਸ ਕਰਨਾ ਚਾਹੀਦਾ ਹੈ ਕਿ ਅਕਾਲੀ ਦਲ ਦੀ ਸਥਾਪਨਾ ਪੰਥ ਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਹੋਈ ਸੀ। 1920 ਤੋਂ ਬਾਅਦ ਅਕਾਲੀ ਦਲ ਸੱਤਾ ਵਿਚ ਤਾਂ ਸਿਰਫ਼ 22 ਸਾਲ 3 ਮਹੀਨੇ ਹੀ ਰਿਹਾ ਹੈ ਪਰ ਵਿਰੋਧੀ ਧਿਰ ਵਿਚ ਰਹਿ ਕੇ ਸੰਘਰਸ਼ ਕਰਦਿਆਂ ਵੀ ਉਹ ਦੇਸ਼ ਤੇ ਪੰਜਾਬ ਦੀ ਰਾਜਨੀਤੀ 'ਤੇ ਵੱਡਾ ਪ੍ਰਭਾਵ ਪਾਉਂਦਾ ਰਿਹਾ ਹੈ ਅਤੇ ਆਪਣੇ ਉਦੇਸ਼ ਵੀ ਪ੍ਰਾਪਤ ਕਰਦਾ ਰਿਹਾ ਹੈ। ਛੇਤੀ ਜਾਂ ਦੇਰ ਨਾਲ, ਇਸ ਰਸਤੇ 'ਤੇ ਨਿਰੰਤਰ ਤੁਰਦਿਆਂ ਉਹ ਪੰਜਾਬ ਵਿਚ ਖੁਸੀ ਹੋਈ ਆਪਣੀ ਜ਼ਮੀਨ ਮੁੜ ਪ੍ਰਾਪਤ ਕਰ ਸਕਦਾ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕੈਨੇਡਾ ’ਚ ਪੰਜਾਬੀ ਗਾਇਕ ਐਮੀ ਵਿਰਕ ਦੀ ਗੱਡੀ ’ਤੇ ਗੋਲੀਬਾਰੀ



ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਐਬਟਸਫੋਰਡ ਵਿਖੇ ਹੋਏ ਜਾਨਲੇਵਾ ਹਮਲੇ ’ਚ ਪ੍ਰਸਿੱਧ ਪੰਜਾਬੀ ਗਾਇਕ ਤੇ ਫ਼ਿਲਮੀ ਅਦਾਕਾਰ ਐਮੀ ਵਿਰਕ ਵਾਲ-ਵਾਲ ਬਚ ਗਏ ਹਨ। ਐਬਟਸਫੋਰਡ ਪੁਲਿਸ ਨੇ ਇਸ ਘਟਨਾ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਗਾਇਕ ਐਮੀ ਵਿਰਕ ਦਾ ਬੀਤੀ 5 ਸਤੰਬਰ ਨੂੰ ਐਬਟਸਫੋਰਡ ਦੇ ਰੋਜ਼ਰਜ਼ ਫੋਰਮ ਵਿਖੇ ਸ਼ੋਅ ਸੀ ਤੇ ਸ਼ੋਅ ਕਰਨ ਉਪਰੰਤ ਰਾਤ 11 ਵਜੇ ਜਦੋਂ ਉਹ ਵਾਹਨ ਵਿਚ ਸਵਾਰ ਹੋ ਕੇ ਵਾਪਸ ਪਰਤ ਰਹੇ ਸਨ ਤਾਂ ਐਬਟਸਫੋਰਡ ਦੀ ਮਕੱਲਮ ਰੋਡ ’ਤੇ ਸਾਊਥ ਫਰੇਜ਼ਰ ਵੇਅ ਨੇੜੇ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦੇ ਵਾਹਨ ’ਤੇ ਗੋਲੀਆਂ ਚਲਾ ਦਿੱਤੀਆਂ।’ ਉਕਤ ਵਾਹਨ ਵਿਚ ਐਮੀ ਵਿਰਕ ਤੋਂ ਇਲਾਵਾ ਸਰੀ ਨਿਵਾਸੀ ਇਕ ਨਾਮਵਰ ਪੰਜਾਬੀ ਵਿਅਕਤੀ ਤੇ ਦੋ ਜਣੇ ਹੋਰ ਸਵਾਰ ਸਨ, ਜਿਹੜੇ ਇਸ ਕਾਤਲਾਨਾ ਹਮਲੇ ’ਚ ਵਾਲ-ਵਾਲ ਬਚ ਗਏ। ਗੋਲੀਬਾਰੀ ਦੀ ਘਟਨਾ ਤੋਂ ਕੁਝ ਸਮਾਂ ਬਾਅਦ ਸਨੀਸਾਈਡ ਰੋਡ ’ਤੇ ਅੱਗ ਨਾਲ ਸਾੜਿਆ ਗਿਆ ਐਸ.ਯੂ.ਵੀ. ਟਰੱਕ ਪੁਲਿਸ ਨੂੰ ਮਿਲਿਆ ਜਿਹੜਾ ਇਸ ਹਮਲੇ ਵਿਚ ਵਰਤਿਆ ਗਿਆ ਹੋ ਸਕਦਾ ਹੈ। ਗਾਇਕ ਐਮੀ ਵਿਰਕ 14 ਸਾਲ ਬਾਅਦ ਸ਼ੋਅ ਕਰਨ ਵਾਸਤੇ ਆਏ ਸਨ। ਪੁਲਿਸ ਇਸ ਗੋਲੀਬਾਰੀ ਦੀ ਘਟਨਾ ਦੀ ਜਾਂਚ ਕਰ ਰਹੀ ਹੈ।

# ਦਿੱਲੀ ਟਰੈਫਿਕ ਪੁਲਿਸ ਦੀ ਨਵੀਂ ਵੈੱਬਸਾਈਟ ਲਾਂਚ

## ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਨਵੀਂ ਦਿੱਲੀ ਵਿਖੇ ਕੀਤਾ ਉਦਘਾਟਨ





ਨਵੀਂ ਦਿੱਲੀ : ਰਾਸ਼ਟਰੀ ਰਾਜਧਾਨੀ ਵਿੱਚ ਟਰੈਫਿਕ ਪ੍ਰਬੰਧਨ ਨੂੰ ਹੋਰ ਸੁਚਾਰੂ, ਆਧੁਨਿਕ ਅਤੇ ਲੋਕ-ਪੱਖੀ ਬਣਾਉਣ ਦੇ ਮਕਸਦ ਨਾਲ ਵੀਰਵਾਰ ਨੂੰ ਦਿੱਲੀ ਟਰੈਫਿਕ ਪੁਲਿਸ ਦੀ ਨਵੇਂ ਸਿਰਿਓਂ ਤਿਆਰ ਕੀਤੀ ਗਈ (Revamped) ਵੈੱਬਸਾਈਟ ਰਸਮੀ ਤੌਰ ’ਤੇ ਲਾਂਚ ਕੀਤੀ ਗਈ। ਨਵੀਂ ਦਿੱਲੀ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਦਿੱਲੀ ਦੇ ਉਪ ਰਾਜਪਾਲ (Lieutenant Governor) ਤਰਨਜੀਤ ਸਿੰਘ ਸੰਧੂ ਨੇ ਇਸ ਨਵੀਨੀਕਰਨ ਵਾਲੀ ਵੈੱਬਸਾਈਟ ਦਾ ਉਦਘਾਟਨ ਕੀਤਾ। ਇਸ ਨਵੀਂ ਵੈੱਬਸਾਈਟ ਰਾਹੀਂ ਦਿੱਲੀ ਵਾਸੀਆਂ ਨੂੰ ਆਵਾਜਾਈ ਦੇ ਨਿਯਮਾਂ, ਟਰੈਫਿਕ ਅੱਪਡੇਟਸ, ਚਲਾਨ ਭੁਗਤਾਨ ਅਤੇ ਹੋਰ ਜ਼ਰੂਰੀ ਸੇਵਾਵਾਂ ਆਨਲਾਈਨ ਪਾਰਦਰਸ਼ੀ ਅਤੇ ਆਸਾਨ ਤਰੀਕੇ ਨਾਲ ਉਪਲਬਧ ਹੋਣਗੀਆਂ। ਉਪ ਰਾਜਪਾਲ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਡਿਜੀਟਲ ਤਕਨੀਕ ਦੀ ਵਰਤੋਂ ਨਾਲ ਨਾ ਸਿਰਫ਼ ਆਮ ਨਾਗਰਿਕਾਂ ਦੀ ਸਹੂਲਤ ਵਿੱਚ ਵਾਧਾ ਹੋਵੇਗਾ, ਬਲਕਿ ਸੜਕੀ ਸੁਰੱਖਿਆ ਅਤੇ ਨਿਯਮਾਂ ਦੀ ਪਾਲਣਾ ਨੂੰ ਵੀ ਹੋਰ ਮਜ਼ਬੂਤੀ ਮਿਲੇਗੀ।

# ਅਮਰੀਕਾ ’ਚ ਪੰਜਾਬੀ ਟਰੱਕ ਡਰਾਈਵਰ ਤੋਂ 38 ਲੱਖ ਡਾਲਰ ਦੀ ਕੋਕੀਨ ਬਰਾਮਦ



ਸਾਨ ਫਰਾਂਸਿਸਕੋ/ਨਿਊਯਾਰਕ : ਟਰੰਪ ਪ੍ਰਸ਼ਾਸਨ ਜਦੋਂ ਪ੍ਰਵਾਸ ਤੇ ਨਸ਼ਿਆਂ ਖ਼ਿਲਾਫ਼ ਸਖ਼ਤ ਰੁਖ ਅਪਣਾ ਰਿਹਾ ਹੈ ਤਾਂ ਇਸ ਦਰਮਿਆਨ ਇੰਡਿਆਨਾ ਸੂਬੇ ਦੀ ਪੁਟਨਮ ਕਾਉਂਟੀ ਵਿਚ ਪੁਲਿਸ ਨੇ ਲੰਘੇ ਐਤਵਾਰ ਨੂੰ ਇਕ ਟਰੈਫਿਕ ਸਟਾਪ ’ਤੇ ਇਕ ਪੰਜਾਬੀ ਟਰੱਕ ਡਰਾਈਵਰ ਕੋਲੋਂ ਲਗਭਗ 38 ਲੱਖ ਡਾਲਰ (ਕਰੀਬ 36 ਕਰੋੜ ਰੁਪਏ) ਕੀਮਤ ਦੀ ਕੋਕੀਨ ਬਰਾਮਦ ਕੀਤੀ ਹੈ। ਪੁਲਿਸ ਵਲੋਂ ਉਕਤ ਪੰਜਾਬੀ ਟਰੱਕ ਡਰਾਈਵਰ ਹਰਪ੍ਰੀਤ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਆਈ.ਐਸ.ਪੀ. ਕ੍ਰਿਮੀਨਲ ਇੰਟਰਡਿਕਸ਼ਨ ਯੂਨਿਟ ਨੇ ਪੁਟਨਮ ਕਾਉਂਟੀ ਵਿਚ ਹਾਈ ਵੇਅ ਆਈ-70 ’ਤੇ ਪੂਰਬ ਵੱਲ ਜਾ ਰਹੇ ਇਕ ਵਪਾਰਕ ਮੋਟਰ ਵਾਹਨ ‘ਤੇ ਇਕ ਟਰੈਫਿਕ ਸਟਾਪ ਲਗਾਇਆ। ਡਰਾਈਵਰ ਹਰਪ੍ਰੀਤ ਸਿੰਘ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਮੈਮਫ਼ਿਸ, ਟੈਨੇਸੀ ਤੋਂ ਇੰਡੀਆਨਾਪੋਲਿਸ ਲਈ ਇਕ ਖਾਲੀ ਟਰੇਲਰ ਲਿਜਾ ਰਿਹਾ ਹੈ। ਰੋਕਣ ’ਤੇ ਅਧਿਕਾਰੀਆਂ ਅਨੁਸਾਰ ਡਰਾਈਵਰ ਟਰਾਂਸਪੋਰਟ ਮਿਆਰਾਂ ’ਤੇ ਸਹੀ ਉਤਰਦਾ ਨਹੀਂ ਲੱਗ ਰਿਹਾ ਸੀ, ਜਿਸ ਕਾਰਨ ਵਾਹਨ ਨੂੰ ਤੁਰੰਤ ਜ਼ਬਤ ਕਰ ਲਿਆ ਗਿਆ। ਵਾਹਨ ਦੀ ਜਾਂਚ ਦੌਰਾਨ ਅਧਿਕਾਰੀਆਂ ਨੂੰ 277 ਪੌਂਡ ਕੋਕੀਨ ਵਾਲੇ ਕਈ ਡਫਲ ਬੈਗ ਮਿਲੇ। ਹਰਪ੍ਰੀਤ ਸਿੰਘ ਨੂੰ ਪੁਟਨਮ ਕਾਉਂਟੀ ਜੇਲ੍ਹ ਲਿਜਾਇਆ ਗਿਆ ਹੈ।

# 20 ਅਰਬ ਡਾਲਰ ਦੇ ਜਵਾਬੀ ਟੈਰਿਫ਼ਾਂ ਨਾਲ ਅਮਰੀਕਾ-ਕੈਨੇਡਾ ਟਕਰਾਅ ਤਿੱਖਾ ਬੰਬਾਰਡੀਅਰ ’ਤੇ ਟਰੰਪ ਦੀ ਚਿਤਾਵਨੀ

ਨਿਊਯਾਰਕ : ਅਮਰੀਕੀ ਉਦਯੋਗਾਂ ਦੀ ਰੱਖਿਆ, ਉਤਪਾਦਨ ਵਾਪਸ ਦੇਸ਼ ਵਿਚ ਲਿਆਉਣ ਅਤੇ ਵਪਾਰਕ ਘਾਟਾ ਘਟਾਉਣ ਦੀ ਨੀਤੀ ਤਹਿਤ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਕੈਨੇਡੀਅਨ ਵਸਤਾਂ ਉਤੇ ਲਗਾਏ ਟੈਰਿਫ਼ਾਂ ਨੇ ਦੋਵਾਂ ਗੁਆਂਢੀ ਦੇਸ਼ਾਂ ਨੂੰ ਨਵੀਂ ਵਪਾਰਕ ਜੰਗ ਵਿਚ ਧੱਕ ਦਿੱਤਾ ਹੈ। ਅਮਰੀਕੀ ਕਾਰਵਾਈ ਦੇ ਜਵਾਬ ਵਿਚ ਕੈਨੇਡਾ ਨੇ ਕਰੀਬ 20 ਅਰਬ ਅਮਰੀਕੀ ਡਾਲਰ ਮੁੱਲ ਦੇ 700 ਤੋਂ ਵੱਧ ਉਤਪਾਦਾਂ ਉਤੇ 15 ਤੋਂ 50 ਫ਼ੀਸਦੀ ਤੱਕ ਜਵਾਬੀ ਟੈਰਿਫ਼ ਲਾਗੂ ਕਰ ਦਿੱਤੇ ਹਨ ਕੈਨੇਡਾ ਦੇ ਨਵੇਂ ਟੈਰਿਫ਼ਾਂ ਦੀ ਮਾਰ ਅਮਰੀਕੀ ਸਟੀਲ, ਐਲੂਮੀਨੀਅਮ, ਡੇਅਰੀ ਉਤਪਾਦਾਂ, ਘਰੇਲੂ ਉਪਕਰਨਾਂ, ਇਲੈਕਟ੍ਰਾਨਿਕ ਵਸਤਾਂ, ਕਾਗਜ਼ ਅਤੇ ਖੇਤੀਬਾੜੀ ਮਸ਼ੀਨਰੀ ਉਤੇ ਪਵੇਗੀ। ਸਟੀਲ ਅਤੇ ਐਲੂਮੀਨੀਅਮ ਉਤੇ ਟੈਰਿਫ਼ ਵਧਾ ਕੇ 50 ਫ਼ੀਸਦੀ ਕਰ ਦਿੱਤਾ ਗਿਆ ਹੈ। ਕੈਨੇਡੀਅਨ ਸਰਕਾਰ ਨੇ ਇਸ ਕਾਰਵਾਈ ਨੂੰ ਅਮਰੀਕੀ ਟੈਰਿਫ਼ਾਂ ਦਾ ਡਾਲਰ ਦੇ ਬਦਲੇ ਡਾਲਰ ਜਵਾਬ ਦੱਸਿਆ ਹੈ। ਇਸੇ ਵਪਾਰਕ ਟਕਰਾਅ ਦੌਰਾਨ ਟਰੰਪ ਨੇ ਕੈਨੇਡਾ ਦੀ ਜਹਾਜ਼ ਨਿਰਮਾਤਾ ਕੰਪਨੀ ਬੰਬਾਰਡੀਅਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ ਅਮਰੀਕੀ ਬਾਜ਼ਾਰ ਵਿਚ ਆਪਣੇ ਜਹਾਜ਼ ਵੇਚਣਾ ਚਾਹੁੰਦੀ ਹੈ ਤਾਂ ਉਨ੍ਹਾਂ ਦਾ ਉਤਪਾਦਨ ਅਮਰੀਕਾ ਵਿਚ ਕਰਨਾ ਪਵੇਗਾ। ਉਨ੍ਹਾਂ ਕੰਪਨੀ ਉਤੇ ਅਮਰੀਕੀ ਖ਼ਰੀਦਦਾਰਾਂ ਅਤੇ ਸੇਵਾਵਾਂ ਤੋਂ ਵੱਡੀ ਕਮਾਈ ਕਰਨ ਦੇ ਬਾਵਜੂਦ ਕੈਨੇਡਾ ਵਿੱਚ ਉਤਪਾਦਨ ਨੂੰ ਤਰਜੀਹ ਦੇਣ ਦਾ ਦੋਸ਼ ਲਾਇਆ। ਹਾਲਾਂਕਿ, ਵਾਈਟ ਹਾਊਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਸੰਭਾਵਿਤ ਪਾਬੰਦੀ ਕਿਵੇਂ ਲਾਗੂ ਕੀਤੀ ਜਾਵੇਗੀ। ਬੰਬਾਰਡੀਅਰ ਨੇ ਆਪਣੇ ਜਵਾਬ ਵਿਚ ਕਿਹਾ ਕਿ ਅਮਰੀਕਾ ਵਿਚ ਉਸ ਦੇ ਕਰੀਬ 3,500 ਕਰਮਚਾਰੀ ਹਨ ਅਤੇ ਕੰਪਨੀ 47 ਸੂਬਿਆਂ ਦੇ ਲਗਭਗ 2,800 ਸਪਲਾਇਰਾਂ ਤੋਂ ਹਰ ਸਾਲ ਢਾਈ ਅਰਬ ਡਾਲਰ ਤੋਂ ਵੱਧ ਦੀ ਖ਼ਰੀਦ ਕਰਦੀ ਹੈ। ਕੈਨਸਸ ਤੋਂ ਰਿਪਬਲਿਕਨ ਸੈਨੇਟਰ ਜੈਰੀ ਮੋਰਾਨ ਨੇ ਵੀ ਟਰੰਪ ਪ੍ਰਸ਼ਾਸਨ ਨੂੰ ਦੱਸਿਆ ਹੈ ਕਿ ਵਿਚੀਟਾ ਵਿੱਚ ਬੰਬਾਰਡੀਅਰ ਦੀਆਂ ਸਰਗਰਮੀਆਂ ਇੱਕ ਹਜ਼ਾਰ ਤੋਂ ਵੱਧ ਅਮਰੀਕੀ ਨੌਕਰੀਆਂ ਨਾਲ ਜੁੜੀਆਂ ਹੋਈਆਂ ਹਨ।ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਮਝੌਤੇ ਦੀ ਗੱਲਬਾਤ ਟੁੱਟਣ ਮਗਰੋਂ ਤਣਾਅ ਲਗਾਤਾਰ ਵਧ ਰਿਹਾ ਹੈ। ਅਮਰੀਕਾ ਅਤੇ ਕੈਨੇਡਾ ਦੀਆਂ ਉਤਪਾਦਨ ਅਤੇ ਸਪਲਾਈ ਲੜੀਆਂ ਇੱਕ-ਦੂਜੇ ਨਾਲ ਡੂੰਘੀ ਤਰ੍ਹਾਂ ਜੁੜੀਆਂ ਹੋਣ ਕਾਰਨ ਇਸ ਟੈਰਿਫ਼ ਜੰਗ ਦਾ ਬੋਝ ਆਖ਼ਰਕਾਰ ਦੋਵਾਂ ਪਾਸਿਆਂ ਦੇ ਕਾਰੋਬਾਰਾਂ, ਕਰਮਚਾਰੀਆਂ ਅਤੇ ਖ਼ਪਤਕਾਰਾਂ ਉਤੇ ਪੈਣ ਦਾ ਖ਼ਦਸ਼ਾ ਹੈ।

# ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਕੀਤੀ ਅਹਿਮ ਮੁਲਾਕਾਤ; ਸ਼ਾਂਤੀ ਯਤਨਾਂ ਤੇ ਦੁਵੱਲੇ ਸਬੰਧਾਂ ’ਤੇ ਚਰਚਾ

## ਰੂਸ-ਯੂਕਰੇਨ ਟਕਰਾਅ ਦੇ ਕੂਟਨੀਤਕ ਹੱਲ ’ਤੇ ਜ਼ੋਰ; ਭਾਰਤ ਨੇ ਦੁਹਰਾਇਆ ਗੱਲਬਾਤ ਰਾਹੀਂ ਮਸਲੇ ਸੁਲਝਾਉਣ ਦਾ ਪੱਖ, ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਦਾ ਅਹਿਦ

ਕੀਵ (ਯੂਕਰੇਨ), (ਏ.ਐੱਨ.ਆਈ.): ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਵੱਲੋਂ ਵੀਰਵਾਰ ਨੂੰ ਯੂਕਰੇਨ ਦੀ ਰਾਜਧਾਨੀ ਕੀਵ ਵਿਖੇ ਦੇਸ਼ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ (Volodymyr Zelenskyy) ਨਾਲ ਇੱਕ ਅਹਿਮ ਅਤੇ ਉੱਚ-ਪੱਧਰੀ ਦੁਵੱਲੀ ਬੈਠਕ ਕੀਤੀ ਗਈ।





ਮੁਲਾਕਾਤ ਦੌਰਾਨ ਡਾ. ਜੈਸ਼ੰਕਰ ਨੇ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ, ਚੱਲ ਰਹੇ ਰੂਸ-ਯੂਕਰੇਨ ਯੁੱਧ ਦੇ ਹਾਲਾਤ ਅਤੇ ਖੇਤਰੀ ਸਥਿਰਤਾ ਨਾਲ ਜੁੜੇ ਮੁੱਦਿਆਂ ’ਤੇ ਵਿਚਾਰ-ਵਟਾਂਦਰਾ ਕੀਤਾ। ਭਾਰਤ ਵੱਲੋਂ ਸ਼ਾਂਤੀ ਦੀ ਮੁੜ ਬਹਾਲੀ ਲਈ ਕੂਟਨੀਤਕ ਗੱਲਬਾਤ ਦੇ ਰਸਤੇ ’ਤੇ ਚੱਲਣ ਦੀ ਵਚਨਬੱਧਤਾ ਨੂੰ ਮੁੜ ਦੁਹਰਾਇਆ ਗਿਆ।

**ਸ਼ਾਂਤੀ ਅਤੇ ਗੱਲਬਾਤ ’ਤੇ ਜ਼ੋਰ:** ਬੈਠਕ ਦੌਰਾਨ ਭਾਰਤੀ ਵਿਦੇਸ਼ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਸੰਦੇਸ਼ ਨੂੰ ਮੁੜ ਦੁਹਰਾਇਆ ਕਿ ‘ਇਹ ਯੁੱਗ ਯੁੱਧ ਦਾ ਨਹੀਂ ਹੈ’ ਅਤੇ ਕਿਸੇ ਵੀ ਗੁੰਝਲਦਾਰ ਮਸਲੇ ਦਾ ਹੱਲ ਜੰਗ ਦੇ ਮੈਦਾਨ ਦੀ ਬਜਾਏ ਸੁਹਿਰਦ ਗੱਲਬਾਤ ਅਤੇ ਕੂਟਨੀਤੀ ਰਾਹੀਂ ਹੀ ਸੰਭਵ ਹੈ।

**ਦੁਵੱਲੇ ਸੰਬੰਧਾਂ ਦੀ ਸਮੀਖਿਆ:** ਡਾ. ਜੈਸ਼ੰਕਰ ਅਤੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਦੋਹਾਂ ਮੁਲਕਾਂ ਦਰਮਿਆਨ ਵਪਾਰ, ਸਿੱਖਿਆ, ਮਾਨਵੀ ਸਹਾਇਤਾ ਅਤੇ ਆਰਥਿਕ ਪੁਨਰ-ਨਿਰਮਾਣ ਨਾਲ ਸੰਬੰਧਿਤ ਖੇਤਰਾਂ ਵਿੱਚ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀਆਂ ਸੰਭਾਵਨਾਵਾਂ ’ਤੇ ਚਰਚਾ ਕੀਤੀ।

**ਗਲੋਬਲ ਦੱਖਣ (Global South) ਦੀਆਂ ਚਿੰਤਾਵਾਂ:** ਮੀਟਿੰਗ ਦੌਰਾਨ ਯੁੱਧ ਕਾਰਨ ਵਿਸ਼ਵ ਭਰ ਵਿੱਚ ਖ਼ੁਰਾਕ ਸੁਰੱਖਿਆ, ਊਰਜਾ ਸੰਕਟ ਅਤੇ ਖਾਦਾਂ ਦੀ ਸਪਲਾਈ ਚੇਨ ’ਤੇ ਪਏ ਪ੍ਰਭਾਵਾਂ ’ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਨਾਲ ਵਿਕਾਸਸ਼ੀਲ ਦੇਸ਼ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਨਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਤੋਂ ਉਪਰੰਤ ਸ਼੍ਰੋਮਣੀ ਕਮੇਟੀ ਦੀ ਅਗਿਆ ਅਨੁਸਾਰ ੮ ਮਈ ੧੯੩੨ ਨੂੰ ਖਰੜੇ ਉਤੇ ਇਕ ਵਾਰੀ ਹੋਰ ਵਿਚਾਰ ਕੀਤੀ ਗਈ। ਹੇਠ ਲਿਖੇ ਸੱਜਣ ਹਾਜ਼ਰ ਸਨ :

ਜਥੇਦਾਰ ਤੇਜਾ ਸਿੰਘ ਜੀ, ਸੰਤ ਤੇਜਾ ਸਿੰਘ ਜੀ ਗ੍ਰੰਥੀ ਨਨਕਾਣਾ ਸਾਹਿਬ, ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫ਼ਰ', ਗਿਆਨੀ ਨਾਹਰ ਸਿੰਘ ਜੀ, ਸ. ਵਸਾਵਾ ਸਿੰਘ ਜੀ ਸਕੱਤਰ ਸ਼੍ਰੋਮਣੀ ਕਮੇਟੀ, ਭਾਈ ਕਰਤਾਰ ਸਿੰਘ ਜੀ ਝੱਬਰ, ਸਰਦਾਰ ਵਰਿਆਮ ਸਿੰਘ ਜੀ ਗਰਮੂਲਾ, (ਮੈਂਬਰ ਇੰਚਾਰਜ ਨਨਕਾਣਾ ਸਾਹਿਬ), ਭਾਈ ਪ੍ਰਤਾਪ ਸਿੰਘ ਜੀ ਪੁਸਤਕਾਂ ਵਾਲੇ, ਸ. ਲਾਲ ਸਿੰਘ ਜੀ (ਸ਼੍ਰੋਮਣੀ ਕਮੇਟੀ), ਸ. ਸੋਹਣ ਸਿੰਘ ਜੀ (ਸ੍ਰੀ ਅਕਾਲ ਤਖਤ) ਆਦਿ।

ਇਸ ਤੋਂ ਉਪਰੰਤ ਕਈ ਸੱਜਣਾਂ ਦੇ ਜ਼ੋਰ ਦੇਣ ਤੇ ਖਰੜੇ ਉਤੇ ਮੁੜ ਵਿਚਾਰ ਕਰਨ ਲਈ ਰਹੁਰੀਤ ਕਮੇਟੀ ਦਾ ਇਕ ਹੋਰ ਸਮਾਗਮ ੨੬ ਸਤੰਬਰ ੧੯੩੨ ਨੂੰ ਕੀਤਾ ਗਿਆ। ਇਸ ਵਿਚ ਹੇਠ ਲਿਖੇ ਮੈਂਬਰ ਹਾਜ਼ਰ ਸਨ :

ਗਿ. ਸ਼ੇਰ ਸਿੰਘ ਜੀ, ਗਿ. ਠਾਕਰ ਸਿੰਘ ਜੀ, ਗਿ. ਹਮੀਰ ਸਿੰਘ ਜੀ, ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਗਿ. ਗੁਰਮੁਖ ਸਿੰਘ ਜੀ 'ਮੁਸਾਫ਼ਰ', ਭਾਈ ਜੋਗਿੰਦਰ ਸਿੰਘ ਜੀ (ਮੀਤ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ), ਜਥੇਦਾਰ ਤੇਜਾ ਸਿੰਘ ਜੀ, ਗਿ. ਨਾਹਰ ਸਿੰਘ ਜੀ ਅਤੇ ਦਾਸ ਕਨਵੀਨਰ।

ਇਨ੍ਹਾਂ ਤੋਂ ਇਲਾਵਾ ਸੰਤ ਤੇਜਾ ਸਿੰਘ ਜੀ ਐਮ.ਏ. ਭੀ ਵਿਚਾਰ ਵਿਚ ਹਿੱਸਾ ਲੈਂਦੇ ਰਹੇ। ਕਮੇਟੀ ਨੇ ਬੜੀ ਗਹੁ ਨਾਲ ਫੇਰ ਸਾਰੇ ਖਰੜੇ ਉਤੇ ਵਿਚਾਰ ਕੀਤੀ ਅਤੇ ਇਸ ਨੂੰ ਅੱਛੀ ਤਰ੍ਹਾਂ ਸੋਧਿਆ।

ਹੁਣ ਇਹ ਖਰੜਾ ਰਹੁਰੀਤ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਫੇਰ ਪੇਸ਼ ਕੀਤਾ ਜਾਂਦਾ ਹੈ। ਕਿਰਪਾ ਕਰ ਕੇ ਇਸ ਖਰੜੇ ਨੂੰ ਛਪਵਾ ਕੇ ਸੰਗਤਾਂ ਦੀ ਸੇਵਾ ਵਿਚ ਅੰਤਮ ਵੇਰ ਰਾਇ ਦੇਣ ਲਈ ਭੇਜੋ। ਨਾਲ ਹੀ ਇਸ ਖਰੜੇ ਨੂੰ ਵਿਚਾਰਨ ਅਤੇ ਅੰਤਮ ਪ੍ਰਵਾਨਗੀ ਦੇਣ ਲਈ ਸ਼੍ਰੋਮਣੀ ਕਮੇਟੀ ਦਾ ਖਾਸ ਇਜਲਾਸ ਬੁਲਾਇਟਾ ਜਾਵੇ।

੧ ਅਕਤੂਬਰ ੧੯੩੨

ਦਾਸ-ਤੇਜਾ ਸਿੰਘ, ਕਨਵੀਨਰ, ਰਹੁਰੀਤ ਕਮੇਟੀ

ਖਰੜੇ ਸਬੰਧੀ ਰਾਵਾਂ ਭੇਜਣ ਵਾਲੇ ਸੱਜਣਾਂ ਤੇ ਸਭਾਵਾਂ ਦੀ ਫਹਿਰਿਸਤ

ਰਹੁਰੀਤ ਦੇ ਖਰੜੇ ਸਬੰਧੀ ਰਾਵਾਂ ਭੇਜਣ ਵਾਲੇ ਸੱਜਣਾਂ ਦੇ ਨਾਮ





੧. ਭਾ. ਰਣਜੀਤ ਸੰਘ ਜੀ, ਮੁਹਾਫਿਜ਼ ਦਫ਼ਤਰ, ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਜੀ, ਨਾਂਦੇੜ।

੨. ਸ. ਹਜ਼ਾਰਾ ਸਿੰਘ ਜੀ, ਠਕੇਦਾਰ ਭਵਾਨੀਗੜ੍ਹ (ਪਟਿਆਲਾ ਗਵਰਨਮੈਂਟ)।

੩. ਭਾ. ਹਰਨਾਮ ਸਿੰਘ ਜੀ 'ਨਾਚੀਜ਼' ਪਿੰਡ ਨੌਸ਼ਹਿਰਾ ਸੁੰਨ ਮਕੇਸਰ, ਜ਼ਿਲ੍ਹਾ (ਸਾਹਪੁਰ)

੫. ਭਾ. ਪ੍ਰਤਾਪ ਸਿੰਘ ਜੀ ਪੁਸਤਕਾਂ ਵਾਲੇ ਅੰਮ੍ਰਿਤਸਰ।

੬. ਭਾ. ਰਾਮ ਸਿੰਘ ਜੀ, ਡੇਰਾ ਬਾਬਾ ਮਿਸਰਾ ਸਿੰਘ, ਚੌਕ ਲਛਮਣ ਸਰ, ਅੰਮ੍ਰਿਤਸਰ।

੭. ਗਿ. ਨਾਹਰਾ ਸਿੰਘ ਜੀ, 'ਅਸਲੀ ਕੌਮੀ ਦਰਦ', (ਪਹਿਲਾ ਖਰੜਾ), ਅੰਮ੍ਰਿਤਸਰ,

੮. ਗਿ. ਨਾਹਰਾ ਸਿੰਘ ਜੀ, 'ਅਸਲੀ ਕੌਮੀ ਦਰਦ', (ਦੂਜਾ ਖਰੜਾ), ਅੰਮ੍ਰਿਤਸਰ

੯. ਸ. ਗੰਡਾ ਸਿੰਘ ਜੀ, ਜਮਾਦਾਰ ਪਿਨਸ਼ਰਰ, ਐਗਜ਼ਾਮੀਨਰ, ਨਕੂਲ ਫਾਰਸੀ, ਦਫ਼ਤਰ ਡੀ.ਸੀ. ਜਲੰਧਰ ਸ਼ਹਿਰ।

੧੦. ਵੈਦਜ ਨੌਰੰਗ ਸਿੰਘ ਗੁਰਬਚਨ ਸਿੰਘ ਜੀ 'ਤਾਂਘੀ', ਅੰਮ੍ਰਿਤਸਰ।

੧੧. ਭਾ. ਮੇਲਾ ਸਿੰਘ ਜੀ ਗੁ. ਚੋਰਸਤੀ ਅਟਾਰੀ, ਅੰਮ੍ਰਿਤਸਰ।

੧੨. ਭਾਈ ਸਾਹਿਬ, ਭਾ. ਕਾਹਨ ਸਿੰਘ ਜੀ, ਸਰਦਾਰ ਬਹਾਦਰ, ਨਾਭਾ।

੧੩. ਇਕ ਪ੍ਰੇਮੀ ਸੱਜਣ

੧੪. ,, ,, ,, ,,

੧੫. ਸੰਤ ਟਹਿਲ ਸਿੰਘ ਜੀ, ਮਜੀਠਾ, (ਅੰਮ੍ਰਿਤਸਰ)।

੧੬. ਭਾਈ ਉਤਮ ਸਿੰਘ ਜੀ ਚਿੱਟਾ ਗਾਂਗ (ਬੰਗਾਲ), ਡਾਕਖਾਨਾ ਰੇਲਵੇ ਬਿਲਡਿੰਗ ਚਿੱਟਾ ਗਾਂਗ।

੧੭. ਭਾਈ ਉਤਮ ਸਿੰਘ ਜੀ ਚਿੱਟਾ ਗਾਂਗ (ਬੰਗਾਲ), ਡਾਕਖਾਨਾ ਰੇਲਵੇ ਬਿਲਡਿੰਗ ਚਿੱਟਾ ਗਾਂਗ।

੧੮. ਐਡੀਟਰ, ਖਾਲਸਾ ਤੇ ਖਾਲਸਾ ਐਡਵੋਕੇਟ ਅੰਮ੍ਰਿਤਸਰ।

੧੯. ਭਾਈ ਅਮਰੀਕ ਸਿੰਘ ਜੀ, ਚੂਨੇ ਵਾਲੇ, ਗੁਜਰਾਂਵਾਲਾ।

੨੦. ਸੰਤ ਗੁਲਾਬ ਸਿੰਘ ਜੀ, ਖਾਲਸਾ ਅਨੰਦ ਭਵਨ, ਮੋਗਾ (ਫਿਰੋਜ਼ਪੁਰ)

੨੧. ਗਿ. ਹੀਰਾ ਸਿੰਘ ਜੀ, ਢੁਡਿਆਲ (ਜਿਹਲਮ),

੨੨. ਭਾ. ਨੰਦ ਸਿੰਘ ਜੀ ਇੰਜੀਨੀਅਰ, ਮਾਰਫ਼ਤ ਬਖਤਾਵਰ ਲਾਲ ਸ਼ਰਮਾ ਬਠਿੰਡਾ।

੨੩. ਮਾ. ਬਚਨ ਸਿੰਘ ਜੀ 'ਬਚਨ', ਸਿਧਵਾਂ ਕਲਾਂ (ਲੁਧਿਆਣਾ)

(ਚਲਦਾ)

# ਪੁਲਾੜ ਖੇਤਰ 'ਚ ਸਹਿਯੋਗ ਤੋਂ ਅੱਗੇ ਵਧ ਰਹੇ ਹਨ ਭਾਰਤ ਤੇ ਅਮਰੀਕਾ : ਸਰਜੀਓ ਗੋਰ

ਬੈਂਗਲੂਰੂ : ਭਾਰਤ 'ਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਕਿਹਾ ਹੈ ਕਿ ਸੰਯੁਕਤ ਰਾਜ ਅਮਰੀਕਾ ਤੇ ਭਾਰਤ ਪੁਲਾੜ ਖੇਤਰ 'ਚ ਸਹਿਯੋਗ ਤੋਂ ਅੱਗੇ ਵਧ ਕੇ "ਸਹਿ-ਸਿਰਜਣਾ" ਵੱਲ ਵਧ ਰਹੇ ਹਨ। ਦੋਵੇਂ ਦੇਸ਼ ਸਾਂਝੇ ਤੌਰ 'ਤੇ ਯੰਤਰਾਂ ਨੂੰ



ਡਿਜ਼ਾਈਨ ਕਰ ਰਹੇ ਹਨ, ਸਟਾਰਟਅੱਪਸ ਨੂੰ ਫੰਡ ਦੇ ਰਹੇ ਹਨ ਤੇ ਮਨੁੱਖੀ ਖੋਜ ਦੇ ਭਵਿੱਖ ਦਾ ਸਹਿ-ਲੇਖਨ ਕਰ ਰਹੇ ਹਨ। ਉਹ ਬੈਂਗਲੁਰੂ ਸਪੇਸ ਐਕਸਪੋ (ਬੀ.ਐਸ.ਐਕਸ.) ਦੇ 9ਵੇਂ ਐਡੀਸ਼ਨ ਦੇ ਉਦਘਾਟਨੀ ਸਮਾਰੋਹ 'ਚ ਬੋਲ ਰਹੇ ਸਨ। ਹਾਲ ਹੀ 'ਚ ਬੈਂਗਲੁਰੂ 'ਚ ਕਰਵਾਏ 9ਵੇਂ ਯੂ.ਐਸ.-ਇੰਡੀਆ ਸਿਵਲ ਸਪੇਸ ਜੁਆਇੰਟ ਵਰਕਿੰਗ ਗਰੁੱਪ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਰਾਜਦੂਤ ਨੇ ਕਿਹਾ ਕਿ ਉਨ੍ਹਾਂ ਚਰਚਾਵਾਂ ਨੇ ਪੁਸ਼ਟੀ ਕੀਤੀ ਹੈ ਕਿ ਸਾਡੀ ਭਾਈਵਾਲੀ ਹੁਣ ਸਿਰਫ਼ ਸਹਿਯੋਗ ਬਾਰੇ ਨਹੀਂ ਹੈ; ਇਹ ਸਹਿ-ਸਿਰਜਣਾ ਬਾਰੇ ਹੈ। ਉਨ੍ਹਾਂ ਕਿਹਾ ਕਿ ਅਸੀਂ ਹੁਣ ਸਿਰਫ਼ ਡੇਟਾ ਸਾਂਝਾ ਨਹੀਂ ਕਰ ਰਹੇ ਹਾਂ; ਅਸੀਂ ਯੰਤਰਾਂ ਨੂੰ ਸਹਿ-ਡਿਜ਼ਾਈਨ ਕਰ ਰਹੇ ਹਾਂ, ਸਟਾਰਟਅੱਪਸ ਨੂੰ ਸਹਿ-ਫੰਡ ਦੇ ਰਹੇ ਹਾਂ ਤੇ ਮਨੁੱਖੀ ਖੋਜ ਦੇ ਭਵਿੱਖ ਦਾ ਸਹਿ-ਲੇਖਨ ਕਰ ਰਹੇ ਹਾਂ। ਪੁਲਾੜ 'ਚ ਅਮਰੀਕਾ-ਭਾਰਤ ਸਾਂਝੇਦਾਰੀ 'ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਵਿਸ਼ਵ ਪੱਧਰੀ ਨਿੱਜੀ ਪੂੰਜੀ ਤੇ ਪਰਿਪੱਕ ਵਪਾਰਕ ਵਾਤਾਵਰਣ ਪ੍ਰਣਾਲੀਆਂ ਲਿਆਉਂਦਾ ਹੈ ਜਦਕਿ ਭਾਰਤ ਵਿਸ਼ਵ ਪੱਧਰੀ ਇੰਜੀਨੀਅਰਿੰਗ, ਅਸਾਧਾਰਨ ਵਿਗਿਆਨਕ ਪ੍ਰਤਿਭਾ ਤੇ ਇਕ ਨਿਡਰ ਸਟਾਰਟਅੱਪ ਸੈਕਟਰ ਲਿਆਉਂਦਾ ਹੈ।

# ਸਿੱਖ ਮਸਲਿਆਂ ਨੂੰ ਹੱਲ ਨਾ ਕੀਤਾ ਤਾਂ ਆਮ ਚੋਣਾਂ 'ਚ ਲੇਬਰ ਪਾਰਟੀ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ : ਸਿੱਖ ਫੈਡਰੇਸ਼ਨ ਯੂ.ਕੇ.

ਲੰਡਨ : ਸਿੱਖ ਫੈਡਰੇਸ਼ਨ (ਯੂ.ਕੇ.) ਨੇ ਬਰਤਾਨੀਆ ਦੀ ਐਂਡੀ ਬਰਨਹਮ ਦੀ ਅਗਵਾਈ ਵਾਲੀ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਸਿੱਖ ਭਾਈਚਾਰੇ ਨਾਲ ਸੰਬੰਧਿਤ ਲੰਬੇ ਸਮੇਂ ਤੋਂ ਚੱਲ ਰਹੇ ਮਸਲਿਆਂ 'ਤੇ ਠੋਸ ਕਾਰਵਾਈ ਨਾ ਹੋਈ ਤਾਂ ਲੇਬਰ ਪਾਰਟੀ ਨੂੰ ਅਗਲੀਆਂ ਆਮ ਚੋਣਾਂ ਵਿਚ ਸਿੱਖਾਂ ਦੀ ਨਰਾਜ਼ਗੀ ਝੱਲਣੀ ਪੈ ਸਕਦੀ ਹੈ ਅਤੇ ਲੇਬਰ ਪਾਰਟੀ ਨੂੰ ਇਸ ਦਾ ਸਿਆਸੀ ਨੁਕਸਾਨ ਹੋਵੇਗਾ। ਸਿੱਖ ਫੈਡਰੇਸ਼ਨ (ਯੂ.ਕੇ.) ਵਲੋਂ 11 ਤੋਂ 13 ਸਤੰਬਰ ਤੱਕ ਵੈਸਟ ਮਿਡਲੈਂਡਜ਼ ਵਿਚ ਗੁਰੂ ਨਾਨਕ ਗੁਰਦੁਆਰਾ, ਸੈਜ਼ਲੀ ਸਟਰੀਟ, ਵੁਲਵਰਹੈਂਪਟਨ ਵਿਖੇ ਕਰਵਾਈ ਜਾ ਰਹੀ ਤਿੰਨ ਰੋਜ਼ਾ ਰਾਸ਼ਟਰੀ ਸਿੱਖ ਕਨਵੈਨਸ਼ਨ ਦੀ ਚੱਲ ਰਹੀ ਤਿਆਰੀ ਤੋਂ ਪਹਿਲਾਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਫੈਡਰੇਸ਼ਨ ਮੁਤਾਬਕ ਸਿੱਖ ਭਾਈਚਾਰੇ ਦੀਆਂ ਮੁੱਖ ਚਿੰਤਾਵਾਂ ਵਿਚ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਦੀ ਸਹੀ ਪਛਾਣ ਅਤੇ ਰਿਕਾਰਡ ਰੱਖਣਾ, ਸਰਕਾਰੀ ਸੰਸਥਾਵਾਂ ਵਲੋਂ ਸਿੱਖਾਂ ਦੀ ਵੱਖਰੀ ਨਸਲੀ ਪਛਾਣ, ਸਿੱਖ ਪਛਾਣ ਨਾਲ ਜੁੜੇ ਵਿਤਕਰੇ ਨੂੰ ਰੋਕਣ ਲਈ ਕਾਨੂੰਨੀ ਕੋਡ ਆਫ਼ ਪ੍ਰੈਕਟਿਸ, ਅਤੇ ਨਫ਼ਰਤੀ ਅਪਰਾਧਾਂ ਦੇ ਪੀੜਤਾਂ ਨੂੰ ਸਮੇਂ ਸਿਰ ਇਨਸਾਫ਼ ਦਿਵਾਉਣਾ ਸ਼ਾਮਿਲ ਹਨ। ਫੈਡਰੇਸ਼ਨ ਨੇ ਓਲਡਬਰੀ ਵਿਚ ਇਕ ਨੌਜਵਾਨ ਸਿੱਖ ਔਰਤ ਨਾਲ ਹੋਏ ਕਥਿਤ ਨਸਲੀ ਹਮਲੇ ਅਤੇ ਜਬਰ ਜਨਾਹ ਦੇ ਮਾਮਲੇ ਦਾ ਵੀ ਜ਼ਿਕਰ ਕੀਤਾ



ਹੈ। ਫੈਡਰੇਸ਼ਨ ਦਾ ਕਹਿਣਾ ਹੈ ਕਿ ਘਟਨਾ ਨੂੰ ਇਕ ਸਾਲ ਹੋਣ ਦੇ ਬਾਵਜੂਦ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਦੋਸ਼ ਤੈਅ ਨਹੀਂ ਹੋ ਸਕੇ। ਇਸੇ ਤਰ੍ਹਾਂ ਵੁਲਵਰਹੈਂਪਟਨ ਵਿਚ 2025 ਦੌਰਾਨ ਦੋ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ 'ਤੇ ਹੋਏ ਹਮਲੇ ਦੇ ਕੇਸ ਵਿਚ ਮੁਕੱਦਮੇ ਦੀ ਸੁਣਵਾਈ ਸਤੰਬਰ 2029 ਲਈ ਨਿਰਧਾਰਤ ਹੋਣ 'ਤੇ ਵੀ ਫੈਡਰੇਸ਼ਨ ਨੇ ਚਿੰਤਾ ਪ੍ਰਗਟਾਈ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਰਾਜਸੀ ਮਾਮਲਿਆਂ ਦੇ ਮੁਖੀ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਦੋਸ਼ ਲਾਇਆ ਕਿ ਸਰਕਾਰ ਅਤੇ ਗ੍ਰਹਿ ਮੰਤਰਾਲੇ ਨੇ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਦੇ ਅਸਲ ਪੱਧਰ ਨੂੰ ਸਮਝਣ ਅਤੇ ਸਿੱਖ ਜਥੇਬੰਦੀਆਂ ਨਾਲ ਢੁੱਕਵਾਂ ਸੰਵਾਦ ਕਰਨ ਵਿੱਚ ਲੋੜੀਂਦੀ ਤਰਜੀਹ ਨਹੀਂ ਦਿੱਤੀ। ਕਨਵੈਨਸ਼ਨ ਦੌਰਾਨ ਜਗਤਾਰ ਸਿੰਘ ਜੌਹਲ ਦੀ ਭਾਰਤ ਵਿਚ ਨਜ਼ਰਬੰਦੀ ਅਤੇ ਉਸ ਦੀ ਰਿਹਾਈ ਤੇ ਬਰਤਾਨੀਆ ਵਾਪਸੀ, 1980ਵਿਆਂ ਦੌਰਾਨ ਮਾਰਗਰੇਟ ਥੈਚਰ ਸਰਕਾਰ ਦੀਆਂ ਸਿੱਖਾਂ ਨਾਲ ਸੰਬੰਧਿਤ ਕਾਰਵਾਈਆਂ ਬਾਰੇ ਜੱਜ ਦੀ ਅਗਵਾਈ ਹੇਠ ਜਨਤਕ ਜਾਂਚ ਅਤੇ ਬਰਤਾਨੀਆ ਵਿਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਸੰਬੰਧੀ ਲਗਾਏ ਜਾ ਰਹੇ ਵਿਦੇਸ਼ੀ ਦਖ਼ਲਅੰਦਾਜ਼ੀ ਅਤੇ ਟਰਾਂਸਨੈਸ਼ਨਲ ਰਿਪ੍ਰੈਸ਼ਨ ਦੇ ਦੋਸ਼ ਵੀ ਚਰਚਾ ਦੇ ਮੁੱਖ ਵਿਸ਼ੇ ਰਹਿਣਗੇ।ਸਿੱਖ ਫੈਡਰੇਸ਼ਨ ਦੇ ਭਾਈ ਅਮਰੀਕ ਸਿੰਘ ਗਿੱਲ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਹਰਦੀਸ਼ ਸਿੰਘ, ਭਾਈ ਨਰਿੰਦਰਜੀਤ ਸਿੰਘ, ਜੱਸ ਸਿੰਘ ਅਤੇ ਜਤਿੰਦਰ ਸਿੰਘ ਨੇ ਕਿਹਾ ਹੈ ਕਿ ਵਿਰੋਧੀ ਧਿਰ ਵਿਚ ਰਹਿੰਦਿਆਂ ਲੇਬਰ ਵਲੋਂ ਸਿੱਖ ਭਾਈਚਾਰੇ ਨਾਲ ਕੀਤੇ ਵਾਅਦਿਆਂ ਨੂੰ ਲੇਬਰ ਸਰਕਾਰ ਬਣਨ ਤੋਂ ਬਾਅਦ 12 ਮਹੀਨੇ ਬੀਤ ਜਾਣ 'ਤੇ ਵੀ ਅਮਲੀ ਰੂਪ ਨਹੀਂ ਦਿੱਤਾ।

# BASRA

## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਹਿਤ ਸਤਨਾਮ ਸਿੰਘ ਖ਼ਾਲਸਾ

# ਗੁਰਦੁਆਰਾ ਸਾਹਿਬ ਦੀ ਉਸਾਰੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਬਾਬਾ ਜੀ ਦੁਆਰਾ ਚੰਗੀ ਤਰ੍ਹਾਂ ਤਸੱਲੀ ਦੇਣ ਨਾਲ ਸ: ਉਜਾਗਰ ਸਿੰਘ (ਜੋ ਬਾਅਦ ਵਿੱਚ ਇੰਗਲੈਂਡ ਚਲੇ ਗਏ ਸਨ) ਪ੍ਰੇਮੀ ਮੰਨ ਗਿਆ ਤੇ ਦੂਸਰੇ ਦਿਨ ਪਿੰਡੋਂ ਇੱਕ ਛੋਟੀ ਕੁਹਾੜੀ, ਆਰੀ ਅਤੇ ਦਾਤ ਲੈ ਕੇ ਦੁਪਹਿਰ ਨੂੰ ਬਾਬਾ ਜੀ ਪਾਸ ਪੁੱਜ ਗਿਆ। ਬਾਬਾ ਜੀ ਨੇ ਇਨ੍ਹਾਂ ਨੂੰ ਜਲ-ਪਾਣੀ ਛਕਾਇਆ, ਗੁਰੂ ਮਹਾਰਾਜ ਜੀ ਦੇ ਅੱਗੇ ਖਲੋ ਕੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ! ਸੰਗਤ ਦੀ ਸੇਵਾ ਵਾਸਤੇ ਅਸੀਂ ਇਹ ਕਾਰਜ ਕਰਨ ਲੱਗੇ ਹਾਂ। ਆਪ ਜੀ ਨੇ ਆਪਣੇ ਸੇਵਕਾਂ ਦੇ ਅੰਗ-ਸੰਗ ਸਹਾਈ ਹੋਣਾ। ਅਰਦਾਸ ਕਰਨ ਉਪ੍ਰੰਤ ਉਜਾਗਰ ਸਿੰਘ ਬੋਹੜ ਉੱਪਰ ਚੜ੍ਹ ਗਿਆ ਅਤੇ ਦੋ ਵੱਡੇ-ਵੱਡੇ ਬੋਹੜ ਦੇ ਡਾਹਲੇ ਵੱਢ ਦਿੱਤੇ। ਬੱਸ ਜੋ ਮਨ ਵਿੱਚ ਭਰਮ ਸੀ, ਉਹ ਦੂਰ ਹੋ ਗਿਆ। ਹੁਣ ਹੋਰ ਪ੍ਰੇਮੀ ਵੀ ਇਸ ਸੇਵਾ ਵਿੱਚ ਹਿੱਸਾ ਪਾਉਣ ਲਈ ਆ ਜਾਂਦੇ। ਸਹਿਜੇ-ਸਹਿਜੇ ਚਾਰ-ਪੰਜ ਬੋਹੜਾਂ ਵੱਢ ਕੇ ਉਨ੍ਹਾਂ ਦੇ ਬਾਲੇ, ਛਤੀਰ ਤੇ ਫੱਟੇ ਬਣਾ ਕੇ ਰੱਖ ਲਏ ਤਾਂ ਜੋ ਕਿਸੇ ਸਮੇਂ ਲੋੜ ਵੇਲੇ ਇਹ ਕੰਮ ਆ ਸਕਣ ਅਤੇ ਬਾਕੀ, ਲੰਗਰ ਵਿੱਚ ਬਾਲਣ ਦੀ ਵਰਤੋਂ ਕੀਤੀ ਗਈ। ਜਿਉਂ-ਜਿਉਂ ਸੰਗਤ ਵੱਧਦੀ ਗਈ, ਸਮਾਗਮਾਂ ਦੀ ਗਿਣਤੀ ਵਿੱਚ ਵੀ ਵਾਧਾ ਹੁੰਦਾ ਗਿਆ। ਹੁਣ ਸਾਰੇ ਹੀ ਗੁਰਪੁਰਬਾਂ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ। ਮੱਧ ਵਾਲੇ ਦਿਨ ਅੰਮ੍ਰਿਤ ਸੰਚਾਰ ਹੁੰਦਾ। ਹਰ ਸਮਾਗਮ ਤੇ ਕਾਫ਼ੀ ਪ੍ਰੇਮੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ। ਬਾਬਾ ਜੀ ਸੰਗਤਾਂ ਨੂੰ ਅੰਮ੍ਰਿਤ ਛਕਾਉਣ ਲਈ ਹਰ ਸਮੇਂ ਤਿਆਰ ਰਹਿੰਦੇ ਭਾਵੇਂ ਦੋ ਪ੍ਰੇਮੀ ਵੀ ਕਿਉਂ ਨਾ ਹੋਣ। ਅਗਲੇ ਦਿਨ ਹੀ ਪੰਜਾਂ ਸਿੰਘਾਂ ਨੂੰ ਉਚੇਚਾ ਸੱਦ ਕੇ ਉਹਨਾਂ ਜਗਿਆਸੂਆਂ ਨੂੰ ਗੁਰੂ ਮਹਾਰਾਜ ਜੀ ਦੇ ਲੜ ਜੋੜ ਦਿੱਤਾ ਜਾਂਦਾ।

ਸੰਗਤਾਂ ਦੇ ਇਸ਼ਨਾਨ ਲਈ ਟਿਊਬਵੈੱਲ

ਸੰਗਤਾਂ ਦੇ ਇਸ਼ਨਾਨ ਕਰਨ ਵਾਸਤੇ ਜ਼ਰੂਰਤ ਮਹਿਸੂਸ ਹੋਈ ਕਿ ਪਾਣੀ ਦਾ ਹੋਰ ਪ੍ਰਬੰਧ ਕੀਤਾ ਜਾਵੇ ਕਿਉਂਕਿ ਨਲਕਾ ਇੱਕ ਹੈ। ਕਾਫ਼ੀ ਸੰਗਤ ਹੋਣ ਕਾਰਨ ਕਈ ਵਾਰੀ ਸੰਗਤਾਂ ਨੂੰ ਲੰਮਾ ਸਮਾਂ ਉਡੀਕ ਕਰਨੀ ਪੈਂਦੀ ਹੈ। ਇਸ ਘਾਟ ਦੀ ਪੂਰਤੀ ਲਈ ਜੋ ਹੁਣ ਗੁਰਦੁਆਰਾ ਸਾਹਿਬ ਦਾ ਮੁੱਖ ਹਾਲ ਹੈ, ਇਸ ਦੇ ਗੇਟ ਦੇ ਸਾਮ੍ਹਣੇ ਵਿਹੜੇ ਵਿੱਚ ਚਾਰ ਇੰਚ ਦਾ ਬੋਰ ਕਰ ਕੇ ਟਿਊਬਵੈੱਲ ਲਗਾ ਦਿੱਤਾ ਅਤੇ ਪਾਣੀ ਜਮ੍ਹਾ ਕਰਨ ਲਈ ਟੈਂਕੀ ਬਣਾ ਦਿੱਤੀ ਗਈ ਅਤੇ ਇਸ਼ਨਾਨ ਲਈ ਟੂਟੀਆਂ ਲੱਗ ਗਈਆਂ। ਬੀਬੀਆਂ ਵਾਸਤੇ ਇੱਕ ਜੁਦਾ ਇਸ਼ਨਾਨ-ਘਰ ਬਣਾ ਕੇ ਟੂਟੀਆਂ ਲਗਾ ਦਿੱਤੀਆਂ। ਟਿਊਬਵੈੱਲ ਲੱਗਣ ਨਾਲ ਇਸ਼ਨਾਨ ਕਰਨ ਅਤੇ ਹੋਰ ਪਾਣੀ ਵਰਤਣ ਲਈ ਕਾਫ਼ੀ ਸਹੂਲਤ ਹੋ ਗਈ।

ਪੁਰਾਣੇ ਸੰਗੀਆਂ ਨੂੰ ਜਿਵੇਂ-ਜਿਵੇਂ ਬਾਬਾ ਜੀ ਦਾ ਪਤਾ ਲਗਦਾ ਗਿਆ ਤਿਵੇਂ-ਤਿਵੇਂ ਉਹ ਸੰਗਤ ਦਾ ਲਾਹਾ ਪ੍ਰਾਪਤ ਕਰਨ ਲਈ ਆਉਣ ਲੱਗ ਪਏ। ਪਟਿਆਲੇ ਤੋਂ ਭਾਈ ਵਧਾਵਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਕੁਲਵੰਤ ਸਿੰਘ ਅਤੇ ਡਾਕਟਰ ਕਰਤਾਰ ਸਿੰਘ ਇਤਿ ਆਦਿ ਕਾਫ਼ੀ ਪ੍ਰੇਮੀ ਸੰਗਤ ਨਾਲ ਲੈ ਕੇ ਸਮੇਂ-ਸਮੇਂ ਸਮਾਗਮਾਂ ਉੱਪਰ ਅਤੇ ਉਂਝ ਵੀ ਦਰਸ਼ਨਾਂ ਲਈ ਆਉਂਦੇ। ਦੋ ਸਾਲ, ਹਰ ਮਹੀਨੇ ਰੈਣ-ਸਬਾਈ ਕੀਰਤਨ ਜਾਰੀ ਰਿਹਾ। ਫਿਰ ਬਾਬਾ ਜੀ ਨੇ ਰਾਤ ਦਾ ਦੀਵਾਨ ਬੰਦ ਕਰ ਦਿੱਤਾ ਪਰ ਦਿਨ ਦੇ ਦੀਵਾਨ ਜਾਰੀ ਰੱਖੇ।


ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ: +91-1886-260334, 98767-60334
Website : www.RamPurKhera.com | Email : RamPurKhera@yahoo.ca

3

ਗੁਰਦੁਆਰਾ ਸਾਹਿਬ ਬਨਾਉਣ ਲਈ ਪ੍ਰੇਰਨਾ

ਬਾਬਾ ਜੀ ਬਹੁਤੇ ਖਿਲਾਰੇ ਤੋਂ ਸੰਕੋਚ ਕਰਦੇ ਸਨ ਕਿ ਇਹ ਖਿਲਾਰਾ ਕਿਸੇ ਸਮੇਂ ਬਿਰਤੀ ਦਾ ਖਿੰਡਾਉ ਕਰ ਸਕਦਾ ਹੈ ਅਤੇ ਦੁੱਖ ਰੂਪ ਵੀ ਬਣ ਸਕਦਾ ਹੈ। ਸਮਾਗਮਾਂ ਵਿੱਚ ਵਰਤੋਂ ਪਿਛੋਂ ਜਿੰਨੀ ਵੀ ਮਾਇਆ ਬਚਣੀ, ਉਸ ਮਾਇਆ ਦੇ, ਹਲਵਾਈ ਪਾਸੋਂ ਲੱਡੂ ਬਣਵਾ ਕੇ, ਸਕੂਲਾਂ ਵਿੱਚ ਛੋਟੇ ਬੱਚਿਆਂ ਨੂੰ ਵਰਤਾ ਦੇਣੇ। ਜੋ ਵੱਧ ਜਾਣ ਉਹ ਸੜਕ ਵਿੱਚ ਆਉਣ ਜਾਣ ਵਾਲੀ ਸੰਗਤ ਨੂੰ ਵਰਤਾ ਕੇ ਆਪ ਵੇਹਲੇ ਹੋ ਕੇ ਮੁੜ ਡੇਰੇ ਪਰਤ ਆਉਣਾ। ਉੱਪਰ ਲਿਖੇ ਅਨੁਸਾਰ ਆਪ ਜੀ ਖਿਲਾਰੇ ਵਿੱਚ ਪਰਵਿਰਤ ਨਹੀਂ ਹੋਣਾ ਚਾਹੁੰਦੇ ਸਨ ਪਰ 1957 ਈ. ਦੇ ਅੱਸੂ ਦੇ ਸਮਾਗਮ ਉਪ੍ਰੰਤ ਕੁਝ ਪ੍ਰੇਮੀ ਸਿੰਘਾਂ ਨੇ ਆਪ ਜੀ ਨੂੰ ਬੇਨਤੀ ਕੀਤੀ ਕਿ ਸੰਗਤ ਦੀ ਸਹੂਲਤ ਅਤੇ ਲਾਹਾ ਪ੍ਰਾਪਤ ਕਰਨ ਲਈ ਆਪ ਜੀ ਇੱਕ ਵੱਡੇ ਗੁਰਦੁਆਰਾ ਸਾਹਿਬ ਦੀ ਕਾਇਮੀ ਜ਼ਰੂਰ ਕਰੋ। ਬਾਬਾ ਜੀ ਨੇ ਸੰਗਤ ਦਾ ਕਿਹਾ ਵੀ ਨਾ ਮੋੜਿਆ ਤੇ ਉੱਤਰ ਦਿੱਤਾ ਕਿ ਦੇਖੋ! ਜੇ ਗੁਰੂ ਮਹਾਰਾਜ ਨੂੰ ਭਾਉਂਦਾ ਹੋਇਆ ਤਾਂ ਤੁਹਾਡਾ ਫੁਰਨਾ ਪੂਰਾ ਹੋ ਜਾਵੇਗਾ। ਸੰਗਤਾਂ ਨੇ ਆਪੋ ਆਪਣੀ ਵਿੱਤ ਅਨੁਸਾਰ ਮਾਇਆ ਇਕੱਤਰ ਕਰਕੇ ਵੀ ਬਾਬਾ ਜੀ ਨੂੰ ਦੇ ਦਿੱਤੀ ਜੋ ਤਕਰੀਬਨ 3000/- ਰੁਪਏ ਦੇ ਨੇੜੇ ਸੀ। ਬਾਬਾ ਜੀ ਨੇ ਇਹ ਮਾਇਆ ਸ. ਲਾਭ ਸਿੰਘ ਜੀ ਪਾਸ ਅਮਾਨਤ ਵਜੋਂ ਰੱਖ ਦਿੱਤੀ।

ਇੱਕ ਸਾਲ ਹੋਰ ਬੀਤ ਗਿਆ। ਸਮਾਗਮ ਤੇ ਫਿਰ ਸੰਗਤਾਂ ਇਕੱਤਰ ਹੋਈਆਂ ਅਤੇ ਪਿਛਲੇ ਸਾਲ ਵਾਲੀ ਬੇਨਤੀ ਫਿਰ ਦੁਹਰਾਈ। ਆਪ ਜੀ ਨੇ ਸੰਗਤ ਨੂੰ ਉੱਤਰ ਦਿੱਤਾ ਕਿ ਭਾਈ! ਜਿਹੜਾ ਕੰਮ ਸਹਿਜ ਨਾਲ ਹੋਵੇ ਉਹ ਚੰਗਾ ਹੁੰਦਾ ਹੈ। ਇਸ ਲਈ ਇਹ ਗੁਰੂ ਪਾਤਸ਼ਾਹ ਜੀ ਉੱਪਰ ਛੱਡ ਦੇਵੋ। ਜਦੋਂ ਸਤਿਗੁਰੂ ਜੀ ਨੂੰ ਭਾਇਆ ਤਾਂ ਇਹ ਕਾਰਜ ਸੁਤੇ ਸਿੱਧ ਹੀ ਹੋ ਜਾਵੇਗਾ।

ਅੱਸੂ ਦੇ ਇਸ ਸਮਾਗਮ ਤੋਂ ਅਗਲੀ ਸ਼ਾਮ ਬਾਬਾ ਜੀ ਨੂੰ ਮੀਰੀ ਪੀਰੀ ਦੇ ਮਾਲਕ ਸਤਿਗੁਰੂ, ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਤੱਖ ਦਰਸ਼ਨ ਹੋਏ ਅਤੇ ਸਤਿਗੁਰਾਂ ਨੇ ਬਚਨ ਕੀਤਾ ਕਿ 'ਭਾਈ ਹਰਨਾਮ ਸਿੰਘ ਜੀ! ਤੁਹਾਨੂੰ ਇਸ ਅਸਥਾਨ ਤੇ ਅਸੀਂ ਸੰਗਤ ਨੂੰ ਪਰਮੇਸ਼ਰ ਜੀ ਨਾਲ ਜੋੜਨ ਵਾਸਤੇ ਭੇਜਿਆ ਹੈ। ਇਹ ਅਸਥਾਨ ਗੁਰਸਿੱਖੀ-ਪ੍ਰਚਾਰ ਦਾ ਕੇਂਦਰ ਬਨਾਉਣਾ ਹੈ। ਸੰਗਤ, ਜੋ ਗੁਰਦੁਆਰਾ ਸਾਹਿਬ ਜੀ ਦੀ ਉਸਾਰੀ ਲਈ ਕਹਿੰਦੀ ਹੈ ਉਨ੍ਹਾਂ ਨੂੰ ਵੀ ਅਸੀਂ ਹੀ ਪ੍ਰੇਰਨਾ ਦਿੱਤੀ ਹੈ। ਇਹ ਅਸਥਾਨ ਜਿੱਥੇ ਤੁਹਾਨੂੰ ਬਿਠਾਇਆ ਹੈ ਪੁਰਾਣੇ ਰਿਸ਼ੀਆਂ ਦੀ ਤਪੋ-ਭੂਮੀ ਹੈ। ਇਸੇ ਹੀ ਅਸਥਾਨ ਤੇ ਦੁਆਪਰ ਵਿੱਚ ਸ੍ਰੀ ਕ੍ਰਿਸ਼ਨ ਜੀ ਵੀ ਪਾਂਡਵਾਂ ਨੂੰ ਆ ਕੇ ਮਿਲੇ ਸਨ।੧ ਉਪ੍ਰੰਤ ਹੋਰ ਕਈ ਮਹਾਂਪੁਰਸ਼ਾਂ ਨੇ ਵੀ ਇੱਥੇ ਤੱਪ ਕੀਤਾ ਹੈ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਅਸੀਂ ਵੀ ਯੋਧਿਆਂ ਸਮੇਤ ਇਸ ਅਸਥਾਨ ਤੇ ਆਏ ਸੀ ਅਤੇ ਕੁਝ ਸਮਾਂ ਅਰਾਮ ਕਰ ਕੇ ਗਏ ਸੀ। ਇੱਥੇ ਗੁਰਦੁਆਰਾ ਸਾਹਿਬ ਬਣਨਾ ਹੈ ਅਤੇ ਨਾਮ-ਸਿਮਰਨ-ਗੁਰਬਾਣੀ ਪ੍ਰਚਾਰ ਦੁਆਰਾ ਬੇਅੰਤ ਪ੍ਰਾਣੀਆਂ ਦਾ ਉਧਾਰ ਹੋਣਾ ਹੈ। ਤੁਸੀਂ ਗੁਰਦੁਆਰਾ ਸਾਹਿਬ ਦੀ ਉਸਾਰੀ ਅਰੰਭ ਕਰ ਦੇਵੋ, ਕਿਸੇ ਕਿਸਮ ਦੀ ਕੋਈ ਅੜਚਣ ਨਹੀਂ ਪਵੇਗੀ। ਜਿਸ ਨੂੰ ਤੁਸੀਂ ਖਿਲਾਰਾ ਸਮਝ ਰਹੇ ਹੋ, ਇਸ ਪਸਾਰੇ ਦਾ ਤੁਹਾਡੀ ਬਿਰਤੀ ਤੇ ਕੋਈ ਅਸਰ ਨਹੀਂ ਪਵੇਗਾ ਸਗੋਂ ਤੁਹਾਨੂੰ ਇਸ ਸੇਵਾ ਵਿੱਚੋਂ ਆਤਮਿਕ ਲਾਹਾ ਮਿਲੇਗਾ।'

(ਚਲਦਾ)

## ਅਦਾਲਤੀ ਰੋਕ ਦੇ ਬਾਵਜੂਦ ਨੌਜਵਾਨ ਇਕ ਸਾਲ ਵਿਚ ਦੂਜੀ ਵਾਰ ਡਿਪੋਰਟ

ਨਿਊਯਾਰਕ : ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਅਦਾਲਤੀ ਸੁਰੱਖਿਆ ਪ੍ਰਾਪਤ 19 ਸਾਲਾ ਪਨਾਹ ਮੰਗਣ ਵਾਲੇ ਨੌਜਵਾਨ ਨੂੰ ਛੇ ਮਹੀਨਿਆਂ ਵਿਚ ਦੂਜੀ ਵਾਰ ਅਲ ਸਲਵਾਡੋਰ ਡਿਪੋਰਟ ਕਰ ਦਿੱਤਾ। ਗਲਤੀ ਸਾਹਮਣੇ ਆਉਣ ਮਗਰੋਂ ਸੰਘੀ ਅਦਾਲਤ ਨੇ ਸਰਕਾਰ ਤੋਂ ਜਵਾਬ ਮੰਗਿਆ ਹੈ, ਜਦਕਿ 'ਆਈਸ' ਨੇ ਉਸ ਨੂੰ ਮੁੜ ਅਮਰੀਕਾ ਲਿਆਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਦਾਲਤੀ ਦਸਤਾਵੇਜ਼ਾਂ ਵਿਚ ਨੌਜਵਾਨ ਦੀ ਪਛਾਣ ਈ.ਐੱਲ.ਏ. ਵਜੋਂ ਦਰਜ ਹੈ। ਗ੍ਰਹਿ ਸੁਰੱਖਿਆ ਵਿਭਾਗ ਨੇ ਉਸ ਦਾ ਨਾਂਅ ਐਮਰਸਨ ਓਮਰ ਅਵਾਲੋਸ-ਲੋਪੇਜ਼ ਦੱਸਿਆ ਹੈ। ਉਹ 2023 ਵਿਚ ਇਕੱਲੇ ਨਾਬਾਲਗ ਵਜੋਂ ਅਮਰੀਕਾ ਆਇਆ ਸੀ ਅਤੇ ਉਸ ਦੀ ਪਨਾਹ ਅਰਜ਼ੀ ਉਤੇ ਹਾਲੇ ਫ਼ੈਸਲਾ ਨਹੀਂ ਹੋਇਆ। ਨੌਜਵਾਨ ਨੂੰ ਪਹਿਲੀ ਵਾਰ 13 ਮਾਰਚ ਨੂੰ ਅਲ ਸਲਵਾਡੋਰ ਭੇਜਿਆ ਗਿਆ ਸੀ। ਬਾਅਦ ਵਿਚ ਸਰਕਾਰ ਨੇ ਮੰਨਿਆ ਕਿ ਉਹ ਅਦਾਲਤੀ ਸਮਝੌਤੇ ਅਧੀਨ ਸੁਰੱਖਿਆ ਪ੍ਰਾਪਤ ਵਰਗ ਵਿਚ ਸ਼ਾਮਿਲ ਹੈ ਅਤੇ ਉਸ ਨੂੰ ਪਨਾਹ ਅਰਜ਼ੀ ਦੇ ਫ਼ੈਸਲੇ ਤੋਂ ਪਹਿਲਾਂ ਡਿਪੋਰਟ ਨਹੀਂ ਕੀਤਾ ਜਾ ਸਕਦਾ। ਇਸ ਮਗਰੋਂ ਉਸ ਨੂੰ 7 ਅਗਸਤ ਨੂੰ ਵਾਪਸ ਅਮਰੀਕਾ ਲਿਆਂਦਾ ਗਿਆ। ਵਾਪਸੀ ਤੋਂ ਬਾਅਦ ਨੌਜਵਾਨ ਨੂੰ ਲੁਈਜ਼ਿਆਨਾ ਦੇ ਇਕ ਇਮੀਗ੍ਰੇਸ਼ਨ ਹਿਰਾਸਤ




ਕੇਂਦਰ ਵਿਚ ਰੱਖਿਆ ਗਿਆ ਸੀ। ਪਹਿਲੀ ਸਤੰਬਰ ਨੂੰ ਉਸ ਦੀ ਮਨੋਵਿਗਿਆਨਕ ਜਾਂਚ ਅਚਾਨਕ ਰੱਦ ਕਰ ਦਿੱਤੀ ਗਈ। ਅਧਿਕਾਰੀਆਂ ਨੇ ਉਸ ਨੂੰ ਦੂਜੇ ਹਿਰਾਸਤ ਕੇਂਦਰ ਵਿਚ ਲਿਜਾਣ ਦੀ ਗੱਲ ਕਹੀ ਪਰ ਉਸ ਦਾ ਸਾਮਾਨ ਲੈ ਕੇ ਸੈਨ ਸਲਵਾਡੋਰ ਜਾਣ ਵਾਲੇ ਜਹਾਜ਼ ਵਿਚ ਬਿਠਾ ਦਿੱਤਾ। ਨੌਜਵਾਨ ਦੇ ਪਰਿਵਾਰ ਅਤੇ ਵਕੀਲ ਨੂੰ ਇਸ ਦੀ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ। ਅਲ ਸਲਵਾਡੋਰ ਪਹੁੰਚ ਕੇ ਉਸ ਨੇ ਇਕ ਅਣਜਾਣ ਵਿਅਕਤੀ ਦਾ ਫ਼ੋਨ ਲਿਆ ਅਤੇ ਅਮਰੀਕਾ ਵਿਚ ਰਹਿੰਦੇ ਆਪਣੇ ਪਰਿਵਾਰ ਨੂੰ ਡਿਪੋਰਟ ਹੋਣ ਬਾਰੇ ਦੱਸਿਆ। ਵਕੀਲਾਂ ਮੁਤਾਬਕ ਜਿਸ ਦੇਸ਼ ਵਿਚ ਉਸ ਨੂੰ ਭੇਜਿਆ ਗਿਆ ਹੈ, ਉਥੇ ਉਸ ਨੂੰ ਜ਼ੁਲਮ ਅਤੇ ਆਪਣੀ ਸੁਰੱਖਿਆ ਦਾ ਡਰ ਹੈ। ਪਰਿਵਾਰ ਅਮਰੀਕਾ ਦੇ ਕਿਸ ਸ਼ਹਿਰ ਜਾਂ ਸੂਬੇ ਵਿੱਚ ਰਹਿੰਦਾ ਹੈ, ਇਸ ਬਾਰੇ ਕੋਈ ਜਾਣਕਾਰੀ ਜਨਤਕ ਨਹੀਂ ਕੀਤੀ ਗਈ।

## ਕੈਨੇਡਾ ਵਿਚ ਅਗਸਤ ਦੌਰਾਨ 41,000 ਤੋਂ ਵੱਧ ਨੌਕਰੀਆਂ ਖੁੱਸੀਆਂ

### ਰੁਜ਼ਗਾਰ ਵਿੱਚ ਆਈ ਗਿਰਾਵਟ; ਮਾਹਿਰਾਂ ਨੇ ਨੌਕਰੀਆਂ ਵਧਣ ਦਾ ਲਾਇਆ ਸੀ ਅਨੁਮਾਨ

ਓਟਵਾ : ਕੈਨੇਡਾ ਵਿਚ ਅਗਸਤ ਦੌਰਾਨ 41,700 ਨੌਕਰੀਆਂ ਖੁੱਸੀਆਂ ਹਨ। ਦੂਜੇ ਪਾਸੇ ਇੰਨੇ ਵੱਡੇ ਪੱਧਰ 'ਤੇ ਨੌਕਰੀਆਂ ਜਾਣ ਦੇ ਬਾਵਜੂਦ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ 6.4% 'ਤੇ ਸਥਿਰ ਬਣੀ ਰਹੀ ਹੈ। ਇਸ ਤੋਂ ਪਹਿਲਾਂ ਵਿਸ਼ਲੇਸ਼ਕਾਂ ਦੇ ਸਰਵੇਖਣ ਵਿੱਚ ਇਹ ਪੇਸ਼ੀਨਗੋਈ ਕੀਤੀ ਸੀ ਕਿ ਜੁਲਾਈ ਦੇ ਮਹੀਨੇ ਦੌਰਾਨ ਹੋਏ 75,100 ਨੌਕਰੀਆਂ ਦੇ ਭਾਰੀ ਵਾਧੇ ਤੋਂ ਬਾਅਦ ਅਗਸਤ ਵਿੱਚ ਲਗਪਗ 15,000 ਨੌਕਰੀਆਂ ਦਾ ਵਾਧਾ ਦੇਖਣ ਨੂੰ ਮਿਲ ਸਕਦਾ ਹੈ ਪਰ ਅਸਲ ਹਾਲਾਤ ਇਸ ਦੇ ਬਿਲਕੁਲ ਉਲਟ ਰਹੇ ਅਤੇ ਰੁਜ਼ਗਾਰ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ।

ਇਹ ਖੁਲਾਸਾ ਆਰਥਿਕ ਰਿਪੋਰਟ ਵਿਚ ਹੋਇਆ ਹੈ। ਇਹ ਅੰਕੜੇ ਸਾਹਮਣੇ ਆਉਣ ਤੋਂ ਬਾਅਦ ਵਿੱਤੀ ਬਾਜ਼ਾਰਾਂ ਵਿੱਚ ਤੁਰੰਤ ਪ੍ਰਤੀਕਿਰਿਆ ਦੇਖਣ ਨੂੰ ਮਿਲੀ, ਜਿਸ ਕਾਰਨ ਕੈਨੇਡੀਅਨ ਡਾਲਰ ਅਮਰੀਕੀ ਡਾਲਰ ਦੇ ਮੁਕਾਬਲੇ 0.51% ਡਿੱਗ ਕੇ 3£1.3860 'ਤੇ ਆ ਗਿਆ। ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਪਿਛਲੇ ਸਾਲ ਤੋਂ ਪਰਵਾਸੀਆਂ ਨੂੰ ਦੋਹਰੀ ਮਾਰ ਪੈ ਰਹੀ ਹੈ। ਇਕ ਤਾਂ ਕੈਨੇਡਾ ਸਰਕਾਰ ਨੇ ਪੱਕੇ ਹੋਣ ਦੇ ਨਿਯਮ ਸਖ਼ਤ ਕਰ ਦਿੱਤੇ ਹਨ। ਦੂਜੇ ਪਾਸੇ ਨੌਕਰੀਆਂ ਜਾਣ ਦਾ ਖਦਸ਼ਾ ਬਰਕਰਾਰ ਹੈ ਤੇ ਨੌਕਰੀਆਂ ਲੱਭਣ ਲਈ ਨੌਜਵਾਨਾਂ ਨੂੰ ਜੂਝਣਾ ਪੈ ਰਿਹਾ ਹੈ।




**ਵੱਖ-ਵੱਖ ਸੈਕਟਰਾਂ ਵਿੱਚ ਨੌਕਰੀਆਂ ਘਟੀਆਂ :** ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਜ਼ਿਆਦਾਤਰ ਨੌਕਰੀਆਂ ਦਾ ਨੁਕਸਾਨ ਫੁੱਲ-ਟਾਈਮ ਰੁਜ਼ਗਾਰ ਵਿੱਚ ਦੇਖਿਆ ਗਿਆ ਹੈ ਜਿੱਥੇ ਕੁੱਲ 35,900 ਅਹੁਦੇ ਘਟ ਗਏ ਹਨ, ਜਦੋਂ ਕਿ ਪਾਰਟ-ਟਾਈਮ ਰੁਜ਼ਗਾਰ ਵਿੱਚ ਵੀ 5,800 ਨੌਕਰੀਆਂ ਦੀ ਕਮੀ ਆਈ ਹੈ। ਸੇਵਾ-ਉਤਪਾਦਨ ਉਦਯੋਗਾਂ ਜਿਵੇਂ ਕਿ ਸਿਹਤ ਸੰਭਾਲ, ਸਿੱਖਿਆ, ਆਵਾਜਾਈ ਅਤੇ ਵਿੱਤ ਨੂੰ ਇਸ ਮੰਦੀ ਦਾ ਸਭ ਤੋਂ ਵੱਡਾ ਨੁਕਸਾਨ ਝੱਲਣਾ ਪਿਆ ਹੈ ਅਤੇ ਅਗਸਤ ਮਹੀਨੇ ਦੌਰਾਨ ਇਕੱਲੇ ਇਸ ਸੈਕਟਰ ਨੇ 51,500 ਨੌਕਰੀਆਂ ਗੁਆ ਦਿੱਤੀਆਂ ਹਨ। ਇਸ ਤੋਂ ਇਲਾਵਾ, ਦੇਸ਼ ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 0.3 ਫ਼ੀਸਦੀ ਵਧ ਕੇ 12.9% ਤੱਕ ਪਹੁੰਚ ਗਈ ਹੈ ਅਤੇ ਸਥਾਈ ਕਰਮਚਾਰੀਆਂ ਦੀ ਔਸਤ ਪ੍ਰਤੀ ਘੰਟਾ ਉਜਰਤ ਵਿੱਚ ਵੀ ਗਿਰਾਵਟ ਆ ਕੇ ਇਹ ਸਿਰਫ਼ 2% ਰਹਿ ਗਈ ਹੈ। ਆਉਣ ਵਾਲੇ ਦਿਨਾਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਵੇਂ 50% ਟੈਰਿਫਾਂ ਦੇ ਪ੍ਰਭਾਵ ਅਤੇ ਕੈਨੇਡਾ ਦੀਆਂ ਜਵਾਬੀ ਕਾਰਵਾਈਆਂ ਦੇ ਲਾਗੂ ਹੋਣ ਕਾਰਨ ਕੈਨੇਡਾ ਦੇ ਲੇਬਰ ਮਾਰਕਿਟ ਦੀ ਇਸ ਪਹਿਲਾਂ ਹੀ ਮੱਧਮ ਪੈ ਚੁੱਕੀ ਗਤੀ ਨੂੰ ਹੋਰ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਅਮਰੀਕੀਆਂ ਦੀ ਤਨਖਾਹ 'ਚ ਵਾਧਾ ਮਹਿੰਗਾਈ ਅੱਗੇ ਬੌਣਾ ਸਾਬਤ ਹੋਇਆ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਅਮਰੀਕੀ ਅਰਥ ਵਿਵਸਥਾ ਵਿਚ ਸੁਧਾਰ ਦੇ ਸੰਕੇਤ ਮਿਲੇ ਹਨ। ਪਰੰਤੂ ਮਹਿੰਗਾਈ ਵਿਚ ਹੋਏ ਵਾਧੇ ਕਾਰਨ ਆਮ ਲੋਕਾਂ ਦੀ ਆਰਥਕ ਹਾਲਤ 'ਚ ਸੁਧਾਰ ਨਹੀਂ ਹੋ ਰਿਹਾ। ਪਿਛਲੇ ਅਗਸਤ ਮਹੀਨੇ ਵਿਚ ਅਮਰੀਕੀ ਅਰਥ ਵਿਵਸਥਾ 'ਚ ਇਕ ਵਰਣਨਯੋਗ ਤੱਥ ਵੇਖਣ ਨੂੰ ਮਿਲਿਆ ਹੈ, ਜਿਸ ਨੇ ਅਰਥਸ਼ਾਸਤਰੀਆਂ ਦੇ ਅਨੁਮਾਨਾਂ ਨੂੰ ਗਲਤ ਸਾਬਤ ਕਰ ਦਿੱਤਾ ਹੈ। ਅਗਸਤ ਮਹੀਨੇ ਵਿਚ 162,000 ਨੌਕਰੀਆਂ ਪੈਦਾ ਹੋਈਆਂ, ਜੋ ਕਿ ਅਰਥਸ਼ਾਸਤਰੀਆਂ ਦੀ ਉਮੀਦ ਨਾਲੋਂ ਦੁੱਗਣੇ ਤੋਂ ਵੀ ਵੱਧ ਹਨ, ਜਦੋਂਕਿ ਬੇਰੁਜ਼ਗਾਰੀ ਦਰ 4.1 ਫ਼ੀਸਦੀ 'ਤੇ ਬਣੀ ਰਹੀ। ਇਹ ਖੁਲਾਸਾ ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਵਲੋਂ ਸ਼ੁਕਰਵਾਰ ਨੂੰ ਜਾਰੀ ਅੰਕੜਿਆਂ ਤੋਂ ਹੋਇਆ ਹੈ। ਇਸ ਸਾਲ ਮਾਰਚ ਤੋਂ ਬਾਅਦ ਨੌਕਰੀਆਂ ਵਿੱਚ ਇਹ ਵਾਧਾ ਸਭ ਤੋਂ ਵਧ ਹੈ। ਜੁਲਾਈ ਵਿਚ 23,000 ਨੌਕਰੀਆਂ ਦੇ ਨੁਕਸਾਨ ਦੇ ਅਨੁਮਾਨ ਤੋਂ ਬਾਅਦ ਅੰਕੜੇ ਨੂੰ 21,000 ਨੌਕਰੀਆਂ ਦੇ ਵਾਧੇ ਨਾਲ ਸੋਧਿਆ ਗਿਆ ਸੀ। ਜੂਨ ਵਿਚ ਵੀ 31,000 ਨੌਕਰੀਆਂ ਪੈਦਾ ਹੋਈਆਂ ਸਨ ਜਦ ਕਿ 20,0000 ਨੌਕਰੀਆਂ ਪੈਦਾ ਹੋਣ ਦਾ ਅਨੁਮਾਨ ਲਾਇਆ ਗਿਆ ਸੀ। ਪਿਛਲੇ ਮਹੀਨੇ 65,000 ਨੌਕਰੀਆਂ ਦੇ ਸ਼ੁੱਧ ਵਾਧੇ ਦੀ ਭਵਿੱਖਬਾਣੀ ਕੀਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਬੇਰੁਜ਼ਗਾਰੀ ਦਰ 4.2 ਫ਼ੀਸਦੀ ਤੱਕ ਵਧ ਜਾਵੇਗੀ। ਗਲਾਸਡੋਰ ਦੇ ਮੁੱਖ ਅਰਥਸ਼ਾਸਤਰੀ ਡੈਨੀਅਲ ਝਾਓ ਨੇ ਕਿਹਾ ਕਿ ਸ਼ੁੱਕਰਵਾਰ ਦੇ ਅੰਕੜੇ ਉਨਾਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ, ਜਿਨ੍ਹਾਂ ਵਿਚ ਅਰਥ ਵਿਵਸਥਾ ਵਿਚ ਮੰਦਾ ਆਉਣ ਦੀ ਫਿਕਰਮੰਦੀ ਜਾਹਿਰ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਤਾਜ਼ਾ ਰਿਪੋਰਟ ਨੇ ਉਮੀਦਾਂ 'ਚ ਵਾਧਾ ਕੀਤਾ ਹੈ ਤੇ ਇਹ ਮਹਿਸੂਸ ਹੁੰਦਾ ਹੈ ਕਿ ਰਿਪੋਰਟਾਂ ਚੰਗੇ ਅਤੇ ਮਾੜੇ ਵਿਚਕਾਰ ਬਦਲ ਰਹੀਆਂ ਹਨ ਤੇ ਕੁੱਲ ਮਿਲਾ ਕੇ ਅਸੀਂ ਜਿੱਤ ਪ੍ਰਾਪਤ ਕਰਾਂਗੇ। ਅਗਸਤ ਵਿੱਚ ਤਨਖਾਹ ਵਾਧਾ ਫਿਰ ਮੱਧਮ ਹੋ ਗਿਆ ਤੇ ਇਹ 3.1ਫ਼ੀਸਦੀ ਦੀ ਸਾਲਾਨਾ ਦਰ 'ਤੇ ਆ ਗਿਆ ਜੋ ਕਿ ਪਿਛਲੇ ਪੰਜ ਸਾਲਾਂ ਦਾ ਇੱਕ ਤਾਜ਼ਾ ਨੀਵਾਂ ਪੱਧਰ ਹੈ। ਇਹ ਲਗਾਤਾਰ ਚੌਥਾ ਮਹੀਨਾ ਵੀ ਹੈ ਜਦੋਂ ਅਮਰੀਕੀਆਂ ਦੇ ਤਨਖਾਹ ਲਾਭ ਸਮੁੱਚੀ ਮਹਿੰਗਾਈ ਅੱਗੇ ਬੌਣੇ ਸਾਬਤ ਹੋਏ ਹਨ।

# 'ਅਮਰੀਕਾ 'ਚ ਬਣਾਓ, ਤਾਂ ਹੀ ਇੱਥੇ ਜਹਾਜ਼ ਵੇਚ ਸਕੋਗੇ': ਟਰੰਪ ਦਾ ਕੈਨੇਡੀਅਨ ਕੰਪਨੀ ਬੰਬਾਰਡੀਅਰ ਨੂੰ ਅਲਟੀਮੇਟਮ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਦੀ ਮਸ਼ਹੂਰ ਜਹਾਜ਼ ਬਣਾਉਣ ਵਾਲੀ ਕੰਪਨੀ ਬੰਬਾਰਡੀਅਰ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ। ਟਰੰਪ ਨੇ ਸਾਫ਼ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੰਪਨੀ ਅਮਰੀਕੀ ਬਾਜ਼ਾਰ ਵਿੱਚ ਆਪਣੇ ਜਹਾਜ਼ ਵੇਚਣਾ ਚਾਹੁੰਦੀ ਹੈ, ਤਾਂ ਉਸ ਨੂੰ ਇਨ੍ਹਾਂ ਦਾ ਉਤਪਾਦਨ (ਮੈਨੂਫੈਕਚਰਿੰਗ) ਅਮਰੀਕਾ ਵਿੱਚ ਹੀ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੰਪਨੀ ਅਮਰੀਕਾ ਵਿੱਚ ਉਤਪਾਦਨ ਸ਼ੁਰੂ ਨਹੀਂ ਕਰਦੀ, ਉਹ ਇੱਥੇ ਆਪਣੇ ਜਹਾਜ਼ ਨਹੀਂ ਵੇਚ ਸਕੇਗੀ।



ਰਾਸ਼ਟਰਪਤੀ ਟਰੰਪ ਨੇ ਇਹ ਐਲਾਨ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (X) 'ਤੇ ਸਾਂਝੀ ਕੀਤੀ ਗਈ ਇੱਕ ਟਰੁਥ ਸੋਸ਼ਲ ਪੋਸਟ ਰਾਹੀਂ ਕੀਤਾ। ਇਸ ਪੋਸਟ ਵਿੱਚ ਉਨ੍ਹਾਂ ਨੇ ਬੰਬਾਰਡੀਅਰ ਦੇ ਜਹਾਜ਼ਾਂ ਦੀ ਗੁਣਵੱਤਾ 'ਤੇ ਵੀ ਸਵਾਲ ਚੁੱਕੇ ਹਨ ਅਤੇ ਕਿਹਾ ਹੈ ਕਿ ਇਨ੍ਹਾਂ ਦੇ ਜਹਾਜ਼ ਅਮਰੀਕਾ ਵਿੱਚ ਵੇਚਣ ਲਈ ਕਾਫ਼ੀ ਚੰਗੇ ਨਹੀਂ ਹਨ। ਟਰੰਪ ਨੇ ਦੋਸ਼ ਲਗਾਇਆ ਕਿ ਵਿਦੇਸ਼ੀ ਕੰਪਨੀਆਂ ਅਮਰੀਕਾ ਨੂੰ ਸਿਰਫ਼ ਕਮਾਈ ਦਾ ਜ਼ਰੀਆ ਮੰਨਦੀਆਂ ਹਨ। ਉਨ੍ਹਾਂ ਕਿਹਾ ਕਿ ਬੰਬਾਰਡੀਅਰ ਆਪਣੀ ਕਮਾਈ ਲਈ ਅਮਰੀਕੀ ਖਰੀਦਦਾਰਾਂ, ਕੰਪਨੀਆਂ, ਹਵਾਈ ਅੱਡਿਆਂ ਅਤੇ ਸੇਵਾਵਾਂ 'ਤੇ ਨਿਰਭਰ ਕਰਦੀ ਹੈ, ਜਦਕਿ ਕੈਨੇਡਾ ਅਮਰੀਕੀ ਕੰਪਨੀਆਂ ਦੇ ਰਾਹ ਵਿੱਚ ਰੁਕਾਵਟਾਂ ਖੜ੍ਹੀਆਂ ਕਰਦਾ ਹੈ।

ਅਮਰੀਕੀ ਬਾਜ਼ਾਰ ਬੰਬਾਰਡੀਅਰ ਕੰਪਨੀ ਲਈ ਬੇਹੱਦ ਮਹੱਤਵਪੂਰਨ ਹੈ ਕਿਉਂਕਿ ਕੰਪਨੀ ਦੀ ਕੁੱਲ ਕਮਾਈ (ਮਾਲੀਏ) ਦਾ 50 ਫੀਸਦੀ ਤੋਂ ਵੱਧ ਹਿੱਸਾ ਅਮਰੀਕਾ ਤੋਂ ਆਉਂਦਾ ਹੈ। ਇਸ ਤੋਂ ਇਲਾਵਾ, ਕੰਪਨੀ ਦੇ ਗਾਹਕਾਂ ਕੋਲ ਮੌਜੂਦ ਲਗਭਗ 5,100 ਜਹਾਜ਼ਾਂ ਵਿੱਚੋਂ ਕਰੀਬ ਅੱਧੇ ਜਹਾਜ਼ ਅਮਰੀਕਾ ਵਿੱਚ ਹੀ ਚੱਲਦੇ ਹਨ।

ਹਾਲਾਂਕਿ, ਬੰਬਾਰਡੀਅਰ ਦਾ ਪਹਿਲਾਂ ਤੋਂ ਹੀ ਅਮਰੀਕਾ ਵਿੱਚ ਕਾਰੋਬਾਰ ਹੈ ਅਤੇ ਕੰਪਨੀ ਦੇ ਡਿਫੈਂਸ ਡਿਵੀਜ਼ਨ ਦੀ ਕੰਸਾਸ ਰਾਜ ਵਿੱਚ ਇੱਕ ਫੈਕਟਰੀ ਮੌਜੂਦ ਹੈ, ਜਿੱਥੇ ਖ਼ਾਸ ਮਿਸ਼ਨਾਂ ਲਈ ਜਹਾਜ਼ ਤਿਆਰ ਕੀਤੇ ਜਾਂਦੇ ਹਨ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਟਰੰਪ ਨੇ ਬੰਬਾਰਡੀਅਰ ਪ੍ਰਤੀ ਅਜਿਹਾ ਸਖ਼ਤ ਰੁਖ਼ ਅਪਣਾਇਆ ਹੈ। ਇਸ ਤੋਂ ਪਹਿਲਾਂ ਜਨਵਰੀ ਵਿੱਚ ਵੀ ਉਨ੍ਹਾਂ ਨੇ ਕੰਪਨੀ ਦੇ ਗਲੋਬਲ ਐਕਸਪ੍ਰੈਸ ਬਿਜ਼ਨਸ ਜੈੱਟ ਦੇ ਆਯਾਤ 'ਤੇ 50 ਫੀਸਦੀ ਤੱਕ ਡਿਊਟੀ ਲਗਾਉਣ ਦੀ ਧਮਕੀ ਦਿੱਤੀ ਸੀ, ਜਿਸ ਤੋਂ ਬਾਅਦ ਕੈਨੇਡਾ ਨੇ ਅਮਰੀਕੀ ਕੰਪਨੀ ਗਲਫਸਟ ?ਰੀਮ ਦੇ ਜਹਾਜ਼ਾਂ ਨੂੰ ਪ੍ਰਮਾਣਿਤ ਕਰ ਦਿੱਤਾ ਸੀ। ਇਹ ਨਵੀਂ ਘੋਸ਼ਣਾ ਅਜਿਹੇ ਸਮੇਂ ਆਈ ਹੈ ਜਦੋਂ ਅਮਰੀਕਾ ਅਤੇ ਕੈਨੇਡਾ ਵਿਚਾਲੇ ਵਪਾਰਕ ਤਣਾਅ ਵਧਿਆ ਹੋਇਆ ਹੈ। ਹਾਲਾਂਕਿ, ਬੰਬਾਰਡੀਅਰ ਕੰਪਨੀ ਦਾ ਕਾਰੋਬਾਰ ਮਜ਼ਬੂਤ ਬਣਿਆ ਹੋਇਆ ਹੈ ਅਤੇ ਹਾਲ ਹੀ ਵਿੱਚ ਜੁਲਾਈ ਵਿੱਚ ਕੰਪਨੀ ਨੇ ਲਗਭਗ 2.15 ਅਰਬ ਡਾਲਰ ਦੀ ਤਿਮਾਹੀ ਕਮਾਈ ਦਰਜ ਕੀਤੀ ਸੀ। ਫਿਲਹਾਲ ਕੰਪਨੀ ਵੱਲੋਂ ਇਸ ਬਿਆਨ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ ਹੈ।

# 1.8 ਅਰਬ ਡਾਲਰ ਦੇ ਵਿਵਾਦਿਤ ਫੰਡ ਦੀ ਯੋਜਨਾ ਬਣਾਉਣ ਵਾਲਿਆਂ ਦੇ ਨਾਂਅ ਦੱਸਣ ਦੇ ਹੁਕਮ

ਨਿਊਯਾਰਕ : ਅਮਰੀਕਾ ਦੀ ਸੰਘੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ 1.776 ਅਰਬ ਡਾਲਰ ਦੇ 'ਐਂਟੀ-ਵੇਪਨਾਈਜ਼ੇਸ਼ਨ' ਫੰਡ ਦੀ ਯੋਜਨਾ ਬਣਾਉਣ ਵਾਲੇ ਅਧਿਕਾਰੀਆਂ ਅਤੇ ਹੋਰ ਵਿਅਕਤੀਆਂ ਦੇ ਨਾਂਅ ਦੱਸਣ ਦਾ ਹੁਕਮ ਦਿੱਤਾ ਹੈ। ਵਰਜੀਨੀਆ ਦੇ ਮੈਜਿਸਟਰੇਟ ਜੱਜ ਇਵਾਨ ਡੀ. ਡੇਵਿਸ ਨੇ ਫੰਡ ਨੂੰ ਚੁਣੌਤੀ ਦੇਣ ਵਾਲੇ ਪੱਖ ਦੀ ਮੰਗ ਨੂੰ ਅੰਸ਼ਕ ਤੌਰ 'ਤੇ ਮਨਜ਼ੂਰ ਕਰਦਿਆਂ ਇਹ ਆਦੇਸ਼ ਦਿੱਤਾ। ਅਮਰੀਕੀ ਨਿਆਂ ਵਿਭਾਗ ਨੇ ਮਈ ਵਿਚ ਇਸ ਫੰਡ ਦਾ ਐਲਾਨ ਕੀਤਾ ਸੀ। ਇਹ ਯੋਜਨਾ ਰਾਸ਼ਟਰਪਤੀ ਡੋਨਾਲਡ ਟਰੰਪ, ਉਨ੍ਹਾਂ ਦੇ ਦੋ ਪੁੱਤਰਾਂ ਅਤੇ ਟਰੰਪ ਆਰਗੇਨਾਈਜ਼ੇਸ਼ਨ ਵਲੋਂ ਆਈ.ਆਰ.ਐੱਸ. ਖ਼ਿਲਾਫ਼ ਦਾਇਰ ਕੇਸ ਦੇ ਸਮਝੌਤੇ ਨਾਲ ਜੁੜੀ ਸੀ। ਇਹ ਮਾਮਲਾ ਉਨ੍ਹਾਂ ਦੀਆਂ ਟੈਕਸ ਰਿਟਰਨਾਂ ਲੀਕ ਹੋਣ ਤੋਂ ਬਾਅਦ ਸ਼ੁਰੂ ਹੋਇਆ ਸੀ। ਸਮਝੌਤੇ ਤਹਿਤ ਟਰੰਪ ਪਰਿਵਾਰ ਨੂੰ ਰਸਮੀ ਮੁਆਫ਼ੀ ਮਿਲਣੀ ਸੀ ਪਰ ਕੋਈ ਸਿੱਧਾ ਵਿੱਤੀ ਮੁਆਵਜ਼ਾ ਨਹੀਂ ਦਿੱਤਾ ਜਾਣਾ ਸੀ ਫ਼ੰਡ ਦੀ ਰਕਮ ਸਰਕਾਰੀ ਜਜਮੈਂਟ ਫੰਡ ਵਿਚੋਂ ਆਉਣੀ ਸੀ। ਇਸ ਰਾਹੀਂ ਸਰਕਾਰੀ ਤਾਕਤ ਜਾਂ ਕਾਨੂੰਨੀ ਕਾਰਵਾਈ ਦੀ ਗਲਤ ਵਰਤੋਂ ਦਾ ਸ਼ਿਕਾਰ ਹੋਣ ਦਾ ਦਾਅਵਾ ਕਰਨ ਵਾਲਿਆਂ ਨੂੰ ਮੁਆਵਜ਼ਾ ਦੇਣ ਦੀ ਯੋਜਨਾ ਸੀ। ਦਾਅਵਿਆਂ 'ਤੇ ਫ਼ੈਸਲਾ ਕਰਨ ਲਈ ਪੰਜ ਮੈਂਬਰੀ ਕਮਿਸ਼ਨ ਬਣਾਇਆ ਜਾਣਾ ਸੀ। ਯੋਜਨਾ ਦੀ ਪਾਰਦਰਸ਼ਤਾ ਅਤੇ ਸੰਭਾਵੀ ਲਾਭਪਾਤਰੀਆਂ ਨੂੰ ਲੈ ਕੇ ਸਵਾਲ ਉੱਠਣ ਮਗਰੋਂ ਅਦਾਲਤ ਨੇ ਫੰਡ ਬਣਾਉਣ, ਰਕਮ ਤਬਦੀਲ ਕਰਨ ਅਤੇ ਭੁਗਤਾਨ ਕਰਨ 'ਤੇ ਰੋਕ ਲਗਾ ਦਿੱਤੀ ਸੀ। ਇਹ ਖ਼ਦਸ਼ਾ ਵੀ ਪ੍ਰਗਟਾਇਆ ਗਿਆ ਕਿ 6 ਜਨਵਰੀ ਦੇ ਕੈਪੀਟਲ ਹਮਲੇ ਨਾਲ ਜੁੜੇ ਅਤੇ ਬਾਅਦ ਵਿਚ ਮੁਆਫ਼ੀ ਪ੍ਰਾਪਤ ਲੋਕ ਮੁਆਵਜ਼ੇ ਲਈ ਦਾਅਵਾ ਕਰ ਸਕਦੇ ਹਨ। ਅਟਾਰਨੀ ਜਨਰਲ ਟੌਡ ਬਲਾਂਚ ਨੇ ਬਾਅਦ ਵਿਚ ਫੰਡ ਰੱਦ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਨਾ ਕੋਈ ਕਮਿਸ਼ਨ ਬਣਿਆ, ਨਾ ਪੈਸਾ ਤਬਦੀਲ ਹੋਇਆ ਅਤੇ ਨਾ ਹੀ ਕਿਸੇ ਦਾਅਵੇ ਦਾ ਭੁਗਤਾਨ ਕੀਤਾ ਗਿਆ। ਇਸ ਦੇ ਬਾਵਜੂਦ ਮੁਕੱਦਮਾ ਕਰਨ ਵਾਲਾ ਪੱਖ ਇਹ ਜਾਣਨਾ ਚਾਹੁੰਦਾ ਹੈ ਕਿ ਫੰਡ ਦੀ ਬਣਤਰ ਕਿਸ ਨੇ ਅਤੇ ਕਿਹੜੇ ਆਧਾਰ 'ਤੇ ਤਿਆਰ ਕੀਤੀ ਸੀ।

# ਬਜ਼ੁਰਗਾਂ ਨਾਲ 25 ਕਰੋੜ ਡਾਲਰ ਦੀ ਠੱਗੀ ਦਾ ਮੁੱਖ ਮੁਲਜ਼ਮ ਜੇ.ਐੱਫ.ਕੇ. ਏਅਰਪੋਰਟ 'ਤੇ ਦਬੋਚਿਆ

ਨਿਊਯਾਰਕ : ਅਮਰੀਕਾ ਵਿਚ ਬਜ਼ੁਰਗਾਂ ਦੀ ਉਮਰ ਭਰ ਦੀ ਕਮਾਈ ਹੜੱਪਣ ਵਾਲੇ ਇਕ ਅੰਤਰਰਾਸ਼ਟਰੀ ਗਰੋਹ ਦੇ ਮੁੱਖ ਮੁਲਜ਼ਮ ਨੂੰ ਨਿਊਯਾਰਕ ਦੇ ਜੌਨ ਐੱਫ. ਕੈਨੇਡੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਅਧਿਕਾਰੀਆਂ ਮੁਤਾਬਕ 35 ਸਾਲਾ ਮੁਜ਼ਾਮਿਲ ਅਹਿਮਦ ਅਮਰੀਕਾ ਛੱਡਣ ਲਈ ਉਡਾਣ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਅਹਿਮਦ ਵਿਰੁੱਧ ਸੰਗਠਿਤ ਅਪਰਾਧ ਰਾਹੀਂ ਚੋਰੀ, ਬਜ਼ੁਰਗਾਂ ਦਾ ਵਿੱਤੀ ਸ਼ੋਸ਼ਣ ਅਤੇ ਹਵਾਲਾ ਰਾਸ਼ੀ ਦੇ ਦੋਸ਼ ਲਗਾਏ ਗਏ ਹਨ। ਅਹਿਮਦ ਦੇ ਗਰੋਹ ਵਲੋਂ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਵਿਚ 200 ਤੋਂ ਵੱਧ ਬਜ਼ੁਰਗਾਂ ਨੂੰ 25 ਕਰੋੜ ਡਾਲਰ ਤੋਂ ਜ਼ਿਆਦਾ ਦਾ ਨੁਕਸਾਨ ਪਹੁੰਚਾਇਆ। ਇਸ ਨੈੱਟਵਰਕ ਨਾਲ ਸੰਬੰਧਿਤ ਲਗਭਗ 13 ਕਰੋੜ ਡਾਲਰ ਦਾ ਸੋਨਾ ਜ਼ਬਤ ਕੀਤਾ ਜਾ ਚੁੱਕਾ ਹੈ ਅਤੇ 40 ਤੋਂ ਵੱਧ ਵਿਅਕਤੀਆਂ ਵਿਰੁੱਧ ਦੋਸ਼ ਆਇਦ ਹੋਏ ਹਨ। ਇਕੱਲੇ ਇਕ ਪੀੜਤ ਨੂੰ 20 ਲੱਖ ਡਾਲਰ ਦਾ ਨੁਕਸਾਨ ਹੋਇਆ ਸੀ। ਜਾਂਚਕਾਰਾਂ ਦਾ ਦਾਅਵਾ ਹੈ ਕਿ ਅਹਿਮਦ ਨਿਊਜਰਸੀ ਤੋਂ ਕਥਿਤ ਵਿੱਤੀ ਨੈੱਟਵਰਕ ਚਲਾਉਂਦਾ ਸੀ। ਉਸ ਨੇ ਚੋਰੀ ਦੀ ਰਕਮ ਦਾ ਅਸਲੀ ਸਰੋਤ ਲੁਕਾਉਣ ਲਈ ਕਈ ਕਾਗਜ਼ੀ ਕੰਪਨੀਆਂ ਬਣਾਈਆਂ। ਇਨ੍ਹਾਂ ਰਾਹੀਂ ਬਜ਼ੁਰਗਾਂ ਕੋਲੋਂ ਹਾਸਲ ਕੀਤਾ ਸੋਨਾ ਫਲੋਰੀਡਾ ਦੀ ਇਕ ਰਿਫਾਇਨਰੀ ਤੱਕ ਪਹੁੰਚਾਇਆ ਜਾਂਦਾ ਸੀ। ਬਾਅਦ ਵਿਚ ਸੋਨੇ ਅਤੇ ਨਕਦੀ ਨੂੰ ਕ੍ਰਿਪਟੋਕਰੰਸੀ ਵਿਚ ਬਦਲ ਕੇ ਅਮਰੀਕਾ ਤੋਂ ਬਾਹਰ ਭੇਜ ਦਿੱਤਾ ਜਾਂਦਾ ਸੀ।






CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਦੱਬੀਆਂ ਕੁਚਲੀਆਂ ਜਾਤਾਂ ਦੁਆਰਾ ਸਿੱਖਇਜ਼ਮ ਨੂੰ ਅਪਣਾਉਣ ਦੀ ਸੰਭਾਵਨਾ ਦਾ ਬਹੁਤ ਸਾਰੇ ਹਿੰਦੂਆਂ ਨੂੰ ਪਤਾ ਸੀ। ਕਿੰਨਾ ਚੰਗਾ ਹੋਵੇ ਦੱਬੀਆਂ ਕੁਚਲੀਆਂ ਜਾਤਾਂ ਜੋ ਇਸ ਅੜਾਉਣੀ ਨੂੰ ਹੱਲ ਕਰਨ ਲਈ ਕੋਈ ਵੀ ਧਿਆਨ ਦੇ ਚੁੱਕੀਆਂ ਸਨ ਅਤੇ ਮਿਸਟਰ ਰਾਓ ਬਹਾਦਰ ਐਮ. ਸੀ. ਰਾਜਾ ਨੂੰ ਇਸ ਕਰਕੇ ਜਿਹੜਾ ਕੁਝ ਵੀ ਗੁਪਤ ਸੀ ਦੀ ਸੂਹ ਬਾਹਰ ਕੱਢਣ ਲਈ ਕਿਹਾ ਨਹੀਂ ਸੀ ਜਾ ਸਕਦਾ।

The Bombay Chronicle, dated Hth. August 1936

ਹਵਾਲਾ (ਪੰਨਾ-150/170) Source Material Vol.One

**ਉਸ ਦਾ ਪ੍ਰਭਾਵ ਨਹੀਂ (ਸਫ਼ਾ 151)**

ਰਾਜਾ ਦੇ ਐਲਾਨ ਨੂੰ ਮੈਂ ਮਹੱਤਤਾ ਨਹੀਂ ਦਿੰਦਾ। ਮੇਰੀ ਰਾਇ ਅਨੁਸਾਰ ਉਹ ਦੱਬੀਆਂ ਕੁਚਲੀਆਂ ਜਾਤਾਂ ਦਰਮਿਆਨ ਕਿਸੇ ਚੀਜ਼ ਲਈ ਪ੍ਰਭਾਵ ਨਹੀਂ ਰੱਖਦਾ ਹੈ ਅਤੇ ਜੇਕਰ ਮੈਂ ਮਹਿਸੂਸ

ਕਰਦਾ ਕਿ ਐਸਾ ਹੈ ਤਾਂ ਮੈਂ ਪਹਿਲਾ ਆਦਮੀ ਹੁੰਦਾ ਉਹਦੇ ਕੋਲ ਜਾਂਦਾ ਅਤੇ ਉਸ ਰਾਜਾ ਨੂੰ ਰਾਹ 'ਚ ਡਿੱਗਣ ਲਈ ਮਨਾ ਲੈਂਦਾ। ਉਸ ਦਾ ਵਿਰੋਧ, ਮੇਰੇ ਲਈ ਸ਼ਾਇਦ ਸਚਾਈ ਕਰਕੇ ਹੈ ਕਿ ਉਹ Round table conference ਵਾਸਤੇ ਮੇਰੇ ਅਤੇ ਸਿਰੀਨਿਵਾਸਨ ਦੇ ਹੱਕ 'ਚ ਨਾਮਜ਼ਦਗੀ ਬੀਤ ਜਾਣ ਕਰਕੇ ਹਿਰਖ ਰੱਖਦਾ ਹੈ। ਮਿਸਟਰ ਰਾਜਾ ਨੇ ਇਸ ਕਰਕੇ ਹਰ ਪੱਖ ਤੋਂ ਵਿਰੋਧ ਕਰਨ ਦਾ ਸਿਰਫ਼ ਸੌਖਾ ਢੰਗ ਅਪਣਾ ਲਿਆ ਹੈ ਕਿ ਉਹ ਆਪਣੇ ਲਈ ਜਨਤਾ ਵਿਚ ਅਤੇ ਪ੍ਰੈੱਸ ਵਿਚ ਜਗ ?ਹਾ ਪ੍ਰਾਪਤ ਕਰੇ। ਪਰ ਇਸ ਸਵਾਲ ਤੋਂ ਪਾਸੇ ਹੁੰਦਿਆਂ ਮੈਂ ਨਹੀਂ ਸਮਝਦਾ ਕਿ ਕਿਸ ਤਰ੍ਹਾਂ ਮਿਸਟਰ ਐਮ.ਸੀ. ਰਾਜਾ ਨੂੰ ਕੁਝ ਦੱਬੀਆਂ ਕੁਚਲੀਆਂ ਜਾਤਾਂ ਦੇ ਹਿੰਦੂਵਾਦ ਨੂੰ ਛੱਡਣ ਦੀ ਚਾਲ ਚੱਲਣ ਕਰਕੇ ਅਤੇ ਕੋਈ ਦੂਜਾ ਧਰਮ ਅਪਣਾਉਣ ਦੀ ਕਾਰਵਾਈ ਦੁਆਰਾ ਦੁੱਖ ਹੈ?

Source Material Vol. One

**ਸ਼ਿਕਾਇਤ ਕਰਨ ਦਾ ਹੱਕ ਨਹੀਂ**

ਮਿਸਟਰ ਰਾਜਾ ਨੂੰ ਸ਼ਿਕਾਇਤ ਕਰਨ ਦਾ ਹੱਕ ਨਹੀਂ ਕਿਉਂਕਿ ਕੋਈ ਆਦਮੀ ਉਸ ਨੂੰ ਹਿੰਦੂਵਾਦ 'ਚੋਂ ਬਾਹਰ ਜਾਣ ਲਈ ਮਜਬੂਰ ਨਹੀਂ ਕਰ ਰਿਹਾ, ਜੇਕਰ ਉਹ ਅਜਿਹਾ ਕਰਨਾ ਨਹੀਂ ਚਾਹੁੰਦਾ। ਮੈਂ ਰਾਜਾ ਨੂੰ ਬੋਲਦਿਆਂ ਸੁਣ ਚੁੱਕਾ ਹਾਂ, ਬੋਲਦਿਆਂ ਕਿ ਉਹ ਇਕ ਹਿੰਦੂ ਵਜੋਂ ਜੀਵੇਗਾ ਅਤੇ ਇਕ ਹਿੰਦੂ ਦੇ ਤੌਰ 'ਤੇ ਮਰੇਗਾ। ਉਹ ਅਜਿਹਾ ਕਰਨ ਲਈ ਆਜ਼ਾਦ ਹੈ, ਤਾਂ ਵੀ ਮੈਂ, ਮਿਸਟਰ ਰਾਜਾ ਨੂੰ ਦੱਸਣਾ ਜ਼ਰੂਰੀ ਸਮਝਦਾ ਹਾਂ ਉਹਦੀ ਭਾਸ਼ਣ ਵਿੱਦਿਆ ਸਚਾਈ ਨੂੰ ਨਹੀਂ ਬਦਲ ਦੇਵੇਗੀ ਕਿ ਉਹ ਇਕ ਪੈਰੀਆ ਦੇ ਤੌਰ 'ਤੇ ਜੀਵੇਗਾ ਅਤੇ ਇਕ ਪੈਰੀਆ ਵਜੋਂ ਮਰੇਗਾ ਜਿਹੜੀ ਉਸ ਦੀ ਜਾਤ ਹੈ। ਉਸ ਦੀ ਗੱਲਬਾਤ ਕਿ ਧਰਮ ਬਦਲੀ-ਆਤਮਿਕ ਤੌਰ 'ਤੇ ਹੋਣੀ ਚਾਹੀਦੀ ਹੈ, ਮੈਨੂੰ ਆਖ਼ਰੀ ਬਕਵਾਸ ਦੱਸਦਾ ਹੈ। ਮੈਂ ਪੁੱਛਦਾ ਹਾਂ ਕਿ ਜੇਕਰ ਉਹ ਹਿੰਦੂਵਾਦ 'ਚ ਰਹਿ ਰਿਹਾ ਹੈ, ਕਿਉਂਕਿ ਇਹ ਉਸ ਨੂੰ ਅਧਿਆਤਮ ਤੌਰ 'ਤੇ ਆਰਾਮ ਦਿੰਦਾ ਹੈ? ਜੇਕਰ ਐਸਾ ਹੈ ਕਿ ਮਿਸਟਰ ਰਾਜਾ ਅਧਿਆਤਮਕ ਤਸੱਲੀ ਤੋਂ ਬਗੈਰ ਕੁਝ ਨਹੀਂ ਚਾਹੁੰਦਾ। ਉਹ ਅਜਿਹੀ ਪਦਾਰਥਕ ਅਤੇ ਸੰਸਾਰੀ ਸੋਚ ਵਿਚਾਰ ਅਸੈਂਬਲੀਜ ਵਿਚ ਸੀਟਾਂ ਦੀ ਰਿਜ਼ਰਵੇਸ਼ਨ ਵਜੋਂ ਇਕ ਹਿੰਦੂ ਦੇ ਤੌਰ 'ਤੇ ਜਿਊਂਦਿਆਂ ਅਤੇ ਹਿੰਦੂ ਵਜੋਂ ਮਰਦਿਆਂ ਕਿਉਂ ਚਾਹੁੰਦਾ ਹੈ?

-ਡਾ. ਅੰਬੇਡਕਰ




**ਮਾਲ ਦੇ ਵਟਾਂਦਰੇ ਦਾ ਸਵਾਲ (ਸਫ਼ਾ 151/152)**

ਮਿਸਟਰ ਗਾਂਧੀ ਦੁਆਰਾ ਪ੍ਰਗਟ ਕੀਤੇ ਗਏ ਵਿਚਾਰਾਂ ਸਬੰਧੀ ਮੈਂ ਇਹ ਪੈਂਤੜਾ ਲੈਂਦਾ ਹਾਂ ਕਿ ਉਹ ਅਤੇ ਪੰਡਿਤ ਮਾਲਵੀਆ ਦੱਬੀਆਂ ਕੁਚਲੀਆਂ ਜਾਤਾਂ ਦੇ ਖ਼ਿਲਾਫ਼ ਵਿਚਾਰ ਕੇ ਪ੍ਰਸਤਾਵ ਰੱਖ ਚੁੱਕੇ ਹਨ ਦੇ ਵਿਰੁੱਧ ਸ਼ਿਕਾਇਤ ਕਰਨ ਦਾ ਹੱਕ ਨਹੀਂ ਰੱਖਦੇ। ਉਹ ਪੂਰੀ ਤਰ੍ਹਾਂ ਨਾਲ ਵਾਅਦਿਆਂ ਨੂੰ ਨਿਭਾਉਣ 'ਚ ਅਸਫਲ ਹੋਏ ਹਨ ਜਿਹੜੇ ਦੱਬੀਆਂ ਕੁਚਲੀਆਂ ਜਾਤਾਂ ਨੂੰ ਉੱਪਰ ਚੁੱਕਣ ਲਈ ਉਨ੍ਹਾਂ ਨੇ ਪੂਨਾ ਪੈਕਟ ਵੇਲੇ ਕੀਤੇ ਸਨ। ਮਿਸਟਰ ਗਾਂਧੀ ਕਹਿੰਦੇ ਹਨ ਕਿ ਉਹ ਮੇਰੇ ਦ੍ਰਿਸ਼ਟੀਕੋਣ ਨੂੰ ਸਮਝਣ ਵਿਚ ਨਾ-ਯੋਗ ਹੈ। ਮੈਂ ਇਸ 'ਤੇ ਹੈਰਾਨ ਨਹੀਂ ਹਾਂ। ਮੇਰੇ ਵੱਲੋਂ ਮੈਂ ਜ਼ਰੂਰੀ ਵੀ ਕਹਿੰਦਾ ਹਾਂ ਕਿ ਮੈਂ ਉਸ ਦੀ ਹੈਸੀਅਤ ਅਤੇ ਭਾਸ਼ਾ ਨਹੀਂ ਸਮਝਦਾ, ਜਦ ਉਹ ਕਹਿੰਦਾ ਹੈ ਕਿ 'ਮੇਰੇ ਲਈ ਅਛੂਤਪਣ ਇਹਦੇ ਆਪਣੇ ਪੈਰ ਪੁੱਟਣ 'ਤੇ ਖੜ੍ਹੀ ਹੁੰਦੀ ਹੈ।' ਮੈਂ ਕਹਿੰਦਾ ਹਾਂ ਕਿ ਇਹ ਉਹ ਭਾਸ਼ਾ ਹੈ ਜਿਹੜੀ ਇਕ ਜਸੂਸ ਦੂਸਰੇ ਜਸੂਸ ਨੂੰ ਬੋਲਦਾ ਹੈ ਪਰ ਮੇਰੇ ਵਰਗੇ ਇਕ ਆਦਮੀ ਨੂੰ ਨਹੀਂ ਜਿਹੜਾ ਕਦੇ ਵੀ ਜੀਵਨ ਦੇ ਵਰਤੋਂ ਵਿਹਾਰਾਂ ਤੋਂ ਵੱਖ ਹੋਣ ਲਈ ਤਿਆਰ ਨਹੀਂ ਹੁੰਦਾ। ਜਦ ਮਿਸਟਰ ਗਾਂਧੀ ਕਹਿੰਦੇ ਹਨ ਕਿ ਇਹ ਮਸਲਾ ਮਾਲ ਦੇ ਵਟਾਂਦਰੇ ਵਾਂਗ ਨਹੀਂ ਹੋ ਸਕਦਾ, ਮੇਰਾ ਜਵਾਬ ਹੈ ਕਿ ਇਹ ਬੋਲਿਆ ਝੂਠ ਹੁਣ ਉਸ ਦੇ ਮੂੰਹ ਵਿਚ ਨਹੀਂ ਵਾਪਸ ਪੈ ਸਕਦਾ। ਪੂਨਾ ਪੈਕਟ ਦੇ ਸਮੇਂ ਉਸ ਨੇ (ਗਾਂਧੀ ਨੇ) ਇਹਦੇ ਮਾਲ ਦੇ ਵਟਾਂਦਰੇ ਦੀ ਚੀਜ਼ ਵਾਂਗ ਹੀ (ਸੁਲ੍ਹਾ ਦੀ ਗੱਲਬਾਤ ਕੀਤੀ ਸੀ) ਵਰਤਾਓ ਕੀਤਾ ਸੀ।

(ਚਲਦਾ)

# ਨਿਊ ਮੈਕਸੀਕੋ ਨੂੰ 'ਨਿਊ ਅਮਰੀਕਾ' ਕਹਿਣ ਦੇ ਸੰਕੇਤ ' ਤੇ ਵਿਵਾਦ ਗਵਰਨਰ ਵਲੋਂ ਵਿਰੋਧ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਨਿਊ ਮੈਕਸੀਕੋ ਨੂੰ 'ਨਿਊ ਅਮਰੀਕਾ' ਦਿਖਾਉਂਦਾ ਨਕਸ਼ਾ ਸੋਸ਼ਲ ਮੀਡੀਆ 'ਤੇ ਸਾਂਝਾ ਕੀਤੇ ਜਾਣ ਮਗਰੋਂ ਸੂਬੇ ਦੇ ਨਾਂਅ ਨੂੰ ਲੈ ਕੇ ਨਵੀਂ ਬਹਿਸ ਛਿੜ ਗਈ ਹੈ। ਨਕਸ਼ੇ ਵਿਚ 'ਨਿਊ ਮੈਕਸੀਕੋ' ਵਿਚੋਂ 'ਮੈਕਸੀਕੋ' ਸ਼ਬਦ ਨੂੰ ਲਾਲ ਰੰਗ ਨਾਲ ਕੱਟ ਕੇ ਉਸ ਦੀ ਥਾਂ 'ਅਮਰੀਕਾ' ਲਿਖਿਆ




ਗਿਆ ਹੈ। ਟਰੰਪ ਨੇ ਤਸਵੀਰ ਨਾਲ ਕੋਈ ਵਿਆਖਿਆ ਨਹੀਂ ਦਿੱਤੀ, ਪਰ ਵ ?ਹਾਈਟ ਹਾਊਸ ਨੇ ਵੀ ਇਸ ਨੂੰ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਖਾਤੇ 'ਤੇ ਮੁੜ ਸਾਂਝਾ ਕੀਤਾ ਹੈ। ਹਾਲਾਂਕਿ, ਨਿਊ ਮੈਕਸੀਕੋ ਦਾ ਨਾਂਅ ਬਦਲਣ ਲਈ ਅਜੇ ਤੱਕ ਕੋਈ ਰਸਮੀ ਤਜਵੀਜ਼, ਕਾਰਜਕਾਰੀ ਹੁਕਮ ਜਾਂ ਕਾਨੂੰਨੀ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ। ਅਮਰੀਕੀ ਰਾਸ਼ਟਰਪਤੀ ਸੰਘੀ ਰਿਕਾਰਡਾਂ ਵਿਚ ਝੀਲਾਂ, ਪਹਾੜਾਂ ਅਤੇ ਹੋਰ ਭੂਗੋਲਿਕ ਥਾਵਾਂ ਲਈ ਵਰਤੇ ਜਾਂਦੇ ਨਾਵਾਂ ਵਿਚ ਤਬਦੀਲੀ ਦੇ ਹੁਕਮ ਜਾਰੀ ਕਰ ਸਕਦੇ ਹਨ। ਕਿਸੇ ਸੂਬੇ ਦਾ ਕਾਨੂੰਨੀ ਨਾਂਅ, ਹਾਲਾਂਕਿ, ਰਾਸ਼ਟਰਪਤੀ ਇਕੱਲੇ ਆਪਣੇ ਹੁਕਮ ਨਾਲ ਨਹੀਂ ਬਦਲ ਸਕਦੇ। ਇਸ ਲਈ ਸੂਬਾਈ ਪੱਧਰ 'ਤੇ ਕਾਨੂੰਨੀ ਪ੍ਰਕਿਰਿਆ ਪੂਰੀ ਕਰਨੀ ਲਾਜ਼ਮੀ ਹੋਵੇਗੀ। ਨਿਊ ਮੈਕਸੀਕੋ ਦੀ ਡੈਮੋਕ੍ਰੇਟਿਕ ਗਵਰਨਰ ਮਿਸ਼ੇਲ ਲੁਜਾਨ ਗ੍ਰਿਸ਼ਮ ਨੇ ਟਰੰਪ ਦੀ ਪੋਸਟ ਦਾ ਵਿਰੋਧ ਕਰਦਿਆਂ ਕਿਹਾ ਕਿ ਸੂਬੇ ਦਾ ਨਾਂਅ ਬਹਿਸ ਦਾ ਵਿਸ਼ਾ ਨਹੀਂ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਰਾਸ਼ਟਰਪਤੀ ਈਰਾਨ ਜੰਗ ਅਤੇ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਵਰਗੇ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੂਬੇ ਦੇ ਡੈਮੋਕ੍ਰੇਟਿਕ ਸੈਨੇਟਰ ਮਾਰਟਿਨ ਹਾਈਨਰਿਖ ਨੇ ਵੀ ਕਿਹਾ ਕਿ ਉਹ ਗਲਫ਼ ਆਫ਼ ਮੈਕਸੀਕੋ, ਲੇਕ ਓਨਟਾਰੀਓ ਅਤੇ ਨਿਊ ਮੈਕਸੀਕੋ ਨੂੰ ਉਨ੍ਹਾਂ ਦੇ ਪੁਰਾਣੇ ਅਤੇ ਪ੍ਰਚਲਿਤ ਨਾਵਾਂ ਨਾਲ ਹੀ ਬੁਲਾਉਂਦੇ ਰਹਿਣਗੇ। ਟਰੰਪ ਇਸ ਤੋਂ ਪਹਿਲਾਂ ਗਲਫ਼ ਆਫ਼ ਮੈਕਸੀਕੋ ਨੂੰ ਅਮਰੀਕੀ ਸੰਘੀ ਵਰਤੋਂ ਲਈ 'ਗਲਫ਼ ਆਫ਼ ਅਮਰੀਕਾ' ਨਾਂਅ ਦੇ ਚੁੱਕੇ ਹਨ। ਉਨ੍ਹਾਂ ਨੇ ਅਲਾਸਕਾ ਦੀ ਸਭ ਤੋਂ ਉੱਚੀ ਚੋਟੀ ਡੇਨਾਲੀ ਦਾ ਸੰਘੀ ਨਾਂਅ ਮੁੜ 'ਮਾਊਂਟ ਮੈਕਕਿਨਲੀ' ਕਰਨ ਦੇ ਨਾਲ ਲੇਕ ਓਨਟਾਰੀਓ ਨੂੰ 'ਲੇਕ ਅਮਰੀਕਾ' ਨਾਂਅ ਦੇਣ ਦਾ ਹੁਕਮ ਵੀ ਜਾਰੀ ਕੀਤਾ ਹੈ। 'ਨਿਊ ਮੈਕਸੀਕੋ' ਨਾਂਅ ਅਮਰੀਕਾ ਦੀ ਸਥਾਪਨਾ ਤੋਂ ਵੀ ਪੁਰਾਣਾ ਹੈ । ਸਾਲ 1912 ਵਿਚ ਇਹ ਇਲਾਕਾ ਨਿਊ ਮੈਕਸੀਕੋ ਦੇ ਨਾਂਅ ਨਾਲ ਅਮਰੀਕਾ ਦਾ 47ਵਾਂ ਸੂਬਾ ਬਣਿਆ ਸੀ।

# ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਵਿੰਨੀਪੈਗ ਸਭ ਤੋਂ ਘੱਟ ਖ਼ੁਸ਼; ਮੈਨੀਟੋਬਾ ਨੇ ਮਾਰੀ ਸਭ ਤੋਂ ਵੱਡੀ ਛਾਲ

## ਵਿੰਨੀਪੈਗ ਦਾ ਸਕੋਰ 67.2 ਦਰਜ, ਐਡਮਿੰਟਨ ਅਤੇ ਹੈਮਿਲਟਨ ਨਾਲ ਮੁਕਾਬਲਾ ਰਿਹਾ ਕਾਫ਼ੀ ਕਰੀਬ

ਵਿੰਨੀਪੈੱਗ : ਕੈਨੇਡਾ ਦੇ 10 ਸਭ ਤੋਂ ਵੱਡੇ ਸ਼ਹਿਰਾਂ ਵਿੱਚੋਂ ਵਿੰਨੀਪੈਗ ਖ਼ੁਸ਼ਹਾਲੀ ਦੇ ਮਾਮਲੇ ਵਿੱਚ ਸਭ ਤੋਂ ਆਖ਼ਰੀ ਸਥਾਨ 'ਤੇ ਰਿਹਾ ਹੈ। ਲੇਜ਼ਰ (Leger) ਦੇ 2026 ਦੇ ਖ਼ੁਸ਼ਹਾਲੀ ਸੂਚਕ ਅੰਕ ਮੁਤਾਬਕ ਵਿੰਨੀਪੈਗ ਦਾ ਸਕੋਰ 67.2 ਦਰਜ ਕੀਤਾ ਗਿਆ, ਜੋ ਵੱਡੇ ਸ਼ਹਿਰਾਂ ਦੀ ਸੂਚੀ ਵਿੱਚ ਸਭ ਤੋਂ ਘੱਟ ਹੈ। ਹਾਲਾਂਕਿ ਪਿਛਲੇ ਸਾਲ ਦੇ ਮੁਕਾਬਲੇ ਸ਼ਹਿਰ ਦੇ ਸਕੋਰ ਵਿੱਚ 1.3 ਅੰਕਾਂ ਦਾ ਸੁਧਾਰ ਹੋਇਆ ਹੈ, ਪਰ ਇਸ ਦੇ ਬਾਵਜੂਦ ਵਿੰਨੀਪੈਗ ਨੇ ਸਭ ਤੋਂ ਹੇਠਲਾ ਸਥਾਨ ਨਹੀਂ ਛੱਡਿਆ।

ਵਿੰਨੀਪੈਗ ਲਈ ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਇਹ ਪਛੜਾਅ ਬਹੁਤ ਵੱਡੇ ਅੰਤਰ ਨਾਲ ਨਹੀਂ ਹੈ। ਸਰਵੇਖਣ ਮੁਤਾਬਕ ਵਿੰਨੀਪੈਗ ਅਤੇ ਪੰਜਵੇਂ ਸਥਾਨ 'ਤੇ ਰਹੇ ਹੈਮਿਲਟਨ ਵਿਚਕਾਰ ਸਿਰਫ਼ 1.5 ਅੰਕਾਂ ਦਾ ਫ਼ਰਕ ਹੈ। ਐਡਮਿੰਟਨ 67.7 ਅੰਕਾਂ ਨਾਲ ਵਿੰਨੀਪੈਗ ਤੋਂ ਥੋੜ੍ਹਾ ਉੱਪਰ ਰਿਹਾ। ਇਸ ਤਰ੍ਹਾਂ ਵੱਡੇ ਸ਼ਹਿਰਾਂ ਦੀ ਰੈਂਕਿੰਗ ਦੇ ਹੇਠਲੇ ਹਿੱਸੇ ਵਿੱਚ ਮੁਕਾਬਲਾ ਕਾਫ਼ੀ ਕਰੀਬ ਰਿਹਾ। ਇਸ ਦੇ ਉਲਟ, ਮੈਨੀਟੋਬਾ ਨੇ ਇਸੇ ਸਰਵੇਖਣ ਵਿੱਚ ਇੱਕ ਮਹੱਤਵਪੂਰਨ ਸਕਾਰਾਤਮਕ ਤਸਵੀਰ ਪੇਸ਼ ਕੀਤੀ ਹੈ। ਮੈਨੀਟੋਬਾ ਨੇ 2.6 ਅੰਕਾਂ ਦੇ ਸਾਲਾਨਾ ਵਾਧੇ ਨਾਲ ਪੂਰੇ ਕੈਨੇਡਾ ਵਿੱਚ ਖ਼ੁਸ਼ਹਾਲੀ ਦੇ ਸਕੋਰ ਵਿੱਚ ਸਭ ਤੋਂ ਵੱਡਾ ਸੁਧਾਰ ਦਰਜ ਕੀਤਾ। ਇਹ ਵਾਧਾ ਓਨਟਾਰੀਓ ਦੇ 2.4 ਅਤੇ ਕਿਊਬਿਕ ਦੇ 2.1 ਅੰਕਾਂ ਦੇ ਸੁਧਾਰ ਨਾਲੋਂ ਵੀ ਵੱਧ ਹੈ। ਪੂਰੇ ਕੈਨੇਡਾ ਦੀ ਗੱਲ ਕਰੀਏ ਤਾਂ 2026 ਵਿੱਚ ਲੋਕਾਂ ਦਾ ਔਸਤ ਖ਼ੁਸ਼ਹਾਲੀ ਸਕੋਰ 70.5 ਅੰਕ ਰਿਹਾ, ਜੋ 2025 ਦੇ 68.7 ਅੰਕਾਂ



ਨਾਲੋਂ 1.8 ਅੰਕ ਵੱਧ ਹੈ। ਕਿਊਬਿਕ 74.5 ਅੰਕਾਂ ਨਾਲ ਸਭ ਤੋਂ ਖ਼ੁਸ਼ਹਾਲ ਸੂਬਾ ਬਣਿਆ, ਜਦਕਿ ਨਿਊਫਾਊਂਡਲੈਂਡ ਅਤੇ ਲੈਬਰਾਡੋਰ 71.0 ਅਤੇ ਨਿਊ ਬਰੰਜ਼ਵਿਕ 70.3 ਅੰਕਾਂ ਨਾਲ ਅਗਲੇ ਸਥਾਨਾਂ 'ਤੇ ਰਹੇ। ਉੱਥੇ ਹੀ ਓਨਟਾਰੀਓ ਦਾ ਸਕੋਰ 69.3 ਰਿਹਾ।

ਸਰਵੇਖਣ ਵਿੱਚ ਖ਼ੁਸ਼ਹਾਲੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਵਿੱਚ ਰਹਿਣ-ਸਹਿਣ ਦੀ ਵਧਦੀ ਲਾਗਤ ਸਭ ਤੋਂ ਵੱਡੀ ਚਿੰਤਾ ਵਜੋਂ ਸਾਹਮਣੇ ਆਈ। 58 ਫ਼ੀਸਦੀ ਕੈਨੇਡੀਅਨਾਂ ਨੇ ਵਿੱਤੀ ਦਬਾਅ ਅਤੇ ਵਧਦੇ ਖ਼ਰਚਿਆਂ ਨੂੰ ਆਪਣੀ ਖ਼ੁਸ਼ੀ ਵਿੱਚ ਵੱਡੀ ਰੁਕਾਵਟ ਦੱਸਿਆ। ਪਰਿਵਾਰਕ ਸਹਿਯੋਗ, ਚੰਗੇ ਗੁਆਂਢੀ ਸਬੰਧ, ਭਾਈਚਾਰਕ ਜੁੜਾਅ ਅਤੇ ਸਰੀਰਕ ਤੇ ਮਾਨਸਿਕ ਸਿਹਤ ਵੀ ਲੋਕਾਂ ਦੀ ਖ਼ੁਸ਼ਹਾਲੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਵਿੰਨੀਪੈਗ ਦੇ ਆਖ਼ਰੀ ਸਥਾਨ 'ਤੇ ਰਹਿਣ ਦਾ ਇੱਕ ਵੱਡਾ ਕਾਰਨ ਉੱਥੇ ਸੁਰੱਖਿਆ ਅਤੇ ਅਪਰਾਧ (Crime) ਨੂੰ ਲੈ ਕੇ ਲੋਕਾਂ ਵਿੱਚ ਪਾਈ ਜਾਂਦੀ ਚਿੰਤਾ ਵੀ ਮੰਨਿਆ ਜਾਂਦਾ ਹੈ, ਜਿਸ ਦਾ ਜ਼ਿਕਰ ਹਾਲ ਹੀ ਦੀਆਂ ਹੋਰ ਸੁਰੱਖਿਆ ਰਿਪੋਰਟਾਂ ਵਿੱਚ ਵੀ ਹੋਇਆ ਹੈ।

ਮਾਹਿਰਾਂ ਅਨੁਸਾਰ ਇਸ ਵਾਰ ਸਰਵੇਖਣ ਜੂਨ ਵਿੱਚ ਹੋਣ ਕਾਰਨ ਗਰਮੀਆਂ ਦਾ ਮੌਸਮ, ਬਾਹਰਲੀਆਂ ਸਰਗਰਮੀਆਂ ਅਤੇ ਲੋਕਾਂ ਦੇ ਵਧੇਰੇ ਸਮਾਜਿਕ ਸੰਪਰਕ ਨੇ ਵੀ ਸਮੁੱਚੇ ਖ਼ੁਸ਼ਹਾਲੀ ਪੱਧਰ ਨੂੰ ਉੱਪਰ ਚੁੱਕਣ ਵਿੱਚ ਯੋਗਦਾਨ ਪਾਇਆ ਹੋ ਸਕਦਾ ਹੈ। ਇਸ ਪੱਖੋਂ ਵਿੰਨੀਪੈਗ ਦਾ ਆਖ਼ਰੀ ਸਥਾਨ ਜਿੱਥੇ ਚਿੰਤਾ ਦਾ ਵਿਸ਼ਾ ਹੈ, ਉੱਥੇ ਮੈਨੀਟੋਬਾ ਦਾ ਸਭ ਤੋਂ ਵੱਡਾ ਸਾਲਾਨਾ ਸੁਧਾਰ ਕੁਝ ਉਮੀਦ ਵੀ ਜਗਾਉਂਦਾ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸਮਾਜਿਕ ਚਿੰਤਾ ਕੀ ਹੈ ?**

ਲੋਕਾਂ ਨੂੰ ਮਿਲਣ ਤੋਂ ਜਾਂ ਲੋਕਾਂ ਦੇ ਨਾਲ ਗੱਲਬਾਤ ਕਰਨ ਤੋਂ ਬਚਣਾ ਅਤੇ ਪਰੇਸ਼ਾਨੀ ਮਹਿਸੂਸ ਕਰਨਾ ਸਮਾਜਿਕ ਚਿੰਤਾ ਦੀ ਨਿਸ਼ਾਨੀ ਹੈ। ਇਸਦਾ ਇਲਾਜ ਇਹ ਹੈ ਕਿ ਉਹ ਕੰਮ ਵਾਰ ਵਾਰ ਕਰੋ ਜਿਨ੍ਹਾਂ ਨੂੰ ਕਰਨ ਤੋਂ ਡਰਦੇ ਹੋ। ਇਸ ਤਰ੍ਹਾਂ ਕਰਨ ਨਾਲ ਹੌਲੀ ਹੌਲੀ ਸਮਾਜਿਕ ਚਿੰਤਾ ਘਟੇਗੀ।

**ਫੋਬੀਆ ਕੀ ਹੈ ?**

ਬਿਨਾਂ ਕਿਸੇ ਕਾਰਨ ਤੋਂ ਕੁਝ ਥਾਵਾਂ 'ਤੇ ਜਾਣ ਤੋਂ ਡਰਨਾ ਜਿਵੇਂ ਕਿ ਭੀੜ ਵਾਲੀ ਜਗ੍ਹਾ, ਕੁਝ ਕੰਮਾਂ ਤੋਂ ਡਰਨਾ ਜਿਵੇਂ ਉਚਾਈ .ਤੇ ਜਾਣ ਤੋਂ, ਹਵਾਈ ਜਹਾਜ਼ ਜਾਂ ਸਮੁੰਦਰ ਵਿੱਚ ਸਫ਼ਰ ਕਰਨ ਤੋਂ, ਜਾਂ ਕੁਝ ਹਾਲਾਤ ਵਿੱਚ ਜਿਵੇਂ ਕਿ ਲਿਫ਼ਟ ਦੇ ਅੰਦਰ ਇਕੱਲੇ ਹੋਣਾ।

**ਪੈਨਿਕ ਅਟੈਕ ਕੀ ਹੈ ?**

ਬਹੁਤ ਜ਼ਿਆਦਾ ਡਰ ਅਤੇ ਚਿੰਤਾ ਜੋ ਕਿ ਬਿਨਾਂ ਕਿਸੇ ਖ਼ਤਰੇ ਜਾਂ ਕਾਰਨ ਤੋਂ ਹੁੰਦੀ ਹੈ। ਬਹੁਤ ਤੇਜ਼ ਸਾਹ ਆਉਣਾ, ਬੇਹੋਸ਼ੀ ਮਹਿਸੂਸ ਕਰਨਾ ਅਤੇ ਦਿਲ ਦੀ ਧੜਕਣ ਅਤੇ ਸਾਹ ਦਾ ਤੇਜ਼ ਹੋਣਾ ਪੈਨਿਕ ਅਟੈਕ ਦੇ ਲੱਛਣ ਹਨ।

**ਘਰੇਲੂ ਇਲਾਜ :**

1. ਕਿਸੇ ਵੀ ਵਿਸ਼ੇਸ਼ ਡਰ ਜਾਂ ਹਾਲਾਤ, ਦੀ ਚਿੰਤਾ ਦੇ ਕਾਰਨ ਨੂੰ ਪਛਾਣੋ ਅਤੇ ਇਸਦਾ ਸਾਹਮਣਾ ਕਰੋ। ਆਪਣੇ ਆਪ ਨੂੰ ਸਮਝਾਓ ਕਿ ਇਹ ਡਰ ਅਸੀਂ ਨਹੀਂ ਹਨ।
2. ਕਸਰਤ ਮਨ ਨੂੰ ਸ਼ਾਂਤ ਕਰਦੀ ਹੈ।
3. ਕੈਫ਼ੀਨ ਅਤੇ ਸਿਗਰਟ ਨਾ ਪੀਓ।
4. ਸ਼ਰਾਬ ਨਾ ਪੀਓ। ਸ਼ਰਾਬ ਕੁਝ ਸਮੇਂ ਲਈ ਤੁਹਾਡੇ ਅਹਿਸਾਸਾਂ ਨੂੰ ਦਬਾਉਂਦੀ ਹੈ, ਪਰ ਜਦੋਂ ਸ਼ਰਾਬ ਦਾ ਅਸਰ ਚਲਾ ਜਾਂਦਾ ਹੈ ਤਾਂ ਚਿੰਤਾ ਹੋਰ ਗੰਭੀਰ ਹੋ ਜਾਂਦੀ ਹੈ।
5. ਖੁਸ਼ ਰਹਿਣ ਲਈ ਆਪਣੇ ਆਪ ਨੂੰ ਵਿਅਸਤ ਰੱਖੋ।
6. ਚੰਗੀਆਂ ਕਿਤਾਬਾਂ ਪੜ੍ਹੋ।
7. ਆਪਣੇ ਵਿਸ਼ਵਾਸਯੋਗ ਦੋਸਤਾਂ ਨਾਲ ਆਪਣੀਆਂ ਚਿੰਤਾਵਾਂ ਬਾਰੇ ਗੱਲਬਾਤ ਕਰੋ। ਗੱਲਬਾਤ ਕਰਨ ਨਾਲ ਚਿੰਤਾ ਉੱਤੇ ਕਾਬੂ ਪਾਉਣ ਵਿੱਚ ਮੱਦਦ ਮਿਲਦੀ ਹੈ।
8. ਜ਼ਿਆਦਾ ਆਰਾਮ ਕਰੋ। ਜੇਕਰ ਤੁਹਾਨੂੰ ਸੌਣ ਵਿੱਚ ਤਕਲੀਫ਼ ਹੈ, ਤਾਂ 'ਉਨੀਂਦਰੇ' ਬਾਰੇ ਇਸ ਕਿਤਾਬ ਵਿੱਚ ਪੜ੍ਹੋ।
9. ਦੂਸਰਿਆਂ ਦੀ ਮੱਦਦ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ।
10. ਪਰਮਾਤਮਾ ਦੇ ਅੱਗੇ ਅਰਦਾਸ ਕਰੋ। ਧਾਰਮਿਕ ਵਿਅਕਤੀ ਚਿੰਤਾ ਉੱਤੇ ਦੂਜਿਆਂ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਕਾਬੂ ਪਾਉਂਦੇ ਹਨ। ਅਰਦਾਸ ਵਿੱਚ ਬਹੁਤ ਜ਼ਿਆਦਾ ਸ਼ਕਤੀ ਹੁੰਦੀ ਹੈ।




**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਚਿੰਤਾ ਤੁਹਾਡੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਰੁਕਾਵਟ ਬਣਦੀ ਹੈ।
2. ਜੇਕਰ ਤੁਹਾਨੂੰ ਅਚਾਨਕ ਡਰ ਦਾ ਅਟੈਕ ਹੁੰਦਾ ਹੈ।
3. ਜੇਕਰ ਤੁਹਾਨੂੰ ਬਿਨਾਂ ਕਿਸੇ ਕਾਰਨ ਤੋਂ ਥਾਵਾਂ ਅਤੇ ਵਸਤਾਂ ਤੋਂ ਡਰ ਲੱਗੇ।
4. ਜੇਕਰ ਤੁਸੀਂ ਰਾਤ ਦੇ ਸੁਪਨਿਆਂ ਤੋਂ ਪੀੜਤ ਹੋ ਜਾਂ ਡਰ ਵਾਲੇ ਸੁਪਨਿਆਂ ਤੋਂ ਜਾਗ ਜਾਂਦੇ ਹੋ।
5. ਜੇਕਰ ਤੁਹਾਨੂੰ ਕੰਮਾਂ ਜਾਂ ਵਸਤਾਂ ਨੂੰ ਵਾਰ ਵਾਰ ਚੈੱਕ ਕਰਨ ਬਾਰੇ ਲੋੜ ਮਹਿਸੂਸ ਹੁੰਦੀ ਹੈ, ਜਿਵੇਂ ਕਿ ਵਾਰ ਵਾਰ ਹੱਥ ਧੋਣਾ, ਵਾਰ ਵਾਰ ਚੈੱਕ ਕਰਨਾ ਕਿ ਕੀ ਤੁਸੀਂ ਦਰਵਾਜ਼ੇ ਨੂੰ ਤਾਲਾ ਲਗਾ ਦਿੱਤਾ ਹੈ ਜਾਂ ਨਹੀਂ।

**ਡਿਪਰੈਸ਼ਨ**

ਡਿਪਰੈਸ਼ਨ ਇਲਾਜਯੋਗ ਹੈ, ਕਿਉਂਕਿ ਇਹ ਕਿਸੇ ਹੋਰ ਮੈਡੀਕਲ ਬਿਮਾਰੀ ਦੀ ਤਰ੍ਹਾਂ ਹੀ ਹੈ।

**ਕਾਰਨ :**

ਦਿਮਾਗ਼ ਵਿੱਚ ਹਾਰਮੋਨਾਂ ਦੇ ਅਸੰਤੁਲਨ ਕਾਰਨ ਡਿਪਰੈਸ਼ਨ ਹੁੰਦਾ ਹੈ, ਜੋ ਕਿ ਕੁਝ ਖ਼ਾਸ ਹਾਲਾਤ ਵਿੱਚ ਹੁੰਦਾ ਹੈ, ਜਿਵੇਂ ਕਿ :

1. ਬਹੁਤ ਦੇਰ ਤੋਂ ਲਗਾਤਾਰ ਮਾਨਸਿਕ ਤਣਾਓ।
2. ਕਿਸੇ ਨਜ਼ਦੀਕੀ ਦੀ ਮੌਤ।
3. ਬਹੁਤ ਗੰਭੀਰ ਬਿਮਾਰੀ।
4. ਨਸ਼ੇ ਲੈਣ ਦੀ ਆਦਤ।
5. ਬਹੁਤ ਜ਼ਿਆਦਾ ਸ਼ਰਾਬ ਪੀਣਾ।
6. ਡਿਪਰੈਸ਼ਨ ਦਾ ਪਰਿਵਾਰਿਕ ਪਿਛੋਕੜ।

**ਡਿਪਰੈਸ਼ਨ ਅਤੇ ਉਦਾਸੀ ਵਿੱਚ ਫ਼ਰਕ :**

ਉਦਾਸੀ ਆਪਣੇ ਆਪ ਵਿੱਚ ਡਿਪਰੈਸ਼ਨ ਨਹੀਂ ਹੈ। ਕੋਈ ਵੀ ਵਿਅਕਤੀ ਕਿਸੇ ਵੀ ਸਮੇਂ ਉਦਾਸੀ ਮਹਿਸੂਸ ਕਰ ਸਕਦਾ ਹੈ। ਇਹ ਇੱਕ ਆਮ ਗੱਲ ਹੈ, ਪਰ ਜੇ ਉਦਾਸੀ ਦੇ ਨਾਲ ਨਾਲ ਹੇਠ ਲਿਖਿਆਂ ਵਿੱਚੋਂ 5-5 ਲੱਛਣ ਵੀ ਹੋਣ ਤਾਂ ਇਹ ਡਿਪਰੈਸ਼ਨ ਦੀ ਬਿਮਾਰੀ ਹੋ ਸਕਦੀ ਹੈ :

1. ਆਪਣੇ ਆਪ ਨੂੰ ਨਿਕੰਮਾ ਜਾਂ ਦੋਸ਼ੀ ਮਹਿਸੂਸ ਕਰਨਾ।
2. ਵਾਰ ਵਾਰ ਆਤਮ-ਹੱਤਿਆ ਕਰਨ ਦੇ ਖ਼ਿਆਲ ਆਉਣੇ।
3. ਥਕਾਵਟ, ਨੀਂਦ ਦੀ ਬਿਮਾਰੀ ਅਤੇ ਸਰੀਰਕ ਦਰਦ।
4. ਕਿਸੇ ਵੀ ਕੰਮ ਕਰਨ ਵਿੱਚ ਰੁਚੀ ਨਾ ਹੋਣੀ।
5. ਭੁੱਖ ਦਾ ਘੱਟ ਲੱਗਣਾ।
6. ਇਕਾਗਰਤਾ ਜਾਂ ਯਾਦਾਸ਼ਤ ਦਾ ਘਟਣਾ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਹੀਲਿੰਗ ਹਰਬਸ ਐਂਡ ਮਸਾਜ
HEALING HERBS & MASSAGE
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।
ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।
ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ



ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਲਹਿੰਦੇ ਪੰਜਾਬ ਨੂੰ ਭਾਰਤ ਨਾਲੋਂ ਆਪਣੇ ਗੁਆਂਢੀ ਸੂਬਿਆਂ ਤੋਂ ਵੱਧ ਖ਼ਤਰਾ-ਮਰੀਅਮ ਨਵਾਜ਼ ਪਾਕਿ 'ਚ ਸਿਆਸੀ ਤੂਫ਼ਾਨ

## ਵਿਰੋਧੀ ਧਿਰਾਂ ਵਲੋਂ ਤਿੱਖਾ ਵਿਰੋਧ



ਅੰਮ੍ਰਿਤਸਰ : ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੇ ਇਕ ਬਿਆਨ ਨੇ ਪਾਕਿਸਤਾਨ ਦੇ ਸਿਆਸੀ ਗਲਿਆਰਿਆਂ 'ਚ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਲਾਹੌਰ 'ਚ ਪ੍ਰੋਵਿੰਸ਼ੀਅਲ ਇੰਟੈਲੀਜੈਂਸ ਫਿਊਜ਼ਨ ਐਂਡ ਥ੍ਰੈਟ ਅਸੈਸਮੈਂਟ ਸੈਂਟਰ ਦੇ ਉਦਘਾਟਨੀ ਸਮਾਗਮ ਦੌਰਾਨ ਉਨ੍ਹਾਂ ਦਾਅਵਾ ਕੀਤਾ ਕਿ ਪਾਕਿ ਦੇ ਪੰਜਾਬ ਸੂਬੇ ਨੂੰ ਗੁਆਂਢੀ ਦੇਸ਼ ਭਾਰਤ ਦੇ ਮੁਕਾਬਲੇ ਪਾਕਿਸਤਾਨ ਦੇ ਹੀ ਆਪਣੇ ਗੁਆਂਢੀ ਸੂਬਿਆਂ ਤੋਂ ਜ਼ਿਆਦਾ ਖ਼ਤਰਾ ਹੈ।

ਮਰੀਅਮ ਨਵਾਜ਼ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਦਕਿਸਮਤੀ ਨਾਲ ਲਹਿੰਦੇ ਪੰਜਾਬ 'ਚ ਅੱਤਵਾਦ ਪਾਕਿ ਵਿਚਲੇ ਹੀ ਇਸ ਦੇ ਆਪਣੇ ਗੁਆਂਢੀ ਸੂਬਿਆਂ ਤੋਂ ਆਉਂਦਾ ਹੈ। ਜ਼ਿਕਰਯੋਗ ਹੈ ਕਿ ਲਹਿੰਦੇ ਪੰਜਾਬ ਦੀ ਪੂਰਬੀ ਸਰਹੱਦ ਭਾਰਤ ਨਾਲ ਲੱਗਦੀ ਹੈ, ਜਦਕਿ ਦੂਜੀਆਂ ਹੱਦਾਂ ਸਿੰਧ, ਬਲੋਚਿਸਤਾਨ ਅਤੇ ਖ਼ੈਬਰ ਪਖਤੂਨਖਵਾ ਸੂਬਿਆਂ ਨਾਲ ਜੁੜਦੀਆਂ ਹਨ।

ਇਸ ਦੌਰਾਨ ਖ਼ੈਬਰ ਪਖਤੂਨਖਵਾ ਸੂਬੇ ਦੇ ਮੁੱਖ ਮੰਤਰੀ ਸੁਹੇਲ ਅਫ਼ਰੀਦੀ ਨੇ ਦੋਸ਼ ਲਗਾਇਆ ਹੈ ਕਿ ਮਰੀਅਮ ਨਵਾਜ਼ ਦੇ ਇਸ ਬਿਆਨ ਨੇ ਕੌਮਾਂਤਰੀ ਪੱਧਰ 'ਤੇ ਅੱਤਵਾਦ ਵਿਰੁੱਧ ਪਾਕਿ ਦੇ ਪੱਖ ਨੂੰ ਕਮਜ਼ੋਰ ਕੀਤਾ ਹੈ। ਨੈਸ਼ਨਲ ਅਸੈਂਬਲੀ ਦੇ ਸਾਬਕਾ ਸਪੀਕਰ ਅਸਦ ਕੈਸਰ ਨੇ ਕਿਹਾ ਕਿ ਖ਼ੈਬਰ ਪਖਤੂਨਖਵਾ ਦੇ ਲੋਕਾਂ ਤੇ ਪੁਲਿਸ ਨੇ ਦਹਾਕਿਆਂ ਤੋਂ ਅੱਤਵਾਦ ਖ਼ਿਲਾਫ਼ ਸਭ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਸਾਬਕਾ ਸੰਸਦ ਮੈਂਬਰ ਮੋਹਸਿਨ ਡਾਵਰ ਨੇ ਇਲਜ਼ਾਮ ਲਗਾਇਆ ਕਿ ਅੱਤਵਾਦ ਪੰਜਾਬੀ ਉੱਚ-ਵਰਗ ਦੀਆਂ ਨੀਤੀਆਂ ਦੀ ਹੀ ਪੈਦਾਇਸ਼ ਹੈ। ਬਲੋਚਿਸਤਾਨ ਤੋਂ ਪੀ. ਪੀ. ਪੀ. (ਪਾਕਿਸਤਾਨ ਪੀਪਲਜ਼ ਪਾਰਟੀ) ਦੇ ਸੰਸਦੀ ਮੈਂਬਰ ਨਵਾਬਜ਼ਾਦਾ ਜਮਾਲ ਖ਼ਾਨ ਰਈਸਾਨੀ ਨੇ ਕਿਹਾ ਕਿ ਲਹਿੰਦੇ ਪੰਜਾਬ ਨੂੰ ਗੁਆਂਢੀ ਸੂਬਿਆਂ ਜਾਂ ਉੱਥੋਂ ਦੇ ਲੋਕਾਂ ਤੋਂ ਖ਼ਤਰਾ ਨਹੀਂ, ਸਗੋਂ ਮਰੀਅਮ ਨਵਾਜ਼ ਦੀ ਸੋਚ ਤੋਂ ਖ਼ਤਰਾ ਹੈ।

# ਵਿਨੀਪੈਗ 'ਚ 23ਵਾਂ ਮਹਾਨ ਨਗਰ ਕੀਰਤਨ; 'ਧਮਕੀਆਂ' ਦੇ ਬਾਵਜੂਦ ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ

## ਪੂਰੀ ਸ਼ਰਧਾ, ਭਾਵਨਾ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਸੰਪੰਨ ਹੋਇਆ ਨਗਰ ਕੀਰਤਨ



ਵਿਨੀਪੈਗ : ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 23ਵਾਂ ਮਹਾਨ ਸਾਲਾਨਾ ਨਗਰ ਕੀਰਤਨ ਅੱਜ ਵਿਨੀਪੈਗ ਵਿੱਚ ਪੂਰੀ ਸ਼ਰਧਾ, ਉਤਸ਼ਾਹ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਸੰਪੰਨ ਹੋਇਆ। ਗੁਰਦੁਆਰਾ ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਮੈਨੀਟੋਬਾ ਦੇ ਵੱਖ-ਵੱਖ ਹਿੱਸਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਇਸ ਵਾਰ ਦਾ ਨਗਰ ਕੀਰਤਨ ਭੰਨਤੋੜ ਅਤੇ ਧਮਕੀਆਂ ਦੇ ਮਾਹੌਲ ਦਰਮਿਆਨ ਹੋਇਆ। ਵਿਨੀਪੈਗ ਪੁਲੀਸ ਮੁਤਾਬਕ 4 ਸਤੰਬਰ ਨੂੰ ਸ਼ਹਿਰ ਦੇ ਕਈ ਟਰਾਂਜ਼ਿਟ ਬੋਰਡਾਂ 'ਤੇ ਸਵਾਸਤਿਕਾ ਸਮੇਤ ਨਫ਼ਰਤੀ ਚਿੰਨ੍ਹਾਂ ਵਾਲੀ ਗ੍ਰਾਫ਼ੀ ਕੀਤੇ ਜਾਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਇਸ ਤੋਂ ਇਲਾਵਾ ਐਤਵਾਰ ਦੇ ਸਮਾਗਮ ਨੂੰ ਲੈ ਕੇ ਧਮਕੀਆਂ ਵੀ ਸਾਹਮਣੇ ਆਈਆਂ। ਪੁਲੀਸ ਨੇ ਮਾਮਲੇ ਨੂੰ ਸੰਭਾਵਿਤ ਨਫ਼ਰਤੀ ਅਪਰਾਧ ਮੰਨਦਿਆਂ ਜਾਂਚ ਮੇਜਰ ਕ੍ਰਾਈਮ ਯੂਨਿਟ ਦੇ ਹੇਟ ਕਰਾਈਮ ਕੋਆਰਡੀਨੇਟਰਾਂ ਨੂੰ ਸੌਂਪੀ ਹੈ।

**ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ :** ਇਨ੍ਹਾਂ ਘਟਨਾਵਾਂ ਦੇ ਬਾਵਜੂਦ ਹਜ਼ਾਰਾਂ ਸਿੱਖਾਂ ਦਾ ਨਗਰ ਕੀਰਤਨ ਵਿੱਚ ਇਕੱਠੇ ਹੋਣਾ ਭਾਈਚਾਰੇ ਦੇ ਹੌਸਲੇ ਅਤੇ ਏਕਤਾ ਦਾ ਪ੍ਰਗਟਾਵਾ ਬਣਿਆ। ਲੈਜਿਸਲੇਟਿਵ ਬਿਲਡਿੰਗ ਦੇ ਪਾਰਕ ਵਿੱਚ ਸੰਗਤਾਂ ਦੀ ਵੱਡੀ ਭੀੜ ਇਕੱਠੀ ਹੋਈ, ਜੋ ਪ੍ਰਬੰਧਕਾਂ ਦੀਆਂ ਉਮੀਦਾਂ ਤੋਂ ਕਿਤੇ ਵੱਧ ਦੱਸੀ ਗਈ। ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੀ ਸ਼ੁਰੂਆਤ ਹੋਈ। ਸੁੰਦਰ ਢੰਗ ਨਾਲ ਸਜਾਈ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਸਨ ਅਤੇ ਪਿੱਛੇ ਸੰਗਤਾਂ ਵਾਹਿਗੁਰੂ ਦਾ ਜਾਪ ਕਰਦੀਆਂ ਅੱਗੇ ਵਧ ਰਹੀਆਂ ਸਨ।

ਨਗਰ ਕੀਰਤਨ ਦੌਰਾਨ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਅਤੇ ਗੁਰੂ ਜੱਸ ਕੀਤਾ ਗਿਆ। ਢਾਡੀ ਜਥਿਆਂ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਵਾਰਾਂ ਪੇਸ਼ ਕੀਤੀਆਂ ਗਈਆਂ। ਮੈਨੀਟੋਬਾ ਦੇ ਵੱਖ-ਵੱਖ ਗਤਕਾ ਅਖਾੜਿਆਂ ਦੇ ਸਿੰਘਾਂ ਅਤੇ ਸਿੰਘਣੀਆਂ ਨੇ ਗਤਕੇ ਦੇ ਜੌਹਰ ਦਿਖਾਏ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਵਰਗ ਦੇ ਲੋਕਾਂ ਨੇ ਸੇਵਾ ਵਿੱਚ ਹਿੱਸਾ ਲਿਆ।

ਨਗਰ ਕੀਰਤਨ ਵਿੱਚ ਨੀਲੀਆਂ ਅਤੇ ਪੀਲੀਆਂ ਦਸਤਾਰਾਂ ਤੇ ਦੁਪੱਟਿਆਂ ਨਾਲ ਸਜੀ ਸੰਗਤ ਦੀਆਂ ਕਤਾਰਾਂ ਨੇ ਵਿਨੀਪੈਗ ਦੀਆਂ ਸੜਕਾਂ ਨੂੰ ਖ਼ਾਲਸਾਈ ਰੰਗ ਵਿੱਚ ਰੰਗ ਦਿੱਤਾ। ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਤੋਂ ਇਲਾਵਾ ਗੈਰ-ਸਿੱਖ ਭਾਈਚਾਰੇ ਦੇ ਲੋਕਾਂ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਸਹਿਯੋਗ ਦਿੱਤਾ। ਚੋਣਾਂ ਦੇ ਮਾਹੌਲ ਦਰਮਿਆਨ ਵੱਖ-ਵੱਖ ਸਿਆਸੀ ਆਗੂਆਂ ਨੇ ਵੀ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਅਤੇ ਇਸ ਨੂੰ ਵਿਭਿੰਨਤਾ, ਸਾਂਝ ਅਤੇ ਭਾਈਚਾਰਕ ਏਕਤਾ ਦੀ ਮਿਸਾਲ ਦੱਸਿਆ। ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਦੇ ਪ੍ਰਧਾਨ ਨੇ ਕਿਹਾ ਕਿ ਨਗਰ ਕੀਰਤਨ ਵਿੱਚ ਭਰਵੀਂ ਹਾਜ਼ਰੀ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਸੰਗਤ ਦੀ ਡੂੰਘੀ ਆਸਥਾ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਵੱਸਦਾ ਸਿੱਖ ਭਾਈਚਾਰਾ ਆਪਣੀ ਧਾਰਮਿਕ ਵਿਰਾਸਤ ਨੂੰ ਸੰਭਾਲਣ ਦੇ ਨਾਲ-ਨਾਲ ਸੇਵਾ, ਸਾਂਝੀਵਾਲਤਾ ਅਤੇ ਮਨੁੱਖਤਾ ਦਾ ਸੰਦੇਸ਼ ਵੀ ਦੇ ਰਿਹਾ ਹੈ।

23ਵਾਂ ਮਹਾਨ ਨਗਰ ਕੀਰਤਨ ਨਵੀਂ ਪੀੜ੍ਹੀ ਨੂੰ ਸਿੱਖ ਵਿਰਸੇ ਅਤੇ ਇਤਿਹਾਸ ਨਾਲ ਜੋੜਨ ਦੇ ਨਾਲ ਵਿਨੀਪੈਗ ਵਿੱਚ ਸਿੱਖ ਭਾਈਚਾਰੇ ਦੀ ਏਕਤਾ, ਆਸਥਾ ਅਤੇ ਸੇਵਾ-ਭਾਵਨਾ ਦਾ ਪ੍ਰਭਾਵਸ਼ਾਲੀ ਪ੍ਰਗਟਾਵਾ ਬਣ ਕੇ ਨਿੱਬੜਿਆ।

## 'ਰਾਖਵਾਂਕਰਨ ਵਧਾਓ, ਸੰਵਿਧਾਨ ਬਚਾਓ'

# ਪਟਨਾ 'ਚ ਸੰਘਰਸ਼ ਸਮਿਤੀ ਦਾ ਜ਼ੋਰਦਾਰ ਪ੍ਰਦਰਸ਼ਨ; ਲੋਕ ਭਵਨ ਵੱਲ ਮਾਰਚ ਦੌਰਾਨ ਪੁਲਿਸ ਨਾਲ ਤਿੱਖੀ ਝੜਪ



ਪਟਨਾ : ਬਿਹਾਰ ਦੀ ਰਾਜਧਾਨੀ ਪਟਨਾ ਦੀਆਂ ਸੜਕਾਂ 'ਤੇ ਮੰਗਲਵਾਰ ਨੂੰ ਦਲਿਤ ਅਤੇ ਪੱਛੜੇ ਵਰਗਾਂ ਦੇ ਅਧਿਕਾਰਾਂ ਨੂੰ ਲੈ ਕੇ ਜ਼ਬਰਦਸਤ ਰੋਸ ਦੇਖਣ ਨੂੰ ਮਿਲਿਆ। 'ਰਾਖਵਾਂਕਰਨ ਵਧਾਓ, ਸੰਵਿਧਾਨ ਬਚਾਓ ਸੰਘਰਸ਼ ਸਮਿਤੀ' ਦੇ ਬੈਨਰ ਹੇਠ ਇਕੱਠੇ ਹੋਏ ਸੈਂਕੜੇ ਕਾਰਕੁਨਾਂ ਨੇ ਰਾਖਵਾਂਕਰਨ ਦਾ ਦਾਇਰਾ ਵਧਾਉਣ ਅਤੇ ਸੰਵਿਧਾਨ ਦੀ ਰਾਖੀ ਦੀ ਮੰਗ ਨੂੰ ਲੈ ਕੇ ਲੋਕ ਭਵਨ ਵੱਲ ਇੱਕ ਵਿਸ਼ਾਲ ਰੋਸ ਮਾਰਚ ਕੱਢਿਆ।

ਮੁੱਖ ਮੰਗਾਂ ਅਤੇ ਪ੍ਰਦਰਸ਼ਨਕਾਰੀਆਂ ਦੇ ਤੇਵਰ

**65% ਰਾਖਵਾਂਕਰਨ ਬਹਾਲ ਕਰਨ ਦੀ ਮੰਗ:** ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਬਿਹਾਰ ਵਿੱਚ ਐਸ.ਸੀ., ਐਸ.ਟੀ., ਓ.ਬੀ.ਸੀ. ਅਤੇ ਈ.ਬੀ.ਸੀ. ਲਈ ਰਾਖਵਾਂਕਰਨ ਕੋਟਾ ਵਧਾ ਕੇ 65% ਲਾਗੂ ਕੀਤਾ ਜਾਵੇ ਅਤੇ ਇਸ ਕਾਨੂੰਨ ਨੂੰ ਸੰਵਿਧਾਨ ਦੀ 9ਵੀਂ ਅਨੁਸੂਚੀ (Ninth Schedule) ਵਿੱਚ ਸ਼ਾਮਲ ਕਰਕੇ ਕਾਨੂੰਨੀ ਸੁਰੱਖਿਆ ਦਿੱਤੀ ਜਾਵੇ।

**ਨਿੱਜੀ ਖੇਤਰ ਅਤੇ ਨਿਆਂਪਾਲਿਕਾ ਵਿੱਚ ਕੋਟਾ:** ਸਮਿਤੀ ਦੇ ਆਗੂਆਂ ਨੇ ਨਿੱਜੀ ਅਦਾਰਿਆਂ, ਸਰਕਾਰੀ ਠੇਕਿਆਂ ਅਤੇ ਉੱਚ ਨਿਆਂਪਾਲਿਕਾ ਵਿੱਚ ਵੀ ਰਾਖਵਾਂਕਰਨ ਲਾਗੂ ਕਰਨ ਦੀ ਪੁਰਜ਼ੋਰ ਮੰਗ ਉਠਾਈ।

**ਤਰੱਕੀਆਂ ਵਿੱਚ ਰਾਖਵਾਂਕਰਨ:** ਸਰਕਾਰੀ ਸੇਵਾਵਾਂ ਵਿੱਚ ਐਸ.ਸੀ./ਐਸ.ਟੀ. ਮੁਲਾਜ਼ਮਾਂ ਲਈ ਤਰੱਕੀਆਂ (Promotion) ਵਿੱਚ ਰਾਖਵਾਂਕਰਨ ਬਿਨਾਂ ਸ਼ਰਤ ਲਾਗੂ ਕਰਨ 'ਤੇ ਜ਼ੋਰ ਦਿੱਤਾ ਗਿਆ।

**ਪੁਲਿਸ ਬੈਰੀਕੇਡ ਤੋੜਨ ਦੀ ਕੋਸ਼ਿਸ਼, ਕਈ ਆਗੂ ਹਿਰਾਸਤ 'ਚ**

ਗਾਂਧੀ ਮੈਦਾਨ ਤੋਂ ਸ਼ੁਰੂ ਹੋਇਆ ਇਹ ਰੋਸ ਮਾਰਚ ਜਿਵੇਂ ਹੀ ਲੋਕ ਭਵਨ ਵੱਲ ਵਧਿਆ, ਪੁਲਿਸ ਨੇ ਡਾਕ ਬੰਗਲਾ ਚੌਕ ਅਤੇ ਜੇ.ਪੀ. ਗੋਲੰਬਰ ਨੇੜੇ ਕੰਡਿਆਲੀਆਂ ਤਾਰਾਂ ਤੇ ਲੋਹੇ ਦੇ ਭਾਰੀ ਬੈਰੀਕੇਡ ਲਗਾ ਕੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਲਿਆ। ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਪਾਰ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਪੁਲਿਸ ਨਾਲ ਤਿੱਖੀ ਧੱਕਾਮੁੱਕੀ ਹੋਈ। ਸਥਿਤੀ ਨੂੰ ਕਾਬੂ ਹੇਠ ਰੱਖਣ ਲਈ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਤਾਇਨਾਤ ਸੀ ਅਤੇ ਪੁਲਿਸ ਨੇ ਸੰਘਰਸ਼ ਸਮਿਤੀ ਦੇ ਪ੍ਰਮੁੱਖ ਆਗੂਆਂ ਸਮੇਤ ਕਈ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ।

# ਅਮਰੀਕਾ ਅਤੇ ਇਰਾਨ 'ਚ ਫਿਰ ਵਧਿਆ ਤਣਾਅ

## ਅਮਰੀਕਾ ਨੇ ਇਰਾਨ ਨਾਲ ਸਬੰਧਤ 5 ਤੇਲ ਟੈਂਕਰਾਂ 'ਤੇ ਕੀਤਾ ਹਮਲਾ



ਤੇਹਰਾਨ : ਅਮਰੀਕਾ ਅਤੇ ਇਰਾਨ ਵਿਚਾਲੇ ਤਣਾਅ ਇੱਕ ਵਾਰ ਫਿਰ ਵਧ ਗਿਆ ਹੈ। ਅਮਰੀਕੀ ਫ਼ੌਜ ਨੇ ਮੰਗਲਵਾਰ ਨੂੰ ਇਰਾਨ ਨਾਲ ਜੁੜੇ 5 ਤੇਲ ਟੈਂਕਰਾਂ 'ਤੇ ਹਮਲਾ ਕੀਤਾ। ਇਸ ਦੇ ਕੁਝ ਘੰਟਿਆਂ ਬਾਅਦ ਇਰਾਨ ਨੇ ਜਾਰਡਨ ਵਿੱਚ ਅਮਰੀਕੀ ਫ਼ੌਜੀ ਟਿਕਾਣੇ ਵੱਲ 20 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। ਜਾਰਡਨ ਦੀ ਫ਼ੌਜ ਨੇ ਦਾਅਵਾ ਕੀਤਾ ਕਿ ਉਸ ਦੇ ਏਅਰ ਡਿਫੈਂਸ ਸਿਸਟਮ ਨੇ 18 ਮਿਜ਼ਾਈਲਾਂ ਨੂੰ ਹਵਾ ਵਿੱਚ ਹੀ ਢਾਹ ਦਿੱਤਾ, ਜਦਕਿ ਦੋ ਮਿਜ਼ਾਈਲਾਂ ਆਬਾਦੀ ਤੋਂ ਦੂਰ ਇਲਾਕਿਆਂ ਵਿੱਚ ਡਿੱਗੀਆਂ।

ਅਮਰੀਕੀ ਸੈਂਟਰਲ ਕਮਾਂਡ ਨੇ ਕਿਹਾ ਕਿ ਇਰਾਨ ਨੇ ਪਿਛਲੇ ਦੋ ਦਿਨਾਂ ਵਿੱਚ ਅਮਰੀਕੀ ਨੇਵੀ ਦੇ ਇੱਕ ਜੰਗੀ ਜਹਾਜ਼ ਨੂੰ ਦੋ ਵਾਰ ਬੈਲਿਸਟਿਕ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਜਵਾਬ ਵਿੱਚ ਅਮਰੀਕੀ ਫ਼ੌਜ ਨੇ ਇਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਕੌਰਪਸ ਨਾਲ ਜੁੜੇ ਤੇਲ ਟੈਂਕਰਾਂ 'ਤੇ ਹਮਲਾ ਕੀਤਾ।

ਅਮਰੀਕਾ ਦੇ ਹਮਲੇ ਤੋਂ ਬਾਅਦ ਇਰਾਨ ਨੇ ਹੋਰਮੁਜ਼ ਸਟ੍ਰੇਟ ਵਿੱਚ 10 ਜਹਾਜ਼ਾਂ 'ਤੇ ਹਮਲੇ ਕਰਨ ਦਾ ਦਾਅਵਾ ਕੀਤਾ ਹੈ। ਇਹਨਾਂ ਵਿੱਚ 2 ਅਮਰੀਕੀ ਜਹਾਜ਼ ਅਤੇ 8 ਤੇਲ ਟੈਂਕਰ ਸ਼ਾਮਲ ਹਨ। ਇਰਾਨ ਨੇ ਕਿਹਾ ਕਿ ਇਹ ਜਹਾਜ਼ ਪਾਬੰਦੀਸ਼ੁਦਾ ਇਲਾਕੇ ਤੋਂ ਲੰਘ ਰਹੇ ਸਨ। ਇਰਾਨ ਨੇ ਅਮਰੀਕਾ ਦੇ ਇੱਕ ਸਬ-ਮਰੀਨ ਡਰੋਨ ਨੂੰ ਫੜਨ ਦੀ ਗੱਲ ਵੀ ਕਹੀ ਹੈ।

# ਨਾਰਵੇ ਨੇ ਰਾਜਾ ਹੈਰਾਲਡ ਪੰਜਵੇਂ ਨੂੰ ਕਿਹਾ ਅਲਵਿਦਾ



ਓਸਲੋ : ਨਾਰਵੇ ਦੇ ਰਾਜਾ ਹੈਰਾਲਡ ਪੰਜਵੇਂ ਦੇ ਤਾਬੂਤ ਨੂੰ ਬੁੱਧਵਾਰ ਨੂੰ ਉਨ੍ਹਾਂ ਦੇ ਅੰਤਿਮ ਸੰਸਕਾਰ ਲਈ ਸ਼ਾਹੀ ਮਹਿਲ ਤੋਂ ਓਸਲੋ ਗਿਰਜਾਘਰ ਲਿਜਾਇਆ ਗਿਆ। ਉਨ੍ਹਾਂ ਨੂੰ ਅਲਵਿਦਾ ਕਹਿਣ ਲਈ ਹਜ਼ਾਰਾਂ ਲੋਕ ਸੜਕਾਂ 'ਤੇ ਇਕੱਠੇ ਹੋਏ। ਸ਼ਾਹੀ ਮਹਿਲ ਤੋਂ ਓਸਲੋ ਗਿਰਜਾਘਰ ਤੱਕ ਅੰਤਿਮ ਸੰਸਕਾਰ ਜਲੂਸ ਤੋਂ ਪਹਿਲਾਂ 21 ਤੋਪਾਂ ਦੀ ਸਲਾਮੀ ਦਿੱਤੀ ਗਈ। ਹੈਰਾਲਡ ਪੰਜਵੇਂ ਦੇ ਪੁੱਤਰ ਅਤੇ ਦੇਸ਼ ਦੇ ਨਵੇਂ ਰਾਜਾ ਹਾਕੋਨ ਅੱਠਵੇਂ ਅਤੇ ਸ਼ਾਹੀ ਪਰਿਵਾਰ ਦੇ ਹੋਰ ਮੈਂਬਰ ਉਨ੍ਹਾਂ ਦੇ ਤਾਬੂਤ ਦੇ ਪਿੱਛੇ-ਪਿੱਛੇ ਤੁਰ ਪਏ। ਤਾਬੂਤ ਨੂੰ ਲਾਲ ਸ਼ਾਹੀ ਝੰਡੇ ਵਿੱਚ ਲਪੇਟਿਆ ਗਿਆ ਸੀ। ਰਾਜਾ ਹੈਰਾਲਡ ਪੰਜਵੇਂ ਦਾ 28 ਅਗਸਤ ਨੂੰ 89 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਕਿਸੇ ਵੀ ਯੂਰਪੀ ਦੇਸ਼ ਦੇ ਸਭ ਤੋਂ ਬਜ਼ੁਰਗ ਜੀਵਤ ਰਾਜਾ ਸਨ, ਜਿਨ੍ਹਾਂ ਨੇ 35 ਸਾਲ ਤੱਕ ਨਾਰਵੇ 'ਤੇ ਰਾਜ ਕੀਤਾ। ਸ਼ਾਹੀ ਪਰਿਵਾਰਾਂ ਦੇ ਮੈਂਬਰ ਅਤੇ ਯੂਰਪ ਅਤੇ ਦੁਨੀਆ ਦੇ ਹੋਰ ਹਿੱਸਿਆਂ ਦੇ ਨੇਤਾ ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਦੀ ਉਮੀਦ ਹੈ।

# ਗੁਰਸਿੱਖ ਨੌਜਵਾਨ ਦੇ ਕਕਾਰਾਂ ਦੀ ਬੇਅਦਬੀ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਹੋਵੇ ਕਾਰਵਾਈ: ਐਡਵੋਕੇਟ ਧਾਮੀ

## ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੋਹਣਜੀਤ ਸਿੰਘ ਦਾ ਹਾਲ ਜਾਣਿਆ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੁਲੀਸ ਤਸ਼ੱਦਦ ਦਾ ਸ਼ਿਕਾਰ ਹੋਏ ਗੁਰਸਿੱਖ ਨੌਜਵਾਨ ਮੋਹਣਜੀਤ ਸਿੰਘ ਸ਼ੇਰੋਂ ਨਾਲ ਮੁਲਾਕਾਤ ਕਰਕੇ ਉਸ ਦੀ ਸਿਹਤ ਦਾ ਹਾਲ ਜਾਣਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਮੋਹਣਜੀਤ ਸਿੰਘ ਨੂੰ ਮਿਲਣ ਪਹੁੰਚੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਗੁਰਸਿੱਖ ਨੌਜਵਾਨ ਦੇ ਕਕਾਰਾਂ ਦੀ ਬੇਅਦਬੀ ਕਰਨਾ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸੇ ਸਿੱਖ 'ਤੇ ਜ਼ੁਲਮ ਹੁੰਦਾ ਹੈ, ਤਾਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜਤ ਨਾਲ ਖੜ੍ਹੇ ਹੋਣ ਨੂੰ ਆਪਣਾ ਫ਼ਰਜ਼ ਸਮਝਦੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦੀ ਨੀਤੀ, ਕਾਰਗੁਜ਼ਾਰੀ ਅਤੇ ਸਮਾਜਿਕ ਮੁੱਦਿਆਂ 'ਤੇ ਸਵਾਲ ਕਰਨਾ ਹਰ ਨਾਗਰਿਕ ਦਾ ਹੱਕ ਹੈ, ਪਰ ਸਵਾਲ ਕਰਨ ਵਾਲੇ ਵਿਅਕਤੀ 'ਤੇ ਤਸ਼ੱਦਦ ਕਰਨ ਦੀ ਕੋਈ ਕਾਨੂੰਨ ਪ੍ਰਵਾਨਗੀ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਸਰਕਾਰ ਚਲਾਉਣ ਵਾਲੀ ਪਾਰਟੀ ਕਦੇ ਲੋਕਾਂ ਨੂੰ ਲੀਡਰਾਂ ਤੋਂ ਸਵਾਲ ਪੁੱਛਣ ਲਈ ਆਖਦੀ ਹੁੰਦੀ ਸੀ, ਲੇਕਿਨ ਜਦੋਂ ਹੁਣ ਲੋਕਾਂ ਨੇ ਉਨ੍ਹਾਂ ਨੂੰ ਸਵਾਲ ਪੁੱਛੇ ਤਾਂ ਉਹ ਬੁਖ਼ਲਾਹਟ ਵਿੱਚ ਆ ਕੇ ਪੁਲੀਸ ਦੀ ਦੁਰਵਰਤੋਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਦਿਨੋਂ-ਦਿਨ ਵਧਣਾ ਸਰਕਾਰ ਲਈ ਵੱਡਾ ਸਵਾਲ ਹੈ। ਨਸ਼ਿਆਂ ਨਾਲ ਨੌਜਵਾਨਾਂ ਦੀਆਂ ਜਾਨਾਂ ਜਾ ਰਹੀਆਂ ਹਨ, ਪ੍ਰੰਤੂ ਸਰਕਾਰ ਇਸ ਨੂੰ ਅਣਦੇਖਿਆ ਕਰਕੇ ਸਵਾਲ ਅਤੇ ਵਿਰੋਧ ਕਰਨ ਵਾਲਿਆਂ ਨੂੰ ਹੀ ਦੋਸ਼ੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਲੋਕ ਮਿਲਣੀ ਲਈ ਪਿੰਡ ਵਿੱਚ ਆਏ ਮੁੱਖ ਮੰਤਰੀ ਨੂੰ ਜੇਕਰ ਗੁਰਸਿੱਖ ਨੌਜਵਾਨ ਨੇ ਨਸ਼ਿਆਂ ਸਬੰਧੀ ਸਵਾਲ ਕੀਤਾ ਤਾਂ ਪੁਲੀਸ ਨੇ ਉਸ 'ਤੇ ਤਸ਼ੱਦਦ ਹੀ ਨਹੀਂ ਕੀਤਾ, ਸਗੋਂ ਉਸ ਦੇ ਕੇਸਾਂ ਤੇ ਕਕਾਰਾਂ ਦੀ ਬੇਅਦਬੀ ਕਰਕੇ ਵੱਡਾ ਗੁਨਾਹ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਕਕਾਰ ਸਿੱਖੀ ਜੀਵਨ ਦਾ ਅਹਿਮ ਅੰਗ ਹਨ। ਕਿਸੇ ਵੀ ਵਿਅਕਤੀ ਨੂੰ ਕਾਨੂੰਨ ਹੱਥ ਵਿੱਚ ਲੈ ਕੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕਰਨ ਦਾ ਅਧਿਕਾਰ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਜਾਣਬੁੱਝ ਕੇ ਕਕਾਰਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਤੇ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪੀੜਤ ਨੌਜਵਾਨ ਦੀ ਹਰ ਤਰ੍ਹਾਂ ਸਹਾਇਤਾ ਲਈ ਵਚਨਬੱਧ ਹੈ ਅਤੇ ਜੇਕਰ ਉਹ ਚਾਹੇ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵਿਖੇ ਉਸ ਦਾ ਇਲਾਜ ਕਰਵਾਉਣ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ ਵੀ ਮੌਜੂਦ ਸਨ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਸਰਾਵਾਂ ਦੇ ਨਾਂ 'ਤੇ ਸਾਈਬਰ ਠੱਗਾਂ ਦਾ ਜਾਲ, ਜਾਅਲੀ ਵੈੱਬਸਾਈਟਾਂ ਰਾਹੀਂ ਸੰਗਤਾਂ ਨਾਲ ਲੱਖਾਂ ਦੀ ਠੱਗੀ




ਸ੍ਰੀ ਅੰਮ੍ਰਿਤਸਰ ਸਾਹਿਬ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਨਤਮਸਤਕ ਹੋਣ ਲਈ ਪਹੁੰਚਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਾਵਾਂ ਜਿਵੇਂ ਕਿ ਸਾਰਾਗੜ੍ਹੀ ਨਿਵਾਸ, ਮਾਤਾ ਗੰਗਾ ਜੀ ਨਿਵਾਸ ਅਤੇ ਮਾਤਾ ਭਾਗੋ ਜੀ ਨਿਵਾਸ ਦੇ ਕਮਰੇ ਆਨਲਾਈਨ ਬੁੱਕ ਕੀਤੇ ਜਾਂਦੇ ਹਨ। ਪਰ ਹੁਣ ਕੁਝ ਸਾਈਬਰ ਠੱਗ ਇਨ੍ਹਾਂ ਸਹੂਲਤਾਂ ਦਾ ਨਜਾਇਜ਼ ਫਾਇਦਾ ਉਠਾਉਂਦੇ ਹੋਏ ਜਾਅਲੀ ਵੈੱਬਸਾਈਟਾਂ ਅਤੇ ਕਿਊ.ਆਰ. ਕੋਡ ਬਣਾ ਕੇ ਸੰਗਤਾਂ ਨੂੰ ਗੁਮਰਾਹ ਕਰ ਰਹੇ ਹਨ ਅਤੇ ਫਰਜ਼ੀ ਅਕਾਊਂਟਾਂ ਰਾਹੀਂ ਪੈਸੇ ਟਰਾਂਸਫਰ ਕਰਵਾ ਕੇ ਵੱਡੇ ਪੱਧਰ 'ਤੇ ਆਰਥਿਕ ਨੁਕਸਾਨ ਪਹੁੰਚਾ ਰਹੇ ਹਨ।

ਇਸ ਠੱਗੀ ਦੇ ਸਿਲਸਿਲੇ ਬਾਰੇ ਜਾਣਕਾਰੀ ਦਿੰਦਿਆਂ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਰਾਵਾਂ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਠੱਗ ਨਿੱਤ ਨਵੀਆਂ ਵੈੱਬਸਾਈਟਾਂ ਬਣਾ ਕੇ ਸ਼ਰਧਾਲੂਆਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਰਾਏ ਗੜ੍ਹਵੀ ਨਿਵਾਸ ਦੇ ਅਸਲ ਕਮਰਿਆਂ ਦਾ ਕਿਰਾਇਆ 1000 ਅਤੇ 1600 ਰੁਪਏ ਹੈ, ਪਰ ਠੱਗ ਸ਼ਰਧਾਲੂਆਂ ਕੋਲੋਂ 2500 ਤੋਂ 3500 ਰੁਪਏ ਤੱਕ ਵਸੂਲ ਰਹੇ ਹਨ ਅਤੇ ਐੱਸ.ਜੀ.ਪੀ.ਸੀ. ਦਾ ਲੋਗੋ ਲਾ ਕੇ ਜਾਅਲੀ ਰਸੀਦਾਂ ਤਿਆਰ ਕਰਕੇ ਦੇ ਰਹੇ ਹਨ।

ਪ੍ਰਬੰਧਕਾਂ ਵੱਲੋਂ ਪਹਿਲਾਂ ਵੀ 7 ਮਈ 2025 ਨੂੰ ਸੀ.ਪੀ. ਸਾਹਿਬ ਨੂੰ ਲਿਖਤੀ ਸ਼ਿਕਾਇਤ ਦਿੱਤੀ ਗਈ ਸੀ, ਪਰ ਅਜੇ ਤੱਕ ਵੀ ਇਹ ਠੱਗ ਬੇਖੌਫ਼ ਹੋ ਕੇ ਲੱਖਾਂ ਰੁਪਏ ਦੀਆਂ ਠੱਗੀਆਂ ਮਾਰ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਧਿਕਾਰਤ ਵੈੱਬਸਾਈਟ ਸਿਰਫ਼ www.sgpcsarai.com ਹੈ। ਸੰਗਤਾਂ ਨੂੰ ਜ਼ੋਰਦਾਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸਿਰਫ਼ ਇਸੇ ਅਧਿਕਾਰਤ ਵੈੱਬਸਾਈਟ ਤੋਂ ਹੀ ਕਮਰੇ ਬੁੱਕ ਕਰਵਾਉਣ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਠੱਗੀ ਤੋਂ ਬਚਿਆ ਜਾ ਸਕੇ ਅਤੇ ਇਨ੍ਹਾਂ ਸਾਈਬਰ ਠੱਗਾਂ ਦੇ ਜਾਲ ਵਿੱਚ ਨਾ ਫਸਿਆ ਜਾਵੇ।

# ਫ਼ਰੀਦਕੋਟ ਵਿੱਚ ਕਿਸਾਨ ਪੰਚਾਇਤ ਤੋਂ ਪਹਿਲਾਂ ਡੱਲੇਵਾਲ ਸਮੇਤ ਕਿਸਾਨ ਆਗੂ ਨਜ਼ਰਬੰਦ

## ਡੱਲੇਵਾਲ ਅਤੇ ਹੋਰ ਐੱਸ.ਕੇ.ਐੱਮ. (ਗ਼ੈਰ-ਸਿਆਸੀ) ਆਗੂ ਘਰਾਂ ਵਿੱਚ ਕੈਦ; ਯੂਨੀਅਨ ਨੇ ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ ਦਿੱਤੀ



ਫ਼ਰੀਦਕੋਟ : ਇੱਕ ਅਹਿਤਿਆਤੀ ਕਾਰਵਾਈ ਤਹਿਤ ਪੁਲਿਸ ਨੇ ਫ਼ਰੀਦਕੋਟ ਵਿਖੇ ਤੈਅ ਕਿਸਾਨ ਪੰਚਾਇਤ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦੇ ਕਨਵੀਨਰ ਜਗਜੀਤ ਸਿੰਘ ਡੱਲੇਵਾਲ ਸਮੇਤ ਕਈ ਪ੍ਰਮੁੱਖ ਕਿਸਾਨ ਯੂਨੀਅਨ ਆਗੂਆਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਨਜ਼ਰਬੰਦ ਕਰ ਦਿੱਤਾ ਹੈ। ਕਾਡਰਾਂ ਨੂੰ ਇਸ ਸਮਾਗਮ ਲਈ ਇਕੱਠੇ ਹੋਣ ਤੋਂ ਰੋਕਣ ਲਈ ਮੁੱਖ ਯੂਨੀਅਨ ਆਗੂਆਂ ਦੇ ਘਰਾਂ ਨੇੜੇ ਸਵੇਰੇ-ਸਵੇਰੇ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਗਏ ਸਨ, ਜਿਸ ਨਾਲ ਉਨ੍ਹਾਂ ਦੀ ਆਵਾਜਾਈ ਸੀਮਤ ਹੋ ਗਈ।

ਪੁਲਿਸ ਦੀ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਡੱਲੇਵਾਲ ਨੇ ਸੂਬਾ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਸਖ਼ਤ ਹੱਥਕੰਡਿਆਂ ਰਾਹੀਂ ਜਮਹੂਰੀ ਰੋਸ ਪ੍ਰਦਰਸ਼ਨ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਇੱਕ ਬਿਆਨ ਵਿੱਚ ਕਿਹਾ, "ਇਹ ਸ਼ਾਂਤਮਈ ਜਮਹੂਰੀ ਅੰਦੋਲਨ ਨੂੰ ਕੁਚਲਣ ਦੀ ਸਿੱਧੀ ਕੋਸ਼ਿਸ਼ ਹੈ। ਸਰਕਾਰ ਸੋਚਦੀ ਹੈ ਕਿ ਉਹ ਸਾਨੂੰ ਸਾਡੇ ਘਰਾਂ ਵਿੱਚ ਬੰਦ ਕਰਕੇ ਸਾਡੀ ਆਵਾਜ਼ ਨੂੰ ਦਬਾ ਸਕਦੀ ਹੈ, ਪਰ ਅਜਿਹੀਆਂ ਜ਼ਬਰਦਸਤੀ ਕਾਰਵਾਈਆਂ ਕਿਸਾਨਾਂ ਦੀ ਆਵਾਜ਼ ਨੂੰ ਨਹੀਂ ਦਬਾ ਸਕਣਗੀਆਂ। ਇਹਨਾਂ ਰਾਜ-ਪ੍ਰਯੋਜਿਤ ਰੁਕਾਵਟਾਂ ਦੇ ਬਾਵਜੂਦ ਸਾਡੇ ਜਾਇਜ਼ ਅਧਿਕਾਰਾਂ ਲਈ ਸੰਘਰਸ਼ ਜਾਰੀ ਰਹੇਗਾ।

ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਨੂੰਨ ਅਤੇ ਵਿਵਸਥਾ ਨੂੰ ਬਣਾਈ ਰੱਖਣ ਅਤੇ ਖੇਤਰ ਵਿੱਚ ਸੰਭਾਵੀ ਵਿਘਨ ਤੋਂ ਬਚਣ ਲਈ ਅਹਿਤਿਆਤੀ ਉਪਾਅ ਕੀਤੇ ਗਏ ਸਨ। ਇਸ ਦੌਰਾਨ, ਕਿਸਾਨ ਯੂਨੀਅਨ ਦੇ ਪ੍ਰਤੀਨਿਧਾਂ ਨੇ ਸਮਰਥਕਾਂ ਨੂੰ ਦ੍ਰਿੜ ਰਹਿਣ ਦਾ ਸੱਦਾ ਦਿੱਤਾ ਅਤੇ ਚੇਤਾਵਨੀ ਦਿੱਤੀ ਕਿ ਜੇ ਉਨ੍ਹਾਂ ਦੇ ਆਗੂਆਂ ਤੋਂ ਪਾਬੰਦੀਆਂ ਤੁਰੰਤ ਨਾ ਹਟਾਈਆਂ ਗਈਆਂ ਤਾਂ ਤਿੱਖੇ ਸੰਘਰਸ਼ ਕੀਤੇ ਜਾਣਗੇ। ਫ਼ਰੀਦਕੋਟ ਦਾ ਅੰਦੋਲਨ ਇਸ ਸਾਲ 30 ਮਾਰਚ ਤੋਂ ਸ਼ੁਰੂ ਹੋਇਆ, ਜਦੋਂ ਦੋ ਕਿਸਾਨ ਭਰਾਵਾਂ ਦੀ ਖ਼ੁਦਕੁਸ਼ੀ ਤੋਂ ਬਾਅਦ ਕਿਸਾਨ ਮੋਰਚਾ ਸ਼ੁਰੂ ਹੋਇਆ ਸੀ। ਇਸ ਘਟਨਾ ਨੇ ਜ਼ਿਲ੍ਹੇ ਵਿੱਚ ਯੂਨੀਅਨ ਕਾਡਰਾਂ ਨੂੰ ਲਾਮਬੰਦ ਕੀਤਾ ਅਤੇ ਪ੍ਰਸ਼ਾਸਨ ਨਾਲ ਲੰਬਾ ਟਕਰਾਅ ਸ਼ੁਰੂ ਕਰ ਦਿੱਤਾ। ਉਦੋਂ ਤੋਂ, ਪ੍ਰਦਰਸ਼ਨ ਵੱਖ-ਵੱਖ ਰੂਪਾਂ ਵਿੱਚ ਜਾਰੀ ਹੈ, ਜਿਸ ਵਿੱਚ ਕਿਸਾਨ ਯੂਨੀਅਨਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਵਾਰ-ਵਾਰ ਅਧਿਕਾਰੀਆਂ ਨਾਲ ਟਕਰਾਅ ਕੀਤਾ ਹੈ।

# ਨਸ਼ਾ ਤਸਕਰੀ ਮਾਮਲੇ ਵਿੱਚ ਅਕਾਲੀ ਆਗੂ ਦੇ ਘਰ 12.35 ਕਰੋੜ ਦੀ ਜਾਇਦਾਦ ਫਰੀਜ਼ ਕਰਨ ਦਾ ਨੋਟਿਸ

## ਪਰਿਵਾਰ ਨੇ ਕਾਰਵਾਈ ਨੂੰ ਦੱਸਿਆ ਸਿਆਸੀ ਤੌਰ 'ਤੇ ਪ੍ਰੇਰਿਤ

ਮਾਨਸਾ : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਮਾਨਸਾ ਪੁਲੀਸ ਨੇ ਨਸ਼ਾ ਤਸਕਰੀ ਦੇ ਇੱਕ ਮਾਮਲੇ ਵਿੱਚ ਅਕਾਲੀ ਆਗੂ ਅਤੇ ਸਾਬਕਾ ਟਰੱਕ ਯੂਨੀਅਨ ਪ੍ਰਧਾਨ ਮਲਕੀਤ ਸਿੰਘ ਦੇ ਘਰ ਦੇ ਬਾਹਰ 12 ਕਰੋੜ 35



ਲੱਖ 90 ਹਜ਼ਾਰ ਰੁਪਏ ਦੀ ਜਾਇਦਾਦ ਫ਼ਰੀਜ਼ ਕਰਨ ਸਬੰਧੀ ਨੋਟਿਸ ਚਸਪਾ ਕੀਤਾ ਹੈ। ਪੁਲੀਸ ਅਨੁਸਾਰ ਇਹ ਕਾਰਵਾਈ ਨਸ਼ਾ ਤਸਕਰੀ ਨਾਲ ਜੁੜੇ ਮਾਮਲੇ ਵਿੱਚ ਕੀਤੀ ਗਈ ਹੈ।

ਡੀ ਐੱਸ ਪੀ ਹਰਜਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਕੁਲਵਿੰਦਰਜੀਤ ਸਿੰਘ ਕੋਲੋਂ 500 ਗ੍ਰਾਮ ਹੈਰੋਇਨ ਬਰਾਮਦ ਹੋਣ ਤੋਂ ਬਾਅਦ ਥਾਣਾ ਸਿਟੀ-1 ਵਿੱਚ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਕੁਲਵਿੰਦਰਜੀਤ ਸਿੰਘ ਨਾਲ ਸਬੰਧਤ 12 ਕਰੋੜ 35 ਲੱਖ 90 ਹਜ਼ਾਰ ਰੁਪਏ ਦੀ ਜਾਇਦਾਦ ਨੂੰ ਫ਼ਰੀਜ਼ ਕਰਨ ਸਬੰਧੀ ਨੋਟਿਸ ਲਗਾਇਆ ਗਿਆ ਹੈ। ਪੁਲੀਸ ਮੁਤਾਬਕ ਕੁਲਵਿੰਦਰਜੀਤ ਸਿੰਘ ਖ਼ਿਲਾਫ਼ ਤਿੰਨ ਮਾਮਲੇ, ਉਸ ਦੇ ਪਿਤਾ ਮਲਕੀਤ ਸਿੰਘ ਖ਼ਿਲਾਫ਼ 17 ਮਾਮਲੇ ਅਤੇ ਮਨਿੰਦਰਜੀਤ ਸਿੰਘ ਖ਼ਿਲਾਫ਼ ਇੱਕ ਮਾਮਲਾ ਦਰਜ ਹੈ।

ਉੱਧਰ, ਅਕਾਲੀ ਆਗੂ ਦੀ ਪਤਨੀ ਸਰਬਜੀਤ ਕੌਰ ਨੇ ਪੁਲੀਸ ਦੀ ਇਸ ਕਾਰਵਾਈ ਨੂੰ ਸਿਆਸੀ ਤੌਰ 'ਤੇ ਪ੍ਰੇਰਿਤ ਦੱਸਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਉਨ੍ਹਾਂ ਦੇ ਪੁੱਤਰ ਖ਼ਿਲਾਫ਼ ਵੀ ਹੈਰੋਇਨ ਦਾ ਝੂਠਾ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਤੀ ਖ਼ਿਲਾਫ਼ ਦਰਜ ਮਾਮਲਿਆਂ ਵਿੱਚ ਉਹ ਬਰੀ ਹੋ ਚੁੱਕੇ ਹਨ ਅਤੇ ਛੋਟੇ ਪੁੱਤਰ ਨੂੰ ਵੀ ਜਾਣਬੁੱਝ ਕੇ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਬਜੀਤ ਕੌਰ ਨੇ ਕਿਹਾ ਕਿ ਜਿਸ ਮਕਾਨ ਨੂੰ ਫ਼ਰੀਜ਼ ਕਰਨ ਦੀ ਕਾਰਵਾਈ ਕੀਤੀ ਗਈ ਹੈ, ਉਹ ਉਨ੍ਹਾਂ ਦਾ ਪੈਤ੍ਰਿਕ ਘਰ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਇਸ ਕਾਰਵਾਈ ਖ਼ਿਲਾਫ਼ ਅਦਾਲਤ ਦਾ ਸਹਾਰਾ ਲਵੇਗਾ।

# ਮੁੱਖ ਸਕੱਤਰ ਨਾਲ ਮੀਟਿੰਗ ਤੋਂ ਬਾਅਦ ਮੁਲਾਜ਼ਮਾਂ ਨੇ ਵਾਪਸ ਲਈ ਹੜਤਾਲ

## ਇਸ ਤੋਂ ਪਹਿਲਾਂ ਕਾਰਵਾਈ ਪੱਤਰ ਵਾਪਸ ਲੈਣ 'ਤੇ ਬਣੀ ਸੀ ਸਹਿਮਤੀ



ਚੰਡੀਗੜ੍ਹ : ਪੰਜਾਬ ਸਰਕਾਰ ਅਤੇ ਸੂਬੇ ਦੇ ਮੁਲਾਜ਼ਮਾਂ ਦਰਮਿਆਨ ਚੱਲ ਰਿਹਾ ਰੇੜਕਾ ਖ਼ਤਮ ਹੁੰਦਾ ਜਾਪ ਰਿਹਾ ਹੈ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਦੇ ਦਫ਼ਤਰ ਵਿਖੇ ਮੁਲਾਜ਼ਮ ਆਗੂਆਂ ਨਾਲ ਹੋਈ ਇੱਕ ਘੰਟੇ ਦੀ ਲੰਮੀ ਮੀਟਿੰਗ ਤੋਂ ਬਾਅਦ ਪ੍ਰਦਰਸ਼ਨ ਸਮਾਪਤ ਕਰਨ ਦਾ ਇਹ ਫ਼ੈਸਲਾ ਲਿਆ ਗਿਆ। ਇਸ ਚਰਚਾ ਨੂੰ ਸੁਖਾਵਾਂ ਅਤੇ 'ਸਾਰਥਕ' ਦੱਸਿਆ ਗਿਆ। ਮੀਟਿੰਗ ਖ਼ਤਮ ਹੋਣ ਤੋਂ ਤੁਰੰਤ ਬਾਅਦ ਸਾਂਝਾ ਮੁਲਾਜ਼ਮ ਮੰਚ ਦੇ ਕਨਵੀਨਰ ਸੁਖਚੈਨ ਸਿੰਘ ਖਹਿਰਾ ਸਮੇਤ ਹੋਰਨਾਂ ਪ੍ਰਮੁੱਖ ਆਗੂਆਂ ਨੇ ਹੜਤਾਲ ਖ਼ਤਮ ਕਰਨ ਦਾ ਰਸਮੀ ਐਲਾਨ ਕੀਤਾ। ਖਹਿਰਾ ਨੇ ਕਿਹਾ ਕਿ ਮੀਟਿੰਗ ਵਿੱਚ ਤੈਅ ਹੋਇਆ ਹੈ ਕਿ ਪੰਜਾਬ ਪੁਲੀਸ ਦੇ ਖੁਫੀਆ ਵਿੰਗ ਦੇ ਅਧਿਕਾਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਜਲਦ ਹੀ ਮੀਟਿੰਗ ਕਰਨਗੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਹੜਤਾਲ ਅਤੇ ਗੱਲਬਾਤ ਦੋਵੇਂ ਇਕੱਠਿਆਂ ਨਹੀਂ ਚੱਲ ਸਕਦੀਆਂ। ਪਰ ਅੱਜ ਮੁਲਾਜ਼ਮਾਂ ਦੀ ਮੁੱਖ ਸਕੱਤਰ ਨਾਲ ਮੀਟਿੰਗ ਸੁਖਾਵੇ ਮਾਹੌਲ ਵਿੱਚ ਹੋਈ ਜਾਪਦੀ ਹੈ, ਜਿਸ ਤੋਂ ਬਾਅਦ ਮੁਲਾਜ਼ਮਾਂ ਨੇ ਹੜਤਾਲ ਵਾਪਸ ਲੈਣ ਦਾ ਫੈਸਲਾ ਲਿਆ ਹੈ। ਮੁੱਖ ਸਕੱਤਰ ਕੇ ਏ ਪੀ ਸਿਨਹਾ ਨੇ ਮੁਲਾਜ਼ਮ ਆਗੂਆਂ ਨਾਲ ਮੀਟਿੰਗ ਕੀਤੀ ਜਿਸ 'ਚ ਮੁੱਖ ਸਕੱਤਰ ਮੁਲਾਜ਼ਮਾਂ ਖ਼ਿਲਾਫ਼ ਜਾਰੀ ਪੱਤਰ ਵਾਪਸ ਲੈਣ ਲਈ ਸਹਿਮਤ ਹੋ ਗਏ ਹਨ ਜਿਨ੍ਹਾਂ 'ਚ ਹੜਤਾਲੀ ਮੁਲਾਜ਼ਮਾਂ ਨੂੰ ਦਿੱਤੇ 'ਕਾਰਨ ਦੱਸੋ ਨੋਟਿਸ' ਅਤੇ ਦੂਸਰਾ ਲੰਘੇ ਕੱਲ੍ਹ 'ਕੰਮ ਨਹੀਂ ਤਾਂ ਤਨਖ਼ਾਹ ਨਹੀਂ' ਬਾਰੇ ਜਾਰੀ ਪੱਤਰ ਸ਼ਾਮਲ ਹਨ। ਸਾਂਝਾ ਮੁਲਾਜ਼ਮ ਮੰਚ ਵੱਲੋਂ ਲੰਘੇ ਕੱਲ੍ਹ ਕਲਮ ਛੋੜ ਹੜਤਾਲ ਨੂੰ 11 ਸਤੰਬਰ ਤੱਕ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ। ਮੁਲਾਜ਼ਮ ਆਗੂ ਸੁਖਚੈਨ ਸਿੰਘ ਖਹਿਰਾ ਦਾ ਕਹਿਣਾ ਸੀ ਕਿ ਅੱਜ ਮੁੱਖ ਸਕੱਤਰ ਨੇ ਮੁਲਾਜ਼ਮਾਂ ਆਗੂਆਂ ਨਾਲ ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਖ਼ਿਲਾਫ਼ ਜਾਰੀ ਪੱਤਰਾਂ ਨੂੰ ਵਾਪਸ ਲੈਣ ਦੀ ਸਹਿਮਤੀ ਦੇ ਦਿੱਤੀ ਹੈ।


COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# ਗੁ: ਸਿੰਘ ਸਭਾ ਨੋਵੇਲਾਰਾ ਇਟਲੀ ਵਿਖੇ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਪੁੱਜੇ



ਅੰਮ੍ਰਿਤਸਰ : ਯੂਰਪ ਦੌਰੇ ਦੌਰਾਨ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਬਲਬੀਰ ਸਿੰਘ 96 ਕਰੋੜੀ ਪਾਵਨ ਹਾਜ਼ਰੀ ਵਿੱਚ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ, ਇਟਲੀ ਵਿਖੇ ਸ਼ਸਤਰ ਦਰਸ਼ਨ ਸਮਾਗਮ ਬੜੀ ਸ਼ਰਧਾ, ਉਤਸ਼ਾਹ ਅਤੇ ਚੜ੍ਹਦੀ ਕਲਾ ਨਾਲ ਸੰਪੰਨ ਹੋਇਆ। ਇਸ ਇਤਿਹਾਸਕ ਮੌਕੇ 'ਤੇ ਇਟਲੀ ਦੇ ਵੱਖ-ਵੱਖ ਸ਼ਹਿਰਾਂ ਅਤੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪਹੁੰਚ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ ਜੀ, ਅਕਾਲੀ ਬਾਬਾ ਫੂਲਾ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਨਾਲ ਸਬੰਧਤ ਪਾਵਨ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕੀਤੇ। ਸੰਗਤਾਂ ਨੇ ਬੜੀ ਸ਼ਰਧਾ ਅਤੇ ਇਕਾਗਰਤਾ ਨਾਲ ਪੰਥ ਪਾਤਸ਼ਾਹ ਜੀ ਦੇ ਗੁਰਮਤਿ, ਸਿੱਖ ਇਤਿਹਾਸ, ਸ਼ਸਤਰ ਪਰੰਪਰਾ ਅਤੇ ਖਾਲਸਾ ਪੰਥ ਦੀ ਮਹਾਨ ਵਿਰਾਸਤ ਸਬੰਧੀ ਵਿਚਾਰ ਸਰਵਣ ਕੀਤੇ। ਪੂਰਾ ਸਮਾਗਮ ਜੈਕਾਰਿਆਂ, ਗੁਰੂ ਪ੍ਰਤੀ ਅਟੁੱਟ ਸ਼ਰਧਾ ਅਤੇ ਪੰਥਕ ਜਜ਼ਬੇ ਨਾਲ ਭਰਪੂਰ ਰਿਹਾ।

ਇਸ ਮੌਕੇ ਉਨ੍ਹਾਂ ਦੇ ਨਾਲ ਜਥੇਦਾਰ ਗੁਰਚਰਨ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ, ਬਾਬਾ ਜਸਵਿੰਦਰ ਸਿੰਘ ਯੂ.ਐਸ.ਏ, ਯੂਰਪ ਦੀ ਪ੍ਰਮੁੱਖ ਸਿੱਖ ਸ਼ਖ਼ਸੀਅਤ ਭਾਈ ਰਣਜੀਤ ਸਿੰਘ ਮਸੂਤਾ ਸਵੀਜ਼ਰਲੈਂਡ, ਸਿੱਖ ਯੂਥ ਸਵੀਜ਼ਰਲੈਂਡ ਦੇ ਫਾਊਂਡਰ ਭਾਈ ਕਰਨਵੀਰ ਸਿੰਘ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਵਿਲੱਖਣ ਸਮਾਗਮ ਨੇ ਇਟਲੀ ਦੀਆਂ ਸੰਗਤਾਂ ਨੂੰ ਸਿੱਖ ਕੌਮ ਦੀ ਅਮੋਲਕ ਇਤਿਹਾਸਕ ਵਿਰਾਸਤ ਨਾਲ ਜੁੜਨ ਅਤੇ ਪਾਵਨ ਸ਼ਸਤਰਾਂ ਦੇ ਦਰਸ਼ਨ ਕਰਨ ਦਾ ਅਨਮੋਲ ਸੁਭਾਗ ਪ੍ਰਦਾਨ ਕੀਤਾ। ਗੁਰੂ ਸਾਹਿਬ ਜੀ ਸਮੂਹ ਸੰਗਤਾਂ, ਪ੍ਰਬੰਧਕਾਂ ਅਤੇ ਸੇਵਾਦਾਰਾਂ ਉੱਤੇ ਆਪਣੀ ਮੇਹਰ ਭਰੀ ਨਜ਼ਰ ਬਣਾਈ ਰੱਖਣ ਅਤੇ ਸਮੂਹ ਸੰਗਤ ਨੂੰ ਗੁਰਮਤਿ ਨਾਲ ਜੁੜ ਕੇ ਪੰਥ ਦੀ ਚੜ੍ਹਦੀਕਲਾ ਲਈ ਸੇਵਾ ਦਾ ਬਲ ਬਖ਼ਸ਼ਣ।

# ਨਾਰਾਜ਼ ਫੁੱਫੜ ਹੁਣ ਲਾਂਘੇ ਦਾ ਮੁੱਦਾ ਚੁੱਕੇਗਾ: ਮੋਦੀ

## ਪ੍ਰਧਾਨ ਮੰਤਰੀ ਨੇ ਰਾਹੁਲ ਗਾਂਧੀ 'ਤੇ ਮੁੜ ਨਿਸ਼ਾਨੇ ਸੇਧੇ; 'ਛਾਤਰੋਂ ਕੀ ਗੂੰਜ' ਪ੍ਰੋਗਰਾਮ ਨੂੰ 'ਝੂਠ ਕੀ ਗੂੰਜ' ਕਰਾਰ ਦਿੱਤਾ



ਵਡੋਦਰਾ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਕਾਰ ਦੇ ਵਿਕਾਸ ਕੰਮਾਂ 'ਤੇ ਸਵਾਲ ਖੜ੍ਹੇ ਕਰਨ ਵਾਲਿਆਂ ਦੀ ਨਿਖੇਧੀ ਕਰਦਿਆਂ ਉਨ੍ਹਾਂ ਨੂੰ ਮੁੜ ਨਾਰਾਜ਼ ਫੁੱਫੜ ਕਰਾਰ ਦਿੱਤਾ ਹੈ। ਉਨ੍ਹਾਂ ਗੁਜਰਾਤ 'ਚ 35 ਹਜ਼ਾਰ ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। 'ਨਮੋ ਫਾਰ ਵਿਕਸਤ ਭਾਰਤ' ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਾਂਗਰਸ ਆਗੂ ਰਾਹੁਲ ਗਾਂਧੀ ਦੀ 'ਛਾਤਰੋਂ ਕੀ ਗੂੰਜ' ਮੁਹਿੰਮ 'ਤੇ ਵਿਅੰਗ ਕਰਦਿਆਂ ਕਿਹਾ ਕਿ ਨੌਜਵਾਨ 'ਝੂਠ ਕੀ ਗੂੰਜ' ਵੱਲੋਂ ਗੁੰਮਰਾਹ ਨਹੀਂ ਹੋਣਗੇ।

ਮੋਦੀ ਨੇ ਮੁਲਕ 'ਚ ਕਾਂਗਰਸ ਦੀ ਅਗਵਾਈ ਹੇਠਲੀ ਪਿਛਲੀ ਸਰਕਾਰ 'ਤੇ ਵਿਕਾਸ ਕਾਰਜਾਂ ਦੀ ਹੌਲੀ ਰਫ਼ਤਾਰ ਲਈ ਨਿਸ਼ਾਨਾ ਸੇਧਦਿਆਂ ਕਿਹਾ ਕਿ ਨਾਰਾਜ਼ ਫੁੱਫੜ ਹੁਣ ਸਮਰਪਿਤ ਮਾਲ ਢੋਆ-ਢੁਆਈ ਗਲਿਆਰੇ ਦੇ ਟਰੱਕ ਡਰਾਈਵਰਾਂ 'ਤੇ ਪੈਣ ਵਾਲੇ ਅਸਰ ਬਾਰੇ ਸਵਾਲ ਖੜ੍ਹੇ ਕਰਨਗੇ। ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਭਾਰਤ ਨੇ 2014 ਤੋਂ ਬਾਅਦ 50 ਹਜ਼ਾਰ ਆਧੁਨਿਕ ਰੇਲ ਕੋਚ ਬਣਾਏ। ਪਿਛਲੀ ਸਰਕਾਰ 10 ਸਾਲਾਂ 'ਚ 50 ਹਜ਼ਾਰ ਪਖਾਨੇ ਵੀ ਨਹੀਂ ਬਣਾ ਸਕੀ।" ਉਨ੍ਹਾਂ ਕਾਂਗਰਸ ਆਗੂ ਰਾਹੁਲ ਗਾਂਧੀ ਦਾ ਨਾਮ ਲਏ ਬਿਨਾਂ ਕਿਹਾ ਕਿ ਹੁਣ ਨਾਰਾਜ਼ ਫੁੱਫੜ ਚੀਕੇਗਾ ਕਿ ਟਰੱਕ ਵਾਲਿਆਂ ਦਾ ਕੀ ਹੋਵੇਗਾ ਅਤੇ ਫੁੱਫੜ ਨੂੰ ਹੁਣ ਕੁਝ ਕੰਮ ਮਿਲ ਗਿਆ ਹੈ।

ਪ੍ਰਧਾਨ ਮੰਤਰੀ ਨੇ ਸਮਰਪਿਤ ਮਾਲ ਢੋਆ-ਢੁਆਈ ਗਲਿਆਰਾ (ਪੱਛਮ) ਦੇ ਤਿੰਨ ਅਹਿਮ ਸੈਕਸ਼ਨਾਂ ਦਾ ਉਦਘਾਟਨ ਕੀਤਾ। ਇਹ ਗਲਿਆਰਾ ਨਵੀ ਮੁੰਬਈ ਦੀ ਜਵਾਹਰ ਲਾਲ ਨਹਿਰੂ ਬੰਦਰਗਾਹ ਨੂੰ ਉੱਤਰ ਪ੍ਰਦੇਸ਼ ਦੇ ਦਾਦਰੀ ਨਾਲ ਜੋੜਦਾ ਹੈ। ਉਨ੍ਹਾਂ ਕਿਹਾ ਕਿ ਮਾਲ ਢੋਆ-ਢੁਆਈ ਗਲਿਆਰੇ ਤੇਜ਼ੀ ਨਾਲ ਵਿਕਸਤ ਹੋ ਰਹੇ ਭਾਰਤ ਦੀ ਜੀਵਨ ਰੇਖਾ ਹਨ ਅਤੇ ਅੱਜ ਇਸ ਦਾ ਕੰਮ ਮੁਕੰਮਲ ਹੋ ਗਿਆ ਹੈ। ਮੋਦੀ ਨੇ ਕਿਹਾ ਕਿ ਮਾਲ ਢੋਆ-ਢੁਆਈ ਗਲਿਆਰੇ ਮੁਲਕ ਦੇ ਵਪਾਰ ਅਤੇ ਕਾਰੋਬਾਰ ਦੀ ਰੀੜ੍ਹ ਦੀ ਹੱਡੀ ਬਣ ਰਹੇ ਹਨ। ਉਨ੍ਹਾਂ ਕਿਹਾ ਕਿ 2800 ਕਿਲੋਮੀਟਰ ਲੰਮਾ ਸਮਰਪਿਤ ਮਾਲ ਢੋਆ-ਢੁਆਈ ਗਲਿਆਰਾ ਇਸ ਗੱਲ ਦਾ ਸਬੂਤ ਹੈ ਕਿ ਬੀਤੇ 12 ਸਾਲਾਂ 'ਚ ਮੁਲਕ ਦੇ ਕੰਮ ਕਰਨ ਦਾ ਸੱਭਿਆਚਾਰ ਕਿਵੇਂ ਬਦਲਿਆ ਹੈ।

# ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਪਰਿਵਾਰ ਨਾਲ ਨਤਮਸਤਕ ਹੋਏ ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ

ਨਾਂਦੇੜ : ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਆਪਣੇ ਪਰਿਵਾਰ ਨਾਲ ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਪਹੁੰਚੇ, ਜਿਥੇ ਉਨ੍ਹਾਂ ਨੇ ਆਪਣੇ ਪਰਿਵਾਰ ਨਾਲ ਨਤਮਸਤਕ ਹੁੰਦੇ ਹੋਏ ਮੱਥਾ ਟੇਕਿਆ। ਧਨਖੜ ਨੇ ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਵਿਜ਼ਟਰ ਬੁੱਕ ਵਿੱਚ ਆਪਣੇ ਵਿਚਾਰ ਦਰਜ ਕੀਤੇ। ਇਸ ਦੀ ਜਾਣਕਾਰੀ ਇਕ ਅਧਿਕਾਰੀ ਵਲੋਂ ਦਿੱਤੀ ਗਈ।

ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਸਾਬਕਾ ਰਾਸ਼ਟਰਪਤੀ ਦੀ ਫੇਰੀ ਦੇ ਮੱਦੇਨਜ਼ਰ ਗੁਰਦੁਆਰਾ ਕੰਪਲੈਕਸ ਵਿਖੇ ਵਿਆਪਕ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਆਪਣੇ ਸੰਦੇਸ਼ ਵਿੱਚ ਧਨਖੜ ਨੇ ਕਿਹਾ ਕਿ ਉਹ ਇਤਿਹਾਸਕ ਅਸਥਾਨ 'ਤੇ 'ਸੇਵਾ' ਦੀ ਭਾਵਨਾ ਤੋਂ ਬਹੁਤ ਪ੍ਰੇਰਿਤ ਹੋਏ ਹਨ। ਉਨ੍ਹਾਂ ਇਸ ਫੇਰੀ ਨੂੰ ਮਨੁੱਖਤਾ ਦੀ ਸੇਵਾ, ਕੁਰਬਾਨੀ ਅਤੇ ਸਮਰਪਣ ਬਾਰੇ ਸਿੱਖਣ ਲਈ ਇੱਕ 'ਅਨਮੋਲ ਅਨੁਭਵ' ਦੱਸਿਆ। ਉਨ੍ਹਾਂ ਨੇ ਸਿੱਖ ਇਤਿਹਾਸ ਵਿੱਚ ਇਸ ਪਵਿੱਤਰ ਸਥਾਨ ਦੀ ਮਹੱਤਤਾ ਨੂੰ ਵੀ ਰੇਖਾਂਕਿਤ ਕੀਤਾ ਅਤੇ ਕਿਹਾ ਕਿ ਸਿੱਖਾਂ ਦੇ ਦਸਵੇਂ ਅਤੇ ਆਖਰੀ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ ਵਿੱਚ ਆਖਰੀ ਸਾਹ ਲਿਆ ਸੀ ਅਤੇ ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੰਤਿਮ ਅਤੇ ਸਦੀਵੀ ਗੁਰੂ ਦਾ ਦਰਜਾ ਦਿੱਤਾ ਗਿਆ।



# ਪਾਕਿਸਤਾਨੀ ਸਿੱਖਾਂ ਨੂੰ ਅਟਾਰੀ ਸਰਹੱਦ ਰਾਹੀਂ ਭਾਰਤ ਆਉਣ ਦੀ ਦਿੱਤੀ ਜਾਵੇ ਇਜਾਜ਼ਤ: ਤਰਲੋਚਨ ਸਿੰਘ

## ਸਾਬਕਾ ਸੰਸਦ ਮੈਂਬਰ ਨੇ ਪਾਕਿਸਤਾਨੀ ਹਾਈ ਕਮਿਸ਼ਨਰ ਨੂੰ ਪੱਤਰ ਲਿਖ ਕੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਸਰਹੱਦ ਖੋਲ੍ਹਣ ਦੀ ਕੀਤੀ ਅਪੀਲ

ਅੰਮ੍ਰਿਤਸਰ : ਸਾਬਕਾ ਸੰਸਦ ਮੈਂਬਰ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪਾਕਿਸਤਾਨ ਵਿੱਚ ਰਹਿੰਦੇ ਸਿੱਖਾਂ ਨੂੰ ਭਾਰਤ ਵਿਚਲੇ ਗੁਰੂ-ਧਾਮਾਂ ਦੀ ਯਾਤਰਾ ਵਾਸਤੇ ਅਟਾਰੀ-ਵਾਹਗਾ ਸਰਹੱਦ ਰਸਤੇ ਭਾਰਤ ਵਿੱਚ ਆਉਣ ਤੋਂ ਰੋਕਿਆ ਨਾ ਜਾਵੇ।

ਉਨ੍ਹਾਂ ਇਸ ਸਬੰਧ ਵਿੱਚ ਪਾਕਿਸਤਾਨੀ ਹਾਈ ਕਮਿਸ਼ਨਰ ਨੂੰ ਇੱਕ ਪੱਤਰ ਭੇਜਿਆ ਹੈ, ਜਿਸ ਵਿੱਚ ਉਨ੍ਹਾਂ ਨੇ ਕੁਝ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਉਨ੍ਹਾਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਹੈ ਕਿ ਪਾਕਿਸਤਾਨ ਸਰਕਾਰ ਨੇ ਆਪਣੇ ਹੀ ਨਾਗਰਿਕਾਂ, ਸਿੱਖ ਸ਼ਰਧਾਲੂਆਂ ਦੇ ਇੱਕ ਗਰੁੱਪ ਨੂੰ ਵਾਹਗਾ ਬਾਰਡਰ ਰਾਹੀਂ ਭਾਰਤ ਵਿੱਚ ਸਿੱਖ ਧਾਰਮਿਕ ਸਥਾਨ ਹੇਮਕੁੰਟ ਸਾਹਿਬ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਹੈ। ਉਨ੍ਹਾਂ ਆਖਿਆ ਕਿ ਜਦੋਂ ਭਾਰਤ ਤੋਂ ਸਿੱਖ ਸ਼ਰਧਾਲੂਆਂ ਨੂੰ ਸਾਲ ਵਿੱਚ ਕਈ ਵਾਰ ਪਾਕਿਸਤਾਨ ਵਿੱਚ ਸਿੱਖ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਵਾਹਗਾ-ਅਟਾਰੀ ਸਰਹੱਦ ਰਸਤੇ ਜਾਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਪਾਕਿਸਤਾਨ ਵਿੱਚ ਸਥਾਈ ਤੌਰ 'ਤੇ ਰਹਿਣ ਵਾਲੇ ਸਿੱਖਾਂ ਨੂੰ ਇਹ ਸਹੂਲਤ ਕਿਉਂ ਨਹੀਂ ਦਿੱਤੀ ਜਾਂਦੀ? ਪਾਕਿਸਤਾਨ ਵਿੱਚਲੇ ਸ਼ਰਧਾਲੂ ਸਿੱਖਾਂ ਨੂੰ ਇਸ ਧਾਰਮਿਕ ਯਾਤਰਾ ਲਈ ਭਾਰੀ ਪੈਸਾ ਖ਼ਰਚ ਕਰਕੇ ਹਵਾਈ ਯਾਤਰਾ ਕਰਨੀ ਪੈਂਦੀ ਹੈ।



ਉਨ੍ਹਾਂ ਨੇ ਪਾਕਿਸਤਾਨ ਸਰਕਾਰ ਦੇ ਇਸ ਫ਼ੈਸਲੇ ਨੂੰ ਗਲਤੀ ਦੱਸਦਿਆਂ ਅਪੀਲ ਕੀਤੀ ਹੈ ਕਿ ਉਹ ਅਜਿਹੇ ਫ਼ੈਸਲੇ 'ਤੇ ਮੁੜ ਵਿਚਾਰ ਕਰੇ ਤਾਂ ਜੋ ਪਾਕਿਸਤਾਨ ਵਿੱਚ ਰਹਿਣ ਵਾਲੇ ਛੋਟੇ ਜਿਹੇ ਸਿੱਖ ਭਾਈਚਾਰੇ ਨੂੰ ਆਪਣੇ ਧਾਰਮਿਕ ਸਥਾਨਾਂ 'ਤੇ ਜਾਣ ਵਿੱਚ ਰੁਕਾਵਟ ਪੈਦਾ ਨਾ ਹੋਵੇ। ਉਨ੍ਹਾਂ ਆਖਿਆ ਕਿ ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਪਾਕਿਸਤਾਨ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਵੀ ਭਾਰਤ ਯਾਤਰਾ ਲਈ ਆਉਣ ਦੀ ਇਜਾਜ਼ਤ ਦੇਣ ਦਾ ਇਹ ਫ਼ੈਸਲਾ ਲਿਆ ਸੀ।

ਦੱਸਣਯੋਗ ਹੈ ਕਿ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧ ਕੁੜੱਤਣ ਵਾਲੇ ਬਣੇ ਹੋਏ ਹਨ। ਦੁਵੱਲੀ ਆਵਾਜਾਈ ਸਮੇਤ ਦੁਵੱਲਾ ਵਪਾਰ ਵੀ ਬੰਦ ਹੈ। ਪਰ ਇਸ ਦੌਰਾਨ ਭਾਰਤੀ ਸਿੱਖਾਂ ਨੂੰ ਵੱਖ-ਵੱਖ ਗੁਰਪੁਰਬਾਂ ਮੌਕੇ ਅਟਾਰੀ ਸਰਹੱਦ ਰਸਤੇ ਪਾਕਿਸਤਾਨ ਜਾਣ ਦੀ ਆਗਿਆ ਦਿੱਤੀ ਗਈ ਹੈ। ਇਸ ਸਾਲ ਹੁਣ ਤੱਕ ਸਿੱਖ ਸ਼ਰਧਾਲੂਆਂ ਦੇ ਤਿੰਨ ਜਥੇ ਪਾਕਿਸਤਾਨ ਸਥਿਤ ਗੁਰੂ-ਧਾਮਾਂ ਦੀ ਯਾਤਰਾ ਕਰ ਚੁੱਕੇ ਹਨ। ਚੌਥਾ ਸਿੱਖ ਜਥਾ ਹੁਣ ਨਵੰਬਰ ਮਹੀਨੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਵੇਗਾ।

# ਗੁਲਜ਼ਾਰ ਖ਼ੁਦਕੁਸ਼ੀ ਤੇ ਮੋਹਣਜੀਤ ਤਸ਼ੱਦਦ ਦੀ ਸੀ ਬੀ ਆਈ ਜਾਂਚ ਮੰਗੀ

## ਪੰਜਾਬ ਭਾਜਪਾ ਦਾ ਵਫ਼ਦ ਰਾਜਪਾਲ ਨੂੰ ਮਿਲਿਆ

ਚੰਡੀਗੜ੍ਹ : ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਪਾਰਟੀ ਦੇ ਵਫ਼ਦ ਨੇ ਅੱਜ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰ ਕੇ ਗੁਲਜ਼ਾਰ ਸਿੰਘ ਦੀ ਖ਼ੁਦਕੁਸ਼ੀ ਅਤੇ ਮੋਹਣਜੀਤ ਸਿੰਘ ਨਾਲ ਕਥਿਤ ਤਸ਼ੱਦਦ ਦੇ ਮਾਮਲਿਆਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਤੋਂ ਕਰਵਾਉਣ ਦੀ ਮੰਗ ਕੀਤੀ। ਮੁਲਾਕਾਤ ਮਗਰੋਂ ਭਾਜਪਾ ਨੇ ਬੁੱਧਵਾਰ ਨੂੰ ਪੂਰੇ ਸੂਬੇ ਵਿੱਚ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰੇ ਕਰਨ ਦਾ ਐਲਾਨ ਕੀਤਾ।

ਢਿੱਲੋਂ ਨੇ ਰਾਜਪਾਲ ਨੂੰ ਦੱਸਿਆ ਕਿ ਗੁਲਜ਼ਾਰ ਸਿੰਘ ਨੇ ਵਿੱਤ ਮੰਤਰੀ ਦੀ 'ਲੋਕ ਮਿਲਣੀ' ਦੌਰਾਨ ਇਲਾਕੇ ਵਿੱਚ ਵਿਕ ਰਹੇ ਚਿੱਟੇ ਦਾ ਮੁੱਦਾ ਚੁੱਕਿਆ ਸੀ। ਉਸ ਦਾ ਆਪਣਾ ਪਰਿਵਾਰ ਵੀ ਪੁੱਤਰ ਦੀ ਨਸ਼ੇ ਦੀ ਲਤ ਕਾਰਨ ਪ੍ਰੇਸ਼ਾਨ ਸੀ। ਉਨ੍ਹਾਂ ਦੱਸਿਆ ਕਿ ਖ਼ੁਦਕੁਸ਼ੀ ਤੋਂ ਪਹਿਲਾਂ ਬਣਾਈ ਵੀਡੀਓ ਵਿੱਚ ਉਸ ਨੇ ਵਿੱਤ ਮੰਤਰੀ ਸਮੇਤ ਹੋਰਨਾਂ ਨੂੰ ਮੌਤ ਲਈ ਜ਼ਿੰਮੇਵਾਰ ਠਹਿਰਾਇਆ ਹੈ। ਭਾਜਪਾ ਨੇ ਅਪੀਲ ਕੀਤੀ ਕਿ ਇਸ ਨੂੰ ਆਮ ਖ਼ੁਦਕੁਸ਼ੀ ਕੇਸ ਨਾ ਮੰਨਿਆ ਜਾਵੇ ਅਤੇ ਦੋਸ਼ਾਂ ਦੀ ਸੀ ਬੀ ਆਈ ਜਾਂਚ ਹੋਵੇ। ਮੋਹਣਜੀਤ ਸਿੰਘ ਦੇ ਮਾਮਲੇ ਬਾਰੇ ਵਫ਼ਦ ਨੇ ਕਿਹਾ ਕਿ ਜਦੋਂ ਮੁੱਖ ਮੰਤਰੀ ਦੀ ਸੰਗਰੂਰ ਫੇਰੀ ਦੌਰਾਨ ਨੌਜਵਾਨ ਨੇ ਨਸ਼ਿਆਂ ਖ਼ਿਲਾਫ਼ ਪ੍ਰਦਰਸ਼ਨ ਕੀਤਾ, ਤਾਂ ਪੁਲੀਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਹਿਰਾਸਤ ਦੌਰਾਨ ਉਸ 'ਤੇ ਭਾਰੀ ਤਸ਼ੱਦਦ ਢਾਹਿਆ ਗਿਆ, ਜਿਸ ਕਾਰਨ ਉਹ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਇਲਾਜ ਅਧੀਨ ਹੈ।



ਭਾਜਪਾ ਆਗੂਆਂ ਨੇ ਮੰਗ ਕੀਤੀ ਕਿ ਨੌਜਵਾਨ ਨੂੰ ਪ੍ਰਦਰਸ਼ਨ ਵਾਲੀ ਥਾਂ ਤੋਂ ਹਟਾਉਣ ਦੇ ਹੁਕਮ ਦੇਣ ਵਾਲੇ ਸਿਵਲ ਅਧਿਕਾਰੀਆਂ ਅਤੇ ਤਸ਼ੱਦਦ ਕਰਨ ਵਾਲੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਰਾਜਪਾਲ ਨੂੰ ਕਾਨੂੰਨ ਦਾ ਰਾਜ ਕਾਇਮ ਰੱਖਣ ਲਈ ਦੋਵਾਂ ਮਾਮਲਿਆਂ ਵਿੱਚ ਸਿੱਧਾ ਦਖ਼ਲ ਦੇਣ ਅਤੇ ਸੀ ਬੀ ਆਈ ਜਾਂਚ ਦੇ ਹੁਕਮ ਦੇਣ ਦੀ ਅਪੀਲ ਕੀਤੀ।

# ਪੰਜਾਬ ਸਰਕਾਰ ਨਾਲ ਸਹਿਮਤੀ ਤੋਂ ਬਾਅਦ ਕਿਸਾਨਾਂ ਦਾ ਧਰਨਾ ਸਮਾਪਤ

## ਸੰਯੁਕਤ ਕਿਸਾਨ ਮੋਰਚੇ ਨੇ ਸਰਕਾਰ ਦਾ ਸਹਿਮਤੀ ਪੱਤਰ ਕੀਤਾ ਪ੍ਰਵਾਨ





ਮੋਹਾਲੀ : ਪੰਜਾਬ ਸਰਕਾਰ ਵੱਲੋਂ ਮੰਗਾਂ ਪ੍ਰਵਾਨ ਕੀਤੇ ਜਾਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਪਹਿਲੀ ਸਤੰਬਰ ਤੋਂ ਚੰਡੀਗੜ੍ਹ ਦੀ ਸਰਹੱਦ ’ਤੇ ਲਾਇਆ ਕਿਸਾਨ ਮੋਰਚਾ ਅੱਜ ਸਫਲਤਾਪੂਰਵਕ ਸਮਾਪਤ ਹੋ ਗਿਆ। ਨਾਅਰਿਆਂ ਦੀ ਗੂੰਜ ਅਤੇ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਹਜ਼ਾਰਾਂ ਕਿਸਾਨ ਸ਼ਾਮ ਨੂੰ ਆਪਣੇ ਘਰਾਂ ਲਈ ਰਵਾਨਾ ਹੋ ਗਏ।

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਵਿਚਾਲੇ ਐਤਵਾਰ ਸ਼ਾਮ ਨੂੰ ਕਰੀਬ ਢਾਈ ਘੰਟੇ ਲੰਮੀ ਚੱਲੀ ਮੀਟਿੰਗ ਮਗਰੋਂ ਸਹਿਮਤੀ ਬਣੀ ਸੀ। ਪੰਜਾਬ ਸਰਕਾਰ ਵੱਲੋਂ ਪ੍ਰਵਾਨ ਕੀਤੀਆਂ ਗਈਆਂ ਮੰਗਾਂ ਦਾ ਪੱਤਰ ਅੱਜ ਕਿਸਾਨ ਜਥੇਬੰਦੀਆਂ ਨੂੰ ਸੌਂਪਿਆ ਗਿਆ। ਕੁਝ ਤਰੁੱਟੀਆਂ ਕਾਰਨ ਪੱਤਰ ਕਈ ਵਾਰ ਸਰਕਾਰ ਅਤੇ ਕਿਸਾਨ ਆਗੂਆਂ ਵਿਚਾਲੇ ਘੁੰਮਦਾ ਰਿਹਾ ਪਰ ਦੁਪਹਿਰ ਦੋ ਵਜੇ ਤੱਕ ਸਮੁੱਚੀਆਂ ਮੰਗਾਂ ਦਰਜ ਹੋਣ ਉਪਰੰਤ ਕਿਸਾਨਾਂ ਨੇ ਇਸ ਸਹਿਮਤੀ ਪੱਤਰ ਨੂੰ ਸਵੀਕਾਰ ਕਰ ਲਿਆ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਖੁਦ ਧਰਨੇ ਦੇ ਪੰਡਾਲ ’ਚ ਪੁੱਜੇ ਅਤੇ ਕਿਸਾਨ ਆਗੂਆਂ ਬਲਬੀਰ ਸਿੰਘ ਰਾਜੇਵਾਲ, ਹਰਮੀਤ ਸਿੰਘ ਕਾਦੀਆਂ, ਰਮਿੰਦਰ ਸਿੰਘ ਪਟਿਆਲਾ ਅਤੇ ਦਲਬੀਰ ਸਿੰਘ ਸਿੱਧੂਪੁਰ ਨੂੰ ਲਿਖਤੀ ਪੱਤਰ ਸੌਂਪਿਆ। ਇਸ ਮੌਕੇ ਮੰਤਰੀ ਨੇ ਐਲਾਨ ਕੀਤਾ ਕਿ ਇੱਕ ਮਹੀਨੇ ਦੇ ਅੰਦਰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਪਾਣੀਆਂ ਦੇ ਗ਼ੈਰ-ਸੰਵਿਧਾਨਕ ਸਮਝੌਤੇ ਰੱਦ ਕਰਨ ਅਤੇ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਤੇ 80 ਨੂੰ ਰੱਦ ਕਰਨ ਦਾ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇਗਾ।

ਡੈਮ ਸੇਫਟੀ ਐਕਟ ਅਤੇ ਬੀਜ ਬਿੱਲ-2025 ਨੂੰ ਰੱਦ ਕਰਨ ਲਈ ਵੀ ਵਿਧਾਨ ਸਭਾ ’ਚ ਮਤੇ ਪਾਸ ਕੀਤੇ ਜਾਣਗੇ। ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਦੇ ਕਰਜ਼ਿਆਂ ਦੀ ਰਕਮ ਵਾਪਸ ਕਰਵਾਉਣ ਲਈ ਵਿਰੋਧੀ ਧਿਰਾਂ ਨਾਲ ਸਲਾਹ ਕਰ ਕੇ ਯਕਮੁਸ਼ਤ ਨਿਪਟਾਰਾ ਸਕੀਮ ਬਣਾਉਣ ਲਈ ਕਮੇਟੀ ਦਾ ਗਠਨ ਕੀਤਾ ਜਾਵੇਗਾ। ਗੰਨੇ ਦੇ ਭਾਅ ’ਚ ਹੋਰ ਵਾਧਾ ਕੀਤਾ ਜਾਵੇਗਾ ਅਤੇ ਪ੍ਰਾਈਵੇਟ ਖੰਡ ਮਿੱਲਾਂ ਦੀ ਬਕਾਇਆ ਰਾਸ਼ੀ ਦਾ ਸਮਾਂ-ਬੱਧ ਭੁਗਤਾਨ ਯਕੀਨੀ ਬਣਾਉਂਦਿਆਂ ਇੱਕ-ਖਿੜਕੀ ਭੁਗਤਾਨ ਪ੍ਰਣਾਲੀ ਲਾਗੂ ਹੋਵੇਗੀ। ਬਾਕੀ ਰਹਿੰਦੀਆਂ ਮੰਗਾਂ ਦੇ ਹੱਲ ਲਈ ਵੀ ਕਿਸਾਨਾਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕਰ ਕੇ ਕਮੇਟੀ ਬਣਾਈ ਜਾਵੇਗੀ।

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਹਰਮੀਤ ਸਿੰਘ ਕਾਦੀਆਂ ਨੇ ਇਸ ਨੂੰ ਕਿਸਾਨ ਸੰਘਰਸ਼ ਦੀ ਵੱਡੀ ਜਿੱਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ’ਚ ਮਤੇ ਪਾਸ ਹੋਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਕੇਂਦਰ ਸਰਕਾਰ ਨੂੰ ਵੀ ਇਨ੍ਹਾਂ ਮੰਗਾਂ ਨੂੰ ਮੰਨਣ ਲਈ ਮਜਬੂਰ ਕਰੇਗਾ ਅਤੇ ਕੇਂਦਰ ਖ਼ਿਲਾਫ਼ ਅਗਲੀ ਲੜਾਈ ਵਿੱਢੀ ਜਾਵੇਗੀ।

ਆਗੂਆਂ ਨੇ ਪੰਜਾਬ ਭਰ ਤੋਂ ਆਏ ਕਿਸਾਨਾਂ, ਮੁਹਾਲੀ-ਚੰਡੀਗੜ੍ਹ ਦੇ ਨਾਗਰਿਕਾਂ, ਡਾ. ਸਵੈਮਾਨ ਸਿੰਘ ਦੀ ਮੈਡੀਕਲ ਟੀਮ, ਲੰਗਰ ਕਮੇਟੀਆਂ, ਪੁਲੀਸ ਤੇ ਸਿਵਲ ਪ੍ਰਸ਼ਾਸ਼ਨ, ਮਾਰਕੀਟ ਐਸੋਸੀਏਸ਼ਨਾਂ ਅਤੇ ਮੀਡੀਆ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਹਰਿੰਦਰ ਸਿੰਘ ਲੱਖੋਵਾਲ, ਮਨਜੀਤ ਸਿੰਘ ਧਨੇਰ, ਬੂਟਾ ਸਿੰਘ ਬੁਰਜਗਿੱਲ, ਗੁਰਮੀਤ ਸਿੰਘ ਮਹਿਮਾ, ਹਰਭਜਨ ਸਿੰਘ ਬੁੱਟਰ, ਡਾ. ਸਤਨਾਮ ਸਿੰਘ ਅਜਨਾਲਾ, ਪ੍ਰੇਮ ਸਿੰਘ ਭੰਗੂ, ਬੂਟਾ ਸਿੰਘ ਸ਼ਾਦੀਪੁਰ, ਜੰਗਵੀਰ ਸਿੰਘ ਚੌਹਾਨ, ਮਲੂਕ ਸਿੰਘ ਹੀਰ ਕੇ, ਜਗਮੋਹਨ ਸਿੰਘ ਪਟਿਆਲਾ, ਕੰਵਲਪ੍ਰੀਤ ਸਿੰਘ ਪੰਨੂ, ਬਲਦੇਵ ਸਿੰਘ ਨਿਹਾਲਗੜ੍ਹ, ਵੀਰ ਸਿੰਘ ਬੜਵਾ, ਨਛੱਤਰ ਸਿੰਘ ਜੈਤੋਂ, ਬਲਵਿੰਦਰ ਸਿੰਘ, ਰਵਨੀਤ ਬਰਾੜ, ਮੁਕੇਸ਼ ਕੁਮਾਰ, ਪਰਮਦੀਪ ਸਿੰਘ ਬੈਦਵਾਣ, ਮਿਹਰ ਸਿੰਘ ਥੇਹੜੀ, ਕਿਰਪਾਲ ਸਿੰਘ ਸਿਆਊ ਸਮੇਤ ਵੱਡੀ ਗਿਣਤੀ ’ਚ ਕਿਸਾਨ ਆਗੂ ਮੌਜੂਦ ਸਨ।

**ਰਾਜੇਵਾਲ ਦੀ ਸਲਾਹ**

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਮੋਰਚੇ ’ਚ ਆਏ ਕਿਸਾਨਾਂ ਨੂੰ ਕਿਹਾ ਕਿ ਘਰ ਜਾਣ ਸਮੇਂ ਆਰਾਮ ਨਾਲ ਟਰੈਕਟਰ ਚਲਾਇਓ, ਇੱਕ-ਦੂਜੇ ਨੂੰ ਓਵਰਟੇਕ ਨਾ ਕਰਨਾ ਅਤੇ ਕਿੱਧਰੇ ਵੀ ਰਾਹ ’ਚ ਅੜਿੱਕਾ ਨਹੀਂ ਬਣਨਾ। ਮਾਝੇ ਖੇਤਰ ਦੇ ਕਿਸਾਨ ਭਾਵੇਂ ਸਵੇਰੇ ਇੱਥੋਂ ਤੁਰ ਜਾਣ ਜਾਂ ਫਿਰ ਰਸਤੇ ’ਚ ਕਿੱਧਰੇ ਰੁਕ ਜਾਣਾ। ਉਨ੍ਹਾਂ ਕਿਸਾਨਾਂ ਨੂੰ ਇੱਕ ਹੋਰ ਬੇਨਤੀ ਕੀਤੀ ਕਿ ਉਹ ਮੋਰਚਾ ਜਿੱਤਣ ਦੀ ਖ਼ੁਸ਼ੀ ’ਚ ਦਾਰੂ ਪੀ ਕੇ ਵਾਹਨ ਨਾ ਚਲਾਉਣ। ਉਨ੍ਹਾਂ ਕਿਹਾ ਕਿ ਜੇ ਪੀਣੀ ਹੀ ਹੈ ਤਾਂ ਉਹ ਘਰ ਜਾ ਕੇ ਪੀ ਸਕਦੇ ਹਨ। ਜਦੋਂ ਤੱਕ ਸਾਰੇ ਕਿਸਾਨ ਸੁੱਖੀ-ਸਾਂਦੀ ਆਪਣੇ ਘਰ ਨਾ ਪਹੁੰਚ ਜਾਣ, ਉਦੋਂ ਤੱਕ ਲੀਡਰਾਂ ਦੀ ਪੂਰੀ ਜ਼ਿੰਮੇਵਾਰੀ ਬਣਦੀ ਹੈ। ਹਰਮੀਤ ਕਾਦੀਆਂ ਨੇ ਕਿਸਾਨਾਂ ਨੂੰ ਲੰਗਰਾਂ ਵਾਲੇ ਸਥਾਨਾਂ ਅਤੇ ਟਰਾਲੀਆਂ ਦੇ ਆਲੇ-ਦੁਆਲੇ ਦੀ ਖ਼ੁਦ ਸਫ਼ਾਈ ਕਰ ਕੇ ਜਾਣ ਦੀ ਸਲਾਹ ਦਿੱਤੀ।

**ਲੋਕਾਂ ਨੇ ਸੁੱਖ ਦਾ ਸਾਹ ਲਿਆ**

ਕਿਸਾਨਾਂ ਦਾ ਮੋਰਚਾ ਖ਼ਤਮ ਹੋਣ ਮਗਰੋਂ ਆਮ ਲੋਕਾਂ ਅਤੇ ਰਾਹਗੀਰਾਂ ਨੇ ਸੁੱਖ ਦਾ ਸਾਹ ਲਿਆ ਹੈ। ਕਿਸਾਨ ਮੋਰਚੇ ਦੇ ਸਾਰੇ ਟਰੈਕਟਰ-ਟਰਾਲੀਆਂ ਅੱਜ ਰਾਤ ਤੱਕ ਇੱਥੋਂ ਚਲੇ ਜਾਣਗੇ। ਮੋਰਚੇ ਕਾਰਨ ਆਈਸਰ ਚੌਕ ਤੋਂ ਚੰਡੀਗੜ੍ਹ ਵੱਲ ਜਾਂਦੀ ਸੜਕ ’ਤੇ ਆਵਾਜਾਈ ਬੰਦ ਕੀਤੀ ਹੋਈ ਸੀ ਅਤੇ ਹੁਣ ਇੱਕ ਪਾਸਾ ਮੰਗਲਵਾਰ ਸਵੇਰ ਤੋਂ ਆਵਾਜਾਈ ਲਈ ਆਮ ਵਾਂਗ ਖੁੱਲ੍ਹ ਜਾਵੇਗਾ। ਡੀ ਐੱਸ ਪੀ ਹਰਸਿਮਰਨ ਸਿੰਘ ਬੱਲ ਨੇ ਕਿਹਾ ਕਿ ਸਮੁੱਚੀਆਂ ਟਰਾਲੀਆਂ ਜਾਣ ਤੋਂ ਬਾਅਦ ਰਾਹ ਆਮ ਵਾਂਗ ਚੱਲ ਪਵੇਗਾ।

# ਮੁੱਖ ਮੰਤਰੀ ਮਾਨ ਦੀ ਰਿਹਾਇਸ਼ ਘੇਰਨ ਜਾਂਦੇ ਕਾਂਗਰਸੀਆਂ ਤੇ ਪੁਲਿਸ ਵਿਚਾਲੇ ਖਿੱਚ-ਧੂਹ

## ਗੁਲਜ਼ਾਰ ਖ਼ੁਦਕੁਸ਼ੀ ਮਾਮਲੇ ’ਚ ਜ਼ਿੰਮੇਵਾਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ



ਚੰਡੀਗੜ੍ਹ : ਪੰਜਾਬ ਕਾਂਗਰਸ ਵੱਲੋਂ ‘ਆਪ’ ਸਰਕਾਰ ਖ਼ਿਲਾਫ਼ ਚੰਡੀਗੜ੍ਹ ਵਿੱਚ ਮੁਜ਼ਾਹਰਾ ਕੀਤਾ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਵੱਡੀ ਗਿਣਤੀ ਕਾਂਗਰਸੀ ਵਰਕਰ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਲਈ ਅੱਗੇ ਵਧੇ ਤਾਂ ਪੁਲੀਸ ਨੇ ਬੈਰੀਕੇਡ ਲਾ ਕੇ ਉਨ੍ਹਾਂ ਨੂੰ ਰਾਹ ’ਚ ਰੋਕ ਲਿਆ। ਇਸ ਦੌਰਾਨ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਖਿੱਚ-ਧੂਹ ਹੋਈ। ਪੁਲੀਸ ਨੇ ਪ੍ਰਦਰਸ਼ਨਕਾਰੀਆਂ ’ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਅਤੇ ਕਈ ਜਣਿਆਂ ਨੂੰ ਹਿਰਾਸਤ ਵਿੱਚ ਲੈ ਲਿਆ।

ਇਸ ਦੌਰਾਨ ਪ੍ਰਧਾਨ ਰਾਜਾ ਵੜਿੰਗ ਨੇ ਸੰਬੋਧਨ ਕਰਦਿਆਂ ਦਿੜ੍ਹਬਾ ਦੇ ਗੁਲਜ਼ਾਰ ਸਿੰਘ ਦੀ ਖ਼ੁਦਕੁਸ਼ੀ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਗੁਲਜ਼ਾਰ ਸਿੰਘ ਨੇ ਆਪਣੇ ਆਖਰੀ ਬਿਆਨ ਵਿੱਚ ਸਪੱਸ਼ਟ ਕਿਹਾ ਸੀ ਕਿ ਉਸ ਦੀ ਖ਼ੁਦਕੁਸ਼ੀ ਲਈ ਹਰਪਾਲ ਚੀਮਾ ਜ਼ਿੰਮੇਵਾਰ ਹੈ। ਉਨ੍ਹਾਂ ਸ਼ੇਰੋਂ ਪਿੰਡ ਦੇ ਮੋਹਣਜੀਤ ਸਿੰਘ ’ਤੇ ਪੁਲੀਸ ਵੱਲੋਂ ਕੀਤੇ ਤਸ਼ੱਦਦ ਦਾ ਵੀ ਜ਼ਿਕਰ ਕੀਤਾ, ਜਿਸ ਦਾ ਕਸੂਰ ਸਿਰਫ਼ ਇੰਨਾ ਸੀ ਕਿ ਉਸ ਨੇ ਮੁੱਖ ਮੰਤਰੀ ਨੂੰ ਕਾਲਾ ਝੰਡਾ ਦਿਖਾਉਣ ਦੀ ਹਿੰਮਤ ਕੀਤੀ ਸੀ। ਉਨ੍ਹਾਂ ਜਬਰ-ਜਨਾਹ ਦੇ ਇੱਕ ਮੁਲਜ਼ਮ ਨੂੰ ਦਿੱਤੀ ਜਾ ਰਹੀ ਸਰਪ੍ਰਸਤੀ ’ਤੇ ਮੁੱਖ ਮੰਤਰੀ ਦੀ ਚੁੱਪ ’ਤੇ ਵੀ ਸਵਾਲ ਚੁੱਕੇ। ਇਸ ਦੌਰਾਨ ਵੜਿੰਗ ਨੇ ਭਾਜਪਾ ਅਤੇ ‘ਆਪ’ ਵਿਚਕਾਰ ਗੁਪਤ ਸਮਝੌਤਾ ਹੋਣ ਦੇ ਦੋਸ਼ ਲਾਏ।

# ਬੇਅਦਬੀਆਂ ਦੇ ਝੂਠੇ ਦੋਸ਼ ਲਾ ਕੇ ਅਕਾਲੀ ਦਲ ਨੂੰ ਬਦਨਾਮ ਕੀਤਾ ਗਿਆ: ਸੁਖਬੀਰ ਬਾਦਲ

## ਸੁਖਬੀਰ ਬਾਦਲ ਦੇ ‘ਆਪ’ ਅਤੇ ‘ਵਾਰਿਸ ਪੰਜਾਬ’ ਪਾਰਟੀ ਉੱਤੇ ਤਿੱਖੇ ਸ਼ਬਦੀ ਹਮਲੇ

ਧਰਮਕੋਟ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਬੇਅਦਬੀਆਂ ਦੇ ਝੂਠੇ ਦੋਸ਼ ਲਾ ਕੇ ਅਕਾਲੀ ਦਲ ਨੂੰ ਬਦਨਾਮ ਕੀਤਾ ਗਿਆ ਸੀ, ਪਰ ਪੰਜਾਬ ਦੇ ਸੂਝਵਾਨ ਲੋਕ ਹੁਣ ਵਿਰੋਧੀਆਂ ਦੀਆਂ ਚਾਲਾਂ ਨੂੰ ਪੂਰੀ ਤਰ੍ਹਾਂ ਸਮਝ ਚੁੱਕੇ ਹਨ।

ਇੱਥੇ ਅਨਾਜ ਮੰਡੀ ਵਿਖੇ ਅਕਾਲੀ ਆਗੂ ਮੱਖਣ ਬਰਾੜ ਦੀ ਅਗਵਾਈ ਹੇਠ ਹੋਈ ਭਰਵੀਂ ‘ਪੰਜਾਬ ਬਚਾਓ ਰੈਲੀ’ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਲੰਘੇ ਦਸ ਸਾਲਾਂ ਵਿੱਚ 650 ਧਾਰਮਿਕ ਬੇਅਦਬੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ ਮਲੇਰਕੋਟਲਾ ਬੇਅਦਬੀ ਕੇਸ ਵਿੱਚ ਆਮ ਆਦਮੀ ਪਾਰਟੀ ਦਾ ਵਿਧਾਇਕ ਕਸੂਰਵਾਰ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਵਿਰੋਧੀ ਪਾਰਟੀਆਂ ਦੀ ਸਾਰੀ ਤਾਕਤ ਲੱਗੀ ਹੋਈ ਹੈ, ਪਰ ਸਾਡੇ ਬਜ਼ੁਰਗਾਂ ਦੀਆਂ ਕੁਰਬਾਨੀਆਂ ਨਾਲ 105 ਸਾਲ ਪਹਿਲਾਂ ਖੜ੍ਹੀ ਹੋਈ ਪਾਰਟੀ ਕਦੇ ਖ਼ਤਮ ਨਹੀਂ ਹੋਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਮਰਹੂਮ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਸਰਕਾਰ ਵੇਲੇ ਹੋਈ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਨਾ ਕਦੇ ਡਰਿਆ ਹੈ ਅਤੇ ਨਾ ਹੀ ਕਦੇ ਝੁਕਿਆ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਅੰਦਰੋਂ ਕਾਨੂੰਨ ਦਾ ਰਾਜ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ ਅਤੇ ਪੰਜਾਬ ਦੇ ਲੋਕ ਡਰੇ ਤੇ ਘਬਰਾਏ ਹੋਏ ਹਨ, ਇਸ ਲਈ ਅੱਜ ਪੰਜਾਬ ਨੂੰ ਬਚਾਉਣ ਦਾ ਵੇਲਾ ਆ ਗਿਆ ਹੈ।




ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਅੰਦਰ ਅਕਾਲੀ ਦਲ ਦੀ ਸਰਕਾਰ ਬਣਨ ’ਤੇ ਸੂਬੇ ਦੇ ਪਾਣੀਆਂ ਦੀ ਇੱਕ ਵੀ ਬੂੰਦ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵੇਲੇ ਚੱਲਦੀਆਂ ਭਲਾਈ ਸਕੀਮਾਂ, ਜਿਨ੍ਹਾਂ ਵਿੱਚ ਮੁੱਖ ਤੌਰ ’ਤੇ ਸੇਵਾ ਕੇਂਦਰ ਸ਼ਾਮਲ ਹਨ, ਨੂੰ ਫਿਰ ਤੋਂ ਚਾਲੂ ਕੀਤਾ ਜਾਵੇਗਾ ਅਤੇ ਪੰਜਾਬ ਦੀਆਂ ਸਰਕਾਰੀ ਨੌਕਰੀਆਂ ਉੱਤੇ ਇੱਥੋਂ ਦੇ ਨੌਜਵਾਨਾਂ ਦਾ ਪੂਰਾ ਹੱਕ ਹੋਵੇਗਾ।

‘ਆਪ’ ਅਤੇ ‘ਵਾਰਿਸ ਪੰਜਾਬ’ ਉੱਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਉਨ੍ਹਾਂ ਕਿਹਾ ਕਿ ’ਵਾਰਿਸ ਪੰਜਾਬ’ ਨੂੰ ਅਸਲ ਵਿੱਚ ‘ਆਪ’ ਨੇ ਹੀ ਖੜ੍ਹਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਦੇ ਪਰਿਵਾਰ ਨੇ ਗੁਰੀ ਚਹਿਲ ਮਾਮਲੇ ਵਿੱਚ ਪੰਜ ਕਰੋੜ ਰੁਪਏ ਦਾ ਨਜ਼ਰਾਨਾ ਹਾਸਲ ਕੀਤਾ ਹੈ, ਜਿਸ ਦੇ ਸਬੂਤ ਵੀ ਸਾਹਮਣੇ ਆ ਚੁੱਕੇ ਹਨ। ਉਨ੍ਹਾਂ ਤਨਜ਼ ਕਸਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲਾਂ ਕਲਾਕਾਰ ਹੁੰਦਿਆਂ ਲੋਕਾਂ ਨੂੰ ਹਸਾਇਆ ਸੀ ਅਤੇ ਹੁਣ ਪੰਜਾਬ ਦੇ ਲੋਕਾਂ ਨੂੰ ਰੋਣ ਲਾ ਦਿੱਤਾ ਹੈ। ਮੁੱਖ ਮੰਤਰੀ ਨੇ ਪੰਜ ਸਾਲ ਲੋਕਾਂ ਨੂੰ ਝੂਠ ਅਤੇ ਚੁਟਕਲਿਆਂ ਵਿੱਚ ਹੀ ਲੰਘਾ ਦਿੱਤੇ ਹਨ।

ਇਸ ਮੌਕੇ ਅਕਾਲੀ ਆਗੂ ਮੱਖਣ ਬਰਾੜ ਨੇ ਸੁਖਬੀਰ ਸਿੰਘ ਬਾਦਲ ਸਮੇਤ ਬਾਹਰੋਂ ਆਏ ਸੀਨੀਅਰ ਆਗੂਆਂ ਦਾ ਸਵਾਗਤ ਕੀਤਾ ਅਤੇ ਹਲਕੇ ਵੱਲੋਂ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਸਮਾਗਮ ਵਿੱਚ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ, ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ, ਰਜਿੰਦਰ ਸਿੰਘ ਡੱਲਾ, ਰਾਜਵਿੰਦਰ ਸਿੰਘ ਧਰਮਕੋਟ, ਗੁਰਜੰਟ ਸਿੰਘ ਚਾਹਲ, ਜੋਗਿੰਦਰ ਸਿੰਘ ਸੰਧੂ, ਬਲਜੀਤ ਸਿੰਘ ਕੰਗ, ਪਰਮਜੀਤ ਸਿੰਘ ਧਰਮ ਸਿੰਘ ਵਾਲਾ, ਸੁਖਵਿੰਦਰ ਸਿੰਘ ਦਾਤੇਵਾਲਾ, ਇਕਬਾਲਦੀਪ ਸਿੰਘ ਹੈਰੀ, ਬਲਜੀਤ ਸਿੰਘ ਅਤੇ ਨੰਬਰਦਾਰ ਨਛੱਤਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਅਤੇ ਸਰਕਲ ਆਗੂ ਹਾਜ਼ਰ ਸਨ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਂਓ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-16)

ਗਾਗਰ ਦੇ ਸੁੱਚੇ ਮੋਤੀ, ਉਸ ਨੂੰ ਦੇਈਏ।
ਪੁੱਤਰਾਂ ਦੇ ਜੰਮਣੇ ਵੇ ਰਾਜਾ,
ਨੂੰਹਾਂ ਦੇ ਆਉਣੇ ਵੇ।
ਇੰਦਰ ਦੀ ਵਰਖਾ ਵੇ ਰਾਜਾ, ਨਿੱਤ ਨਹੀਓਂ।
ਦਰਜੀ ਦੇ ਜਾਈਏ ਵੇ ਰਾਜਾ,
ਲੀੜੇ ਸਮਾਈਏ ਵੇ।
ਗਾਗਰ ਦੇ ਸੁੱਚੇ ਮੋਤੀ, ਉਸ ਨੂੰ ਦੇਈਏ।
ਪੁੱਤਰਾਂ ਦੇ ਜੰਮਣੇ ਵੇ ਰਾਜਾ,
ਨੂੰਹਾਂ ਦੇ ਆਉਣੇ ਵੇ,
ਇੰਦਰ ਦੀ ਵਰਖਾ ਵੇ ਰਾਜਾ, ਨਿੱਤ ਨਹੀਓਂ।
ਮਾਲਣ ਦੇ ਜਾਈਏ ਵੇ ਰਾਜਾ,
ਸਿਹਰਾ ਗੁੰਦਵਾਈਏ ਵੇ।
ਗਾਗਰ ਦੇ ਸੁੱਚੇ ਮੋਤੀ, ਉਸ ਨੂੰ ਨੂੰ ਦੇਈਏ।
ਪੁੱਤਰਾਂ ਦੇ ਜੰਮਣੇ ਵੇ ਰਾਜਾ,
ਨੂੰਹਾਂ ਦੇ ਆਉਣੇ ਵੇ।
ਇੰਦਰ ਦੀ ਵਰਖਾ ਵੇ ਰਾਜਾ, ਨਿੱਤ ਨਹੀਓਂ।

**ਘਰ ਨੰਦ ਦੇ ਮਿਲਣ ਵਧਾਈਆਂ**

ਘਰ ਨੰਦ ਦੇ ਮਿਲਣ ਵਧਾਈਆਂ,
ਜੀ ਘਰ ਨੰਦ ਦੇ।
ਅੱਧੀ ਰਾਤੀਂ ਮੇਰਾ ਗੋਬਿੰਦ ਜੰਮਿਆਂ,
ਜੱਗ ਵਿਚ ਧੁੰਮਾਂ ਪਾਈਆਂ।
ਮਥਰਾ ਦੇ ਵਿਚ ਜਨਮ ਲਿਆ ਸੀ,
ਗੋਕਲ ਮਿਲਣ ਵਧਾਈਆਂ।
ਘਰ ਨੰਦ ਦੇ ਜੀ ਮਿਲਣ ਵਧਾਈਆਂ,
ਜੀ ਘਰ ਨੰਦ ਦੇ।
ਕਾਹੇ ਦਾ ਤੇਰਾ ਬਣਿਆ ਪੰਘੂੜਾ,
ਕਾਹੇ ਡੋਰਾਂ ਪਾਈਆਂ।
ਚੰਦਨ ਦਾ ਤੇਰਾ ਬਣਿਆ ਪੰਘੂੜਾ,
ਰੇਸ਼ਮ ਡੋਰਾਂ ਪਾਈਆਂ।
ਪੱਟ ਦੇ ਪੰਘੂੜੇ ਮੇਰਾ ਗੋਬਿੰਦ ਖੇਡੇ,
ਝੂਟੇ ਦੇਵਣ ਦਾਈਆਂ।
ਰਲ-ਮਿਲ ਸਖ਼ੀਆਂ ਦੇਵਣ ਝੂਟੇ, ਮੈਂ ਵੀ ਦੇਵਣ ਆਈਆਂ।
ਘਰ ਨੰਦ ਦੇ ਮਿਲਣ ਵਧਾਈਆਂ, ਜੀ ਘਰ ਨੰਦ ਦੇ।

**ਲਿਖ ਪਰਵਾਨਾ ਭੇਜਾਂ**

ਲਿਖ ਪਰਵਾਨਾ ਭੇਜਾਂ ਵੇ,
ਘਰ ਪੱਖੀ ਦੀ ਲੋੜ।
ਢੋਲ ਮੇਰਾ, ਮਾਹੀ ਵੇ, ਘਰ ਪੱਖੀ ਦੀ ਲੋੜ।
ਕੁੱਛੜ ਬਾਲ ਨਿਆਣਾ ਵੇ,
ਗਰਮੀ ਕਰਦੀ ਏ ਜ਼ੋਰ।
ਲੈ ਪੱਖੀ ਮੈਂ ਬੈਠੀ ਪੀੜ੍ਹੇ,
ਸੱਸੂ ਮਾਰਦੀ ਬੋਲ।
ਲੈ ਲੈ ਸੱਸੂ ਨੀ ਪੱਖੀ ਆਪਣੀ, ਮਾਹੀ ਘੱਲੇਗਾ ਹੋਰ।
ਲੈ ਪੱਖੀ ਮੈਂ ਬੈਠੀ ਪੀੜ੍ਹੇ,
ਨਣਦੇ ਮਾਰਦੀ ਬੋਲ।
ਦਿਲ ਵਿਚ ਰੱਖਦੇ ਸਾਰੇ ਗੁੱਸੇ, ਪੱਖੀ ਛੱਡੀ ਮਰੋੜ।
ਲਿਖ ਪਰਵਾਨਾ ਭੇਜਾਂ ਵੇ,
ਘਰ ਪੱਖੀ ਦੀ ਲੋੜ।
ਢੋਲ ਮੇਰਾ, ਮਾਹੀ ਵੇ, ਘਰ ਪੱਖੀ ਦੀ ਲੋੜ।
ਕੁੱਛੜ ਬਾਲ ਨਿਆਣਾ ਵੇ,
ਗਰਮੀ ਕਰਦੀ ਏ ਜ਼ੋਰ।

**ਹਰੀਏ ਹਰੀਏ ਡੇਕੇ**

ਹਰੀਏ ਹਰੀਏ ਡੇਕੇ ਨੀ ਫ਼ੁੱਲ ਦੇਦੇ।
ਅੱਜ ਮੈਂ ਜਾਣਾ ਪੇਕੇ ਨੀ ਫ਼ੁੱਲ ਦੇ ਦੇ।
ਬਾਬਲ ਮੇਰੇ ਬਾਗ ਲੁਆਇਆ, ਵਿੱਚ ਚੰਬਾ ਤੇ ਮਰੂਆ।
ਮਾਂ ਮੇਰੀ ਮਾਲਣ ਫ਼ੁੱਲ ਪਈ ਚੁਣਦੀ, ਵੀਰਾ ਤਾਂ ਬੂਟਾ ਹਰਿਆ।
ਹਰੀਏ ਹਰੀਏ ਡੇਕੇ ਨੀ ਫ਼ੁੱਲ ਦੇਦੇ।
ਵੀਰ ਮੇਰੇ ਬਾਗ਼ ਲੁਆਇਆ, ਵਿੱਚ ਚੰਬਾ ਤੇ ਮਰੂਆ।
ਭਾਬੋ ਮਾਲਣ ਫ਼ੁੱਲ ਪਈ ਚੁਣਦੀ, ਗਿੱਗਾ ਤਾਂ ਬੂਟਾ ਹਰਿਆ।
ਹਰੀਏ ਹਰੀਏ ਡੇਕੇ ਨੀ ਫ਼ੁੱਲ ਦੇ ਦੇ।

**ਦਾਈ ਮਾਈ ਇਹੋ ਘਰ ਆ।**

ਉੱਠ ਵੇ ਕੰਤਾ ਹੋ ਤਿਆਰ,
ਘੋੜੇ ਅਸਵਾਰ।
ਦਾਈ ਨੂੰ ਸੱਦ ਬੁਲਾਇ,
ਕਲੇਜੇ ਮੇਰੇ ਦਰਦ ਉੱਠੇ।
ਜਿੰਦਾ ਲਾਵਾਂ ਹਟਵਾੜ,
ਕੁੰਜੀ ਬੋਝੇ ਡਾਲ।
ਘੋੜੇ ਅਸਵਾਰ,
ਦਾਈ ਮਾਈ ਲੈਣ ਚੱਲੇ।
ਪੁੱਛਦਾ ਨਗਰ ਬਜ਼ਾਰ,
ਘੋੜੇ ਅਸਵਾਰ।
ਕਿ ਦਾਈ ਮਾਈ,
ਕਿਹੜਾ ਘਰ ਆ?
ਬੂਹੇ ਤਾਂ ਚੰਨਣ ਰੁੱਖ,
ਲੌਂਗਾਂ ਦੀਆਂ ਵਾੜਾਂ।
ਵਿਹੜੇ ਖੇਲੰਦੜਾ ਪੁੱਤ,
ਦਾਈ ਮਾਈ ਇਹੋ ਘਰ ਆ।

**ਸਾਡੇ ਜਰਮਿਆਂ ਕ੍ਰਿਸ਼ਨ ਗੁਪਾਲ**

ਸਾਡੇ ਜਰਮਿਆਂ ਕ੍ਰਿਸ਼ਨ ਗੁਪਾਲ,
ਸਈਓ ਕੰਮ ਕੌਣ ਕਰੇ?
ਸਾਡੀ ਸੱਸੂ ਨੇ ਮਾਰੀ ਸੀ ਬੋਲੀ,
ਨੂੰਹੇਂ ਉੱਠ ਕੰਮ ਕਰ।
ਸਾਡੇ ਸਹੁਰੇ ਨੇ ਦਿੱਤਾ ਦਿਲਾਸਾ,
ਨੂੰਹੇਂ ਬੈਠੀ ਰਾਜ ਕਰੋ।

**ਬਾਲੇ ਜਨਮ ਲਿਆ**

ਬਾਲੇ ਜਨਮ ਲਿਆ, ਬਾਲੇ ਜਨਮ ਲਿਆ।
ਕੌਣ ਹੱਸੇ ਕੌਣ ਡਰ ਨੀ ਗਿਆ?
ਭੂਆ ਹੱਸੇ, ਫ਼ੁੱਫੜ ਡਰ ਨੀ ਗਿਆ।
ਡਰਦਾ ਵਿਚ ਭੜੋਲੇ ਦੇ ਵੜ ਨੀ ਗਿਆ।
ਬਾਲੇ ਜਨਮ ਲਿਆ, ਬਾਲੇ ਜਨਮ ਲਿਆ।
ਕੌਣ ਹੱਸੇ ਕੌਣ ਡਰ ਨੀ ਗਿਆ?
ਮਾਸੀ ਹੱਸੇ, ਮਾਸੜ ਡਰ ਨੀ ਗਿਆ।
ਡਰਦਾ ਵਿਚ ਭੜੋਲੇ ਦੇ ਵੜ ਨੀ ਗਿਆ।

**ਸਾਡੇ ਜਨਮਿਆਂ ਲਾਲ**

ਸਾਡੇ ਜਨਮਿਆਂ ਲਾਲ, ਸਾਡੀ ਹੋ ਗਈ ਮਜਾਜ।
ਅਸੀਂ ਸੱਸੂ ਨਾਲ਼ ਕਾਨ੍ਹਾ ਵੇ ਨਹੀਂ ਬੋਲਣਾ।
ਸਾਡੇ ਜਨਮਿਆਂ ਲਾਲ, ਸਾਡੀ ਹੋ ਗਈ ਮਜਾਜ।
ਅਸੀਂ ਜਠਾਣੀ ਨਾਲ਼ ਕਾਨ੍ਹਾ ਵੇ ਨਹੀਂ ਬੋਲਣਾ।
ਸਾਡੇ ਜਨਮਿਆਂ ਲਾਲ, ਸਾਡੀ ਹੋ ਗਈ ਮਜਾਜ।
ਅਸੀਂ ਦਰਾਣੀ ਨਾਲ਼ ਕਾਨ੍ਹਾ ਵੇ ਨਹੀਂ ਬੋਲਣਾ।
ਸਾਡੇ ਜਨਮਿਆਂ ਲਾਲ, ਸਾਡੀ ਹੋ ਗਈ ਮਜਾਜ।
ਅਸੀਂ ਨਣਦ ਨਾਲ਼ ਕਾਨ੍ਹਾ ਵੇ ਨਹੀਂ ਬੋਲਣਾ।

**ਗਿੱਗਾ ਜਰਮਿਆਂ**

ਗਿੱਗਾ ਜਰਮਿਆਂ ਮੈਂ ਸੁਣਿਆਂ,
ਵੇ ਵਧਾਈ ਆਈ ਵੇ।
ਵੇ ਵਧਾਈ ਦਿੰਦੜਿਆ,
ਘੜ ਦੇ ਕੰਙਣਾਂ ਦੀ ਜੋੜੀ ਵੇ।
ਪੈਨ੍ਹੇਗਾ ਮੇਰਾ ਇਕ ਲਾਡਲਾ,
ਵੇ ਪੈਨ੍ਹਾਵੇਗੀ ਭੂਆ ਵੇ।
ਖੇਲ੍ਹੇਗਾ ਮੇਰਾ ਇਕ ਲਾਡਲਾ,
ਵੇ ਖਿਲ੍ਹਾਵੇਗੀ ਭੂਆ ਵੇ।



(ਚਲਦਾ)

# ਤਰਸ ਗਏ ਪੰਜਾਬੀ ਬੋਲਣ ਨੂੰ ..!

**ਪ੍ਰੋ. ਜਸਵੰਤ ਸਿੰਘ ਗੰਦਮ**

ਗੱਲ ਕਈ ਸਾਲ ਪੁਰਾਣੀ ਹੈ। ਮੈਂ ਬਹੁ-ਮੈਂਬਰੀ ਵਿਦਿਅਕ ਵਫ਼ਦ ਨਾਲ ਚੈਕੋਸਲੋਵਾਕੀਆ ਗਿਆ ਸਾਂ। ਉੱਥੇ ਦੋ ਹਫ਼ਤੇ ਦਾ ਕਿਆਮ ਸੀ ਅਤੇ ਵਿਦਿਅਕ ਸੈਮੀਨਾਰਾਂ/ਕਾਨਫਰੰਸਾਂ 'ਚ ਸ਼ਾਮਲ ਹੋਣਾ ਸੀ। ਚੈਕੋਸਲੋਵਾਕੀਆ ਉਦੋਂ ਕਮਿਊਨਿਸਟ ਮੁਲਕ ਸੀ ਅਤੇ ਰੂਸੀ ਖੇਮੇ 'ਚ ਸ਼ਾਮਿਲ ਸੀ। ਇਹ ਅਜੇ ਦੋ ਮੁਲਕਾਂ, ਚੈੱਕ ਗਣਰਾਜ ਤੇ ਸਲੋਵਾਕੀਆ 'ਚ ਨਹੀਂ ਸੀ ਵੰਡਿਆ ਗਿਆ।

ਉੱਚ ਸਿੱਖਿਆ ਦੇ ਇਸ ਬਹੁ-ਮੈਂਬਰੀ ਵਫ਼ਦ ਵਿੱਚ ਮੈਂ ਇਕੱਲਾ ਹੀ ਪੱਗੜੀਧਾਰੀ ਅਤੇ ਇੱਕੋ-ਇੱਕ ਪੰਜਾਬੀ ਸਾਂ। ਬਾਕੀ ਮੈਂਬਰ ਪੱਛਮੀ ਬੰਗਾਲ ਤੇ ਹੋਰਨਾਂ ਰਾਜਾਂ ਨਾਲ ਸਬੰਧਤ ਸਨ। ਦੋ ਹਫ਼ਤਿਆਂ ਦੌਰਾਨ ਮੈਂ ਉਥੇ ਇੱਕ ਵੀ ਪੱਗੜੀਧਾਰੀ ਸਰਦਾਰ ਨਹੀਂ ਸੀ ਦੇਖਿਆ। ਇੱਕ ਦਿਨ ਮੈਂ ਮੁਲਕ ਦੀ ਰਾਜਧਾਨੀ ਪਰਾਗ 'ਚ ਵਲਤਾਵਾ ਦਰਿਆ ਕੰਢੇ ਖੜ੍ਹਾ ਪਾਣੀ ਦੇ ਵਹਿਣ ਨੂੰ ਨਿਹਾਰ ਰਿਹਾ ਸਾਂ। ਇਹ ਦਰਿਆ ਪਰਾਗ ਦੇ ਵਿਚਾਲਿਓਂ ਲੰਘਦੈ। ਇਹ ਚੈੱਕ ਗਣਰਾਜ 'ਚ ਵਗਣ ਵਾਲਾ ਸਭ ਤੋਂ ਲੰਮਾ ਦਰਿਆ ਹੈ (430 ਕਿ.ਮੀ.)। ਇਸ ਨੂੰ ਪਰਾਗ ਦਾ ਦਿਲ ਵੀ ਕਿਹਾ ਜਾਂਦੈ। ਦਰਿਆ ਕਿਨਾਰੇ ਖੜ੍ਹੇ ਨੂੰ ਮੈਨੂੰ ਅਚਾਨਕ ਕਿਸੇ ਨੇ ਪਿੱਛੋਂ ਆਣ ਜੱਫੀ ਪਾਈ ! ਮੈਂ ਬੜਾ ਹੈਰਾਨ ਹੋਇਆ ਕਿ ਇਸ ਪਰਾਏ ਮੁਲਕ ਵਿੱਚ ਜਿੱਥੇ ਮੈਨੂੰ ਇੱਕ ਵੀ ਪੱਗੜੀਧਾਰੀ ਬੰਦੇ ਦੇ ਦਰਸ਼ਨ ਨਹੀਂ ਸਨ ਹੋਏ, ਉੱਥੇ ਐਨੀ ਅਪਣੱਤ ਵਾਲਾ ਮੇਰਾ ਜਾਣਕਾਰ ਕੌਣ ਹੋ ਸਕਦੈ ? ਮੈਂ ਪਿਛਾਂਹ ਮੁੜਿਆ ਤਾਂ ਇੱਕ ਗੈਰਪੱਗੜੀਧਾਰੀ ਤੇ ਅਣਜਾਣ ਬੰਦਾ ਖੜ੍ਹਾ ਸੀ। ਮੇਰੀ ਹੈਰਾਨੀ ਭਾਂਪ ਕੇ ਉਹ ਬੋਲਿਆ, "ਸਰਦਾਰ ਜੀ! ਮੈਂ ਪਾਕਿਸਤਾਨ ਤੋਂ ਹਾਂ, ਲਹਿੰਦੇ ਪੰਜਾਬ ਤੋਂ। ਮੈਂ ਇਥੇ ਕੰਮਕਾਰ ਦੇ ਸਿਲਸਿਲੇ 'ਚ ਆਇਆ ਹਾਂ ਤੇ ਨੇੜੇ ਹੀ ਇੱਕ ਹੋਟਲ 'ਚ ਠਹਿਰਿਆਂ ਹੋਇਆ ਹਾਂ। ਕੁਝ ਦਿਨਾਂ ਤੋਂ ਇੱਥੇ ਹਾਂ ਪਰ ਕੋਈ ਪੰਜਾਬੀ ਹੀ ਨਹੀਂ ਟਕਰਿਆ। ਯਾਰ! ਤਰਸ ਗਏ ਪੰਜਾਬੀ ਬੋਲਣ ਨੂੰ। ਤੁਹਾਡੀ ਦਸਤਾਰ ਦੇਖ ਕੇ ਮੈਂ ਸੋਚਿਆ ਕਿ ਉਹ ਸਰਦਾਰ ਜੀ ਤਾਂ ਜ਼ਰੂਰ ਪੰਜਾਬੀ ਬੋਲਦੇ ਹੋਣਗੇ, ਇਸ ਲਈ ਆ ਕੇ ਤੁਹਾਡੇ ਨਾਲ ਬਗਲਗੀਰ ਹੋ ਗਿਆ, ਭਰਾ ਵਾਂਗ !" ਉਹ ਇਕੋ ਸਾਹ ਐਨੀਆਂ ਗੱਲਾਂ ਕਹਿ ਗਿਆ। ਫਿਰ ਉਸ ਨੇ ਮੈਥੋਂ ਇਹ ਪੁਸ਼ਟੀ ਕੀਤੀ ਕਿ ਕੀ ਮੈਂ ਭਾਰਤ ਵਾਲੇ ਚੜ੍ਹਦੇ ਪੰਜਾਬ ਤੋਂ ਹਾਂ ਕਿ ਕੈਨੇਡਾ/ਇੰਗਲੈਂਡ/ਅਮਰੀਕਾ ਵਾਲੇ ਕਿਸੇ 'ਮਿਨੀ ਪੰਜਾਬ' ਤੋਂ। ਉਹ ਇਸਰਾਰ ਕਰਨ ਲੱਗਾ ਕਿ ਕੁਝ ਦੇਰ ਪੰਜਾਬੀ ਮਾਂ ਬੋਲੀ ਵਿੱਚ ਹੀ ਗੱਲਾਂ ਕੀਤੀਆਂ ਜਾਣ।

ਸੋ, ਅਸੀਂ ਰੱਜ ਕੇ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਗੱਲਾਂ ਕੀਤੀਆਂ। ਮਾਂ ਬੋਲੀ ਦੀ ਸਿਕ ਉਸ ਬਾਹਰਲੇ ਮੁਲਕ ਵਿੱਚ ਜਾ ਕੇ ਪਤਾ ਲੱਗਦੀ ਐ ਜਿੱਥੇ ਪੰਜਾਬੀ ਬੋਲਣ ਵਾਲੇ ਜਾਂ ਤਾਂ ਹੋਣ ਈ ਨਾ ਅਤੇ ਜਾਂ ਬਹੁਤ ਘੱਟ ਹੋਣ। ਹੋਰ ਮੁਲਕਾਂ, ਜਿਵੇਂ ਇੰਗਲੈਂਡ, ਕੈਨੇਡਾ ਤੇ ਅਮਰੀਕਾ 'ਚ ਤਾਂ ਪੰਜਾਬੀਆਂ ਦੀ ਐਨੀ ਭਰਮਾਰ ਐ ਕਿ ਇਨ੍ਹਾਂ ਮੁਲਕਾਂ 'ਚ ਪੰਜਾਬੀ ਬੋਲਣ ਦੀ ਤਲਬ ਪੈਦਾ ਹੀ ਨਹੀਂ ਹੁੰਦੀ। ਉਸ ਅਜਨਬੀ ਆਪਣੇ ਨੇ ਮੈਨੂੰ ਆਪਣੇ ਹੋਟਲ ਆਉਣ ਲਈ ਵੀ ਸੱਦਾ ਦਿੱਤਾ ਪਰ ਮੈਂ ਉਹ ਸੱਦਾ ਪ੍ਰਵਾਨ ਨਾ ਕਰ ਸਕਿਆ ਕਿਉਂਕਿ ਮੈਂ ਆਪਣੇ ਸਾਥੀਆਂ ਨਾਲ ਕਿਸੇ ਹੋਰ ਹੋਟਲ 'ਚ ਠਹਿਰਿਆ ਹੋਇਆ ਸਾਂ। ਸੋ, ਨਿਮਰਤਾ ਸਹਿਤ ਸੱਦਾ ਅਪ੍ਰਵਾਨ ਕਰਦਿਆਂ ਅਸੀਂ ਆਪਣੀ ਮਾਂ ਬੋਲੀ 'ਚ ਗੱਲਾਂ ਕਰਨ ਦੀ ਭੁੱਖ ਰੱਜ ਰੱਜ ਲਾਹੀ! ਮੈਨੂੰ ਪ੍ਰਸਿੱਧ ਪਾਕਿਸਤਾਨੀ ਪੰਜਾਬੀ ਸ਼ਾਇਰ ਬਾਬਾ ਨਜ਼ਮੀ ਦੀਆਂ ਸਤਰਾਂ ਚੇਤੇ ਆ ਗਈਆਂ-



"ਅੱਖਰਾਂ ਵਿੱਚ ਸਮੁੰਦਰ ਰੱਖਾਂ,
ਮੈਂ ਇਕਬਾਲ ਪੰਜਾਬੀ ਦਾ
ਝੱਖੜਾਂ ਦੇ ਵਿੱਚ ਰੱਖ ਦਿੱਤਾ ਏ,
ਦੀਵਾ ਬਾਲ ਪੰਜਾਬੀ ਦਾ...!
ਜਿਹੜੇ ਆਖਣ ਵਿੱਚ ਪੰਜਾਬੀ,
ਵੁਸਅਤ ਨਹੀਂ, ਤਹਿਜ਼ੀਬ ਨਹੀਂ
ਪੜ੍ਹ ਕੇ ਦੇਖਣ ਵਾਰਿਸ, ਬੁੱਲ੍ਹਾ,
ਬਾਹੂ, ਲਾਲ ਪੰਜਾਬੀ ਦਾ।
ਮਨ ਦਾ ਮਾਸ ਖਵਾ ਦੇਂਦਾ ਏ,
ਜਿਹੜਾ ਏਹਨੂੰ ਪਿਆਰ ਕਰੇ
ਕੋਈ ਵੀ ਜਬਰਨ ਕਰ ਨਹੀਂ ਸਕਦਾ,
ਵਿੰਗਾ ਵਾਲ ਪੰਜਾਬੀ ਦਾ।

# ਅਧਿਆਪਕ ਦਿਵਸ ਮੌਕੇ ਇਨੋਵੇਟਿਵ ਜੂਨੀਅਰ ਸਕੂਲ ਟਾਂਡਾ ਉੜਮੁੜ ਵਿੱਚ ਕਰਵਾਇਆ ਵਿਸ਼ੇਸ਼ ਸਮਾਗਮ



ਅਧਿਆਪਕ ਦਿਵਸ ਮੌਕੇ ਕੁਆਡੀਨੇਟਰ ਨਰਿੰਦਰ ਕੌਰ ਨੂੰ ਸਨਮਾਨਿਤ ਕਰਦੇ ਹੋਏ ਜ਼ਿਲਾ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ।

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਇਨੋਵੇਟਿਵ ਜੂਨੀਅਰ ਸਕੂਲ ਟਾਂਡਾ ਉੜਮੁੜ ਵਿਖੇ ਸਕੂਲ ਕੋਆਰਡੀਨੇਟਰ ਨਰਿੰਦਰ ਕੌਰ ਦੀ ਦੇਖਰੇਖ ਹੇਠ ਅਧਿਆਪਕ ਦਿਵਸ ਬੜੇ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਬੱਚਿਆਂ, ਮਾਪਿਆਂ ਅਤੇ ਸਮੂਹ ਸਟਾਫ ਵੱਲੋਂ ਮਿਲ ਕੇ ਅਧਿਆਪਕਾਂ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕੀਤਾ ਗਿਆ।

ਸਮਾਗਮ ਦੌਰਾਨ ਸਕੂਲ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ, ਜ਼ਿਲ੍ਹਾ ਪ੍ਰਧਾਨ ਪ੍ਰਾਈਵੇਟ ਸਕੂਲ ਫੈਡਰੇਸ਼ਨ ਹੁਸ਼ਿਆਰਪੁਰ, ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਅਧਿਆਪਕਾਂ ਨੂੰ ਸਨਮਾਨਿਤ ਕਰਦਿਆਂ ਅਧਿਆਪਕ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ ਬੱਚਿਆਂ ਵੱਲੋਂ ਅਧਿਆਪਕਾਂ ਦੇ ਸਨਮਾਨ ਵਿੱਚ ਵੱਖ-ਵੱਖ ਗਤੀਵਿਧੀਆਂ ਅਤੇ ਪ੍ਰੋਗਰਾਮ ਪੇਸ਼ ਕੀਤੇ ਗਏ। ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਕਿਹਾ ਕਿ ਅਧਿਆਪਕ ਸਮਾਜ ਅਤੇ ਦੇਸ਼ ਦੇ ਭਵਿੱਖ ਦੀ ਨੀਂਹ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦਾ ਸਤਿਕਾਰ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਪੰਡਿਤ ਰਾਧਾ ਕ੍ਰਿਸ਼ਨਨ ਜੋ ਇਕ ਅਧਿਆਪਕ ਸਨ ਨੇ ਆਪਣੇ ਜੀਵਨ ਵਿੱਚ ਉੱਚੇ ਆਦਰਸ਼ਾਂ ਨੂੰ ਧਾਰਨ ਕਰਦੇ ਹੋਏ ਰਾਸ਼ਟਰਪਤੀ ਦੀ ਪਦਵੀ ਤੱਕ ਦਾ ਸਫਰ ਤੈਅ ਕੀਤਾ ਤੇ ਇੱਕ ਅਧਿਆਪਕ ਦੇ ਰੁਤਬੇ ਦੀ ਅਹਿਮੀਅਤ ਨੂੰ ਉਜਾਗਰ ਕੀਤਾ। ਸਮਾਗਮ ਦੇ ਅੰਤ ਵਿੱਚ ਸਕੂਲ ਕੋਆਰਡੀਨੇਟਰ ਨਰਿੰਦਰ ਕੌਰ ਵੱਲੋਂ ਸਮੂਹ ਮਾਪਿਆਂ, ਬੱਚਿਆਂ ਅਤੇ ਸਟਾਫ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ ਵਿੱਚ ਮੈਡਮ ਹਰਪ੍ਰੀਤ ਕੌਰ, ਨੇਹਾ, ਅੰਕਿਤਾ, ਅਨੀਤਾ, ਕਮਲਜੀਤ, ਪ੍ਰਭਜੋਤ, ਡਿੰਪਲ ਅਤੇ ਚਾਂਦਨੀ ਹਾਜ਼ਰ ਸਨ।

### ਕੋਲਕਾਤਾ ਦੀਆਂ ਸੜਕਾਂ ’ਤੇ ਉੱਠਿਆ ਭਗਵਾ ਤੂਫ਼ਾਨ

# ਸ਼ੁਵੇਂਦੂ ਅਧਿਕਾਰੀ ਦੀ ਅਗਵਾਈ ਹੇਠ ਮਮਤਾ ਸਰਕਾਰ ਵਿਰੁੱਧ ਜ਼ੋਰਦਾਰ ਹੱਲਾ-ਬੋਲ



ਕੋਲਕਾਤਾ : ਪੱਛਮੀ ਬੰਗਾਲ ਦੀ ਸਿਆਸਤ ਵਿੱਚ ਜ਼ਬਰਦਸਤ ਭੂਚਾਲ ਦੇਖਣ ਨੂੰ ਮਿਲਿਆ, ਜਦੋਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਸੀਨੀਅਰ ਭਾਜਪਾ ਆਗੂ ਸ਼ੁਵੇਂਦੂ ਅਧਿਕਾਰੀ ਦੀ ਅਗਵਾਈ ਹੇਠ ਸ਼ਹਿਰ ਦੀਆਂ ਸੜਕਾਂ ’ਤੇ ਵਿਸ਼ਾਲ ‘ਗੇਰੂਆ ਸਨਮਾਨ ਯਾਤਰਾ’ ਦਾ ਸੈਲਾਬ ਉਮੜ ਪਿਆ। ਹੱਥਾਂ ਵਿੱਚ ਭਗਵੇਂ ਝੰਡੇ ਅਤੇ ਬੁੱਲ੍ਹਾਂ ’ਤੇ ਗਗਨ-ਗੂੰਜਾਊ ਨਾਅਰਿਆਂ ਨਾਲ ਹਜ਼ਾਰਾਂ ਵਰਕਰਾਂ ਨੇ ਮਮਤਾ ਬੈਨਰਜੀ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ।

**ਕਾਨੂੰਨ-ਵਿਵਸਥਾ ਢਹਿ-ਢੇਰੀ, ਲੋਕਤੰਤਰ ਦਾ ਹੋ ਰਿਹਾ ਘਾਣ: ਸ਼ੁਵੇਂਦੂ ਅਧਿਕਾਰੀ**

ਰੈਲੀ ਨੂੰ ਸੰਬੋਧਨ ਕਰਦਿਆਂ ਵਿਰੋਧੀ ਧਿਰ ਦੇ ਆਗੂ ਸ਼ੁਵੇਂਦੂ ਅਧਿਕਾਰੀ ਨੇ ਤ੍ਰਿਣਮੂਲ ਕਾਂਗਰਸ (TMC) ਸਰਕਾਰ ’ਤੇ ਸ਼ਬਦੀ ਤੀਰਾਂ ਦੀ ਬੁਛਾੜ ਕਰ ਦਿੱਤੀ। ਉਨ੍ਹਾਂ ਗਰਜਦਿਆਂ ਕਿਹਾ ਕਿ ਬੰਗਾਲ ਅੰਦਰ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਲੀਹਾਂ ਤੋਂ ਲੱਥ ਚੁੱਕੀ ਹੈ ਅਤੇ ਲੋਕਤੰਤਰ ਦਾ ਸ਼ਰੇਆਮ ਕਤਲ ਕੀਤਾ ਜਾ ਰਿਹਾ ਹੈ। ਅਧਿਕਾਰੀ ਨੇ ਸਾਫ਼ ਲਫ਼ਜ਼ਾਂ ਵਿੱਚ ਚਿਤਾਵਨੀ ਦਿੱਤੀ: ‘ਇਹ ‘ਗੇਰੂਆ ਸਨਮਾਨ ਯਾਤਰਾ’ ਸਿਰਫ਼ ਇੱਕ ਰਸਮੀ ਰੈਲੀ ਨਹੀਂ, ਸਗੋਂ ਬੰਗਾਲ ਦੀ ਅਸਲ ਪਛਾਣ, ਗੌਰਵਮਈ ਸੱਭਿਆਚਾਰ ਦੀ ਰਾਖੀ ਅਤੇ ਜ਼ੁਲਮ-ਜਬਰ ਦੇ ਤਖ਼ਤੇ ਉਲਟਾਉਣ ਲਈ ਲੋਕਾਂ ਦੇ ਅੰਦਰੋਂ ਭੜਕੀ ਚੰਗਿਆੜੀ ਹੈ।’

**ਪੁਲਿਸ ਦੀਆਂ ਬੈਰੀਕੇਡਿੰਗਾਂ ਅੱਗੇ ਬੇਵੱਸ ਨਜ਼ਰ ਆਇਆ ਪ੍ਰਸ਼ਾਸਨ**

ਯਾਤਰਾ ਦੌਰਾਨ ਭਾਜਪਾ ਵਰਕਰਾਂ ਦੇ ਭਾਰੀ ਰੋਸ ਅਤੇ ਆਕ੍ਰਾਮਕ ਤੇਵਰਾਂ ਨੂੰ ਦੇਖਦੇ ਹੋਏ ਕੋਲਕਾਤਾ ਪੁਲਿਸ ਨੇ ਪੂਰੇ ਇਲਾਕੇ ਨੂੰ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਸੀ। ਥਾਂ-ਥਾਂ ਸਖ਼ਤ ਸੁਰੱਖਿਆ ਘੇਰੇ ਅਤੇ ਬੈਰੀਕੇਡ ਲਗਾਏ ਗਏ ਸਨ, ਪਰ ਪ੍ਰਦਰਸ਼ਨਕਾਰੀਆਂ ਦੇ ਰੋਹ ਅੱਗੇ ਪ੍ਰਸ਼ਾਸਨ ਪੂਰੀ ਤਰ੍ਹਾਂ ਬੇਵੱਸ ਜਾਪਿਆ। ਇਸ ਸ਼ਕਤੀ ਪ੍ਰਦਰਸ਼ਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਬੰਗਾਲ ਵਿੱਚ ਵਿਰੋਧੀ ਧਿਰ ਸਰਕਾਰ ਨੂੰ ਕਿਸੇ ਵੀ ਮੁੱਦੇ ’ਤੇ ਬਖ਼ਸ਼ਣ ਦੇ ਮੂਡ ਵਿੱਚ ਨਹੀਂ ਹੈ।

# ਸਾਨੂੰ ਸਾਰਿਆਂ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ : ਦੀਪਕ ਬਹਿਲ







ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਸਨਾਤਨ ਧਰਮ ਦੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਅਸ਼ਟਮੀ ਤਿਉਹਾਰ ਟਾਂਡਾ ਸ਼ਹਿਰ ਅਤੇ ਇਲਾਕੇ ਦੇ ਵੱਖ ਵੱਖ ਮੰਦਿਰਾਂ ਵਿੱਚ ਬੜੇ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਮਹਾਦੇਵ ਮੰਦਿਰ ਨੂੰ ਸਨਾਤਨ ਧਰਮ ਸਭਾ ਵੱਲੋਂ ਦੁਲਹਨ ਵਾਂਗ ਸਜਾਇਆ ਗਿਆ ਸੀ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਵੇਸ਼ ਭੂਸ਼ਾ ਵਿੱਚ ਸੱਜੇ ਹੋਏ ਨੰਨੇ ਮੁੰਨੇ ਬੱਚਿਆਂ ਤੋਂ ਇਲਾਵਾ ਹੋਰ ਵੱਖ-ਵੱਖ ਸਜਾਈਆਂ ਗਈਆਂ ਝਾਕੀਆਂ ਵੇਖ ਕੇ ਸ਼ਰਧਾਲੂ ਗਦਗਦ ਹੋ ਰਹੇ ਸਨ। ਮੰਦਿਰ ਵਿੱਚ ਜਨਮ ਅਸ਼ਟਮੀ ਸਬੰਧੀ ਰੱਖੇ ਗਏ ਸਮਾਗਮ ਦੇਰ ਰਾਤ ਤੱਕ ਚਲਦੇ ਰਹੇ ਅਤੇ ਸੰਗਤ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਭਗਤੀ ਵਿੱਚ ਲੀਨ ਹੋ ਰਹੇ ਸਨ। ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ ਵੱਲੋਂ ਪੂਜਾ ਅਰਚਨਾ ਕਰਨ ਉਪਰੰਤ ਇੱਕ ਦੂਜੇ ਨੂੰ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ ਗਈਆਂ।

ਟਾਂਡਾ ਦੇ ਸ਼ਿਵ ਮੰਦਿਰ ਵੱਲੋਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਨ ਅਤੇ ਰਾਧਾ ਦੇ ਵੱਖ-ਵਖ ਸਰੂਪਾਂ ਨਾਲ ਸ਼ੋਭਿਤ ਕਲਾਕਾਰ ਝਾਕੀਆਂ ਪੇਸ਼ ਕਰ ਰਹੇ ਸਨ ਜਿਸਦੀ ਸ਼ਹਿਰ ਨਿਵਾਸੀਆਂ ਵੱਲੋਂ ਭਰਭੂਰ ਸ਼ਲਾਘਾ ਕੀਤੀ ਗਈ। ਇਸ ਸ਼ੋਭਾ ਯਾਤਰਾ ਦਾ ਸ਼ਹਿਰ ਨਿਵਾਸੀਆਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਸ਼ਰਧਾਲੂ ਵੱਲੋਂ ਜਗ੍ਹਾ ਜਗ੍ਹਾ ਤੇ ਫਰੂਟ ਪਾਣੀ ਆਦਿ ਦਾ ਲੰਗਰ ਵਰਤਾਇਆ ਗਿਆ। ਵੱਖ-ਵੱਖ ਭਜਨ ਮੰਡਲੀਆਂ ਆਪਣੇ ਭਜਨਾਂ ਰਾਹੀਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਜੀਵਨੀ ਤੇ ਰੌਸ਼ਨੀ ਪਾਉਂਦੀਆਂ ਹੋਈਆਂ ਸੰਗਤ ਨੂੰ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇ ਰਹੀਆਂ ਸਨ। ਇਹ ਸ਼ੋਭਾ ਯਾਤਰਾ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਚੋਂ ਹੁੰਦੀ ਹੋਈ ਮੁੜ ਵਾਪਸ ਸ਼ਿਵ ਮੰਦਿਰ ਟਾਂਡਾ ਪਹੁੰਚ ਕੇ ਸੰਪੰਨ ਹੋਈ।

ਮਹਾਦੇਵ ਮੰਦਿਰ ਉੜਮੁੜ ਵਿਖੇ ਸਵੇਰ ਤੋਂ ਹੀ ਸ਼ਰਧਾਲੂਆਂ ਦਾ ਤਾਂਤਾ ਲੱਗਿਆ ਹੋਇਆ ਸੀ ਅਤੇ ਲੋਕ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀਆਂ ਸੁਸ਼ੋਭਿਤ ਝਾਕੀਆਂ ਵੇਖ ਕੇ ਤ੍ਰਿਪ ਭਗਤੀ ਚ ਲੀਨ ਹੋ ਰਹੇ ਸਨ। ਸਵੇਰੇ ਪੰਡਿਤ ਰਜਿੰਦਰ ਸ਼ਰਮਾ ਵੱਲੋਂ ਵਿਧੀ ਪੂਰਵਕ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਪੂਜਾ ਅਰਚਨਾ ਕਰਨ ਉਪਰੰਤ ਸਮਾਰੋਹ ਦਾ ਪ੍ਰਾਰੰਭ ਕੀਤਾ ਗਿਆ। ਸ਼ਰਧਾਲੂਆਂ ਦੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਦੀਪਕ ਬਹਿਲ ਨੇ ਕਿਹਾ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਸਾਨੂੰ ਸੱਚਾਈ, ਪਿਆਰ ਅਤੇ ਧਰਮ ਦੀ ਪਾਲਨਾ ਤੋਂ ਇਲਾਵਾ ਨੇਕੀ ਦੀ ਰਾਹ ਤੇ ਚਰਨ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੀ ਜ਼ਿੰਦਗੀ ਵਿੱਚ ਧਾਰ ਕੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲੀਏ ਤਾਂ ਜੋ ਸਾਡਾ ਇਹ ਮਨੁੱਖੀ ਜੀਵਨ ਸਫਲ ਹੋ ਸਕੇ। ਉਨ੍ਹਾਂ ਕਿਹਾ ਕਿ ਸ਼੍ਰੀ ਕ੍ਰਿਸ਼ਨ ਜੀ ਨੇ ਆਪਣੇ ਜੀਵਨ ਕਾਲ ਵਿੱਚ ਹਰ ਇਨਸਾਨ ਨੂੰ ਦਇਆ ਭਾਵਨਾ ਨਾਲ ਹਰ ਇੱਕ ਦੀ ਗਲਤੀ ਨੂੰ ਮਾਫ਼ ਕਰਨ ਦਾ ਸੰਦੇਸ਼ ਦਿੱਤਾ ਸੀ ਅਤੇ ਹਰ ਇੱਕ ਨੂੰ ਸੱਚਾਈ ਦੇ ਰਸਤੇ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਸੀ। ਪ੍ਰਧਾਨ ਦੀਪਕ ਮਹਿਲ ਨੇ ਕਿਹਾ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਅਵਤਾਰ ਲੈਣ ਦਾ ਅਸਲ ਮਕਸਦ ਇਨਸਾਨ ਨੂੰ ਕਿਰਤ ਕਮਾਈ ਕਰਦੇ ਹੋਏ ਜਰੂਰਤਮੰਦਾਂ ਦੀ ਸਹਾਇਤਾ ਕਰਨਾ ਅਤੇ ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਪ੍ਰਭੂ ਦਾ ਸ਼ੁਕਰਾਨਾ ਕਰਨ ਤੋਂ ਇਲਾਵਾ ਹਰ ਸਮੇਂ ਨਾਮ ਸਿਮਰਨ ਦਾ ਜਾਪ ਕਰਦੇ ਰਹਿਣ ਦਾ ਸੰਦੇਸ਼ ਦਿੱਤਾ ਸੀ ਤਾਂ ਜੋ ਜਿਸ ਮਕਸਦ ਨਾਲ ਸਾਨੂੰ ਇਹ ਇਨਸਾਨੀ ਜਾਮਾ ਮਿਲਿਆ ਹੈ ਉਸ ਮਕਸਦ ਨੂੰ ਹਾਸਿਲ ਕੀਤਾ ਜਾ ਸਕੇ। ਇਸ ਮੌਕੇ ਤੇ ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ, ਪੰਡਿਤ ਸੰਜੀਵ ਸ਼ਰਮਾ, ਸੁਰਿੰਦਰ ਨਈਅਰ, ਸਤੀਸ਼ ਚੱਡਾ, ਸ਼ਾਮਾਂ ਜੋਸ਼ੀ, ਸੋਨੂੰ ਖੁਲਰ, ਪੂਜਾ ਬਹਿਲ, ਸ਼ਿਵਮ ਵੈਦ, ਦਿਲਬਾਗ ਰਾਏ, ਅਨਿਲ ਕੁਮਾਰ, ਅਸ਼ੋਕ ਬਹਿਲ, ਮੋਹਿਨ ਬਬਲਾ, ਰਣਜੀਤ ਸਿੰਘ ਸਿੱਧੂ ਅਤੇ ਪ੍ਰੋਫੈਸਰ ਸਾਹਿਬ ਸਿੰਘ ਤੋਂ ਇਲਾਵਾ ਹੋਰ ਸ਼ਰਧਾਲੂ ਹਾਜ਼ਰ ਸਨ। ਜਨਮ ਅਸ਼ਟਮੀ ਸਮਾਰੋਹ ਦੇ ਆਖਿਰ ਵਿੱਚ ਦੀਪਕ ਬਹਿਲ ਨੇ ਸਾਰਿਆਂ ਨੂੰ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ ਅਤੇ ਪੰਡਿਤ ਸੰਜੀਵ ਸ਼ਰਮਾ ਨੇ ਆਏ ਹੋਏ ਸ਼ਰਧਾਲੂਆਂ ਨੂੰ ਪ੍ਰਭੂ ਦਾ ਪ੍ਰਸ਼ਾਦ ਦਿੰਦੇ ਹੋਏ ਅਸ਼ੀਰਵਾਦ ਦਿੱਤਾ।

# ਧਾਰਮਿਕ ਸਮਾਗਮਾਂ ਚ ਸਹਿਯੋਗ ਦੇ ਰਹੀ ਇੰਸ: ਅਮਰਜੀਤ ਕੌਰ ਨੂੰ ਸ਼੍ਰੀ ਨਵ ਦੁਰਗਾ ਸੋਸਾਇਟੀ ਕੀਤਾ ਸਨਮਾਨਿਤ : ਮਿੱਕੀ ਪੰਡਿਤ



ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਹਰ ਧਰਮ ਦੇ ਧਾਰਮਿਕ ਸਮਾਗਮਾਂ ਵਿੱਚ ਆਪਣਾ ਬਣਦਾ ਸਹਿਯੋਗ ਦੇ ਰਹੀ ਐਸ.ਐਚ.ਓ ਟਾਂਡਾ ਇੰਸਪੈਕਟਰ ਅਮਰਜੀਤ ਕੌਰ ਦਾ ਧੰਨਵਾਦ ਅਤੇ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਸ਼੍ਰੀ ਨਵ ਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ ਦੇ ਸਰਪਰਸਤ ਮਿੱਕੀ ਪੰਡਿਤ, ਵਾਈਸ ਪ੍ਰਧਾਨ ਗਗਨ ਭੱਟੀ, ਮੁਖ ਸਲਾਹਕਾਰ ਸ਼ਿਵਮ ਵੈਦ, ਜਿੰਦਰ ਬਨਿਆਲ, ਹਰਜੀਤ ਸਿੰਘ, ਸਾਬੀ ਕੁਮਾਰ ਸਮੇਤ ਸਮੂਹ ਸੋਸਾਇਟੀ ਮੈਂਬਰਾਂ ਨੇ ਇੰਸ: ਅਮਰਜੀਤ ਕੌਰ ਨੂੰ ਮਾਤਾ ਚਿੰਤਪੁਰਨੀ ਜੀ ਦਾ ਸਰੂਪ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ’ਤੇ ਮਿੱਕੀ ਪੰਡਿਤ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜਿਹੜੇ ਵੀ ਅਫਸਰ ਕਿਸੇ ਵੀ ਧਰਮ ਦੇ ਧਾਰਮਿਕ ਸਮਾਗਮਾਂ ਦੌਰਾਨ ਸੁਰੱਖਿਆ ਸਬੰਧੀ ਪੁਖਤਾ ਪ੍ਰਬੰਧ ਕਰਕੇ ਉਸ ਸਮਾਗਮ ਦੀ ਪ੍ਰਬੰਧਕ ਕਮੇਟੀ ਨੂੰ ਆਪਣਾ ਭਰਪੂਰ ਸਹਿਯੋਗ ਦਿੰਦੇ ਹਨ ਸ਼੍ਰੀ ਨਵ ਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ ਉਨ੍ਹਾਂ ਅਧਿਕਾਰੀਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਧੰਨਵਾਦ ਕਰਦੀ ਹੈ ਤਾਂ ਜੋ ਸਰਕਾਰੀ ਅਧਿਕਾਰੀਆਂ ਨੂੰ ਹਰ ਵਰਗ ਦੇ ਧਾਰਮਿਕ ਸਮਾਗਮਾਂ ਵਿੱਚ ਆਪਣਾ ਯੋਗਦਾਨ ਪਾਉਣ ਦੀ ਪ੍ਰੇਰਨਾ ਮਿਲ ਸਕੇ। ਉਨ੍ਹਾਂ ਟਰੈਫਿਕ ਵਿੱਚ ਵਾਧਾ ਹੋਣ ਕਾਰਨ ਟਾਂਡਾ ਸ਼ਹਿਰ ਦੇ ਚੌਂਕਾਂ ਵਿੱਚ ਆਮ ਜਨਤਾ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਤਾਂ ਜੋ ਚੌਂਕਾਂ ਵਿੱਚ ਲਗਾਏ ਜਾ ਰਹੇ ਪੁਲਿਸ ਨਾਕਿਆਂ ਵਿੱਚ ਹੋਰ ਵਾਧਾ ਕੀਤਾ ਜਾ ਸਕੇ। ਮਿੱਕੀ ਪੰਡਿਤ ਨੇ ਇਹ ਵੀ ਕਿਹਾ ਕਿ ਟਾਂਡਾ ਇਲਾਕੇ ਤੇ ਨੌਜਵਾਨ ਨਸ਼ਿਆਂ ਜਿਹੀਆਂ ਅਲਾਮਤਾਂ ਵਿੱਚ ਗਰਤ ਹੋ ਕੇ ਜਿੱਥੇ ਆਪਣੀ ਜਵਾਨੀ ਨੂੰ ਖ਼ਤਮ ਕਰ ਰਹੇ ਹਨ ਉੱਥੇ ਆਪਣੇ ਪਰਿਵਾਰ ਨੂੰ ਵੀ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਵਿੱਚ ਪਾ ਰਹੇ ਹਨ ਜਿਸਦੀ ਰੋਕਥਾਮ ਹੋਣਾ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕਈ ਸੌਦਾਗਰ ਬੇਖੌਫ਼ ਹੋ ਕੇ ਨਸ਼ਿਆਂ ਦਾ ਕਾਰੋਬਾਰ ਕਰੀ ਜਾ ਰਹੇ ਹਨ, ਜੇਕਰ ਇਨ੍ਹਾਂ ਨਸ਼ਿਆਂ ਦੇ ਸੌਦਾਗਰਾਂ ਤੇ ਜਲਦ ਨਕੇਲ ਨਾ ਪਾਈ ਗਈ ਤਾਂ ਇਸਦੇ ਸਿੱਟੇ ਹੋਰ ਮਾੜੇ ਨਿਕਲ ਸਕਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਉਣ ਅਤੇ ਇਨ੍ਹਾਂ ਦੇ ਗੈਰ ਕਾਨੂੰਨੀ ਧੰਦਿਆਂ ਨੂੰ ਖਤਮ ਕਰਨ ਲਈ ਸ਼੍ਰੀ ਨਵ ਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ ਦਾ ਹਰ ਮੈਂਬਰ ਪੁਲਿਸ ਪ੍ਰਸ਼ਾਸਨ ਨੂੰ ਆਪਣਾ ਪੂਰਾ-ਪੂਰਾ ਸਹਿਯੋਗ ਦੇਵੇਗਾ ਤਾਂ ਜੋ ਬਰਬਾਦ ਹੋ ਰਹੀ ਨੌਜਵਾਨ ਪੀੜੀ ਨੂੰ ਬਚਾਇਆ ਜਾ ਸਕੇ। ਐਸ.ਐਚ.ਓ ਇੰਸ: ਅਮਰਜੀਤ ਕੌਰ ਨੇ ਕਿਹਾ ਕਿ ਹਰ ਧਰਮ ਦੇ ਧਾਰਮਿਕ ਸਮਾਗਮਾਂ ਵਿੱਚ ਹਰ ਸੰਬੰਧਿਤ ਅਧਿਕਾਰੀ ਆਪਣਾ ਸਹਿਯੋਗ ਦੇ ਰਿਹਾ ਹੈ ਅਤੇ ਉਨ੍ਹਾਂ ਦੇ ਧਾਰਮਿਕ ਸਮਾਗਮਾਂ ਦਾ ਪੂਰਾ ਆਦਰ ਸਤਿਕਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗੈਰ ਕਾਨੂੰਨੀ ਧੰਦੇ ਕਰਨ ਵਾਲੇ ਅਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਪੂਰੀ ਸਖ਼ਤੀ ਨਾਲ ਕਾਨੂੰਨੀ ਸ਼ਿਕੰਜੇ ਵਿੱਚ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਰਾਰਤੀ ਅੰਨਸਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਵੱਧ ਰਹੀ ਟ੍ਰੈਫਿਕ ਕਾਰਨ ਚੌਂਕਾਂ ਵਿੱਚ ਪੁਲਿਸ ਗਸ਼ਤ ਵਧਾਈ ਗਈ ਹੈ ਤਾਂ ਜੋ ਟ ?ੈਫਿਕ ਕਾਰਨ ਆਮ ਜਨਤਾ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਸ਼੍ਰੀ ਨਵ ਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਧਾਰਮਿਕ ਸਮਾਗਮਾਂ ਵਿੱਚ ਹਮੇਸ਼ਾ ਆਪਣਾ ਯੋਗਦਾਨ ਪਾਉਂਦੇ ਰਹਿਣਗੇ।

**ਸਦੀ ਦਾ ਲੇਖਾ-ਜੋਖਾ — ਸੱਤਾ, ਸੰਘ ਅਤੇ ਬਹੁਲਵਾਦ ਦਾ ਭਵਿੱਖ  ਵਿਚਾਰਧਾਰਕ ਦਬਦਬਾ ਅਤੇ ਗੰਭੀਰ ਸਵਾਲ**

ਸੌ ਸਾਲਾਂ ਦਾ ਇਤਿਹਾਸ ਸਿਰਫ਼ ਕੈਲੰਡਰ ਦੇ ਪੰਨੇ ਪਲਟਣ ਦਾ ਨਾਮ ਨਹੀਂ; ਇਹ ਕਿਸੇ ਵਿਚਾਰਧਾਰਾ ਵੱਲੋਂ ਪੂਰੇ ਦੇਸ਼ ਦੀ ਰੂਹ, ਸੰਵਿਧਾਨਕ ਬੁਨਿਆਦ ਅਤੇ ਸਮਾਜਿਕ ਤਾਣੇ-ਬਾਣੇ 'ਤੇ ਪਾਏ ਗਏ ਪ੍ਰਭਾਵਾਂ ਦਾ ਬੇਬਾਕ ਲੇਖਾ-ਜੋਖਾ ਹੁੰਦਾ ਹੈ। 1925 ਵਿੱਚ ਨਾਗਪੁਰ ਵਿਖੇ ਮੁੱਠੀ ਭਰ ਵਲੰਟੀਅਰਾਂ ਨਾਲ ਸ਼ੁਰੂ ਹੋਇਆ 'ਰਾਸ਼ਟਰੀ ਸਵੈਮ-ਸੇਵਕ ਸੰਘ' (RSS) ਅੱਜ 2026 ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਤੀ, ਨਿਆਂ, ਸੱਤਾ ਅਤੇ ਸੱਭਿਆਚਾਰਕ ਦਿਸ਼ਾ ਨੂੰ ਕੰਟਰੋਲ ਕਰਨ ਵਾਲੀ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰ ਚੁੱਕਾ ਹੈ। ਪਰ ਇਸ ਇੱਕ ਸਦੀ ਦੇ ਸਫ਼ਰ ਨੇ ਭਾਰਤ ਦੇ ਬਹੁਲਵਾਦੀ ਸਰੂਪ ਅਤੇ ਸੰਵਿਧਾਨਕ ਧਰਮ-ਨਿਰਪੱਖਤਾ ਅੱਗੇ ਡੂੰਘੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਧਾਰਮਿਕ ਘੱਟ ਗਿਣਤੀਆਂ, ਖ਼ਾਸ ਕਰਕੇ ਸਿੱਖ ਕੌਮ ਦੀ ਸੁਤੰਤਰ ਪਛਾਣ, ਪ੍ਰਭੂਸੱਤਾ ਅਤੇ ਪੰਥਕ ਖੁਦਮੁਖਤਿਆਰੀ ਨੂੰ ਆਪਣੇ ਵਿਸ਼ਾਲ 'ਹਿੰਦੂ ਸੱਭਿਅਤਾ' ਦੇ ਦਾਇਰੇ ਵਿੱਚ ਸਮੋਣ (ਅਸਿਮਿਲੇਟ ਕਰਨ) ਦੀਆਂ ਨਿਰੰਤਰ ਕੋਸ਼ਿਸ਼ਾਂ ਨੇ ਇੱਕ ਗੰਭੀਰ ਵਿਚਾਰਧਾਰਕ ਟਕਰਾਅ ਨੂੰ ਜਨਮ ਦਿੱਤਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਖੋਜ-ਪੱਤਰ ਕਿਸੇ ਸਿਆਸੀ ਨਾਅਰੇਬਾਜ਼ੀ ਤੋਂ ਮੁਕਤ ਹੋ ਕੇ, ਨਿਰੋਲ ਇਤਿਹਾਸਕ ਅਤੇ ਅਕਾਦਮਿਕ ਦਸਤਾਵੇਜ਼ਾਂ ਦੀ ਰੌਸ਼ਨੀ ਵਿੱਚ ਸੰਘ ਦੇ ਪੂਰੇ ਤੰਤਰ ਦੀ ਚੀਰ-ਫਾੜ ਕਰਦਾ ਹੈ। ਇਹ ਵਿਸ਼ਲੇਸ਼ਣ ਗਾਂਧੀ ਕਤਲ ਦੇ ਇਤਿਹਾਸਕ ਵਿਵਾਦਾਂ, ਆਜ਼ਾਦੀ ਤੋਂ ਬਾਅਦ ਲੱਗੀਆਂ ਤਿੰਨ ਪਾਬੰਦੀਆਂ, ਬਿਨਾਂ ਰਜਿਸਟ੍ਰੇਸ਼ਨ ਵਾਲੇ ਅਸਪਸ਼ਟ ਸੰਗਠਨਾਤਮਕ ਢਾਂਚੇ ਅਤੇ ਭਾਜਪਾ ਰਾਹੀਂ ਰਾਜਸੱਤਾ ਉੱਤੇ ਬਣੇ ਅਸਾਧਾਰਨ ਗਲਬੇ ਤੋਂ ਲੈ ਕੇ ਅਮਰੀਕਾ (ਵਿਸ਼ੇਸ਼ ਤੌਰ 'ਤੇ ਕੈਲੀਫੋਰਨੀਆ) ਵਿੱਚ ਫੈਲੇ ਇਸਦੇ ਕੌਮਾਂਤਰੀ ਲਾਬਿੰਗ ਨੈੱਟਵਰਕ ਦੀਆਂ ਅਸਲ ਪਰਤਾਂ ਨੂੰ ਨੰਗਾ ਕਰਦਾ ਹੈ। ਜਦੋਂ ਭਾਰਤ ਨੂੰ ਇੱਕ ਬਹੁ-ਸੱਭਿਆਚਾਰਕ ਗਣਰਾਜ ਤੋਂ ਬਹੁਗਿਣਤੀਵਾਦੀ 'ਹਿੰਦੂ ਰਾਸ਼ਟਰ' ਵਿੱਚ ਤਬਦੀਲ ਕਰਨ ਦੀ ਮੁਹਿੰਮ ਆਪਣੇ ਸਿਖ਼ਰਾਂ 'ਤੇ ਹੈ, ਇਹ ਲਿਖਤ ਹਰ ਸੁਚੇਤ ਪਾਠਕ, ਖੋਜੀ ਅਤੇ ਕੌਮਾਂਤਰੀ ਨੀਤੀ-ਘਾੜੇ ਲਈ ਇੱਕ ਲਾਜ਼ਮੀ ਇਤਿਹਾਸਕ ਦਸਤਾਵੇਜ਼ ਹੈ। ਇਹ ਸਵਾਲ ਸਿਰਫ਼ ਸੰਘ ਦੀ ਪਹਿਲੀ ਸਦੀ ਦਾ ਨਹੀਂ, ਸਗੋਂ ਸਮੁੱਚੇ ਦੱਖਣੀ ਏਸ਼ੀਆ ਦੇ ਲੋਕਤੰਤਰੀ ਭਵਿੱਖ ਅਤੇ ਘੱਟ ਗਿਣਤੀਆਂ ਦੀ ਹੋਂਦ ਦਾ ਹੈ। ਅਸੀਂ ਕੈਲੀਫੋਰਨੀਆਂ ਤੋਂ ਅਮਰੀਕਾ ਦੇ ਉਘੇ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ (MD) ਦਾ ਇਹ ਬੇਬਾਕ ਨਿੱਠ ਕੇ ਕੀਤਾ ਗਿਆ ਇਤਿਹਾਸਕ ਅਧਿਐਨ ਖੋਜ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। -- ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਰਾਸ਼ਟਰੀ ਸਵੈਮ-ਸੇਵਕ ਸੰਘ ਸੌ ਸਾਲਾਂ ਦੇ ਮੋੜ 'ਤੇ

## ਸੰਗਠਨ, ਵਿਚਾਰਧਾਰਾ, ਰਾਜਨੀਤਿਕ ਤਾਕਤ, ਅਤੇ ਅੰਤਰਰਾਸ਼ਟਰੀ ਪਹੁੰਚ, 1925-2026

ਸੰਖੇਪ (Abstract)

**3. 'ਅਰਧ-ਫੌਜੀ' (ਪੈਰਾਮਿਲਟਰੀ) ਸਵਾਲ**

RSS ਨੂੰ 'ਅਰਧ-ਫੌਜੀ' ਕਹਿਣਾ ਇੱਕ ਵਿਸ਼ਲੇਸ਼ਣਾਤਮਕ ਵਰਗੀਕਰਨ ਹੈ, ਕੋਈ ਅਦਾਲਤੀ ਫੈਸਲਾ ਨਹੀਂ। ਇਹ ਸ਼ਬਦ ਇਸਦੀ ਇਤਿਹਾਸਕ ਵਰਦੀ, ਮਾਰਚ, ਡਰਿੱਲ, ਕਮਾਂਡ ਢਾਂਚੇ, ਸਰੀਰਕ ਸਿਖਲਾਈ ਅਤੇ ਸਮੂਹਿਕ ਅਨੁਸ਼ਾਸਨ ਦੀ ਇੱਛਾ ਤੋਂ ਪੈਦਾ ਹੁੰਦਾ ਹੈ। ਜਵਾਹਰ ਲਾਲ ਨਹਿਰੂ ਨੇ 1947 ਵਿੱਚ ਇਸਨੂੰ ਇੱਕ ਨਿੱਜੀ ਫੌਜ ਵਰਗਾ ਦੱਸਿਆ ਸੀ, ਜਦੋਂ ਕਿ ਕ੍ਰਿਸਟੋਫ ਜਾਫਰਲੋਟ, ਥਾਮਸ ਬਲੌਮ ਹੈਨਸਨ ਅਤੇ ਹੋਰਾਂ ਸਮੇਤ ਵਿਦਵਾਨਾਂ ਨੇ ਇਸਦੇ ਸ਼ੁਰੂਆਤੀ ਸੰਗਠਨ ਦੇ ਫੌਜੀ ਅੰਦਾਜ਼ ਦੀ ਜਾਂਚ ਕੀਤੀ ਹੈ।

ਫਿਰ ਵੀ RSS ਭਾਰਤ ਦੀਆਂ ਹਥਿਆਰਬੰਦ ਫੌਜਾਂ ਦਾ ਹਿੱਸਾ ਨਹੀਂ ਹੈ, ਨਾ ਹੀ ਇਹ ਖੁੱਲ੍ਹੇਆਮ ਕਿਸੇ ਸਰਕਾਰੀ ਲੜਾਕੂ ਭੂਮਿਕਾ ਦਾ ਦਾਅਵਾ ਕਰਦਾ ਹੈ, ਅਤੇ ਇਹ ਨਾਗਰਿਕ ਸੇਵਾ ਤੇ ਸੱਭਿਆਚਾਰਕ ਕਾਰਜਾਂ 'ਤੇ ਜ਼ੋਰ ਦਿੰਦਾ ਹੈ। ਇਸ ਲਈ, 'ਅਰਧ-ਨੁਮਾ ਫੌਜੀ ਕਾਡਰ ਸੰਗਠਨ' (Quasi-paramilitary cadre organization) ਸਭ ਤੋਂ ਸਟੀਕ ਪਰਿਭਾਸ਼ਾ ਹੈ: ਇਹ ਹਰ ਸ਼ਾਖਾ ਨੂੰ ਹਥਿਆਰਬੰਦ ਇਕਾਈ ਦੱਸੇ ਬਿਨਾਂ ਇਸਦੇ ਸਰੂਪ ਅਤੇ ਭਾਵਨਾ ਨੂੰ ਸਪੱਸ਼ਟ ਕਰਦੀ ਹੈ।

ਇਹ ਅੰਤਰ ਮਹੱਤਵਪੂਰਨ ਹੈ। RSS ਦੀ ਤਾਕਤ ਆਮ ਤੌਰ 'ਤੇ ਸਿੱਧੀ ਹਥਿਆਰਬੰਦ ਕਾਰਵਾਈ ਤੋਂ ਨਹੀਂ, ਸਗੋਂ ਨੇਤਾਵਾਂ, ਬਿਰਤਾਂਤਾਂ ਅਤੇ ਸਮਾਜਿਕ ਨੈੱਟਵਰਕਾਂ ਦੇ ਅਨੁਸ਼ਾਸਿਤ ਪੁਨਰ-ਉਤਪਾਦਨ ਤੋਂ ਆਈ ਹੈ। ਡਰਿੱਲ ਏਕਤਾ ਅਤੇ ਆਗਿਆਕਾਰੀ ਪੈਦਾ ਕਰਦੀ ਹੈ; ਵਿਚਾਰਧਾਰਕ ਸਿੱਖਿਆ ਇੱਕ ਸੱਭਿਅਤਾ ਦੀ ਕਹਾਣੀ ਪ੍ਰਦਾਨ ਕਰਦੀ ਹੈ; ਅਤੇ ਸੇਵਾ ਕਾਰਜ ਸਮਾਜਿਕ ਜਾਇਜ਼ਤਾ ਤੇ ਸਥਾਨਕ ਪਹੁੰਚ ਬਣਾਉਂਦੇ ਹਨ। ਇਹ ਸੁਮੇਲ ਰਸਮੀ ਫੌਜੀ ਭੂਮਿਕਾ ਤੋਂ ਬਿਨਾਂ ਵੀ ਸਿਆਸੀ ਤੌਰ 'ਤੇ ਪ੍ਰਭਾਵਸ਼ਾਲੀ ਸਾਬਤ ਹੋ ਸਕਦਾ ਹੈ।

**4. ਆਜ਼ਾਦੀ ਤੋਂ ਬਾਅਦ ਦੀਆਂ ਤਿੰਨ ਪਾਬੰਦੀਆਂ**

ਭਾਰਤ ਸਰਕਾਰ ਨੇ ਆਜ਼ਾਦੀ ਤੋਂ ਬਾਅਦ ਤਿੰਨ




ਵੱਡੇ ਮੌਕਿਆਂ 'ਤੇ RSS 'ਤੇ ਪਾਬੰਦੀ ਲਗਾਈ:

1. 1948 ਵਿੱਚ ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ;
2. 1975 ਵਿੱਚ ਸ਼ੁਰੂ ਹੋਈ ਐਮਰਜੈਂਸੀ ਦੌਰਾਨ; ਅਤੇ
3. ਦਸੰਬਰ 1992 ਵਿੱਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ।

ਇਹਨਾਂ ਦੇ ਹਾਲਾਤ ਅਤੇ ਕਾਨੂੰਨੀ ਆਧਾਰ ਵੱਖੋ-ਵੱਖਰੇ ਸਨ, ਇਸ ਲਈ ਇਹਨਾਂ ਪਾਬੰਦੀਆਂ ਨੂੰ ਇੱਕੋ ਜੁਰਮ ਦੇ ਤਿੰਨ ਨਤੀਜੇ ਨਹੀਂ ਮੰਨਿਆ ਜਾਣਾ ਚਾਹੀਦਾ।

1948 ਦੀ ਪਾਬੰਦੀ ਫਿਰਕੂ ਭੜਕਾਹਟ ਦੇ ਦੋਸ਼ਾਂ ਅਤੇ ਗਾਂਧੀ ਦੇ ਕਤਲ ਕਾਰਨ ਪੈਦਾ ਹੋਏ ਰਾਸ਼ਟਰੀ ਸੰਕਟ ਦੇ ਵਿਚਕਾਰ ਲਗਾਈ ਗਈ ਸੀ। ਜੁਲਾਈ 1949 ਵਿੱਚ ਗੱਲਬਾਤ ਤੋਂ ਬਾਅਦ ਇਹ ਪਾਬੰਦੀ ਹਟਾ ਦਿੱਤੀ ਗਈ ਸੀ, ਜਿਸ ਵਿੱਚ RSS ਨੇ ਇੱਕ ਲਿਖਤੀ ਸੰਵਿਧਾਨ ਅਪਣਾਇਆ ਅਤੇ ਕਾਨੂੰਨੀ ਤੇ ਖੁੱਲ੍ਹੀਆਂ ਗਤੀਵਿਧੀਆਂ ਬਾਰੇ ਭਰੋਸਾ ਦਿੱਤਾ।

ਐਮਰਜੈਂਸੀ ਦੌਰਾਨ ਲੱਗੀ ਪਾਬੰਦੀ ਇੰਦਰਾ ਗਾਂਧੀ ਵੱਲੋਂ ਵਿਰੋਧੀ ਧਿਰ ਅਤੇ ਨਾਗਰਿਕ ਸੁਤੰਤਰਤਾਵਾਂ ਦੇ ਵਿਆਪਕ ਦਮਨ ਦਾ ਹਿੱਸਾ ਸੀ; ਕਈ RSS ਕਾਰਕੁਨਾਂ ਨੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ, ਹਾਲਾਂਕਿ ਸੰਗਠਨ ਦੀ ਲੀਡਰਸ਼ਿਪ ਨੇ ਕਈ ਵਾਰ ਸਮਝੌਤੇ ਦੀ ਕੋਸ਼ਿਸ਼ ਵੀ ਕੀਤੀ।

1992 ਦੀ ਪਾਬੰਦੀ ਹਿੰਦੂ ਰਾਸ਼ਟਰਵਾਦੀ ਲਾਮਬੰਦੀ ਦੁਆਰਾ ਬਾਬਰੀ ਮਸਜਿਦ ਨੂੰ ਢਾਹੇ ਜਾਣ ਤੋਂ ਬਾਅਦ ਲਗਾਈ ਗਈ ਸੀ ਜਿਸ ਵਿੱਚ ਸੰਘ ਪਰਿਵਾਰ ਦੇ ਸੰਗਠਨ ਪ੍ਰਮੁੱਖ ਸਨ। ਬਾਅਦ ਵਿੱਚ ਇੱਕ ਟ੍ਰਿਬਿਊਨਲ ਨੇ RSS 'ਤੇ ਲੱਗੀ ਪਾਬੰਦੀ ਨੂੰ ਰੱਦ ਕਰ ਦਿੱਤਾ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਾਰਜਕਾਰੀ (ਸਰਕਾਰੀ) ਪਾਬੰਦੀ ਅਤੇ ਅਦਾਲਤੀ ਦੋਸ਼ ਸਿੱਧ ਹੋਣਾ ਦੋ ਵੱਖਰੀਆਂ ਗੱਲਾਂ ਹਨ।

ਪਹਿਲੀ ਪਾਬੰਦੀ ਮਹਿਜ਼ 1 ਸਾਲ ਨਹੀਂ, ਸਗੋਂ ਲਗਭਗ 17 ਮਹੀਨੇ—4 ਫਰਵਰੀ 1948 ਤੋਂ 11 ਜੁਲਾਈ 1949 ਤੱਕ—ਰਹੀ। ਰੱਖਿਆ ਮੰਤਰੀ ਵਜੋਂ ਨਹੀਂ, ਸਗੋਂ ਗ੍ਰਹਿ ਮੰਤਰੀ ਵਜੋਂ ਵੱਲਭਭਾਈ ਪਟੇਲ ਉਸ ਮੰਤਰਾਲੇ ਦੇ ਮੁਖੀ ਸਨ ਜਿਸਨੇ ਇਹ ਪਾਬੰਦੀ ਲਗਾਈ ਸੀ। ਲੰਬੇ ਪੱਤਰ-ਵਿਹਾਰ ਅਤੇ ਵਿਚੋਲਗੀ, RSS ਵੱਲੋਂ ਲਿਖਤੀ ਸੰਵਿਧਾਨ ਅਪਣਾਉਣ, ਅਤੇ ਭਾਰਤ ਦੇ ਸੰਵਿਧਾਨ ਪ੍ਰਤੀ ਸਪੱਸ਼ਟ ਵਫ਼ਾਦਾਰੀ ਤੇ ਕੌਮੀ ਝੰਡੇ ਦੇ ਸਤਿਕਾਰ ਬਾਰੇ ਗੋਲਵਲਕਰ ਦੇ ਵਚਨਬੱਧ ਹੋਣ ਤੋਂ ਬਾਅਦ ਸਰਕਾਰ ਨੇ ਪਾਬੰਦੀ ਹਟਾ ਦਿੱਤੀ। ਪਾਬੰਦੀ ਹਟਾਉਣ ਦਾ ਮਤਲਬ ਇਹ ਨਹੀਂ ਸੀ ਕਿ ਸਰਕਾਰ ਦੀ ਹਰ ਚਿੰਤਾ ਬੇਬੁਨਿਆਦ ਸੀ; ਇਹ ਕਤਲ ਦੀ ਸਾਜ਼ਿਸ਼ ਦੇ ਸਬੂਤਾਂ ਦੀਆਂ ਸੀਮਾਵਾਂ ਅਤੇ ਸੰਗਠਨ ਦੇ ਭਵਿੱਖੀ ਕਾਨੂੰਨੀ ਕੰਮਕਾਜ ਬਾਰੇ ਇੱਕ ਸਮਝੌਤੇ 'ਤੇ ਆਧਾਰਿਤ ਫੈਸਲਾ ਸੀ।

**5. ਗਾਂਧੀ ਦਾ ਕਤਲ: ਸਬੰਧ, ਦੋਸ਼ ਅਤੇ ਕਾਨੂੰਨੀ ਸੀਮਾਵਾਂ**

ਨੱਥੂਰਾਮ ਵਿਨਾਇਕ ਗੋਡਸੇ ਨੇ 30 ਜਨਵਰੀ 1948 ਨੂੰ ਮੋਹਨਦਾਸ ਕੇ. ਗਾਂਧੀ ਦਾ ਕਤਲ ਕਰ ਦਿੱਤਾ। ਗੋਡਸੇ ਦਾ ਹਿੰਦੂ ਮਹਾਸਭਾ ਸਮੇਤ ਹਿੰਦੂ ਰਾਸ਼ਟਰਵਾਦੀ ਹਲਕਿਆਂ ਵਿੱਚ ਪਿਛੋਕੜ ਸੀ, ਅਤੇ RSS ਨਾਲ ਉਸਦੇ ਸਬੰਧਾਂ ਦੇ ਸਮੇਂ ਅਤੇ ਪੱਧਰ ਬਾਰੇ ਸਬੂਤ ਵਿਵਾਦਪੂਰਨ ਰਹੇ ਹਨ। ਗੋਡਸੇ ਨੇ ਬਿਆਨ ਦਿੱਤਾ ਸੀ ਕਿ ਉਸਨੇ RSS ਛੱਡ ਦਿੱਤਾ ਸੀ; ਉਸਦੇ ਭਰਾ ਗੋਪਾਲ ਨੇ ਬਾਅਦ ਵਿੱਚ ਦਾਅਵਾ ਕੀਤਾ ਕਿ ਨੱਥੂਰਾਮ ਨੇ ਕਦੇ ਵੀ ਰਸਮੀ ਤੌਰ 'ਤੇ ਸੰਘ ਨਹੀਂ ਛੱਡਿਆ ਸੀ। ਰਵਾਇਤੀ ਮੈਂਬਰਸ਼ਿਪ ਰਿਕਾਰਡਾਂ ਦੀ ਅਣਹੋਂਦ ਕਾਰਨ ਪਿਛੋਕੜ ਦੀ ਪੜਤਾਲ ਬਹੁਤ ਮੁਸ਼ਕਲ ਹੋ ਜਾਂਦੀ ਹੈ।

ਕਤਲ ਤੋਂ ਪਹਿਲਾਂ 20 ਜਨਵਰੀ 1948 ਨੂੰ ਬਿਰਲਾ ਹਾਊਸ ਵਿਖੇ ਗਾਂਧੀ ਜੀ ਦੀ ਪ੍ਰਾਰਥਨਾ ਸਭਾ ਵਿੱਚ ਇੱਕ ਅਸਫਲ ਹਮਲਾ ਹੋਇਆ ਸੀ। ਸਾਜ਼ਿਸ਼ ਦੇ ਮੈਂਬਰਾਂ, ਜਿਨ੍ਹਾਂ ਵਿੱਚ ਗੋਡਸੇ ਅਤੇ ਨਾਰਾਇਣ ਆਪਟੇ ਸ਼ਾਮਲ ਸਨ, ਨੇ ਹਿੱਸਾ ਲਿਆ; ਮਦਨਲਾਲ ਪਾਹਵਾ ਨੇ ਬੰਬ ਧਮਾਕਾ ਕੀਤਾ, ਪਰ ਕੋਸ਼ਿਸ਼ ਨਾਕਾਮ ਰਹੀ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦਸ ਦਿਨ ਬਾਅਦ, ਗੋਡਸੇ ਉਸੇ ਰੋਜ਼ਾਨਾ ਪ੍ਰਾਰਥਨਾ ਸਭਾ ਵਿੱਚ ਗਾਂਧੀ ਦੇ ਨੇੜੇ ਪਹੁੰਚਿਆ ਅਤੇ ਤਿੰਨ ਗੋਲੀਆਂ ਚਲਾ ਦਿੱਤੀਆਂ।

(ਚਲਦਾ)

# ਭ੍ਰਿਸ਼ਟਾਚਾਰ ਦੇ ਬਕਾਇਆ ਕੇਸ



ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਅੱਜ ਇੱਕ ਗੰਭੀਰ ਵਿਰੋਧਾਭਾਸ ਦੇ ਦੌਰ ਵਿੱਚੋਂ ਲੰਘ ਰਹੀ ਹੈ, ਜਿੱਥੇ ਗ਼ਲਤ ਕੰਮਾਂ ਦੀ ਪੜਤਾਲ ਕਰਨ ਵਾਲੀ ਮਸ਼ੀਨਰੀ ਦਾ ਘੇਰਾ ਬਹੁਤ ਵਿਸ਼ਾਲ ਹੈ ਪਰ ਸਮੇਂ ਸਿਰ ਨਿਆਂ ਦੇਣ ਵਾਲੀ ਪ੍ਰਣਾਲੀ ਦੀ ਰਫ਼ਤਾਰ ਬੇਹੱਦ ਮੱਠੀ ਹੈ। ਸੈਂਟਰਲ ਵਿਜੀਲੈਂਸ ਕਮਿਸ਼ਨ ਦੀ ਤਾਜ਼ਾ ਰਿਪੋਰਟ ਇਸ ਗੰਭੀਰ ਵਰਤਾਰੇ ਦੇ ਅਸਲ ਰੂਪ ਨੂੰ ਪੂਰੀ ਸਪੱਸ਼ਟਤਾ ਨਾਲ ਬਿਆਨ ਕਰਦੀ ਹੈ। ਸਾਲ 2025 ਦੇ ਅਖੀਰ ਤੱਕ ਸੀ ਬੀ ਆਈ ਵੱਲੋਂ ਜਾਂਚ ਕੀਤੇ ਗਏ 7,229 ਭ੍ਰਿਸ਼ਟਾਚਾਰ ਦੇ ਕੇਸ ਅਦਾਲਤਾਂ ਵਿੱਚ ਵਿਚਾਰ ਅਧੀਨ ਪਏ ਸਨ। ਇਸ ਤੋਂ ਵੀ ਵੱਡਾ ਫ਼ਿਰਮੰਦੀ ਵਾਲਾ ਪੱਖ ਇਹ ਹੈ ਕਿ ਇਨ੍ਹਾਂ ਵਿੱਚੋਂ 409 ਮਾਮਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਲਟਕ ਰਹੇ ਹਨ ਜਦੋਂਕਿ 2,447 ਕੇਸਾਂ ਨੂੰ ਅਦਾਲਤੀ ਪ੍ਰਕਿਰਿਆ ਵਿੱਚ 10 ਤੋਂ 20 ਸਾਲ ਦਾ ਅਰਸਾ ਬੀਤ ਚੁੱਕਿਆ ਹੈ। ਦਹਾਕਿਆਂ ਤੱਕ ਖਿੱਚਿਆ ਜਾਣ ਵਾਲਾ ਕੋਈ ਵੀ ਭ੍ਰਿਸ਼ਟਾਚਾਰ ਦਾ ਕੇਸ ਮੁਕੱਦਮੇ ਦੇ ਅਸਲ ਮਕਸਦ ਨੂੰ ਖ਼ਤਮ ਕਰ ਦਿੰਦਾ ਹੈ। ਲੰਮੇ ਸਮੇਂ ਦੀ ਇਸ ਦੇਰੀ ਕਾਰਨ ਮੁਲਜ਼ਮ ਅਧਿਕਾਰੀ ਸੇਵਾ-ਮੁਕਤ ਹੋ ਜਾਂਦੇ ਹਨ, ਮੁੱਖ ਗਵਾਹਾਂ ਦਾ ਮਿਲਣਾ ਮੁਸ਼ਕਿਲ ਹੋ ਜਾਂਦਾ ਹੈ, ਪੁਰਾਣਾ ਰਿਕਾਰਡ ਖ਼ੁਰਦ-ਬੁਰਦ ਹੋਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਲੋਕਾਂ ਦੀ ਯਾਦਦਾਸ਼ਤ ਵੀ ਧੁੰਦਲੀ ਪੈ ਜਾਂਦੀ ਹੈ। ਸਭ ਤੋਂ ਗੰਭੀਰ ਪੱਖ ਇਹ ਹੈ ਕਿ ਇਸ ਨਾਲ ਕਾਨੂੰਨ ਅਤੇ ਸਜ਼ਾ ਦਾ ਡਰ ਪੂਰੀ ਤਰ੍ਹਾਂ ਘਟ ਜਾਂਦਾ ਹੈ। ਸੰਭਾਵੀ ਅਪਰਾਧੀਆਂ ਨੂੰ ਇਹ ਸੁਨੇਹਾ ਮਿਲਣ ਦੀ ਬਜਾਏ ਕਿ ਭ੍ਰਿਸ਼ਟਾਚਾਰ ਦੀ ਸਜ਼ਾ ਯਕੀਨੀ ਹੈ, ਉਲਟਾ ਇਹ ਗ਼ਲਤ ਸੰਕੇਤ ਜਾਂਦਾ ਹੈ ਕਿ ਜਵਾਬਦੇਹੀ ਨੂੰ ਲਗਪਗ ਅਣਮਿੱਥੇ ਸਮੇਂ ਲਈ ਟਾਲਿਆ ਜਾ ਸਕਦਾ ਹੈ।

ਇਸ ਸਮੱਸਿਆ ਲਈ ਸਾਰੀ ਨਿਆਂਪਾਲਿਕਾ ਨੂੰ ਇਕੱਲਿਆਂ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਸੀ ਵੀ ਸੀ ਦੀ ਰਿਪੋਰਟ ਜਾਂਚ ਦੇ ਵੱਖ-ਵੱਖ ਪੜਾਵਾਂ, ਦਸਤਾਵੇਜ਼ ਹਾਸਲ ਕਰਨ, ਵਿਦੇਸ਼ੀ ਅਧਿਕਾਰ ਖੇਤਰਾਂ ਤੋਂ ਜਵਾਬ ਮੰਗਵਾਉਣ ਅਤੇ ਲੋੜੀਂਦੀਆਂ ਮਨਜ਼ੂਰੀਆਂ ਲੈਣ ਵਿੱਚ ਹੋਣ ਵਾਲੀ ਦੇਰੀ ਵੱਲ ਵੀ ਇਸ਼ਾਰਾ ਕਰਦੀ ਹੈ। ਦਸੰਬਰ 2025 ਤੱਕ ਭ੍ਰਿਸ਼ਟਾਚਾਰ ਦੇ 473 ਕੇਸ ਅਜੇ ਵੀ ਸੀ ਬੀ ਆਈ ਦੀ ਜਾਂਚ ਅਧੀਨ ਸਨ। ਇਸ ਤੋਂ ਇਲਾਵਾ ਦੇਸ਼ ਦੀ ਸੁਪਰੀਮ ਕੋਰਟ ਅਤੇ ਵੱਖ-ਵੱਖ ਹਾਈ ਕੋਰਟਾਂ ਵਿੱਚ 14,083 ਅਪੀਲਾਂ, ਰਿਵੀਜ਼ਨ ਅਤੇ ਰਿੱਟ ਪਟੀਸ਼ਨਾਂ ਵੀ ਬਕਾਇਆ ਪਈਆਂ ਹਨ। ਇਸ ਲਈ ਜਾਂਚ ਏਜੰਸੀਆਂ ਨੂੰ ਲੋੜੀਂਦੇ ਅਮਲੇ ਨਾਲ ਲੈਸ ਅਤੇ ਤਕਨੀਕੀ ਤੌਰ 'ਤੇ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਅਤੇ ਸਰਕਾਰੀ ਵਕੀਲਾਂ ਦੀ ਸਥਿਤੀ ਨੂੰ ਬਿਹਤਰ ਬਣਾਉਣ ਦੇ ਨਾਲ ਨਾਲ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਸੁਣਵਾਈ ਲਈ ਬਣੀਆਂ ਅਦਾਲਤਾਂ ਨੂੰ ਲੋੜੀਂਦੀਆਂ ਨਿਆਂਇਕ ਤੇ ਪ੍ਰਸ਼ਾਸਕੀ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਪੰਜ, ਦਸ ਜਾਂ ਵੀਹ ਸਾਲਾਂ ਤੋਂ ਲਟਕ ਰਹੇ ਕੇਸਾਂ ਦੀ ਨਿਯਮਿਤ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ ਅਤੇ ਬੇਲੋੜੀ ਦੇਰੀ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਜਵਾਬਦੇਹੀ ਵੀ ਤੈਅ ਕੀਤੀ ਜਾਣੀ ਚਾਹੀਦੀ ਹੈ।

ਭ੍ਰਿਸ਼ਟਾਚਾਰ ਵਿਰੋਧੀ ਪ੍ਰਣਾਲੀ ਦਾ ਮਕਸਦ ਸਿਰਫ਼ ਮੁਕੱਦਮੇ ਦਰਜ ਕਰਨ ਜਾਂ ਸਦੀਆਂ ਬਾਅਦ ਸਜ਼ਾਵਾਂ ਦਿਵਾਉਣ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ। ਇਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਨਸਾਫ਼ ਇੰਨਾ ਤੇਜ਼ ਹੋਵੇ ਜੋ ਡਰ ਪੈਦਾ ਕਰ ਸਕੇ, ਇੰਨਾ ਨਿਰਪੱਖ ਹੋਵੇ ਕਿ ਉਸ ਉੱਤੇ ਭਰੋਸਾ ਬਣਿਆ ਰਹੇ ਅਤੇ ਇੰਨਾ ਅੰਤਿਮ ਤੇ ਪੱਕਾ ਹੋਵੇ, ਜੋ ਲੋਕਾਂ ਦਾ ਜਨਤਕ ਵਿਸ਼ਵਾਸ ਮੁੜ ਬਹਾਲ ਕਰ ਸਕੇ।

## ਪੰਜਾਬੀ ਅਕਾਦਮਿਕਤਾ ਤੇ ਚਿੰਤਨ ਦਾ ਧਰੂ-ਤਾਰਾ: ਡਾ. ਗੁਰਪਾਲ ਸਿੰਘ ਸੰਧੂ

ਪੰਜਾਬੀ ਭਾਸ਼ਾ, ਸਾਹਿਤਕ ਆਲੋਚਨਾ ਅਤੇ ਵਿਰਸੇ ਦੇ ਸਿਖ਼ਰਲੇ ਵਿਦਵਾਨ ਦੀ ਸ਼ਖ਼ਸੀਅਤ 'ਤੇ ਇੱਕ ਝਾਤ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰਕ ਚਿੰਤਨ ਦੇ ਖੇਤਰ ਵਿੱਚ ਡਾ. ਗੁਰਪਾਲ ਸਿੰਘ ਸੰਧੂ ਇੱਕ ਅਜਿਹਾ ਮਾਣਮੱਤਾ ਤੇ ਸਤਿਕਾਰਤ ਨਾਮ ਹਨ, ਜਿਨ੍ਹਾਂ ਨੇ ਆਪਣੀ ਡੂੰਘੀ ਖੋਜ-ਦ੍ਰਿਸ਼ਟੀ ਅਤੇ ਅਕਾਦਮਿਕ ਵਚਨਬੱਧਤਾ ਨਾਲ ਮਾਂ-ਬੋਲੀ ਦੀ ਸੇਵਾ ਵਿੱਚ ਨਵੇਂ ਮੀਲ-ਪੱਥਰ ਸਥਾਪਤ ਕੀਤੇ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ 'ਪੰਜਾਬੀ ਸਕੂਲ ਆਫ਼ ਸਟੱਡੀਜ਼' ਦੇ ਮੁਖੀ ਵਜੋਂ ਉਚੇਰੀ ਸਿੱਖਿਆ ਅਤੇ ਖੋਜ ਕਾਰਜਾਂ ਦੀ ਸ਼ਾਨਦਾਰ ਅਗਵਾਈ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉੱਚ ਸਿੱਖਿਆ ਹਾਸਲ ਕਰਨ ਵਾਲੇ ਡਾ. ਸੰਧੂ ਕੇਵਲ ਇੱਕ ਸੁਹਿਰਦ ਅਧਿਆਪਕ ਹੀ ਨਹੀਂ, ਸਗੋਂ ਪੰਜਾਬੀ ਲੋਕਧਾਰਾ, ਮੱਧਕਾਲੀ ਚਿੰਤਨ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਗੰਭੀਰ ਖੋਜਕਾਰ ਤੇ ਸੁਲਝੇ ਹੋਏ ਆਲੋਚਕ ਵਜੋਂ ਜਾਣੇ ਜਾਂਦੇ ਹਨ। ਦੇਸ਼-ਵਿਦੇਸ਼ ਦੀਆਂ ਵੱਕਾਰੀ ਕਾਨਫ਼ਰੰਸਾਂ ਵਿੱਚ ਪੇਸ਼ ਕੀਤੇ ਉਨ੍ਹਾਂ ਦੇ ਖੋਜ-ਪੱਤਰ ਅਤੇ ਨਾਮਵਰ ਖੋਜ-ਰਸਾਲਿਆਂ ਵਿੱਚ ਛਪੇ ਆਰਟੀਕਲ ਪੰਜਾਬੀ ਆਲੋਚਨਾ ਜਗਤ ਦੀ ਅਮੀਰ ਵਿਰਾਸਤ ਹਨ। ਉਨ੍ਹਾਂ ਦੀ ਸੁਯੋਗ ਰਹਿਨੁਮਾਈ ਹੇਠ ਦਰਜਨਾਂ ਖੋਜਾਰਥੀਆਂ ਨੇ ਐਮ. ਫਿਲ ਅਤੇ ਪੀ-ਐੱਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਕੇ ਪੰਜਾਬੀ ਅਕਾਦਮਿਕਤਾ ਦੇ ਘੇਰੇ ਨੂੰ ਹੋਰ ਵਿਸ਼ਾਲ ਕੀਤਾ ਹੈ। ਮਾਂ-ਬੋਲੀ ਪ੍ਰਤੀ ਉਨ੍ਹਾਂ ਦੇ ਅਥਾਹ ਸਮਰਪਣ ਅਤੇ ਬੌਧਿਕ ਘਾਲਣਾ ਨੂੰ ਸਤਿਕਾਰ ਸਹਿਤ ਸਲਾਮ ਕਰਦਿਆਂ, ਅਸੀਂ ਪ੍ਰੋਫ਼ੈਸਰ ਸੁਖਪਾਲ ਸਿੰਘ ਥਿੰਦ ਵੱਲੋਂ ਲਿਖਿਆ ਖੋਜ-ਭਰਪੂਰ ਲੇਖ 'ਸਫ਼ਲ ਵਿਦਵਾਨ : ਗੁਰਪਾਲ ਸੰਧੂ' ਆਪਣੇ ਸਤਿਕਾਰਯੋਗ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਦਿਲੀ ਮਾਣ ਅਤੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। — ਸਤਨਾਮ ਸਿੰਘ

# ਸ.ਫਲ ਵਿਦਵਾਨ : ਗੁਰਪਾਲ ਸੰਧੂ



(ਭਾਗ ਚੌਥਾ)

ਉਹ ਅੱਗਿਓ ਜੋਸ਼ ਨਾਲ ਬੋਲਦਾ, "ਤੇਰੇ ਵਰਗੇ ਨਵੇਂ ਗਿਆਨ ਨਾਲ ਜੁੜਨ ਵਾਲਿਆਂ ਨੂੰ ਤਾਂ ਮੈਂ ਸਗੋਂ ਲੱਭਦਾ ਰਹਿਨਾ ...ਤੇਰਾ ਸਗੋਂ ਆਉਣ ਲਈ ਧੰਨਵਾਦ!" ਚਿੱਟੇ ਦੰਦਾਂ ਨਾਲ ਮੁਸਕਰਾਉਂਦਿਆਂ ਉਹ ਗੇਟ ਬੰਦ ਕਰਦਿਆਂ ਸੱਜਾ ਹੱਥ ਉਠਾ ਕੇ ਫਤਿਹ ਬੁਲਾਉਂਦਾ। ਉਸ ਦੀਆਂ ਗੱਲਾਂ ਦੀਆਂ ਘੁੰਮਣਘੇਰੀਆਂ ਵਿੱਚ ਫਸਿਆ ਮੈਂ ਪਲਾਂ ਵਿੱਚ ਯੂਨੀਵਰਸਿਟੀ ਵਿਚਲੇ ਆਪਣੇ ਫਲੈਟ ਅੱਪੜ ਜਾਂਦਾ। ਉਸਦੇ ਸਮਝਾਏ ਨੁਕਤਿਆਂ ਵਿੱਚੋਂ ਪੱਲੇ ਪਈਆਂ ਮੋਟੀਆਂ ਮੋਟੀਆਂ ਗੱਲਾਂ ਕਾਗਜ਼ ਤੇ ਝਰੀਟਣ ਲੱਗ ਪੈਂਦਾ। ਥੋੜ੍ਹਾ ਕੁਝ ਸਪੱਸ਼ਟ ਹੋਇਆ ਹੁੰਦਾ ਤੇ ਬਹੁਤਾ ਉਲਝਣ ਵਿੱਚ ਗਲੇਫਿਆ ਮੇਰੇ ਨਾਲ ਹੀ ਕੈਂਪਸ ਵਿੱਚ ਤੁਰਦਾ ਫਿਰਦਾ ਰਹਿੰਦਾ।

ਉਨ੍ਹਾਂ ਤੋਰੇ ਫੇਰੇ ਦੇ ਦਿਨਾਂ ਵਿੱਚ ਹੀ ਯੂਨੀਵਰਸਿਟੀ ਵਿੱਚ ਨਵੇਂ ਨਵੇਂ ਨਿਯੁਕਤ ਹੋਏ ਡਾ. ਬਲਦੇਵ ਧਾਲੀਵਾਲ ਨਾਲ ਮੇਰਾ ਮੇਲ ਹੋ ਗਿਆ। ਉਸ ਨਾਲ ਝੱਟ ਆੜੀ ਪੈ ਗਈ। ਹੁਣ ਸੰਵਾਦ ਲਈ ਡਾ. ਗੁਰਪਾਲ ਦੇ ਨਾਲ ਨਾਲ ਡਾ. ਧਾਲੀਵਾਲ ਨਾਲ ਵੀ ਮੌਕਾ ਬਣਨ ਲੱਗ ਪਿਆ। ਧਾਲੀਵਾਲ ਤੇ ਗੁਰਪਾਲ ਲੱਗਭੱਗ ਹਮਉਮਰ ਹੋਣ ਦੇ ਨਾਲ ਨਾਲ ਦੋਸਤ, ਰਿਸ਼ਤੇਦਾਰ ਵੀ ਹਨ। ਵਿੱਚ ਵਾਰ ਉਨ੍ਹਾਂ ਵਿੱਚ ਸਾਹਿਤਕ ਸੰਵਾਦ ਭਖਦਾ। ਉਹ ਦੋਨੋਂ ਅਧਿਆਪਕ ਸਨ ਅਤੇ ਮੈਂ ਨਵਾਂ ਨਵਾਂ ਬਣਿਆ ਰਿਸਰਚ ਸਕਾਲਰ। ਦੋਨਾਂ ਨੂੰ ਆਪਣੇ ਆਪਣੇ ਗਿਆਨ ਉੱਪਰ ਲੋਹੜੇ ਦਾ ਮਾਣ। ਗੁਰਪਾਲ ਆਪਣੇ ਨਵੇਂ ਨਵੇਂ ਪੱਛਮੀ ਗਿਆਨ ਅਤੇ ਚਿਹਨ ਵਿਗਿਆਨ ਬਲਬੂਤੇ ਧਾਲੀਵਾਲ ਨੂੰ ਠਾਰਨ ਦਾ ਯਤਨ ਕਰਦਾ। ਅੱਗਿਓ ਧਾਲੀਵਾਲ ਭਾਰਤ ਦੀ ਗਿਆਨ ਪਰੰਪਰਾ ਅਤੇ ਮਾਰਕਸਵਾਦੀ ਫਲਸਫੇ ਦੀ ਰਲਵੀਂ ਤਾਕਤ ਨਾਲ ਮੋੜਵਾਂ ਹੱਲਾ ਬੋਲਦਾ। ਮੈਂ ਸੱਚੇ ਜਗਿਆਸੂ ਵਾਂਗ ਦੋਨਾਂ ਨੂੰ ਸੁਣਦਾ, ਸਮਝਦਾ। ਮਾੜਾ ਮੋਟਾ ਵਿੱਚ ਵਾਰ ਹੁੰਗਾਰਾ ਭਰਦਾ। ਸਿਰਫ਼ ਆਪਣੇ ਅੰਦਰਲੀ ਕੁਰਬਲ ਨੂੰ ਸ਼ਾਂਤ ਕਰਨ ਜੋਗਾ। ਦੋਨਾਂ ਦੇ ਚੰਗੇ ਸਿੰਗ ਫੱਸਦੇ। ਦੋਨੋਂ ਆਪਣੇ ਤਰ੍ਹਾਂ ਦੇ ਗਿਆਨ ਨਾਲ ਲੈੱਸ ਚੰਗੀਆਂ ਗਿਆਨੀ ਮਜਾਇਲਾਂ ਦਾਗਦੇ। ਮੇਰੇ ਲਈ ਦੋਨੋ ਪੱਖ ਸਮਝਣ ਦਾ ਮੌਕਾ ਬਣ ਜਾਂਦਾ। ਇਹ ਉਹ ਕੁਝ ਸੀ ਜੋ ਯੂਨੀਵਰਸਿਟੀ ਵਿੱਚ ਹੋਣ ਵਾਲੇ ਅਕਾਊ ਸੈਮੀਨਾਰਾਂ ਵਿੱਚ ਨਹੀਂ ਸੀ ਮਿਲਦਾ। ਇੱਕ ਦਿਨ ਤਾਂ ਗੱਲ ਇਤਨੀ ਮਘ ਗਈ ਕਿ ਗੁਰਪਾਲ, ਧਾਲੀਵਾਲ ਨੂੰ ਠਿੱਠ ਕਰਨ ਲਈ ਕਹਿੰਦਾ, "ਤੇਰਾ ਅਧਿਐਨ ਤਾਂ ਮੁਕਤਸਰੋਂ ਸ਼ੁਰੂ ਹੋ ਕੇ ਮਲੋਟ ਮੰਡੀ ਮੁੱਕ ਜਾਂਦੈ!"

ਅੱਗਿਓ ਧਾਲੀਵਾਲ ਕਿਹੜਾ ਘੱਟ ਸੀ, "ਛੱਡ ਗੁਰਪਾਲ, ਤੈਨੂੰ ਤਾਂ ਨਵੇਂ ਗਿਆਨ ਦਾ ਕਮਲ ਕੁੱਦਿਐ ਵਿਆ!"

ਪਰ ਇਹ ਕੋਈ ਲੜਾਈ ਨਹੀਂ ਦੋ ਜਵਾਨ ਵਿਦਵਾਨਾਂ ਦਾ ਤਿੱਖਾ ਸੰਵਾਦੀ ਭੇੜ ਸੀ। ਭੇੜ ਉਪਰੰਤ ਦੋਨੋ ਅਰਾਮ ਨਾਲ ਬਿਸਕੁਟਾਂ ਨਾਲ ਚਾਹ ਪੀਂਦੇ ਤੇ ਘਰ ਗ੍ਰਹਿਸਥੀ ਦੀਆਂ ਹੋਰ ਗੱਲਾਂ ਕਰਨ ਲੱਗ ਪੈਂਦੇ। ਪਰ ਇਹ ਸਭ ਮੇਰੇ ਲਈ ਬੜਾ ਅਨੋਖਾ ਨਿਆਰਾ ਸੀ। ਤਿੱਖੇ ਤੋਂ ਤਿੱਖੇ ਸੰਵਾਦ ਵਿੱਚ ਵੀ ਬਿਨ੍ਹਾਂ ਭੁੜਕੇ , ਸ਼ਾਂਤ ਰਹਿ ਕੇ ਆਪਣੀ ਗੱਲ ਕਿਵੇਂ ਕਹਿਣੀ ਹੈ, ਇਹ ਸਭ ਮੈਂ ਅਚੇਤੇ ਹੀ ਸਿੱਖ ਰਿਹਾਂ ਸਾਂ। ਇਨ੍ਹਾਂ ਸੰਵਾਦਾਂ ਦਾ ਇਸ ਤੋਂ ਵੀ ਵੱਡਾ ਫਾਇਦਾ ਮੈਨੂੰ ਇਹ ਹੋਇਆ ਕਿ ਜਿਹੜੇ ਬਿਰਤਾਂਤ ਸ਼ਾਸਤਰ ਦਾ ਮਾਡਲ ਮੈਂ ਤਿਆਰ ਕਰ ਰਿਹਾ ਸੀ ਉਸ ਦੇ ਪੈਰ ਜ਼ਮੀਨ ਨਾਲ ਲੱਗਣ ਲੱਗ ਪਏ। ਜਿਸ ਕਿਸਮ ਦਾ ਝੁਕਾਅ ਮੈਂ ਗੁਰਪਾਲ ਲਈ ਕਿਸੇ ਸਮੇਂ ਮਹਿਸੂਸ ਕੀਤਾ ਸੀ ਉਸੇ ਕਿਸਮ ਦਾ ਧਾਲੀਵਾਲ ਲਈ ਵੀ ਮਹਿਸੂਸਣ ਲੱਗ ਪਿਆ। ਅੱਠ ਕੁ ਸਾਲ ਬਾਅਦ ਜਦ ਮੇਰੀ ਪਹਿਲੀ ਪੁਸਤਕ 'ਬਿਰਤਾਂਤ



ਪ੍ਰੋ. ਸੁਖਪਾਲ ਸਿੰਘ ਥਿੰਦ

ਸ਼ਾਸਤਰ : ਉੱਤਰ ਆਧੁਨਿਕ ਪਰਿਪੇਖ' ਛਪੀ ਤਾਂ ਇਸਦੇ ਪਿਛਲੇ ਪਾਸੇ ਇਨ੍ਹਾਂ ਦੋਨਾਂ ਵਿਦਵਾਨਾਂ ਦੀ ਮੇਰੇ ਕੰਮ ਦੀ ਸਲਾਹੁਤਾ ਵਾਲੀ ਨਿੱਘ ਭਰੀ ਇਬਾਰਤ ਛਪੀ। ...

ਗੁਰਪਾਲ ਦਾ ਯੂਨੀਵਰਸਿਟੀ ਅਕਸਰ ਗੇੜਾ ਵੱਜਦਾ ਰਹਿੰਦਾ । ਉਸ ਦਾ ਛੋਟਾ ਜਿਹਾ 'ਮੱਠ' ਉਸਰਨਾ ਸ਼ੁਰੂ ਹੋ ਗਿਆ ਸੀ । ਯੂਨੀਵਰਸਿਟੀ ਆਏ ਨਾਲ ਦਵਿੰਦਰ ਬਾਂਛਲ ਪ੍ਰਛਾਵੇਂ ਵਾਂਗ ਚਿੰਬੜਿਆ ਰਹਿੰਦਾ। ਜਸਵਿੰਦਰ ਸੈਣੀ ਉਸਦੇ ਸਾਹਾਂ 'ਚ ਸਾਹ ਭਰਦਾ। ਆਪਣਾ ਬਿਰਤਾਂਤ ਸ਼ਾਸਤਰ ਕੁੱਛੜ ਚੁੱਕੀ ਮੈਂ ਉਸਦੇ ਘਰ ਹਾਜ਼ਰੀ ਭਰਨ ਤੁਰਿਆ ਰਹਿੰਦਾ। ਛੇ ਕੁ ਮਹੀਨਿਆਂ ਬਾਅਦ ਮੇਰੇ ਜੂਨੀਅਰ , ਬਲਕਾਰ ਸਿੰਘ ਅਤੇ ਗੁਰਮੁਖ ਸਿੰਘ ਵੀ ਉਸ ਤੋਂ ਗਿਆਨ ਗੁੜ੍ਹਤੀਆਂ ਲੈਣ ਉਸਦੀ ਕੋਠੀ ਜਾਣ ਲੱਗ ਪਏ। ਵਿੱਚ ਵਾਰ ਕਾਮਰੇਡ ਜਸਪਾਲ ਵੀ ਆਇਆ ਹੁੰਦਾ। ਉਸ ਦੁਆਲੇ ਰੌਣਕਾਂ ਲੱਗੀਆਂ ਰਹਿੰਦੀਆਂ। ਇਹ ਸਭ ਉਸ ਨੂੰ ਵੀ ਚੰਗਾ-ਚੰਗਾ ਲੱਗਦਾ। ਕਦੇ ਬਠਿੰਡੇ ਦੇ ਟਿੱਬਿਆਂ ਵਿੱਚ ਨੰਗੇ ਪੈਰੀਂ ਮੱਝਾਂ ਚਾਰਨ ਵਾਲਾ ਗੁਰਾ, ਇਥੇ ਪਟਿਆਲੇ ਵੱਡਿਆਂ ਵੱਡਿਆਂ ਨੂੰ ਚਾਰਨ ਲੱਗ ਪਿਆ ਸੀ। ਉਸ ਕੋਲ ਸਾਹਿਤਕ ਸਿਧਾਂਤਕਾਰੀ ਨਾਲ ਸੰਬੰਧਿਤ ਅੰਗ੍ਰੇਜ਼ੀ ਦੀਆਂ ਉਹ ਕਿਤਾਬਾਂ ਹੁੰਦੀਆਂ ਜੋ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਵੀ ਅਜੇ ਨਾ ਪਹੁੰਚੀਆਂ ਹੁੰਦੀਆਂ। ਉਹ ਇਨ੍ਹਾਂ ਦੇ ਸਿਰ ਤੇ ਆਸ-ਪਾਸ ਇਵੇਂ ਹੀ ਰਾਜ ਕਰਦਾ ਜਿਵੇਂ ਅਮਰੀਕਾ ਤਕਨੀਕ ਆਸਰੇ ਦੁਨੀਆਂ 'ਚ ਕਰਦਾ ਹੈ। ਜਾਦੂਗਰ ਸਮਰਾਟ ਵਾਂਗ ਨਵੀਂ ਕਿਤਾਬ ਦਾ ਟਾਈਟਲ ਵਿਖਾ ਕੇ ਪਟਾਰੀ ਵਿੱਚ ਸਾਂਭ ਕੇ ਰੱਖ ਲੈਂਦਾ। ਮੰਗਦੇ ਤਾਂ ਕੋਈ ਨਾ ਕੋਈ ਟ੍ਰਿਕ ਮਾਰ ਕੇ ਟਰਕਾ ਜਾਂਦਾ। ਅਸਲ ਵਿੱਚ ਉਦੋਂ ਸਮਾਂ ਹੀ ਐਸਾ ਸੀ। ਇੰਟਰਨੈੱਟ, ਮੋਬਾਇਲ ਵਾਲਾ ਯੁੱਗ ਅਜੇ ਸ਼ੁਰੂ ਨਹੀਂ ਸੀ ਹੋਇਆ। ਜਿਸਦੇ ਹੱਥ ਅੰਗ੍ਰੇਜ਼ੀ ਦੀ ਤਾਜਾ ਚਰਚਿਤ ਕਿਤਾਬ ਹੁੰਦੀ ਉਹੀ ਸਭ ਤੋਂ ਵੱਡਾ ਵਿਦਵਾਨ ਹੁੰਦਾ। ਯੂਨੀਵਰਸਿਟੀ ਦਾਇਰਿਆਂ ਵਿੱਚ ਉਸ ਕਿਤਾਬ ਦੇ ਹਵਾਲੇ ਮਾਰ ਮਾਰ ਦੂਜੇ ਬੰਦਿਆਂ ਨੂੰ ਮਰਨ ਹਾਰਾ ਕਰ ਛੱਡਦਾ। ਗੁਰਪਾਲ ਇਹ ਗੁਰ ਬਹੁਤ ਜਲਦੀ ਸਿੱਖ ਗਿਆ ਸੀ । ਇਸ ਸੰਬੰਧ ਵਿਚ ਉਹ ਕਿਸੇ ਨਾਲ ਵੀ ਰਤਾ ਢਿੱਲ ਨਾ ਕਰਦਾ। ਆਪਣੇ ਖਾਸ ਦੋਸਤਾਂ ਨਾਲ ਵੀ ਨਹੀਂ। ਮੈਂ ਵੀ ਉਸਤੋਂ ਜਦ ਪਹਿਲੀ ਵਾਰ ਕੁਝ ਕਿਤਾਬਾਂ ਮੰਗੀਆਂ ਤਾਂ ਉਸ ਮੈਨੂੰ ਦਿੱਲੀ ਵਾਲੇ 'ਬੁੱਕ ਵੌਰਮ' ਸਟੋਰ ਦਾ ਰਾਹ ਸਮਝਾ ਦਿੱਤਾ। ਮੈਂ ਉਸ ਵੱਲੋਂ ਰਾਹੇ ਪਾਇਆ ਦਿੱਲੀ ਕਿਤਾਬਾਂ ਖ੍ਰੀਦਣ ਤੁਰ ਗਿਆ ਸਾਂ। ਉਨ੍ਹਾਂ ਦਿਨਾਂ ਵਿੱਚ ਮੇਰੇ ਵਰਗਿਆਂ ਨੂੰ ਦਿੱਲੀ ਜਾਣਾ ਵੀ ਅਮਰੀਕਾ ਜਾਣ ਵਰਗਾ ਹੀ ਲੱਗਦਾ ਸੀ। ਗੁਰਪਾਲ ਨੇ ਕਈਆਂ ਨੂੰ ਦਿੱਲੀ ਦੇ ਵੀਜੇ ਲਾਏ ਸਨ।

ਉਨ੍ਹਾਂ ਦਿਨਾਂ ਦੀ ਹੀ ਗੱਲ ਹੈ। ਜਸਵਿੰਦਰ ਸੈਣੀ ਨੂੰ ਰੋਲਾਂ ਬਾਰਤ ਦੀ 'ਐਲੀਮੈਂਟਸ ਔਫ਼ ਸਿਮਔਲਜੀ' ਕਿਸੇ ਖਾਸ ਕੰਮ ਲਈ ਚਾਹੀਦੀ ਸੀ। ਉਹ ਮੰਗ ਮੰਗ ਕੇ ਥੱਕ ਗਿਆ ਪਰ ਗੁਰਪਾਲ ਨੇ ਟਰਕਾਉਣ ਵਾਲੀ ਹੱਦ ਕਰ ਛੱਡੀ। ਅੱਕ ਕੇ ਇੱਕ ਦਿਨ ਉਸ ਦੇ ਕਮਰੇ 'ਚੋਂ ਕਿਤਾਬ ਚੋਰੀ ਕਰਨ ਦੀ ਸਕੀਮ ਬਣੀ। ਬੜੀ ਹੁਸ਼ਿਆਰੀ ਨਾਲ ਕਿਤਾਬ ਖਿਸਕਾ ਕੇ ਫੋਟੋ ਸਟੇਟ ਕਰਵਾਈ ਗਈ ਤੇ ਗੁਰਪਾਲ ਨੂੰ ਜਿੰਦ-ਜਾਨ ਤੋਂ ਪਿਆਰੀ ਸ਼ੈਅ ਵਾਪਸ ਉਸਦੇ ਟਿਕਾਣੇ ਪਹੁੰਚਾਈ ਗਈ । ਕੁਝ ਦੇਰ ਬਾਅਦ ਉਹੀ ਕਿਤਾਬ ਗੁਰਪਾਲ ਕੋਲੋਂ ਕਿਤੇ ਆਪ ਹੀ ਰੱਖੀ ਗਈ ਤੇ ਉਹ ਭਾਲਦਾ ਫਿਰੇ। ਸੈਣੀ ਉਸ ਦੇ ਘਰ ਚਾਹ ਵਿੱਚ ਰਸ ਡੋਬ-ਡੋਬ ਖਾਂਦਿਆਂ, ਪੋਲੇ-ਪੋਲੇ ਬੋਲਦਿਆਂ ਉਹਦੇ ਸਿਰ ਅਹਿਸਾਨ ਚਾੜ੍ਹੀ ਜਾਵੇ, "ਕੋਈ ਨ੍ਹੀਂ ਡਾ. ਸਾਹਿਬ , ਲੋੜ ਹੋਈ ਤਾਂ ਦੱਸਿਓ! ਤੁਹਾਡੀ ਖਾਤਰ ਕੋਈ ਨਾ ਕੋਈ ਪ੍ਰਬੰਧ ਕਰ ਲਵਾਂਗੇ।

ਗੁਰਪਾਲ ਆਪਣੇ ਪਿੰਡੋਂ ਵੱਡੇ ਸੁਪਨੇ ਲੈ ਕੇ ਸ਼ਹਿਰ ਆਇਆ ਸੀ। ਉਸ ਵਿੱਚ ਉਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਬੇਸ਼ੁਮਾਰ ਊਰਜਾ ਹੈ। ਉਸ ਲਈ ਉਹ ਕੋਈ ਵੀ ਖ਼ਲਜਗਣ ਸਹੇੜ ਸਹਿ ਸਕਦਾ ਹੈ। ਆਪਣੇ ਪਸੰਦ ਵਾਲੀ ਨੌਕਰੀ ਤੱਕ ਅੱਪੜਨ ਲਈ ਉਸ ਵਰ੍ਹਿਆਂ ਬੱਧੀ ਨਿੱਤ ਦਿਨ ਸੌ ਢੇਡ ਸੌ ਕਿਲੋਮੀਟਰ ਦਾ ਸਫ਼ਰ ਕੀਤਾ ਹੈ। ਉਸ ਦੀ ਪਹਿਲੀ ਚਾਹਤ ਸੀ ਕਿ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਲੈਕਚਰਾਰ ਬਣੇ। ਪਰ ਉਥੇ ਉਸ ਤੋਂ ਵੀ ਵੱਡੇ ਗੁਰੂ-ਘੰਟਾਲ ਬੈਠੇ ਸਨ । ਜਿਸ ਗੁਰੂ ਦੇ ਉਹ ਲੜ ਲੱਗਾ ਸੀ ਉਸਦੀ ਇਹੋ ਜਿਹੇ ਮਾਮਲਿਆਂ ਵਿੱਚ ਉਥੇ ਕੋਈ ਖਾਸ ਵੁੱਕਤ ਨਹੀਂ ਸੀ। ਸਗੋ ਉਲਟਾ ਪੰਜਾਬੀ ਦੇ ਜ਼ਿਆਦਾਤਰ 'ਮਹਾਂਰਥੀ' ਉਸਦਾ ਨਾਮ ਸੁਣਦਿਆਂ ਹੀ ਮੱਥੇ ਤਿਊੜੀਆਂ ਪਾਉਣ ਲੱਗ ਪੈਂਦੇ ਸਨ। ਉਸਦੇ ਪੈਰ ਉਥੇ ਲੱਗ ਨਾ ਸਕੇ। ਜਿੱਥੇ ਮੇਰੇ ਵਰਗਾ ਯੂਨੀਵਰਸਿਟੀ ਦੀ ਇੱਕ ਇੰਟਰਵਿਊ ਦੇ ਕੇ ਹਥਿਆਰ ਸੁੱਟ ਬੈਠਾ ਉਥੇ ਉਹ ਇਸ ਕਾਰਜ ਲਈ ਨਿਰੰਤਰ ਭਿੜਦਾ ਰਿਹਾ। ਆਪਣੀਆਂ ਜੁਗਾੜ ਬੰਦੀਆਂ ਕਰਦਾ ਰਿਹਾ। ਚੰਡੀਗੜ੍ਹ, ਪਟਿਆਲੇ, ਅੰਮ੍ਰਿਤਸਰ ਅਤੇ ਦਿੱਲੀ ਦੇ ਸਾਹਿਤਕ ਮੱਠਸੁਆਮੀਆਂ ਨਾਲ ਤਾਲ-ਮੇਲ ਬਿਠਾਉਂਦਾ ਰਿਹਾ।

(ਚਲਦਾ)

# ਏ ਆਈ ਦੇ ਯੁੱਗ 'ਚ ਅਧਿਆਪਕ ਦੀ ਜ਼ਿੰਮੇਵਾਰੀ

ਪਿਛਲੇ ਦਿਨੀਂ ਸਾਡੇ ਸਕੂਲ ਦੇ ਇੱਕ ਅਧਿਆਪਕ ਮੇਰੇ ਦਫ਼ਤਰ ਵਿੱਚ ਇੱਕ ਕਾਪੀ ਲੈ ਕੇ ਆਏ। ਉਨ੍ਹਾਂ ਮੈਨੂੰ ਦਸਵੀਂ ਜਮਾਤ ਦੇ ਇੱਕ ਵਿਦਿਆਰਥੀ ਦੀ ਕਾਪੀ ਦਿਖਾਈ। ਇਹ ਇੱਕ ਲੇਖ ਸੀ। ਲਿਖਤ ਸਾਫ਼, ਸ਼ਬਦ-ਜੋੜ ਦਰੁਸਤ, ਵਾਕਾਂ ਦੀ ਬਣਤਰ ਸੁਲਝੀ ਹੋਈ ਅਤੇ ਵਿਆਕਰਨ ਦੀ ਕੋਈ ਗ਼ਲਤੀ ਨਹੀਂ ਸੀ, ਪਰ ਪੜ੍ਹਦਿਆਂ ਹੀ ਇੱਕ ਗੱਲ ਦਿਲ ਵਿੱਚ ਚੁਭ ਗਈ। ਉਹ ਸ਼ਬਦ ਉਸ ਬੱਚੇ ਦੇ ਆਪਣੇ ਨਹੀਂ ਸਨ। ਅਧਿਆਪਕ ਨੇ ਸਿਰਫ਼ ਇੰਨਾ ਹੀ ਕਿਹਾ, "ਮੈਡਮ ਜੀ, ਲੇਖ ਤਾਂ ਬਹੁਤ ਸੋਹਣਾ ਹੈ, ਪਰ ਇਹ ਸੋਚ ਕਿਸੇ ਹੋਰ ਦੀ ਹੈ।" ਅਗਲੇ ਦਿਨ ਜਦੋਂ ਮੈਂ ਉਸ ਬੱਚੇ ਨੂੰ ਆਪਣੇ ਕੋਲ ਬੁਲਾ ਕੇ ਉਸੇ ਵਿਸ਼ੇ 'ਤੇ ਦੋ ਸਤਰਾਂ ਆਪਣੇ ਵੱਲੋਂ ਬੋਲਣ ਲਈ ਕਿਹਾ ਤਾਂ ਉਸ ਦੀਆਂ ਨਜ਼ਰਾਂ ਝੁਕ ਗਈਆਂ ਤੇ ਉਹ ਚੁੱਪ ਕਰਕੇ ਖੜ੍ਹਾ ਰਿਹਾ।

ਉਸ ਪਲ ਅਹਿਸਾਸ ਹੋਇਆ ਕਿ ਸਾਡੇ ਸਕੂਲਾਂ ਦੇ ਬੂਹਿਆਂ 'ਤੇ ਪਹੁੰਚੀ ਏ ਆਈ ਨਾਂ ਦੀ ਨਵੀਂ ਤਕਨੀਕ ਨੇ ਸਾਡੀ ਹੋਂਦ ਅੱਗੇ ਇੱਕ ਗੰਭੀਰ ਸਵਾਲ ਖੜ੍ਹਾ ਕਰ ਦਿੱਤਾ ਹੈ। ਜੇ ਮੋਬਾਈਲ ਦੀ ਸਕਰੀਨ ਛੋਹਣ 'ਤੇ ਹਰ ਸਵਾਲ ਦਾ ਬਣਿਆ-ਬਣਾਇਆ ਜਵਾਬ ਪਲਾਂ ਵਿੱਚ ਮਿਲ ਜਾਂਦਾ ਹੈ ਤਾਂ ਫਿਰ ਕਲਾਸਰੂਮ ਵਿੱਚ ਖੜ੍ਹੇ ਜਿਊਂਦੇ-ਜਾਗਦੇ ਅਧਿਆਪਕ ਦੀ ਕੀ ਲੋੜ ਹੈ? ਅੱਜ ਦੁਨੀਆ ਭਰ ਵਿੱਚ ਇਹ ਖ਼ੌਫ਼ ਫੈਲਾਇਆ ਜਾ ਰਿਹਾ ਹੈ ਕਿ ਮਨਸੂਈ ਬੁੱਧੀ ਅਧਿਆਪਕਾਂ ਦੇ ਵਜੂਦ ਲਈ ਖ਼ਤਰਾ ਹੈ, ਪਰ ਸੱਚ ਪੁੱਛੋ ਤਾਂ ਇਹ ਡਰ ਅਧਿਆਪਨ ਦੇ ਮੂਲ ਨੂੰ ਨਾ ਸਮਝਣ ਕਰਕੇ ਹੈ। ਮਹਿਜ਼ ਸਿਲੇਬਸ ਮੁਕਾਉਣ ਜਾਂ ਰਟੀ ਰਟਾਈ ਜਾਣਕਾਰੀ ਵੰਡਣ ਵਾਲੇ ਅਧਿਆਪਕਾਂ ਦੀ ਥਾਂ ਜੇਕਰ ਏ ਆਈ ਲੈ ਵੀ ਲਵੇਗੀ ਤਾਂ ਕੋਈ ਘਾਟਾ ਨਹੀਂ, ਪਰ ਸਾਡੀ ਪੰਜਾਬੀ ਅਤੇ ਗੁਰਮਤਿ ਵਿਰਾਸਤ ਨੇ ਗੁਰੂ ਨੂੰ ਕਦੇ ਸਿਰਫ਼ ਤੱਥਾਂ ਦਾ ਵਪਾਰੀ ਨਹੀਂ ਮੰਨਿਆ। ਸਾਡੇ ਵਿਰਸੇ ਵਿੱਚ ਗਿਆਨ ਨਾਲੋਂ ਵੱਡਾ ਦਰਜਾ 'ਵਿਵੇਕ' ਦਾ ਹੈ। ਜਾਣਕਾਰੀ ਸਿਰਫ਼ ਇਹ ਦੱਸਦੀ ਹੈ ਕਿ ਕੋਈ ਚੀਜ਼ ਜਾਂ ਤੱਥ ਕੀ ਹੈ, ਪਰ ਵਿਵੇਕ ਇਹ ਤੈਅ ਕਰਦਾ ਹੈ ਕਿ ਉਸ ਜਾਣਕਾਰੀ ਵਿੱਚੋਂ ਸਾਡੇ ਲਈ ਕੀ ਸਹੀ ਤੇ ਕੀ ਗ਼ਲਤ ਹੈ। ਤੱਥ ਤੇ ਜਾਣਕਾਰੀਆਂ ਐਲਗੋਰਿਦਮ ਵਿੱਚ ਬੇਸ਼ੁਮਾਰ ਪਈਆਂ ਹਨ, ਪਰ ਵਿਵੇਕ ਨਾਲ ਉਸ ਜਾਣਕਾਰੀ ਦੀ ਵਰਤੋਂ ਕਰਨ ਦਾ ਹੁਨਰ ਸਿਰਫ਼ ਮਨੁੱਖੀ ਦਿਮਾਗ਼ ਕੋਲ ਹੈ। ਗੁਰੂ ਨਾਨਕ ਜੀ ਨੇ ਭਾਈ ਲਹਿਣਾ ਜੀ ਨੂੰ ਆਪਣਾ ਉੱਤਰਾਧਿਕਾਰੀ ਚੁਣਨ ਵੇਲੇ ਕੋਈ ਲਿਖਤੀ ਇਮਤਿਹਾਨ ਨਹੀਂ ਸੀ ਲਿਆ। ਉਨ੍ਹਾਂ ਇਹ ਨਹੀਂ ਸੀ ਪਰਖਿਆ ਕਿ ਭਾਈ ਲਹਿਣਾ ਜੀ ਨੂੰ ਕਿੰਨੇ ਅੱਖਰ ਯਾਦ ਹਨ। ਉੱਥੇ ਪਰਖ ਸੇਵਾ, ਸਿਦਕ, ਸਹਿਣਸ਼ੀਲਤਾ ਅਤੇ ਨਿਮਰਤਾ ਤੇ ਵਿਵੇਕ ਦੀ ਹੀ ਹੋਈ ਸੀ। ਇਮਤਿਹਾਨ ਦਿਮਾਗ਼ ਦੇ ਰੱਟੇ ਦਾ ਨਹੀਂ, ਰੂਹ ਦੇ ਕਿਰਦਾਰ ਦਾ ਸੀ। ਜਦੋਂ ਭਾਈ



ਲਹਿਣਾ ਜੀ ਹਰ ਇਮਤਿਹਾਨ ਵਿੱਚ ਪੂਰੇ ਉਤਰੇ ਤਾਂ ਗੁਰੂ ਨੇ ਉਨ੍ਹਾਂ ਨੂੰ ਵੱਖਰਾ ਨਹੀਂ ਰੱਖਿਆ ਸਗੋਂ ਆਪਣਾ ਹੀ ਅੰਗ ਆਖ ਕੇ 'ਅੰਗਦ' ਨਾਂ ਬਖ਼ਸ਼ਿਆ ਅਤੇ ਆਪਣੇ ਬਰਾਬਰ ਆਸਣ 'ਤੇ

**ਪ੍ਰਿੰਸੀਪਲ ਨਵਲੀਨ ਕੌਰ**

ਬਿਠਾਇਆ। ਸਿੱਖਿਆ ਦਾ ਅਸਲ ਮਕਸਦ ਸਿੱਖਣ ਵਾਲੇ ਨੂੰ ਨਿਰਭਰ ਨਹੀਂ ਸਗੋਂ ਹਾਣੀ ਤੇ ਬਰਾਬਰ ਬਣਾਉਣਾ ਹੈ। ਇਸ ਦੇ ਉਲਟ ਮਸ਼ੀਨ ਦਿਨੋ-ਦਿਨ ਮਨੁੱਖ ਨੂੰ ਸਿਰਫ਼ ਖ਼ੁਦ 'ਤੇ ਨਿਰਭਰ ਕਰਨ ਦਾ ਕੰਮ ਕਰ ਰਹੀ ਹੈ। ਕੋਈ ਵੀ ਸੌਫਟਵੇਅਰ ਇਹ ਮਹਿਸੂਸ ਨਹੀਂ ਕਰ ਸਕਦਾ ਕਿ ਕੱਲ੍ਹ ਤੱਕ ਹੱਸਣ-ਖੇਡਣ ਵਾਲੀ ਬੱਚੀ ਅੱਜ ਕਲਾਸ 'ਚ ਇੱਕ ਨੁੱਕਰੇ ਚੁੱਪ-ਚਾਪ ਕਿਉਂ ਬੈਠੀ ਹੈ। ਕਿਸੇ ਐਲਗੋਰਿਦਮ ਨੂੰ ਇਹ ਨਹੀਂ ਦਿਸਦਾ ਕਿ ਡੈਸਕ 'ਤੇ ਸਿਰ ਸੁੱਟੀ ਬੈਠੇ ਵਿਦਿਆਰਥੀ ਦੇ ਮਨ ਅੰਦਰ ਅਸਫ਼ਲਤਾ ਦਾ ਕਿਹੜਾ ਅਣਕਿਹਾ ਡਰ ਜਾਂ ਖ਼ਾਮੋਸ਼ ਤੂਫ਼ਾਨ ਚੱਲ ਰਿਹਾ ਹੈ। ਇਹ ਅਣਕਹੀ ਪੀੜ ਸਿਰਫ਼ ਉਹੀ ਅੱਖ ਪਛਾਣ ਸਕਦੀ ਹੈ, ਜਿਸ ਅੱਖ ਦੇ ਪਿੱਛੇ ਧੜਕਦਾ ਹੋਇਆ ਸੰਵੇਦਨਸ਼ੀਲ ਦਿਲ ਹੋਵੇ।

ਫਾਰਮੂਲੇ ਕਿਤਾਬ ਜਾਂ ਕੰਪਿਊਟਰ ਤੋਂ ਲੱਭ ਜਾਣਗੇ, ਪਰ ਢਹਿ-ਢੇਰੀ ਹੋਏ ਹੌਸਲੇ ਨੂੰ ਮੁੜ ਖੜ੍ਹੇ ਕਰਨ ਦੀ ਤਾਕਤ ਸਿਰਫ਼ ਇੱਕ ਜਿਊਂਦੇ-ਜਾਗਦੇ ਇਨਸਾਨ ਦੀ ਹੱਲਾਸ਼ੇਰੀ ਵਿੱਚੋਂ ਮਿਲਦੀ ਹੈ। ਇਸ ਤੋਂ ਇਲਾਵਾ ਮਸ਼ੀਨ ਝੂਠ ਬੋਲ ਕੇ ਵੀ ਕਦੇ ਸ਼ਰਮਿੰਦਾ ਨਹੀਂ ਹੁੰਦੀ, ਪਰ ਅਧਿਆਪਕ ਜ਼ਿੰਦਗੀ ਵਿੱਚ ਮਗਰੋਂ ਵੀ ਆਪਣੇ ਵਿਦਿਆਰਥੀਆਂ ਦੇ ਸਨਮੁੱਖ ਹੁੰਦਾ ਹੈ। ਇਹ ਨੈਤਿਕ ਜਵਾਬਦੇਹੀ ਹੀ ਸਿੱਖਿਆ ਨੂੰ ਜ਼ਿੰਦਾ ਰੱਖਦੀ ਹੈ।

ਫਿਰ ਅੱਜ ਦੇ ਦੌਰ ਵਿੱਚ ਸਾਡਾ ਅਸਲ ਫ਼ਰਜ਼ ਕੀ ਬਚਿਆ? ਸਾਡਾ ਕੰਮ ਹੁਣ ਬਣੇ-ਬਣਾਏ ਜਵਾਬ ਰਟਾਉਣਾ ਨਹੀਂ ਸਗੋਂ ਬੱਚੇ ਅੰਦਰ ਸਹੀ ਸਵਾਲ ਪੁੱਛਣ ਦੀ ਦਲੇਰੀ ਪੈਦਾ ਕਰਨਾ ਹੈ। ਜਿਸ ਯੁੱਗ ਵਿੱਚ ਜਵਾਬ ਮੁਫ਼ਤ ਅਤੇ ਥੋਕ ਦੇ ਭਾਅ ਮਿਲ ਰਹੇ ਹੋਣ, ਉੱਥੇ ਬੱਚੇ ਦੀ ਸਭ ਤੋਂ ਵੱਡੀ ਕਾਬਲੀਅਤ ਇਹ ਪਰਖਣਾ ਹੋਵੇਗੀ ਕਿ ਜੋ ਜਵਾਬ ਸਕਰੀਨ 'ਤੇ ਦਿਸ ਰਿਹਾ ਹੈ, ਕੀ ਉਹ ਸੱਚ ਹੈ ਜਾਂ ਕਿਸੇ ਦੇ ਮੁਨਾਫ਼ੇ ਲਈ ਘੜਿਆ ਗਿਆ ਭਰਮ?

ਤਕਨਾਲੋਜੀ ਸਿਰਫ਼ ਇੱਕ ਸਹਾਇਕ ਸਾਧਨ ਰਹੇ, ਸਾਡੀ ਸੋਚ ਦੀ ਮਾਲਕ ਨਾ ਬਣੇ। ਇਹ ਬਾਰੀਕ ਲਕੀਰ ਸਮਝਾਉਣਾ ਹੀ ਅੱਜ ਦੀ ਅਧਿਆਪਨ ਕਲਾ ਹੈ। ਇਸ ਲਈ ਇਸ ਅਧਿਆਪਕ ਦਿਵਸ 'ਤੇ ਸਾਨੂੰ ਇਹ ਸਪੱਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਦਿਨ ਤੋਂ ਜਾਣਕਾਰੀ ਮੁਫ਼ਤ ਹੋਈ ਹੈ, ਅਧਿਆਪਕ ਬੇਲੋੜਾ ਨਹੀਂ ਹੋਇਆ ਸਗੋਂ ਪਹਿਲਾਂ ਨਾਲੋਂ ਕਿਤੇ ਵੱਧ ਜ਼ਰੂਰੀ ਹੋ ਗਿਆ ਹੈ। ਹੁਣ ਸਾਡੇ ਜ਼ਿੰਮੇ ਸਿਰਫ਼ ਉਹ ਕੰਮ ਬਚਿਆ ਹੈ ਜੋ ਦੁਨੀਆ ਦਾ ਕੋਈ ਕੰਪਿਊਟਰ ਨਹੀਂ ਕਰ ਸਕਦਾ- ਬੱਚੇ ਅੰਦਰ ਇਨਸਾਨੀਅਤ ਅਤੇ ਵਿਵੇਕ ਜਗਾਉਣਾ। ਮਸ਼ੀਨ ਕੋਲ ਸਾਰੇ ਜਵਾਬ ਹੋ ਸਕਦੇ ਹਨ, ਪਰ ਜਿਸ ਬੱਚੇ ਨੂੰ ਇਹ ਹੀ ਨਹੀਂ ਪਤਾ ਕਿ ਜ਼ਿੰਦਗੀ ਵਿੱਚ ਹੱਕ ਅਤੇ ਸੱਚ ਲਈ ਕਿਵੇਂ ਖੜ੍ਹਨਾ ਹੈ, ਉਸ ਲਈ ਇਹ ਸਾਰੇ ਜਵਾਬ ਬਿਲਕੁਲ ਅਰਥਹੀਣ ਹਨ। ਜਵਾਬ ਬੇਸ਼ੱਕ ਮਸ਼ੀਨਾਂ ਵੀ ਦਿੰਦੀਆਂ ਹਨ, ਪਰ ਜ਼ਿੰਦਗੀ ਨੂੰ ਸਹੀ ਦਿਸ਼ਾ ਦੇਣ ਵਾਲਾ ਸਿਰਫ਼ ਤੇ ਸਿਰਫ਼ ਅਧਿਆਪਕ ਹੀ ਹੁੰਦਾ ਹੈ।

# ਡਿਪਟੀ ਕੌਂਸਲ ਜਨਰਲ ਰਾਕੇਸ਼ ਅਧਲੱਖਾ ਅਤੇ ਉਨ੍ਹਾਂ ਦੀ ਧਰਮਪਤਨੀ ਆਸ਼ਾ ਅਧਲੱਖਾ ਨੂੰ ਭਾਈਚਾਰੇ ਵੱਲੋਂ ਭਾਵਪੂਰਤ ਵਿਦਾਇਗੀ; ਸ਼ਾਨਦਾਰ ਸੇਵਾਵਾਂ ਲਈ ਕੀਤਾ ਗਿਆ ਵਿਸ਼ੇਸ਼ ਸਨਮਾਨ

## ਸ੍ਰੀ ਰਾਕੇਸ਼ ਅਧਲੱਖਾ ਨੇ ਆਪਣੀ ਜੌਬ ਨੂੰ ਸੇਵਾ ਸਮਝ ਕੇ ਕੀਤਾ : ਸ੍ਰੀ ਰਾਜ ਭਨੋਟ










**ਵਿਸ਼ੇਸ਼ ਰਿਪੋਰਟ**

ਸਨਫਰਾਂਸਿਸਕੋ (ਕੈਲੀਫੋਰਨੀਆ) : ਪਿਛਲੇ ਦਿਨੀਂ ਕੌਂਸਲਖਾਨੇ ਦੇ ਸੀਨੀਅਰ ਡਿਪਟੀ ਕੌਂਸਲ ਜਨਰਲ ਰਾਕੇਸ਼ ਅੱਧਲੱਖਾ ਵਲੋਂ ਆਪਣੇ ਤਿੰਨ ਸਾਲ ਪੂਰੇ ਕਰਨ ਉਪਰੰਤ ਵਾਪਸੀ ਉਪਰ ਭਾਰਤੀ ਕਮਿਊਨਟੀ ਦੇ ਵੱਖ-ਵੱਖ ਆਗੂਆਂ ਨੇ ਇੱਕ ਸ਼ਾਨਦਾਰ ਮਾਣ ਸਤਿਕਾਰ ਪ੍ਰਵਾਰਕ ਮਿਲਣੀ ਕੀਤੀ ਜਿਨ੍ਹਾਂ ਵਿੱਚ ਸਨੀਵੇਲ ਹਿੰਦੂ ਮੰਦਿਰ ਦੇ ਫਾਊਂਡਰ, ਮਾਂ ਦੁਰਗਾ ਪਰਿਵਾਰ ਦੇ ਸਾਬਕਾ ਪ੍ਰਧਾਨ ਅਤੇ ਪੰਜਾਬੀ ਭਾਈਚਾਰੇ ਦੇ ਉਘੇ ਲੀਡਰ ਸ੍ਰੀ ਰਾਜ ਭਨੋਟ, ਪੰਜਾਬੀ ਦੇ ਉਘੇ ਸ਼ਾਇਰ ਫਾਊਂਡਰ ਯੂਨਾਈਟਿਡ ਪੰਜਾਬ ਫਰੰਟ ਦੇ ਪ੍ਰਧਾਨ ਸ੍ਰੀ ਪੰਕਜ ਆਂਸਲ, ਭਾਰਤੀ ਮੀਡੀਆ 'ਚ ਜਾਣੀ ਪਹਿਚਾਣੀ ਸ਼ਖਸੀਅਤ ਬੀਬੀ ਮੋਨਿਕਾ ਉਪਲ ਅਤੇ ਸ੍ਰੀ ਵਿਵੇਕ ਪੋਪਲੀ, ਸ੍ਰੀ ਅਨਲ ਧੀਰ, ਸ੍ਰੀ ਅਨਲ ਕੁਮਾਰ ਅਤੇ ਆਂਧਰਾ ਪ੍ਰਦੇਸ਼ ਦੇ ਉਘੇ ਆਗੂ ਦਿਨੇਸ਼ ਅਮੀਨ, ਪੰਜਾਬ ਅੰਮ੍ਰਿਤਸਰ ਤੋਂ ਸ੍ਰੀ ਦੀਪਕ ਬਿਆਲਾ ਜੀ, ਕਰਨਾਟਕ ਦੇ ਉਘੇ ਆਗੂ ਸ੍ਰੀ ਸੰਦੀਪ ਬਿਲੇਪਾ, ਉੜੀਕਾ ਦੇ ਉਘੇ ਆਗੂ ਸ੍ਰੀ ਅਭੈ ਸਵੈਨ, ਗੁਜਰਾਤ ਤੋਂ ਉਘੇ ਆਗੂ ਸ੍ਰੀ ਵਿਵੇਕ ਉਦਾਸ ਅਤੇ ਕੁੱਕੂ ਉਦਾਸ, ਸ੍ਰ. ਮਹਿੰਦਰ ਸਿੰਘ, ਸ. ਸੁਖਵਿੰਦਰ ਸਿੰਘ ਸੁੱਖਾ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸੈਕਰਾਮੈਂਟੋ ਤੋਂ ਸਿੱਖ ਆਗੂ ਸ੍ਰ. ਸ਼ੀਤਲ ਸਿੰਘ ਨਿੱਜਰ ਅਤੇ ਹੋਰ ਆਗੂ ਸ਼ਾਮਲ ਸਨ।

ਡਿਪਟੀ ਕੌਂਸਲ ਜਨਰਲ ਸ੍ਰੀ ਰਾਕੇਸ਼ ਅਧਲੱਖਾ ਅਤੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਊਸ਼ਾ ਅਧਲੱਖਾ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਵਿਦਾਇਗੀ ਸਮਾਰੋਹ ਕਰਵਾਇਆ ਗਿਆ। ਬੇਹੱਦ ਨਿੱਘੇ ਅਤੇ ਸਤਿਕਾਰਯੋਗ ਮਾਹੌਲ ਵਿੱਚ ਹੋਏ ਇਸ ਸਮਾਗਮ ਦੌਰਾਨ ਡਿਪਲੋਮੈਟਿਕ ਭਾਈਚਾਰੇ, ਸਥਾਨਕ ਪ੍ਰਸ਼ਾਸਨ ਦੇ ਅਧਿਕਾਰੀਆਂ, ਉੱਘੇ ਕਾਰੋਬਾਰੀਆਂ ਅਤੇ ਪ੍ਰਮੁੱਖ ਭਾਈਚਾਰਕ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਸਮਾਗਮ ਦੀ ਸ਼ੁਰੂਆਤ ਰਸਮੀ ਸਵਾਗਤ ਅਤੇ ਆਪਸੀ ਮਿਲਣੀ (ਨੈੱਟਵਰਕਿੰਗ) ਨਾਲ ਹੋਈ। ਸਟੇਜ ਸੰਚਾਲਕ ਨੇ ਆਏ ਹੋਏ ਸਾਰੇ ਪਤਵੰਤਿਆਂ ਦਾ ਸਵਾਗਤ ਕਰਦਿਆਂ ਸ੍ਰੀ ਰਾਕੇਸ਼ ਅਧਲੱਖਾ ਦੇ ਕਾਰਜਕਾਲ ਦੌਰਾਨ ਭਾਈਚਾਰੇ ਲਈ ਕੀਤੀਆਂ ਗਈਆਂ ਬੇਮਿਸਾਲ ਸੇਵਾਵਾਂ ਦਾ ਜ਼ਿਕਰ ਕੀਤਾ।

ਇਸ ਮੌਕੇ ਵੱਖ-ਵੱਖ ਖੇਤਰਾਂ ਦੇ ਪ੍ਰਮੁੱਖ ਆਗੂਆਂ ਅਤੇ ਸਹਿਯੋਗੀਆਂ ਨੇ ਆਪਣੇ ਸੰਬੋਧਨ ਵਿੱਚ ਸ੍ਰੀ ਅਧਲੱਖਾ ਦੀ ਮਿਲਣਸਾਰ ਸ਼ਖ਼ਸੀਅਤ, ਦੂਰਅੰਦੇਸ਼ੀ ਅਗਵਾਈ ਅਤੇ ਭਾਈਚਾਰਕ ਮਸਲਿਆਂ ਨੂੰ ਹੱਲ ਕਰਨ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਭਰਪੂਰ ਸ਼ਲਾਘਾ ਕੀਤੀ। ਸਮਾਗਮ ਦੌਰਾਨ ਇੱਕ ਵਿਸ਼ੇਸ਼ ਯਾਦਗਾਰੀ ਪ੍ਰੈਜ਼ੈਂਟੇਸ਼ਨ ਪੇਸ਼ ਕੀਤੀ ਗਈ, ਜਿਸ ਵਿੱਚ ਉਨ੍ਹਾਂ ਦੇ ਕਾਰਜਕਾਲ ਦੌਰਾਨ ਕੀਤੇ ਗਏ ਅਹਿਮ ਕਾਰਜਾਂ, ਸੱਭਿਆਚਾਰਕ ਪਹਿਲਕਦਮੀਆਂ ਅਤੇ ਭਾਈਚਾਰਕ ਗਤੀਵਿਧੀਆਂ ਦੀਆਂ ਖ਼ੂਬਸੂਰਤ ਯਾਦਾਂ ਨੂੰ ਦਰਸਾਇਆ ਗਿਆ।

ਭਾਈਚਾਰੇ ਦੇ ਨੁਮਾਇੰਦਿਆਂ ਵੱਲੋਂ ਸ੍ਰੀ ਰਾਕੇਸ਼ ਅਧਲੱਖਾ ਅਤੇ ਸ੍ਰੀਮਤੀ ਊਸ਼ਾ ਅਧਲੱਖਾ ਨੂੰ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਬਦਲੇ ਯਾਦਗਾਰੀ ਚਿੰਨ੍ਹ (ਮੋਮੈਂਟੋ) ਅਤੇ ਦੋਸ਼ਾਲਾ ਭੇਂਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਵਿਦਾਇਗੀ ਭਾਸ਼ਣ ਦੌਰਾਨ ਸ੍ਰੀ ਰਾਕੇਸ਼ ਅਧਲੱਖਾ ਨੇ ਸਮੁੱਚੇ ਭਾਈਚਾਰੇ ਵੱਲੋਂ ਮਿਲੇ ਅਥਾਹ ਪਿਆਰ ਅਤੇ ਸਹਿਯੋਗ ਲਈ ਦਿਲੋਂ ਧੰਨਵਾਦ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਇੱਥੇ ਬਿਤਾਇਆ ਸਮਾਂ ਅਤੇ ਮਿਲਿਆ ਸਨੇਹ ਹਮੇਸ਼ਾ ਉਨ੍ਹਾਂ ਦੀਆਂ ਯਾਦਾਂ ਵਿੱਚ ਵਸਿਆ ਰਹੇਗਾ। ਪ੍ਰੋਗਰਾਮ ਦੀ ਸਮਾਪਤੀ ਸਵਾਦਿਸ਼ਟ ਰਾਤ ਦੇ ਖਾਣੇ ਅਤੇ ਸ਼ੁੱਭਕਾਮਨਾਵਾਂ ਦੇ ਅਦਾਨ-ਪ੍ਰਦਾਨ ਨਾਲ ਹੋਈ।

ਇਥੇ ਇਹ ਜਿਕਰਯੋਗ ਹੈ ਕਿ ਉਨ੍ਹਾਂ ਨੇ ਜਦੋ ਤੱਕ ਉਹ ਸਨਫਰਾਂਸਿਸਕੋ ਰਹੇ ਲੋਕਾਂ ਨੂੰ ਵੀਜਿਆਂ, ਪਾਸਪੋਰਟ ਤੇ ਇਮੀਗ੍ਰੇਸ਼ਨ ਸਬੰਧੀ ਹੋਰ ਆ ਰਹੀਆਂ ਮੁਸ਼ਕਿਲਾਂ ਬਾਰੇ ਖੁੱਲਕੇ ਮਦਦ ਕੀਤੀ।

ਇਸ ਬਾਰੇ ਗੱਲਬਾਤ ਕਰਦਿਆਂ ਸਨੀਵੇਲ ਹਿੰਦੂ ਮੰਦਿਰ ਦੇ ਫਾਊਂਡਰ, ਮਾਂ ਦੁਰਗਾ ਪਰਿਵਾਰ ਦੇ ਸਾਬਕਾ ਪ੍ਰਧਾਨ ਅਤੇ ਪੰਜਾਬੀ ਭਾਈਚਾਰੇ ਦੇ ਉਘੇ ਲੀਡਰ ਸ੍ਰੀ ਰਾਜ ਭਨੋਟ ਨੇ ਕਿਹਾ ਕਿ ਸ੍ਰੀ ਰਾਕੇਸ਼ ਅਧਲੱਖਾ ਆਪਣੇ ਨਾਂ ਨਾਲ ਭਾਵੇਂ ਅਧਲੱਖਾ ਹੋਣ ਪਰ ਇਨ੍ਹਾਂ ਦੀਆਂ ਸੇਵਾਵਾਂ ਤਾਂ ਕਰੋੜਾਂ ਦੇ ਰੂਪ ਵਿਚ ਹਨ। ਇਨ੍ਹਾਂ ਨੇ ਅਮਰੀਕਾ ਵਿਚ ਰਹਿ ਕੇ ਸਿਰਫ਼ ਆਪਣੀ ਜੌਬ ਹੀ ਨਹੀਂ ਕੀਤੀ ਸਗੋਂ ਲੋਕਾਂ ਦੀ ਸੇਵਾ ਵੀ ਕੀਤੀ। ਸ੍ਰੀ ਅਧਲੱਖਾ ਜੀ ਇਕ ਇਮਾਨਦਾਰ ਅਤੇ ਮਿਲ ਵਰਤਣ ਵਾਲੇ ਭਾਰਤੀ ਦੂਤ ਸਨ। ਉਹ ਹੁਣ ਆਪਣੀਆਂ ਸੇਵਾਵਾਂ ਪੂਰੀਆਂ ਕਰਕੇ ਵਾਪਸ ਜਾ ਰਹੇ ਹਨ। ਪਰ ਇਨ੍ਹਾਂ ਦੀਆਂ ਸੇਵਾਵਾਂ ਅਤੇ ਇਨ੍ਹਾਂ ਦਾ ਪਿਆਰ ਸਾਨੂੰ ਹਮੇਸ਼ਾ ਯਾਦ ਰਹੇਗਾ।





# ਇੰਟਰਨੈਸ਼ਨਲ ਮੈਨਹੰਟ ਦਾ ਅੰਤ: FBI ਦਾ $150,000 ਇਨਾਮੀ ਭਗੌੜਾ ਮਨਜੀਤ ਸਿੰਘ ਬੇਦੀ ਜਲੰਧਰ ਤੋਂ ਗ੍ਰਿਫ਼ਤਾਰ; ਅਮਰੀਕਾ ਹਵਾਲਗੀ ਦੀ ਤਿਆਰੀ ਤੇਜ਼

ਅਮਰੀਕੀ ਜਾਂਚ ਏਜੰਸੀ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (FBI), ਵਾਈਟ ਹਾਊਸ ਫਰਾਡ ਟਾਸਕ ਫੋਰਸ (WHFraudTF) ਅਤੇ ਯੂ.ਐੱਸ. ਨਿਆਂ ਵਿਭਾਗ (DOJ) ਦੀ ਹਿੱਟ-ਲਿਸਟ 'ਤੇ ਚੜ੍ਹੇ ਭਾਰਤੀ ਮੂਲ ਦੇ ਨੈਚੁਰਲਾਈਜ਼ਡ ਅਮਰੀਕੀ ਨਾਗਰਿਕ ਮਨਜੀਤ ਸਿੰਘ ਬੇਦੀ ਦੀ ਫਰਾਰੀ ਦਾ ਪੰਜਾਬ ਦੇ ਜਲੰਧਰ ਵਿੱਚ ਅੰਤ ਹੋ ਗਿਆ ਹੈ। ਪੰਜਾਬ ਪੁਲਿਸ ਅਤੇ ਕੇਂਦਰੀ ਖੁਫ਼ੀਆ ਏਜੰਸੀਆਂ ਦੇ ਸਾਂਝੇ ਆਪ੍ਰੇਸ਼ਨ ਰਾਹੀਂ ਕਾਬੂ ਕੀਤੇ ਗਏ ਬੇਦੀ 'ਤੇ ਅਮਰੀਕਾ ਵਿੱਚ ਗਰੀਬਾਂ ਦੇ ਭੋਜਨ ਭੱਤੇ (SNAP) ਵਿੱਚੋਂ ਕਰੋੜਾਂ ਰੁਪਏ ਦੀ ਹੇਰਾਫੇਰੀ ਕਰਨ ਦਾ ਦੋਸ਼ ਹੈ।

FBI ਵੱਲੋਂ ਬੇਦੀ ਦੀ ਗ੍ਰਿਫ਼ਤਾਰੀ ਵਿੱਚ ਮਦਦ ਕਰਨ ਵਾਲੀ ਜਾਣਕਾਰੀ ਲਈ $150,000 (ਕਰੀਬ 1.4 ਕਰੋੜ) ਦਾ ਇਨਾਮ ਐਲਾਨਿਆ ਗਿਆ ਸੀ। ਹੁਣ ਦੁਵੱਲੇ ਹਵਾਲਗੀ ਸਮਝੌਤੇ (Extradition Treaty) ਤਹਿਤ ਉਸ ਨੂੰ ਅਮਰੀਕਾ ਲਿਜਾਣ ਦੀ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ।

**ਡੂੰਘੀ ਪੜਤਾਲ: 'ਭੋਜਨ ਸਹਾਇਤਾ' ਤੋਂ ਕੈਸ਼ ਕਮਿਸ਼ਨ ਤੱਕ ਦਾ ਘਪਲਾ (Modus Operandi)**

ਅਮਰੀਕੀ ਖੇਤੀਬਾੜੀ ਵਿਭਾਗ (USDA) ਅਧੀਨ ਚੱਲਣ ਵਾਲਾ 'ਸਪਲੀਮੈਂਟਲ ਨਿਊਟ੍ਰੀਸ਼ਨ ਅਸਿਸਟੈਂਸ ਪ੍ਰੋਗਰਾਮ' (SNAP) ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਜ਼ਰੂਰੀ ਰਾਸ਼ਨ ਖਰੀਦਣ ਲਈ ਇਲੈਕਟ੍ਰਾਨਿਕ ਬੈਨੀਫਿਟ ਟਰਾਂਸਫਰ (EBT) ਕਾਰਡ ਜਾਰੀ ਕਰਦਾ ਹੈ। ਨਿਯਮਾਂ ਅਨੁਸਾਰ ਇਹਨਾਂ ਕਾਰਡਾਂ ਦੀ ਵਰਤੋਂ ਸਿਰਫ਼ ਮਨਜ਼ੂਰਸ਼ੁਦਾ ਖਾਣ-ਪੀਣ ਵਾਲੀਆਂ ਵਸਤਾਂ ਲਈ ਹੀ ਕੀਤੀ ਜਾ ਸਕਦੀ ਹੈ।

ਜਾਂਚ ਰਿਕਾਰਡ ਮੁਤਾਬਕ, ਮਾਰਚ 2024 ਤੋਂ ਜੂਨ 2025 ਦਰਮਿਆਨ ਵਾਸ਼ਿੰਗਟਨ ਸੂਬੇ ਦੇ ਟਾਕੋਮਾ ਸਥਿਤ ਆਪਣੇ ਗ੍ਰੋਸਰੀ ਸਟੋਰ ਤੋਂ ਬੇਦੀ ਨੇ ਇੱਕ ਗ਼ੈਰ-ਕਾਨੂੰਨੀ ਨੈੱਟਵਰਕ ਚਲਾਇਆ:

| ਸੰਖੇਪ ਕੇਸ ਫਾਈਲ: ਮਨਜੀਤ ਸਿੰਘ ਬੇਦੀ ਕੇਸ | |
|---|---|
| ਪਹਿਲੂ | ਮੁੱਖ ਵੇਰਵਾ |
| ਮੁਲਜ਼ਮ | ਮਨਜੀਤ ਸਿੰਘ ਬੇਦੀ (ਨੈਚੁਰਲਾਈਜ਼ਡ ਅਮਰੀਕੀ ਨਾਗਰਿਕ) |
| ਗ੍ਰਿਫ਼ਤਾਰੀ ਦਾ ਸਥਾਨ | ਜਲੰਧਰ, ਪੰਜਾਬ (ਭਾਰਤ) |
| ਸੰਬੰਧਿਤ ਏਜੰਸੀਆਂ | FBI, US DOJ, ਵਾਈਟ ਹਾਊਸ ਫਰਾਡ ਟਾਸਕ ਫੋਰਸ, ਪੰਜਾਬ ਪੁਲਿਸ |
| ਮੁੱਖ ਕਾਰੋਬਾਰ/ਅੱਡਾ | ਏਸ਼ੀਅਨ ਗ੍ਰੋਸਰੀ ਸਟੋਰ (Asian Grocery Store), ਟਾਕੋਮਾ, ਵਾਸ਼ਿੰਗਟਨ |
| ਘਪਲੇ ਦੀ ਰਕਮ | ਘੱਟੋ-ਘੱਟ $600,000 (ਕਰੀਬ 5.6 ਕਰੋੜ) |
| ਐਲਾਨਿਆ ਗਿਆ ਇਨਾਮ | $150,000 (ਕਰੀਬ 1.4 ਕਰੋੜ) |
| ਸੰਭਾਵੀ ਦੋਸ਼ | ਵਾਇਰ ਫਰਾਡ (Wire Fraud), SNAP ਵੈਲਫੇਅਰ ਫੰਡ ਘਪਲਾ, ਜ਼ਮਾਨਤ ਸ਼ਰਤਾਂ ਦੀ ਉਲੰਘਣਾ |

- ਕਾਰਡ ਧਾਰਕਾਂ ਨੂੰ ਰਾਸ਼ਨ ਦੇਣ ਦੀ ਬਜਾਏ, ਬੇਦੀ ਉਹਨਾਂ ਦੇ ਕਾਰਡ ਪੂਰੀ ਰਕਮ 'ਤੇ ਸਵਾਈਪ ਕਰਦਾ ਸੀ।
- ਕੁੱਲ ਰਾਸ਼ੀ ਵਿੱਚੋਂ 50 ਫ਼ੀਸਦੀ ਨਕਦੀ ਗਾਹਕ ਨੂੰ ਦੇ ਦਿੱਤੀ ਜਾਂਦੀ ਸੀ ਅਤੇ ਬਾਕੀ ਦਾ 50 ਫ਼ੀਸਦੀ ਹਿੱਸਾ ਬੇਦੀ ਖ਼ੁਦ ਕਮਿਸ਼ਨ ਵਜੋਂ ਰੱਖਦਾ ਸੀ।
- ਇਸ ਕਾਰਵਾਈ ਰਾਹੀਂ ਉਸ ਨੇ ਅਮਰੀਕੀ ਸਰਕਾਰੀ ਖ਼ਜ਼ਾਨੇ ਨੂੰ ਸਿੱਧਾ $600,000 ਤੋਂ ਵੱਧ ਦਾ ਚੂਨਾ ਲਾਇਆ।

**ਜ਼ਮਾਨਤ ਉਲੰਘਣਾ ਅਤੇ ਸਰਹੱਦੋਂ ਪਾਰ ਫਰਾਰੀ ਦਾ ਰਸਤਾ**

ਵਾਸ਼ਿੰਗਟਨ ਦੀ ਸੰਘੀ ਅਦਾਲਤ ਵਿੱਚ ਵਾਇਰ ਫਰਾਡ ਦੇ ਦੋਸ਼ਾਂ ਤਹਿਤ ਪੇਸ਼ੀ ਤੋਂ ਬਾਅਦ ਅਦਾਲਤ ਨੇ ਬੇਦੀ ਨੂੰ ਆਪਣਾ ਪਾਸਪੋਰਟ ਜਮ੍ਹਾਂ ਕਰਵਾਉਣ ਅਤੇ ਵਾਸ਼ਿੰਗਟਨ ਸੂਬੇ ਦੀ ਹੱਦ ਅੰਦਰ ਰਹਿਣ ਦੀਆਂ ਸਖ਼ਤ ਸ਼ਰਤਾਂ 'ਤੇ ਜ਼ਮਾਨਤ ਦਿੱਤੀ ਸੀ।

ਹਾਲਾਂਕਿ, ਉਸ ਨੇ ਕਾਨੂੰਨੀ ਸ਼ਰਤੀ ਦੀ ਉਲੰਘਣਾ ਕਰਦਿਆਂ ਜ਼ਮੀਨੀ ਰਸਤੇ ਕਾਰ ਰਾਹੀਂ ਕੈਨੇਡਾ ਦੀ ਸਰਹੱਦ ਪਾਰ ਕੀਤੀ। ਉੱਥੋਂ ਜਾਅਲੀ ਜਾਂ ਬਦਲਵੇਂ ਦਸਤਾਵੇਜ਼ਾਂ ਦੇ ਸਹਾਰੇ ਕੌਮਾਂਤਰੀ ਉਡਾਣ ਭਰ ਕੇ ਉਹ ਸਿੱਧਾ ਭਾਰਤ ਪਹੁੰਚ ਗਿਆ। ਮਈ 2026 ਵਿੱਚ ਵੈਸਟਰਨ ਡਿਸਟ੍ਰਿਕਟ ਆਫ਼ ਵਾਸ਼ਿੰਗਟਨ ਦੀ ਯੂ.ਐੱਸ. ਫ਼ੈਡਰਲ ਕੋਰਟ ਨੇ ਬੇਦੀ ਵਿਰੁੱਧ ਗ਼ੈਰ-ਜ਼ਮਾਨਤੀ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤਾ ਸੀ।

**ਵਾਈਟ ਹਾਊਸ ਫਰਾਡ ਟਾਸਕ ਫੋਰਸ ਦੀ 5ਵੀਂ ਵੱਡੀ ਕਾਮਯਾਬੀ**

ਬੇਦੀ ਦੀ ਗ੍ਰਿਫ਼ਤਾਰੀ ਅਮਰੀਕੀ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੀ ਗਈ ਨਵੀਂ 'ਮੋਸਟ ਵਾਂਟੇਡ ਫਰਾਡਸਟਰ' ਮੁਹਿੰਮ ਤਹਿਤ ਪਿਛਲੇ ਤਿੰਨ ਮਹੀਨਿਆਂ ਵਿੱਚ ਪੰਜਵੀਂ ਸਭ ਤੋਂ ਵੱਡੀ ਕਾਮਯਾਬੀ ਹੈ।

- ਵਿੱਤੀ ਪੈਮਾਨਾ: ਇਸ ਸੂਚੀ ਵਿੱਚ ਸ਼ਾਮਲ ਮੁਲਜ਼ਮਾਂ ਵੱਲੋਂ ਸਮੂਹਿਕ ਤੌਰ 'ਤੇ $2 ਬਿਲੀਅਨ (ਲਗਭਗ 18,000 ਕਰੋੜ) ਤੋਂ ਵੱਧ ਦੇ ਸਰਕਾਰੀ ਅਤੇ ਕਾਰਪੋਰੇਟ ਫੰਡਾਂ ਦੀ ਚੋਰੀ ਕੀਤੀ ਗਈ ਹੈ।
- ਲੰਮੀ ਫਰਾਰੀ: ਇਹ ਭਗੌੜੇ ਕੁੱਲ ਮਿਲਾ ਕੇ 4,000 ਦਿਨਾਂ ਤੋਂ ਵੱਧ ਸਮੇਂ ਤੋਂ ਕਾਨੂੰਨ ਦੀ ਪਕੜ ਤੋਂ ਬਾਹਰ ਚੱਲ ਰਹੇ ਸਨ।

ਹੁਣ ਭਾਰਤੀ ਵਿਦੇਸ਼ ਮੰਤਰਾਲੇ ਅਤੇ ਅਮਰੀਕੀ ਨਿਆਂ ਵਿਭਾਗ ਵਿਚਾਲੇ ਕੂਟਨੀਤਕ ਤੇ ਕਾਨੂੰਨੀ ਪ੍ਰਕਿਰਿਆਵਾਂ ਮੁਕੰਮਲ ਹੋਣ ਮਗਰੋਂ ਬੇਦੀ ਨੂੰ ਅਮਰੀਕੀ ਫ਼ੈਡਰਲ ਅਦਾਲਤ ਦੇ ਹਵਾਲੇ ਕੀਤਾ ਜਾਵੇਗਾ, ਜਿੱਥੇ ਉਸ ਨੂੰ ਕਈ ਸਾਲਾਂ ਦੀ ਕੈਦ ਅਤੇ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਬੇਦਾਅਵਾ (Disclaimer): ਇਹ ਰਿਪੋਰਟ ਜਾਂਚ ਏਜੰਸੀਆਂ ਵੱਲੋਂ ਦਰਜ ਐੱਫ.ਆਈ.ਆਰ., ਜਾਰੀ ਕੀਤੇ ਗਏ ਗ੍ਰਿਫ਼ਤਾਰੀ ਵਾਰੰਟਾਂ ਅਤੇ ਅਧਿਕਾਰਤ ਬਿਆਨਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਕਾਨੂੰਨੀ ਪ੍ਰਕਿਰਿਆ ਅਨੁਸਾਰ ਕਿਸੇ ਵੀ ਮੁਲਜ਼ਮ 'ਤੇ ਲੱਗੇ ਦੋਸ਼ ਉਦੋਂ ਤੱਕ ਸਿਰਫ਼ ਦੋਸ਼ ਹੀ ਮੰਨੇ ਜਾਂਦੇ ਹਨ, ਜਦੋਂ ਤੱਕ ਯੋਗ ਅਦਾਲਤ ਵੱਲੋਂ ਸੁਣਵਾਈ ਪੂਰੀ ਕਰਕੇ ਦੋਸ਼ ਸਿੱਧ ਨਹੀਂ ਕਰ ਦਿੱਤੇ ਜਾਂਦੇ।




# ਕੋਲੰਬੋ ਵਿਖੇ INS ਉਦੈਗਿਰੀ 'ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਭਰੀ ਹਾਜ਼ਰੀ

## ਨੇਵੀ ਅਧਿਕਾਰੀਆਂ ਨਾਲ ਵਿਸ਼ੇਸ਼ ਮੁਲਾਕਾਤ, ਸਮੁੰਦਰੀ ਰਣਨੀਤੀ 'ਤੇ ਚਰਚਾ



ਕੋਲੰਬੋ (ਸ਼੍ਰੀਲੰਕਾ) : ਭਾਰਤ ਦੇ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼੍ਰੀਲੰਕਾ ਦੇ ਅਧਿਕਾਰਤ ਦੌਰੇ ਦੌਰਾਨ ਕੋਲੰਬੋ ਬੰਦਰਗਾਹ 'ਤੇ ਤਾਇਨਾਤ ਭਾਰਤੀ ਜਲ ਸੈਨਾ ਦੇ ਜੰਗੀ ਬੇੜੇ INS ਉਦੈਗਿਰੀ 'ਤੇ ਆਯੋਜਿਤ ਸ਼ਾਨਦਾਰ 'ਡੈੱਕ ਰਿਸੈਪਸ਼ਨ' (Deck Reception) ਵਿੱਚ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਭਾਰਤੀ ਜਲ ਸੈਨਾ ਅਤੇ ਮੇਜ਼ਬਾਨ ਦੇਸ਼ ਦੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ।

**ਜਲ ਸੈਨਾ ਅਧਿਕਾਰੀਆਂ ਨਾਲ ਸੰਵਾਦ:** ਰੱਖਿਆ ਮੰਤਰੀ ਨੇ ਜੰਗੀ ਬੇੜੇ 'ਤੇ ਤਾਇਨਾਤ ਅਧਿਕਾਰੀਆਂ ਅਤੇ ਜਵਾਨਾਂ ਨਾਲ ਗੱਲਬਾਤ ਕੀਤੀ ਅਤੇ ਹਿੰਦ ਮਹਾਸਾਗਰ ਖੇਤਰ ਵਿੱਚ ਸਮੁੰਦਰੀ ਸੁਰੱਖਿਆ ਬਣਾਈ ਰੱਖਣ ਲਈ ਉਨ੍ਹਾਂ ਦੀ ਮੁਸਤੈਦੀ ਦੀ ਸ਼ਲਾਘਾ ਕੀਤੀ।

**ਦੁਵੱਲੇ ਸਬੰਧਾਂ ਦੀ ਮਜ਼ਬੂਤੀ:** ਇਸ ਸਮਾਗਮ ਦਾ ਮੁੱਖ ਮਕਸਦ ਭਾਰਤ ਅਤੇ ਸ਼੍ਰੀਲੰਕਾ ਵਿਚਕਾਰ ਰੱਖਿਆ ਸਹਿਯੋਗ, ਸਮੁੰਦਰੀ ਭਾਈਵਾਲੀ ਅਤੇ ਆਪਸੀ ਰਣਨੀਤਕ ਤਾਲਮੇਲ ਨੂੰ ਹੋਰ ਮਜ਼ਬੂਤ ਕਰਨਾ ਹੈ।

**ਖੇਤਰੀ ਸੁਰੱਖਿਆ 'ਤੇ ਜ਼ੋਰ:** ਦੌਰੇ ਦੌਰਾਨ ਭਾਰਤ ਦੀ 'ਨੇਬਰਹੁੱਡ ਫਸਟ' (ਗੁਆਂਢੀ ਪਹਿਲਾਂ) ਨੀਤੀ ਅਤੇ ਹਿੰਦ ਮਹਾਸਾਗਰ ਖੇਤਰ ਵਿੱਚ ਸੁਰੱਖਿਆ ਅਤੇ ਵਿਕਾਸ (SAGAR ਵਿਜ਼ਨ) ਨੂੰ ਹੁਲਾਰਾ ਦੇਣ ਦੀ ਵਚਨਬੱਧਤਾ ਦੁਹਰਾਈ ਗਈ।

# 'ਨਾ ਫੁੱਲ ਚੁਗਾਂਗੇ, ਨਾ ਭੋਗ ਪਾਵਾਂਗੇ': ਗੁਲਜ਼ਾਰ ਸਿੰਘ ਖ਼ੁਦਕੁਸ਼ੀ ਮਾਮਲੇ 'ਚ ਪਰਿਵਾਰ ਦਾ ਵੱਡਾ ਬਿਆਨ

## ਪਰਿਵਾਰ ਵੱਲੋਂ ਧੱਕੇ ਨਾਲ ਸਸਕਾਰ ਕਰਾਏ ਜਾਣ ਦੇ ਦੋਸ਼; ਪਰਿਵਾਰ ਵੱਲੋਂ ਪ੍ਰਸ਼ਾਸਨ ਤੋਂ 5 ਲੱਖ ਰੁਪਏ ਦਾ ਸਹਾਇਤਾ ਚੈੱਕ ਲਏ ਜਾਣ ਬਾਰੇ ਚਰਚਾ

ਚੰਡੀਗੜ੍ਹ : ਜ਼ਿਲ੍ਹਾ ਸੰਗਰੂਰ ਦੇ ਪਿੰਡ ਤੁਰ ਬੰਜਾਰਾ ਦੇ ਮਜ਼ਦੂਰ ਗੁਲਜ਼ਾਰ ਸਿੰਘ ਦੀ ਖ਼ੁਦਕੁਸ਼ੀ ਮਾਮਲੇ ਵਿੱਚ ਅੱਜ ਨਵਾਂ ਮੋੜ ਆ ਗਿਆ ਜਦੋਂ ਮ੍ਰਿਤਕ ਮਜ਼ਦੂਰ ਦੇ ਪਰਿਵਾਰ ਨੇ ਸਰਕਾਰੀ ਦਾਅਵੇ ਰੱਦ ਕਰ ਦਿੱਤੇ। ਅੱਜ ਜਾਰੀ ਵੀਡੀਓ 'ਚ ਮ੍ਰਿਤਕ ਗੁਲਜ਼ਾਰ ਸਿੰਘ ਦੇ ਤਿੰਨ ਲੜਕੇ ਤੇ ਮ੍ਰਿਤਕ ਦੀ ਪਤਨੀ ਨਜ਼ਰ ਆ ਰਹੀ ਹੈ ਅਤੇ ਹੁਣ ਮ੍ਰਿਤਕ ਦੇ ਪਰਿਵਾਰ ਨੇ ਪ੍ਰਸ਼ਾਸਨ 'ਤੇ ਦਬਾਅ ਪਾ ਕੇ ਸਸਕਾਰ ਕਰਨ ਦੇ ਇਲਜ਼ਾਮ ਲਗਾਏ ਹਨ। ਚੇਤੇ ਰਹੇ ਕਿ ਮਜ਼ਦੂਰ ਗੁਲਜ਼ਾਰ ਸਿੰਘ ਦਾ ਸਖ਼ਤ ਪੁਲੀਸ ਪਹਿਰੇ ਹੇਠ ਸਸਕਾਰ ਹੋਇਆ ਸੀ ਅਤੇ ਸਸਕਾਰ ਮੌਕੇ ਵਿਵਾਦ ਵੀ ਖੜ੍ਹਾ ਹੋ ਗਿਆ ਸੀ।

ਮ੍ਰਿਤਕ ਗੁਲਜ਼ਾਰ ਸਿੰਘ ਦੇ ਪਰਿਵਾਰ ਨੇ ਵੀਡੀਓ 'ਚ ਦਾਅਵਾ ਕੀਤਾ ਕਿ ਪ੍ਰਸ਼ਾਸਨ ਨੇ ਉਨ੍ਹਾਂ 'ਤੇ ਭਾਰੀ ਦਬਾਅ ਬਣਾਇਆ ਜਿਸ ਦੇ ਵਜੋਂ ਉਨ੍ਹਾਂ ਨੂੰ ਸਸਕਾਰ ਕਰਨਾ ਪਿਆ। ਅੱਜ ਪਰਿਵਾਰ ਨੇ ਐਲਾਨ ਕੀਤਾ ਕਿ ਜਿਨ੍ਹਾਂ ਸਮਾਂ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਦਾ, ਉਨ੍ਹਾਂ ਸਮਾਂ ਮ੍ਰਿਤਕ ਮੈਂਬਰ ਦੇ ਨਾ ਫੁੱਲ ਚੁਗੇ ਜਾਣਗੇ ਅਤੇ ਨਾ ਹੀ ਭੋਗ ਸਮਾਗਮ ਕੀਤੇ ਜਾਣਗੇ। ਪਰਿਵਾਰ ਨੇ ਇਹ ਵੀ ਦਾਅਵਾ ਕੀਤਾ ਕਿ ਪ੍ਰਸ਼ਾਸਨ ਨੇ ਪਰਿਵਾਰ ਨੂੰ ਗੁੰਮਰਾਹ ਕਰਕੇ ਧੱਕੇ ਨਾਲ ਸਸਕਾਰ ਕਰਾਇਆ ਹੈ।

ਪਰਿਵਾਰ ਨੇ ਇਨਸਾਫ਼ ਦੀ ਮੰਗ ਕੀਤੀ ਅਤੇ ਪੰਜਾਬ ਦੇ ਲੋਕਾਂ ਤੋਂ ਸਾਥ ਮੰਗਿਆ ਹੈ। ਦੱਸਣਯੋਗ ਹੈ ਕਿ ਸਸਕਾਰ ਵਾਲੇ ਦਿਨ ਮ੍ਰਿਤਕ ਦੇ ਲੜਕੇ ਨੇ ਪੁਲੀਸ ਜਾਂਚ 'ਤੇ ਤਸੱਲੀ ਜ਼ਾਹਿਰ ਕੀਤੀ ਸੀ ਅਤੇ ਕਿਸੇ ਤਰ੍ਹਾਂ ਦਾ ਦਬਾਅ ਨਾ ਹੋਣ ਦੀ ਗੱਲ ਕਹੀ ਸੀ। ਉਸ ਸਮੇਂ ਲੜਕੇ ਨੇ ਪਰਿਵਾਰ ਦੇ ਇੱਕ ਜੀਅ ਨੂੰ ਨੌਕਰੀ ਦੇਣ 'ਤੇ ਸਹਿਮਤੀ ਬਣਨ ਦਾ ਦਾਅਵਾ ਵੀ ਕੀਤਾ ਸੀ।



ਚੇਤੇ ਰਹੇ ਕਿ ਕੁੱਝ ਦਿਨ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਸਮਾਗਮ ਦੌਰਾਨ ਮਜ਼ਦੂਰ ਗੁਲਜ਼ਾਰ ਸਿੰਘ ਨੇ ਪਿੰਡ 'ਚ ਚਿੱਟਾ ਵਿਕਣ ਦੀ ਗੱਲ ਆਖੀ ਸੀ ਜਿਸ ਮਗਰੋਂ ਪੰਚਾਇਤ ਨੇ ਮਜ਼ਦੂਰ ਨੂੰ ਜਨਤਕ ਤੌਰ 'ਤੇ ਮਾਫ਼ੀ ਮੰਗਣ ਲਈ ਦਬਾਅ ਪਾਇਆ। ਇਸੇ ਦੌਰਾਨ ਗੁਲਜ਼ਾਰ ਸਿੰਘ ਜ਼ਹਿਰੀਲੀ ਚੀਜ਼ ਖਾ ਲਈ ਅਤੇ ਅਖੀਰ ਜ਼ਿੰਦਗੀ ਦੀ ਜੰਗ ਹਾਰ ਗਿਆ।

ਸੰਗਰੂਰ ਪੁਲੀਸ ਖ਼ੁਦਕੁਸ਼ੀ ਲਈ ਜ਼ਿੰਮੇਵਾਰ ਪਿੰਡ ਦੀ ਸਰਪੰਚ ਅਤੇ ਹੋਰਨਾਂ 'ਤੇ ਕੇਸ ਦਰਜ ਕਰਕੇ ਗ੍ਰਿਫ਼ਤਾਰ ਵੀ ਕਰ ਲਿਆ ਹੈ। ਅੱਜ ਹੀ ਪਿੰਡ ਤੁਰਬੰਜਾਰਾ 'ਚ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਪਹੁੰਚ ਰਹੇ ਹਨ। ਹਾਲਾਂਕਿ ਦੂਜੇ ਪਾਸੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਪਰਿਵਾਰ ਵੱਲੋਂ ਪ੍ਰਸ਼ਾਸਨ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਹਾਸਲ ਕੀਤਾ ਹੈ। ਹਾਲਾਂਕਿ ਇਸ ਸਬੰਧੀ ਪਰਿਵਾਰ ਦਾ ਕੋਈ ਬਿਆਨ ਸਾਹਮਣੇ ਨਹੀਂ ਆਇਆ ਹੈ।

ਸਿੱਖ ਇਨਫਰਮੇਸ਼ਨ ਦੇ ਸੱਦੇ 'ਤੇ ਕੈਲੀਫੋਰਨੀਆ 'ਚ ਸਦੀ ਦੇ ਮਹਾਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ 'ਤੇ ਯਾਦਗਾਰੀ ਇਕੱਠ

# ਅਮਰੀਕੀ ਕਾਂਗਰਸਮੈਨ ਟੌਮ ਮੈਕਲਿੰਟੌਕ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਪੰਜਾਬ ਦੇ ਲਾਪਤਾ ਲੋਕਾਂ ਲਈ ਕੌਮਾਂਤਰੀ ਇਨਸਾਫ਼ ਦੀ ਗੂੰਜ

- ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸਨਮਾਨ ਵਿੱਚ ਕਰਵਾਏ ਗਏ ਮਨੁੱਖੀ ਅਧਿਕਾਰ ਸਮਾਗਮ
- 'ਹਨੇਰੇ ਨੂੰ ਚੁਣੌਤੀ' (ਚੈਲੇਂਜ ਦ ਡਾਰਕਨੈੱਸ) ਵਿੱਚ ਲਗਭਗ 400 ਲੋਕਾਂ ਨੇ ਸ਼ਿਰਕਤ ਕੀਤੀ









ਲੇਥਰੌਪ, ਕੈਲੀਫੋਰਨੀਆ : ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਵਿਰਾਸਤ ਨੂੰ ਯਾਦ ਕਰਨ ਲਈ ਲੇਥਰੌਪ ਕਮਿਊਨਿਟੀ ਸੈਂਟਰ ਵਿਖੇ ਆਯੋਜਿਤ "ਹਨੇਰੇ ਨੂੰ ਚੁਣੌਤੀ" ਇਕੱਠ ਵਿੱਚ ਲਗਭਗ 350 ਲੋਕ ਸ਼ਾਮਲ ਹੋਏ। ਸਮਾਗਮ ਦੇ ਬੁਲਾਰਿਆਂ ਵਿੱਚ ਨਵਕਿਰਨ ਕੌਰ ਖਾਲੜਾ, ਬਿਸ਼ਪ ਜੋਸ਼ੂਆ ਲਿਕਟਰ, ਕਾਂਗਰਸਮੈਨ ਟੌਮ ਮੈਕਕਲਿੰਟੌਕ, ਡਾ. ਗੁਰਿੰਦਰ ਗਰੇਵਾਲ, ਬੀਬੀ ਪਰਮਜੀਤ ਕੌਰ ਖਾਲੜਾ ਅਤੇ ਕੈਪਟਨ ਨੌਰੀਨ ਸਿੰਘ ਸ਼ਾਮਲ ਸਨ। ਹਰੇਕ ਬੁਲਾਰੇ ਨੇ ਮਨੁੱਖੀ ਅਧਿਕਾਰਾਂ, ਨਿਆਂ, ਸ਼ਹੀਦਾਂ ਦੀ ਯਾਦ ਅਤੇ ਖਾਲੜਾ ਵੱਲੋਂ ਕੀਤੇ ਕਾਰਜਾਂ ਦੀ ਨਿਰੰਤਰ ਮਹੱਤਤਾ 'ਤੇ ਚਾਨਣਾ ਪਾਇਆ।

ਭਾਈ ਖਾਲੜਾ ਨੇ ਆਪਣਾ ਸਮੁੱਚਾ ਜੀਵਨ ਪੰਜਾਬ ਵਿੱਚ ਜ਼ਬਰਦਸਤੀ ਲਾਪਤਾ ਕੀਤੇ ਜਾਣ, ਗੈਰ-ਕਾਨੂੰਨੀ ਹੱਤਿਆਵਾਂ ਅਤੇ ਗੁਪਤ ਸਸਕਾਰਾਂ ਦੇ ਦਸਤਾਵੇਜ਼ ਤਿਆਰ ਕਰਨ ਲਈ ਸਮਰਪਿਤ ਕਰ ਦਿੱਤਾ ਸੀ। ਬੁਲਾਰਿਆਂ ਨੇ ਸੱਚ ਨੂੰ ਸੰਭਾਲਣ, ਪੀੜਤਾਂ ਨੂੰ ਯਾਦ ਰੱਖਣ ਅਤੇ ਉਨ੍ਹਾਂ ਪਰਿਵਾਰਾਂ ਦਾ ਸਮਰਥਨ ਕਰਨ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ ਜੋ ਅੱਜ ਵੀ ਆਪਣੇ ਲਾਪਤਾ ਪਰਿਵਾਰਕ ਜੀਆਂ ਬਾਰੇ ਜਵਾਬ ਮੰਗ ਰਹੇ ਹਨ।

ਹਰਪ੍ਰੀਤ ਕੌਰ ਧੂਤ ਨੇ ਜਸਵੰਤ ਸਿੰਘ ਖਾਲੜਾ ਦੇ ਸਨਮਾਨ ਵਿੱਚ ਇੱਕ ਕਵਿਤਾ ਪੇਸ਼ ਕੀਤੀ। ਕੀਰਤ ਸਿੰਘ ਨੇ ਲਾਪਤਾ ਲੋਕਾਂ ਅਤੇ ਗੁਪਤ ਸਸਕਾਰਾਂ ਰਾਹੀਂ ਸੁਆਹ ਕੀਤੇ ਗਏ ਮ੍ਰਿਤਕਾਂ ਦੀ ਯਾਦ ਵਿੱਚ ਇੱਕ ਗੀਤ ਪੇਸ਼ ਕੀਤਾ। ਰਣਜੀਤ ਸਿੰਘ ਗਿੱਲ ਨੇ ਸੱਚ ਅਤੇ ਨਿਆਂ ਦੀ ਖ਼ਾਤਰ ਦਿੱਤੀਆਂ ਕੁਰਬਾਨੀਆਂ ਨੂੰ ਸਿਜਦਾ ਕਰਦੀ ਕਵਿਤਾ ਸਾਂਝੀ ਕੀਤੀ।

ਇੱਕ ਵਿਸ਼ੇਸ਼ ਪ੍ਰਦਰਸ਼ਨੀ ਰਾਹੀਂ ਭਾਈ ਖਾਲੜਾ ਦੇ ਜੀਵਨ ਨੂੰ ਯਾਦ ਕੀਤਾ ਗਿਆ ਅਤੇ ਲਾਪਤਾ ਲੋਕਾਂ ਦੇ ਦਰਦ ਨੂੰ ਦਰਸਾਇਆ ਗਿਆ। ਇਨ੍ਹਾਂ ਪ੍ਰਦਰਸ਼ਨੀਆਂ ਨੇ ਉਨ੍ਹਾਂ ਪੀੜਤਾਂ ਨੂੰ ਸਤਿਕਾਰ ਭੇਟ ਕੀਤਾ ਜਿਨ੍ਹਾਂ ਦੀ ਪਛਾਣ ਅਤੇ ਹੋਂਦ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਇਸ ਸਮਾਗਮ ਦੇ ਮੁੱਖ ਸੰਦੇਸ਼ ਨੂੰ ਹੋਰ ਦ੍ਰਿੜ੍ਹ ਕੀਤਾ: ਸੱਚ ਕਦੇ ਮਿਟਾਇਆ ਨਹੀਂ ਜਾ ਸਕਦਾ।

ਇਸ ਦੌਰਾਨ ਕਿਤਾਬਾਂ ਦੀ ਇੱਕ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਵਿੱਚ ਭਾਈ ਖਾਲੜਾ ਦੇ ਜੀਵਨ, ਮਨੁੱਖੀ ਅਧਿਕਾਰਾਂ ਅਤੇ ਸੰਬੰਧਿਤ ਇਤਿਹਾਸਕ ਵਿਸ਼ਿਆਂ ਬਾਰੇ ਪੁਸਤਕਾਂ ਸ਼ਾਮਲ ਸਨ। ਹਾਜ਼ਰੀਨ ਨੂੰ ਉਨ੍ਹਾਂ ਦੇ ਕਾਰਜਾਂ ਦਾ ਅਧਿਐਨ ਕਰਨ ਅਤੇ ਸੱਚ, ਨਿਆਂ ਤੇ ਜਵਾਬਦੇਹੀ ਲਈ ਚੱਲ ਰਹੇ ਸੰਘਰਸ਼ ਬਾਰੇ ਹੋਰ ਜਾਣਨ ਲਈ ਪ੍ਰੇਰਿਤ ਕੀਤਾ ਗਿਆ। ਇਸ ਇਕੱਠ ਦੌਰਾਨ ਜੇਨੇਵਾ ਸਥਿਤ ਸੰਯੁਕਤ ਰਾਸ਼ਟਰ ਨਾਲ ਸੰਬੰਧਿਤ ਸੰਸਥਾ 'ਮਾਰ' (MAAR - ਮੂਵਮੈਂਟ ਅਗੇਂਸਟ ਐਟ੍ਰੋਸਿਟੀਜ਼ ਐਂਡ ਰਿਪ੍ਰੈਸ਼ਨ) ਵੱਲੋਂ ਸ਼ੁਰੂ ਕੀਤੀ ਗਈ ਪਟੀਸ਼ਨ ਦਾ ਵੀ ਸਮਰਥਨ ਕੀਤਾ ਗਿਆ, ਜਿਸ ਤਹਿਤ ਜਸਵੰਤ ਸਿੰਘ ਖਾਲੜਾ ਨੂੰ 2028 ਦੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪੁਰਸਕਾਰ (United Nations Human Rights Prize) ਲਈ ਵਿਚਾਰੇ ਜਾਣ ਦੀ ਮੰਗ ਕੀਤੀ ਗਈ ਹੈ।

ਪੰਜਾਬ ਵਿੱਚ 1980ਵਿਆਂ ਅਤੇ 1990ਵਿਆਂ ਦੌਰਾਨ ਮਾਰੇ ਗਏ ਬੇਗੁਨਾਹ ਲਾਪਤਾ ਨੌਜਵਾਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਖ਼ਾਤਰ ਆਪਣੀ ਜਾਨ ਨਿਛਾਵਰ ਕਰਨ ਵਾਲੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਮਰਪਿਤ 'ਜਸਵੰਤ ਸਿੰਘ ਖਾਲੜਾ ਮੈਮੋਰੀਅਲ ਈਵੈਂਟ: ਟ੍ਰਿਬਿਊਟ ਟੂ ਦਿ ਡਿਸਅਪੀਅਰਡ ਆਫ਼ ਪੰਜਾਬ' ਸਮਾਗਮ ਲੇਥਰੋਪ ਕਮਿਊਨਿਟੀ ਸੈਂਟਰ ਵਿਖੇ ਭਾਰੀ ਇਕੱਠ ਨਾਲ ਸੰਪੰਨ ਹੋਇਆ। ਇਸ ਸਮਾਗਮ ਵਿੱਚ ਅਮਰੀਕੀ ਸੰਸਦ ਮੈਂਬਰਾਂ, ਧਾਰਮਿਕ ਆਗੂਆਂ, ਕਾਨੂੰਨੀ ਮਾਹਿਰਾਂ, ਅਮਰੀਕੀ ਹਵਾਈ ਸੈਨਾ ਦੀ ਨੁਮਾਇੰਦਗੀ ਅਤੇ ਖਾਲੜਾ ਪਰਿਵਾਰ ਨੇ ਮਨੁੱਖੀ ਅਧਿਕਾਰਾਂ ਦੇ ਘਾਣ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਦੋਸ਼ੀਆਂ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਕੀਤੀ। ਸਮਾਗਮ ਦੀ ਸ਼ੁਰੂਆਤ ਵਿਸ਼ੇਸ਼ ਇਤਿਹਾਸਕ ਪ੍ਰਦਰਸ਼ਨੀ, ਮੀਟ ਐਂਡ ਗ੍ਰੀਟ ਅਤੇ ਸਨੈਕਸ ਨਾਲ ਹੋਈ, ਜਿਸ ਉਪਰੰਤ ਪੈਨਲ ਚਰਚਾ ਵਿੱਚ ਬੁਲਾਰਿਆਂ ਨੇ ਤੱਥਾਂ ਅਤੇ ਦਸਤਾਵੇਜ਼ਾਂ ਸਹਿਤ ਪੰਜਾਬ ਦੇ ਦੁਖਾਂਤ ਨੂੰ ਦੁਨੀਆ ਸਾਹਮਣੇ ਰੱਖਿਆ। ਸਮਾਗਮ ਦੀ ਸਮਾਪਤੀ 'ਚੈਲੇਂਜ ਦਿ ਡਾਰਕਨੈੱਸ' (ਹਨੇਰੇ ਨੂੰ ਚੁਣੌਤੀ) ਦੇ ਸੁਨੇਹੇ ਅਤੇ ਰਾਤ ਦੇ ਸਵਾਦਿਸ਼ਟ ਖਾਣੇ ਨਾਲ ਹੋਈ।




**ਸਿੱਖਾਂ ਨੂੰ ਆਪਣੇ ਦਰਦ ਦੱਸਣ ਦੀ ਵੀ ਇਜਾਜ਼ਤ ਨਹੀਂ**
**ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵਲੋਂ ਸਿੱਖਾਂ ਦੇ 25000 ਤੋਂ ਵੱਧ ਪੁੱਤ ਜੋ ਲਾਵਿਰਸ ਕਹਿ ਕੇ ਸੜ ਦਿੱਤੇ ਗਏ ਸਨ, ਉਸ 'ਤੇ ਲਿਖੀ ਗਈ ਇਹ ਕਿਤਾਬ Reduced To Ashes (ਰੋ ਰਾਖ ਹੋ ਗਏ) ਨੂੰ ਵੀ ਬੈਨ ਕਰ ਦਿੱਤਾ ਗਿਆ ਸੀ**

**ਅਮਰੀਕੀ ਕਾਂਗਰਸਮੈਨ ਟੌਮ ਮੈਕਲਿੰਟੌਕ ਵੱਲੋਂ ਭਾਰਤ ਸਰਕਾਰ ਨੂੰ ਜਵਾਬਦੇਹੀ ਦੀ ਅਪੀਲ** : ਅਮਰੀਕੀ ਕਾਂਗਰਸ ਦੇ ਮੈਂਬਰ ਟੌਮ ਮੈਕਲਿੰਟੌਕ ਨੇ ਸਮਾਗਮ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਉਹ ਅਮਰੀਕੀ ਸੰਸਦ, ਅਮਰੀਕੀ ਜਨਤਾ ਅਤੇ ਕੌਮਾਂਤਰੀ ਭਾਈਚਾਰੇ ਸਾਹਮਣੇ ਪੰਜਾਬ ਅੰਦਰ ਹੋਈ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਦਾ ਮੁੱਦਾ ਉਠਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅਮਰੀਕੀ ਕਾਂਗਰਸ ਦੇ ਮੈਂਬਰਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਪੱਤਰ ਭੇਜ ਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਸੀ, ਜਿਨ੍ਹਾਂ ਨੂੰ ਪੰਜਾਬ ਪੁਲਿਸ ਵੱਲੋਂ 6 ਸਤੰਬਰ ਨੂੰ ਘਰ ਦੇ ਬਾਹਰੋਂ ਗ਼ੈਰ-ਕਾਨੂੰਨੀ ਢੰਗ ਨਾਲ ਅਗਵਾ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਸ੍ਰੀ ਖਾਲੜਾ ਨੂੰ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਨ੍ਹਾਂ ਨੇ ਸਰਕਾਰੀ ਸ਼ਮਸ਼ਾਨਘਾਟਾਂ ਦੇ ਰਿਕਾਰਡਾਂ ਵਿੱਚੋਂ 25,000 ਤੋਂ ਵੱਧ ਨੌਜਵਾਨਾਂ ਨੂੰ ਗ਼ੈਰ-ਕਾਨੂੰਨੀ ਹਿਰਾਸਤ, ਤਸ਼ੱਦਦ ਅਤੇ 'ਲਾਵਾਰਿਸ' ਕਹਿ ਕੇ ਸਾੜੇ ਜਾਣ ਦਾ ਪਰਦਾਫਾਸ਼ ਕੀਤਾ ਸੀ। ਇਕੱਲੇ ਅੰਮ੍ਰਿਤਸਰ ਮਿਊਂਸੀਪਲ ਕਮੇਟੀ ਦੇ ਰਿਕਾਰਡ ਨੇ ਸਾਬਤ ਕੀਤਾ ਕਿ ਪਰਿਵਾਰਕ ਸਾਂਝ ਵਾਲੇ ਸਮਾਜ ਵਿੱਚ ਇੰਨੀ ਵੱਡੀ ਗਿਣਤੀ ਲਾਸ਼ਾਂ












### ਸਿੱਖ ਇਨਫਰਮੇਸ਼ਨ ਦੇ ਸੱਦੇ ’ਤੇ ਕੈਲੀਫੋਰਨੀਆ ’ਚ ਸਦੀ ਦੇ ਮਹਾਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ’ਤੇ ਯਾਦਗਾਰੀ ਇਕੱਠ

# ਅਮਰੀਕੀ ਕਾਂਗਰਸਮੈਨ ਟੌਮ ਮੈਕਲਿੰਟੌਕ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਪੰਜਾਬ ਦੇ ਲਾਪਤਾ ਲੋਕਾਂ ਲਈ ਕੌਮਾਂਤਰੀ ਇਨਸਾਫ਼ ਦੀ ਗੂੰਜ

- **ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸਨਮਾਨ ਵਿੱਚ ਕਰਵਾਏ ਗਏ ਮਨੁੱਖੀ ਅਧਿਕਾਰ ਸਮਾਗਮ**
- **‘ਹਨੇਰੇ ਨੂੰ ਚੁਣੌਤੀ’ (ਚੈਲੇਂਜ ਦ ਡਾਰਕਨੈੱਸ) ਵਿੱਚ ਲਗਭਗ 400 ਲੋਕਾਂ ਨੇ ਸ਼ਿਰਕਤ ਕੀਤੀ**








ਲਾਵਾਰਿਸ ਹੋਣਾ ਅਸੰਭਵ ਸੀ। ਉਨ੍ਹਾਂ ਪੁਲਿਸ ਵੱਲੋਂ ਦਿੱਤੀ ਧਮਕੀ—‘ਅਸੀਂ 25,000 ਲੋਕ ਗ਼ਾਇਬ ਕਰ ਦਿੱਤੇ ਹਨ; ਸਾਡੇ ਲਈ ਇੱਕ ਹੋਰ ਬੰਦੇ ਨੂੰ ਗ਼ਾਇਬ ਕਰਨਾ ਕੋਈ ਵੱਡੀ ਗੱਲ ਨਹੀਂ’—ਨੂੰ ਸ਼ਕਤੀ ਦੀ ਘਿਨਾਉਣੀ ਦੁਰਵਰਤੋਂ ਕਰਾਰ ਦਿੱਤਾ। ਐਮਨੈਸਟੀ ਇੰਟਰਨੈਸ਼ਨਲ ਦੀਆਂ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਜ਼ੋਰ ਦਿੱਤਾ ਕਿ ਲੋਕਤੰਤਰ ਸਿਰਫ਼ ਕਹਿਣ ਨਾਲ ਨਹੀਂ, ਬਲਕਿ ਨਿਆਂ ਅਤੇ ਜਵਾਬਦੇਹੀ ਨਾਲ ਕਾਇਮ ਹੁੰਦਾ ਹੈ।

**ਬਿਸ਼ਪ ਜੋਸ਼ੂਆ ਲਿਕਟਰ ਵੱਲੋਂ ਏਕਤਾ ਅਤੇ ਇਨਸਾਫ਼ ਦਾ ਸੱਦਾ :** ‘ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ’ ਨਾਲ ਸੰਬੋਧਨ ਦੀ ਸ਼ੁਰੂਆਤ ਕਰਦਿਆਂ ਐਂਗਲੀਕਨ ਬਿਸ਼ਪ ਜੋਸ਼ੂਆ ਲਿਕਟਰ (ਅਸੈਂਬਲੀ ਫਾਰ ਹਿਊਮਨ ਰਾਈਟਸ) ਨੇ ਕਿਹਾ ਕਿ ਜਦੋਂ ਕਿਸੇ ਸਮਾਜ ’ਤੇ ਜ਼ੁਲਮ ਹੁੰਦਾ ਹੈ ਤਾਂ ਇਹ ਸਮੁੱਚੀ ਇਨਸਾਨੀਅਤ ’ਤੇ ਹਮਲਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਸਿਰਫ਼ ਸਿੱਖਾਂ ਦੇ ਹੀ ਨਹੀਂ, ਸਗੋਂ ਸਮੁੱਚੀ ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਅਤੇ ਨਿਆਂ ਦੇ ਪ੍ਰਤੀਕ ਹਨ।

ਉਨ੍ਹਾਂ ਭਾਈ ਖਾਲੜਾ ਦੇ ਮਸ਼ਹੂਰ ਕਥਨ—‘ਜਦੋਂ ਹਨੇਰੇ ਨੇ ਸੂਰਜ ਨੂੰ ਚੁਣੌਤੀ ਦਿੱਤੀ ਤਾਂ ਇੱਕ ਛੋਟੇ ਦੀਵੇ ਨੇ ਕਿਹਾ ਕਿ ਮੈਂ ਹਨੇਰੇ ਦੇ ਖ਼ਿਲਾਫ਼ ਲੜਾਂਗਾ’—ਨੂੰ ਦੁਹਰਾਉਂਦਿਆਂ ਕਿਹਾ ਕਿ ਸੱਚ ਕਦੇ ਨਹੀਂ ਮਰਦਾ।

ਬਿਸ਼ਪ ਲਿਕਟਰ ਨੇ ਵਿਸ਼ਵ ਭਰ ਦੀਆਂ ਸਰਕਾਰਾਂ ਅਤੇ ਕੌਮਾਂਤਰੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ 1984 ਅਤੇ ਉਸ ਤੋਂ ਬਾਅਦ ਪੰਜਾਬ ਵਿੱਚ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਮਾਨਤਾ ਦੇਣ। ਉਨ੍ਹਾਂ ਸਮੂਹ ਧਰਮਾਂ ਨੂੰ ਸਰਬੱਤ ਦੇ ਭਲੇ ਦੇ ਸੰਕਲਪ ਤਹਿਤ ਜ਼ੁਲਮ ਵਿਰੁੱਧ ਇਕੱਠੇ ਹੋਣ ਦਾ ਹੋਕਾ ਦਿੱਤਾ।

**ਬੀਬੀ ਪਰਮਜੀਤ ਕੌਰ ਖਾਲੜਾ ਅਤੇ ਬੀਬੀ ਨਵਕਿਰਨ ਕੌਰ ਖਾਲੜਾ ਵੱਲੋਂ ਸੰਘਰਸ਼ ਦਾ ਬਿਆਨ :** ਸ਼ਹੀਦ ਖਾਲੜਾ ਦੇ ਜੀਵਨ ਸਾਥੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਸੰਗਤ ਨੂੰ ਦੱਸਿਆ ਕਿ ਕਿਵੇਂ ਭਾਈ ਖਾਲੜਾ ਨੇ ਦੁਰਗਿਆਣਾ ਮੰਦਰ, ਤਰਨ ਤਾਰਨ ਅਤੇ ਪੱਟੀ ਦੇ ਸ਼ਮਸ਼ਾਨਘਾਟਾਂ ਤੋਂ ਲੱਕੜਾਂ ਦੀ ਖ਼ਰੀਦ ਅਤੇ ਰਸੀਦਾਂ ਦਾ ਸਰਕਾਰੀ ਰਿਕਾਰਡ ਇਕੱਠਾ ਕਰਕੇ ਝੂਠੇ ਮੁਕਾਬਲਿਆਂ ਦਾ ਦਸਤਾਵੇਜ਼ੀ ਸਬੂਤ ਜੁਟਾਇਆ ਸੀ। ਉਨ੍ਹਾਂ ਦੱਸਿਆ ਕਿ ਧਮਕੀਆਂ ਦੇ ਬਾਵਜੂਦ ਉਹ ਪਿੱਛੇ ਨਹੀਂ ਹਟੇ। ਅਦਾਲਤੀ ਕਾਰਵਾਈਆਂ ’ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਿਰਫ਼ ਕੁਝ ਹੇਠਲੇ ਪੱਧਰ ਦੇ ਪੁਲਿਸ ਮੁਲਾਜ਼ਮਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ, ਜਦਕਿ ਹੁਕਮ ਦੇਣ ਵਾਲੇ ਵੱਡੇ ਅਧਿਕਾਰੀ ਅਤੇ ਸਿਆਸਤਦਾਨ ਸਰਕਾਰੀ ਸਰਪ੍ਰਸਤੀ ਹੇਠ ਆਜ਼ਾਦ ਘੁੰਮਦੇ ਰਹੇ। ਉਨ੍ਹਾਂ ਹਜ਼ਾਰਾਂ ਬੇਵੱਸ ਮਾਵਾਂ-ਭੈਣਾਂ ਦੇ ਦਰਦ ਨੂੰ ਸਾਂਝਾ ਕੀਤਾ ਜੋ ਅੱਜ ਵੀ ਆਪਣੇ ਲਾਪਤਾ ਪੁੱਤਾਂ ਦੀ ਉਡੀਕ ਕਰ ਰਹੀਆਂ ਹਨ।

ਸ਼ਹੀਦ ਖਾਲੜਾ ਦੀ ਸਪੁੱਤਰੀ ਅਤੇ ਮਨੁੱਖੀ ਅਧਿਕਾਰ ਕਾਰਕੁਨ ਬੀਬੀ ਨਵਕਿਰਨ ਕੌਰ ਖਾਲੜਾ ਨੇ ਪਰਿਵਾਰ ਉੱਤੇ ਢਾਹੇ ਗਏ ਤਸ਼ੱਦਦ ਅਤੇ 6 ਸਤੰਬਰ 1995 ਨੂੰ ਹੋਏ ਅਗਵਾ ਦੀ ਵਿੱਥਿਆ ਸਾਂਝੀ ਕੀਤੀ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਜਦੋਂ ਤੱਕ ਨਵੀਂ ਪੀੜ੍ਹੀ ਆਪਣੇ ਸ਼ਹੀਦਾਂ ਦੇ ਸੰਘਰਸ਼ ਨੂੰ ਚੇਤੇ ਰੱਖੇਗੀ ਅਤੇ ਸੱਚ ਲਈ ਆਵਾਜ਼ ਬੁਲੰਦ ਕਰੇਗੀ, ਸ਼ਹੀਦ ਜਸਵੰਤ ਸਿੰਘ ਖਾਲੜਾ ਦਾ ਜਗਾਇਆ ਦੀਵਾ ਕਦੇ ਨਹੀਂ ਬੁੱਝੇਗਾ।

**ਐਡਵੋਕੇਟ ਬ੍ਰਿਜਿੰਦਰ ਸਿੰਘ ਸੋਢੀ (ਖਾਲੜਾ ਕੇਸ ਵਕੀਲ) ਦਾ ਵਿਸਥਾਰਤ ਅਤੇ ਦਮਦਾਰ ਸੰਬੋਧਨ :** ਖਾਲੜਾ ਕੇਸ ਨੂੰ ਕਾਨੂੰਨੀ ਮੰਚਾਂ ’ਤੇ ਪੂਰੀ ਦ੍ਰਿੜ੍ਹਤਾ ਨਾਲ ਲੜਨ ਵਾਲੇ ਉੱਘੇ ਵਕੀਲ ਐਡਵੋਕੇਟ ਬ੍ਰਿਜਿੰਦਰ ਸਿੰਘ ਸੋਢੀ (Adv. Brijinder Singh Sodhi, Khalra Case Lawyer) ਨੇ ਸਮਾਗਮ ਵਿੱਚ ਬਤੌਰ ਮਾਣਯੋਗ ਮਹਿਮਾਨ (Honorary Guest) ਸੰਬੋਧਨ ਕਰਦਿਆਂ ਪੰਜਾਬ ਦੇ ਕਾਨੂੰਨੀ ਇਤਿਹਾਸ, ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਅਦਾਲਤੀ ਜੱਦੋ-ਜਹਿਦ ਦੇ ਹਰ ਪਹਿਲੂ ਨੂੰ ਬੇਹੱਦ ਗੰਭੀਰਤਾ ਨਾਲ ਸੰਗਤਾਂ ਸਾਹਮਣੇ ਰੱਖਿਆ:

**ਮਨੁੱਖੀ ਅਧਿਕਾਰਾਂ ਦਾ ਘੋਰ ਘਾਣ ਅਤੇ ਕਾਨੂੰਨ ਦੇ ਰਾਜ ਦੀਆਂ ਧੱਜੀਆਂ:** ਐਡਵੋਕੇਟ ਸੋਢੀ ਨੇ ਦੱਸਿਆ ਕਿ 1980ਵਿਆਂ ਅਤੇ 1990ਵਿਆਂ ਦੌਰਾਨ ਪੰਜਾਬ ਵਿੱਚ ਕਾਨੂੰਨੀ ਵਿਵਸਥਾ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਗਿਆ ਸੀ। ਕਾਨੂੰਨ ਦੇ ਰਾਜ ਦੀਆਂ ਧੱਜੀਆਂ ਉਡਾਉਂਦਿਆਂ ਬੇਗੁਨਾਹ ਨੌਜਵਾਨਾਂ ਨੂੰ ਘਰਾਂ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਚੁੱਕ ਕੇ ਮਾਰਿਆ ਗਿਆ ਅਤੇ ਕਾਨੂੰਨੀ ਪ੍ਰਕਿਰਿਆਵਾਂ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕਰ ਦਿੱਤਾ ਗਿਆ।

**ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਨਿਡਰ ਜਾਂਚ:** ਉਨ੍ਹਾਂ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਦੀ ਜਾਂਚ ਇੱਕ ਅਜਿਹਾ ਇਤਿਹਾਸਕ ਕਦਮ ਸੀ ਜਿਸ ਨੇ ਭਾਰਤੀ ਹਕੂਮਤ ਦੇ ਝੂਠ ਨੂੰ ਬੇਨਕਾਬ ਕੀਤਾ। ਭਾਈ ਖਾਲੜਾ ਨੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਸਰਕਾਰੀ ਸ਼ਮਸ਼ਾਨਘਾਟਾਂ ਦੇ ਰਿਕਾਰਡਾਂ, ਲੱਕੜਾਂ ਦੀਆਂ ਰਸੀਦਾਂ ਅਤੇ ਮਿਊਂਸੀਪਲ ਦਸਤਾਵੇਜ਼ਾਂ ਵਿੱਚੋਂ ਉਹ ਠੋਸ ਦਸਤਾਵੇਜ਼ੀ ਸਬੂਤ ਇਕੱਠੇ ਕੀਤੇ, ਜਿਨ੍ਹਾਂ ਨੇ ਅਦਾਲਤਾਂ ਅਤੇ ਸੰਸਾਰ ਸਾਹਮਣੇ ਸਾਬਤ ਕੀਤਾ ਕਿ ਹਜ਼ਾਰਾਂ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰ ਕੇ ‘ਅਣਪਛਾਤੀਆਂ ਲਾਸ਼ਾਂ’ ਕਹਿ ਕੇ ਸਾੜ ਦਿੱਤਾ ਗਿਆ ਸੀ।

**ਅਦਾਲਤੀ ਲੜਾਈਆਂ ਅਤੇ ਅਧੂਰਾ ਇਨਸਾਫ਼:** ਇੱਕ ਵਕੀਲ ਵਜੋਂ ਆਪਣੇ ਤਜਰਬੇ ਸਾਂਝੇ ਕਰਦਿਆਂ ਉਨ੍ਹਾਂ ਅਦਾਲਤਾਂ ਅੰਦਰ ਲੜੀਆਂ ਗਈਆਂ ਲੰਮੀਆਂ ਕਾਨੂੰਨੀ ਲੜਾਈਆਂ, ਜਾਂਚ ਏਜੰਸੀਆਂ ਦੀਆਂ ਕਮਜ਼ੋਰੀਆਂ ਅਤੇ ਪੀੜਤ ਪਰਿਵਾਰਾਂ ਵੱਲੋਂ ਝੱਲੇ ਗਏ ਅਸਹਿ ਦਰਦ ਦੀ ਵਿੱਥਿਆ ਬਿਆਨ ਕੀਤੀ। ਉਨ੍ਹਾਂ ਸਪੱਸ਼ਟ ਕਿਹਾ ਕਿ ਭਾਵੇਂ ਕਈ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੇਸ ਚੱਲੇ ਅਤੇ ਕੁਝ ਹੇਠਲੇ ਮੁਲਾਜ਼ਮਾਂ ਨੂੰ ਸਜ਼ਾਵਾਂ ਵੀ ਹੋਈਆਂ, ਪਰ ਸਮੁੱਚੇ ਤੌਰ ’ਤੇ ਪੀੜਤ ਪਰਿਵਾਰਾਂ ਨੂੰ ਅੱਜ ਤੱਕ ਮੁਕੰਮਲ ਇਨਸਾਫ਼ ਨਹੀਂ ਮਿਲ ਸਕਿਆ ਕਿਉਂਕਿ ਵੱਡੇ ਸਾਜ਼ਿਸ਼ਘਾੜੇ ਕਾਨੂੰਨ ਦੀ ਗ੍ਰਿਫ਼ਤ ਤੋਂ ਬਾਹਰ ਰਹੇ।

**ਦਸਤਾਵੇਜ਼ੀਕਰਨ ਅਤੇ ਇਤਿਹਾਸ ਦੀ ਸਾਂਭ-ਸੰਭਾਲ ਦੀ ਸਖ਼ਤ ਲੋੜ:** ਐਡਵੋਕੇਟ ਸੋਢੀ ਨੇ ਖ਼ਾਸ ਤੌਰ ’ਤੇ ਜ਼ੋਰ ਦਿੱਤਾ ਕਿ ਆਉਣ ਵਾਲੀਆਂ ਨਸਲਾਂ ਲਈ ਇਨ੍ਹਾਂ ਸਾਰੇ ਤੱਥਾਂ, ਸਬੂਤਾਂ ਅਤੇ ਦਸਤਾਵੇਜ਼ਾਂ ਨੂੰ ਸੰਭਾਲਣਾ ਅਤਿਅੰਤ ਲਾਜ਼ਮੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਸੀਂ ਆਪਣੇ ਸ਼ਹੀਦਾਂ ਅਤੇ ਉਨ੍ਹਾਂ ਦੇ ਸੰਘਰਸ਼ ਨੂੰ ਤੱਥਾਂ ਸਮੇਤ ਦਸਤਾਵੇਜ਼ੀ ਰੂਪ ਵਿੱਚ ਨਾ ਸਾਂਭਿਆ, ਤਾਂ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲੀਆਂ ਤਾਕਤਾਂ ਸੱਚ ਨੂੰ ਦਬਾ ਦੇਣਗੀਆਂ।

**ਕੌਮ ਅਤੇ ਸੰਗਤ ਨੂੰ ਇੱਕਜੁੱਟਤਾ ਦਾ ਸੱਦਾ:** ਉਨ੍ਹਾਂ ਸਮੂਹ ਸਿੱਖ ਸੰਗਤ ਅਤੇ ਸੰਸਾਰ ਭਰ ਦੇ ਇਨਸਾਫ਼-ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਮਤਭੇਦ ਭੁਲਾ ਕੇ ਇੱਕਜੁੱਟ ਰਹਿਣ, ਮਨੁੱਖੀ ਹੱਕਾਂ ਦੀ ਰਾਖੀ ਲਈ ਜਾਗਰੂਕ ਹੋਣ ਅਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ ਜਗਾਈ ਗਈ ਸੱਚ ਦੀ ਮਸ਼ਾਲ ਨੂੰ ਕਦੇ ਬੁਝਣ ਨਾ ਦੇਣ।

**ਕੈਪਟਨ ਨੌਰੀਨ ਸਿੰਘ ਵੱਲੋਂ ਨੌਜਵਾਨ ਪੀੜ੍ਹੀ ਨੂੰ ਪ੍ਰੇਰਨਾ**

ਅਮਰੀਕੀ ਫੌਜ ਦੀ ਅਧਿਕਾਰੀ ਕੈਪਟਨ ਨੌਰੀਨ ਸਿੰਘ ਨੇ ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਇੱਕ ਸਿੱਖ ਵਜੋਂ ਵਰਦੀ ਪਹਿਨ ਕੇ ਸੇਵਾ ਕਰਨਾ ਅਤੇ ਅਨਿਆਂ ਖ਼ਿਲਾਫ਼ ਖੜ੍ਹਨਾ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਵਿਰਸੇ ਵਿੱਚ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਵੱਡੇ-ਵੱਡੇ ਲੋਕ ਖ਼ਾਮੋਸ਼ ਹੋ ਗਏ ਸਨ, ਉਸ ਵੇਲੇ ਭਾਈ ਖਾਲੜਾ ਨੇ ਸੱਚ ਦੀ ਮਸ਼ਾਲ ਜਲਾਈ। ਉਨ੍ਹਾਂ ਨੌਜਵਾਨ ਲੜਕੇ-ਲੜਕੀਆਂ ਨੂੰ ਆਪਣੇ ਇਤਿਹਾਸ ਅਤੇ ਪਛਾਣ ’ਤੇ ਮਾਣ ਕਰਨ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹਮੇਸ਼ਾ ਮੋਹਰੀ ਹੋ ਕੇ ਖੜ੍ਹਨ ਦੀ ਅਪੀਲ ਕੀਤੀ।

ਸਮਾਗਮ ਵਿੱਚ ਡਾ. ਗੁਰਿੰਦਰ ਸਿੰਘ ਗਰੇਵਾਲ (ਸੰਸਥਾਪਕ, ਸਿੱਖ ਐਡਵੋਕੇਸੀ ਇੰਸਟੀਚਿਊਟ) ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਸਮੂਹ ਬੁਲਾਰਿਆਂ ਨੇ ਇੱਕਸੁਰ ਹੋ ਕੇ ਸੰਸਾਰ ਭਰ ਦੇ ਇਨਸਾਫ਼-ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ ਜਗਾਈ ਗਈ ਸੱਚ ਦੀ ਮਸ਼ਾਲ ਨੂੰ ਬੁਝਣ ਨਾ ਦਿੱਤਾ ਜਾਵੇ ਅਤੇ ਲਾਪਤਾ ਲੋਕਾਂ ਲਈ ਕੌਮਾਂਤਰੀ ਪੱਧਰ ’ਤੇ ਨਿਆਂ ਦੀ ਮੰਗ ਜਾਰੀ ਰੱਖੀ ਜਾਵੇ।













**ਜਦੋਂ ਇਤਿਹਾਸ ਦੇ ਹੰਝੂ ਸੁਨੇਹਾ ਬਣ ਗਏ**

ਕੁਝ ਤਾਰੀਖ਼ਾਂ ਕੈਲੰਡਰ ਦੇ ਪੰਨਿਆਂ ਉੱਤੇ ਸਿਰਫ਼ ਅੰਕੜੇ ਬਣ ਕੇ ਨਹੀਂ ਰਹਿੰਦੀਆਂ, ਸਗੋਂ ਸਮੁੱਚੀ ਮਨੁੱਖਤਾ ਦੇ ਸੀਨੇ 'ਤੇ ਇੱਕ ਅਮਿੱਟ ਜ਼ਖ਼ਮ ਵਾਂਗ ਉੱਕਰੀਆਂ ਜਾਂਦੀਆਂ ਹਨ। 11 ਸਤੰਬਰ 2001 ਦੀ ਉਹ ਸਵੇਰ ਅਜਿਹਾ ਹੀ ਇੱਕ ਮਨਹੂਸ ਮੋੜ ਸੀ, ਜਿਸ ਨੇ ਖਿੜਖਿੜਾਉਂਦੀ ਧੁੱਪ ਨੂੰ ਜ਼ਹਿਰੀਲੇ ਬਾਰੂਦ, ਧੂੰਏਂ ਅਤੇ ਚੀਕ-ਚਿਹਾੜੇ ਵਿੱਚ ਬਦਲ ਦਿੱਤਾ। ਮਹਿਜ਼ ਕੁਝ ਘੰਟਿਆਂ ਅੰਦਰ ਨਿਊਯਾਰਕ ਦੇ ਅਸਮਾਨ ਨੂੰ ਛੂੰਹਦੇ ਬੁਰਜ ਮਲਬੇ ਦਾ ਢੇਰ ਬਣ ਗਏ ਅਤੇ 2,977 ਮਾਸੂਮ ਰੂਹਾਂ ਕੱਟੜਤਾ ਦੀ ਅੰਨ੍ਹੀ ਭੇਟ ਚੜ੍ਹ ਗਈਆਂ। ਉਸ ਦਿਨ ਸਿਰਫ਼ ਇੱਟਾਂ-ਗਾਰੇ ਦੇ ਢਾਂਚੇ ਹੀ ਜ਼ਮੀਨਦੋਜ਼ ਨਹੀਂ ਹੋਏ ਸਨ, ਸਗੋਂ ਸਮੁੱਚੀ ਦੁਨੀਆ ਦੀ ਸੁਰੱਖਿਆ, ਸਿਆਸਤ ਅਤੇ ਮਨੁੱਖੀ ਆਜ਼ਾਦੀ ਦੇ ਬੁਨਿਆਦੀ ਸੰਕਲਪ ਵੀ ਸਦਾ ਲਈ ਤਬਦੀਲ ਹੋ ਗਏ। ਇਸ ਵਹਿਸ਼ੀਆਨਾ ਕਾਰੇ ਨੇ ਜਿੱਥੇ ਆਲਮੀ ਜੰਗਾਂ ਦੇ ਦਰਵਾਜ਼ੇ ਖੋਲ੍ਹੇ, ਉੱਥੇ ਹੀ ਨਫ਼ਰਤ ਅਤੇ ਅਗਿਆਨਤਾ ਦੀ ਅਜਿਹੀ ਲਹਿਰ ਚਲਾਈ ਜਿਸ ਦਾ ਸਭ ਤੋਂ ਦਰਦਨਾਕ ਸੇਕ ਸਾਡੇ ਆਪਣੇ ਸਿੱਖ ਭਾਈਚਾਰੇ ਨੇ ਝੱਲਿਆ। ਸਰਬੱਤ ਦੇ ਭਲੇ ਦੀ ਅਰਦਾਸ ਕਰਨ ਵਾਲੀ ਦਸਤਾਰ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ ਗਿਆ ਅਤੇ ਸ. ਬਲਬੀਰ ਸਿੰਘ ਸੋਢੀ ਵਰਗੇ ਨੇਕ ਇਨਸਾਨ ਨਫ਼ਰਤੀ ਹਿੰਸਾ ਦਾ ਸ਼ਿਕਾਰ ਹੋਏ। ਅੱਜ ਵਰ੍ਹਿਆਂ ਬਾਅਦ ਵੀ, ਗਰਾਊਂਡ ਜ਼ੀਰੋ ਦੇ ਖ਼ਾਮੋਸ਼ ਝਰਨੇ ਅਤੇ ਅਸਮਾਨ ਵੱਲ ਵਧਦੀਆਂ ਨੀਲੀਆਂ ਰੌਸ਼ਨੀਆਂ ਸਾਨੂੰ ਇਹ ਚੇਤਾ ਕਰਵਾਉਂਦੀਆਂ ਹਨ ਕਿ ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ, ਪਰ ਇਸ ਦਾ ਹਰਜਾਨਾ ਸਿਰਫ਼ ਤੇ ਸਿਰਫ਼ ਨਿਹੱਥੀ ਮਾਨਵਤਾ ਭਰਦੀ ਹੈ। ਅਦਾਰਾ 'ਸਾਡੇ ਲੋਕ' ਵੱਲੋਂ ਪੇਸ਼ ਕੀਤਾ ਜਾ ਰਿਹਾ ਇਹ ਵਿਸ਼ੇਸ਼ ਇਤਿਹਾਸਕ ਦਸਤਾਵੇਜ਼ ਸਿਰਫ਼ ਅਤੀਤ ਦੀਆਂ ਘਟਨਾਵਾਂ ਦਾ ਲੇਖਾ-ਜੋਖਾ ਨਹੀਂ, ਸਗੋਂ ਕੁਰਬਾਨ ਹੋਈਆਂ ਬੇਕਸੂਰ ਜਾਨਾਂ, ਬਚਾਅ ਕਾਰਜਾਂ ਵਿੱਚ ਜਾਨ ਵਾਰਨ ਵਾਲੇ ਸੂਰਬੀਰਾਂ ਅਤੇ ਅਮਨ ਦੀ ਰਾਖੀ ਲਈ ਜੂਝ ਰਹੇ ਹਰ ਦਰਦਮੰਦ ਇਨਸਾਨ ਨੂੰ ਇੱਕ ਨਿਮਾਣੀ ਸ਼ਰਧਾਂਜਲੀ ਹੈ। ਆਓ, ਇਸ ਲੇਖ ਰਾਹੀਂ ਅਤੀਤ ਦੇ ਉਸ ਕਾਲੇ ਦੌਰ ਵਿੱਚੋਂ ਗੁਜ਼ਰੀਏ ਅਤੇ ਪ੍ਰਣ ਕਰੀਏ ਕਿ ਨਫ਼ਰਤ ਦੇ ਖ਼ਿਲਾਫ਼ ਜਾਗਰੂਕਤਾ, ਏਕਤਾ ਅਤੇ ਸਰਬ-ਸਾਂਝੀਵਾਲਤਾ ਦੀ ਮਸ਼ਾਲ ਨੂੰ ਕਦੇ ਬੁਝਣ ਨਹੀਂ ਦੇਵਾਂਗੇ। —ਸਤਨਾਮ ਸਿੰਘ ਖਾਲਸਾ, ਅਦਾਰਾ 'ਸਾਡੇ ਲੋਕ'

## 11 ਸਤੰਬਰ (9/11)

# ਉਹ ਮਨਹੂਸ ਦਿਨ ਜਿਸ ਨੇ ਦੁਨੀਆ ਦਾ ਭੂਗੋਲ, ਸੁਰੱਖਿਆ ਅਤੇ ਸੋਚ ਸਦਾ ਲਈ ਬਦਲ ਦਿੱਤੀ

11 ਸਤੰਬਰ 2001 ਦੀ ਸਵੇਰ ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਇੱਕ ਅਜਿਹਾ ਖ਼ੂਨੀ ਮੋੜ ਸਾਬਤ ਹੋਈ, ਜਿਸ ਨੇ ਨਾ ਸਿਰਫ਼ ਅਮਰੀਕਾ ਦੇ ਗੌਰਵਮਈ ਅਕਾਸ਼ ਨੂੰ ਧੂੰਏਂ ਦੇ ਗੁਬਾਰ ਵਿੱਚ ਬਦਲ ਦਿੱਤਾ, ਸਗੋਂ ਸਮੁੱਚੇ ਵਿਸ਼ਵ ਦੀ ਭੂ-ਰਾਜਨੀਤੀ, ਸੁਰੱਖਿਆ ਪ੍ਰਣਾਲੀ ਅਤੇ ਸਮਾਜਿਕ ਤਾਣੇ-ਬਾਣੇ ਨੂੰ ਹਿਲਾ ਕੇ ਰੱਖ ਦਿੱਤਾ। ਅਲ-ਕਾਇਦਾ ਦੇ 19 ਕੱਟੜਪੰਥੀ ਦਹਿਸ਼ਤਗਰਦਾਂ ਵੱਲੋਂ ਅੰਜਾਮ ਦਿੱਤੇ ਗਏ ਇਸ ਵਹਿਸ਼ੀਆਨਾ ਕਾਰੇ ਨੇ ਇਹ ਸਾਬਤ ਕਰ ਦਿੱਤਾ ਕਿ ਨਫ਼ਰਤ ਅਤੇ ਕੱਟੜਤਾ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇਹ ਹਮਲਾ ਸਿਰਫ਼ ਇਮਾਰਤਾਂ 'ਤੇ ਨਹੀਂ, ਸਗੋਂ ਮਨੁੱਖੀ ਆਜ਼ਾਦੀ ਅਤੇ ਅਮਨ-ਚੈਨ 'ਤੇ ਸਿੱਧਾ ਹਮਲਾ ਸੀ।

**ਉਸ ਦਿਨ ਦਾ ਪਲ-ਪਲ ਦਾ ਘਟਨਾਕ੍ਰਮ**

ਮੰਗਲਵਾਰ ਦੀ ਸਵੇਰ ਚਾਰ ਵਪਾਰਕ ਯਾਤਰੀ ਜਹਾਜ਼ਾਂ ਨੂੰ ਹਥਿਆਰ ਵਜੋਂ ਵਰਤਣ ਦੀ ਅਣਕਿਆਸੀ ਸਾਜ਼ਿਸ਼ ਰਚੀ ਗਈ:

**ਸਵੇਰੇ 8:46 ਵਜੇ (ਫਲਾਈਟ 11):** ਅਮੈਰੀਕਨ ਏਅਰਲਾਈਨਜ਼ ਦਾ ਬੋਇੰਗ 767 ਜਹਾਜ਼ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਦੇ ਨੌਰਥ ਟਾਵਰ (93ਵੇਂ ਤੋਂ 99ਵੇਂ ਫ਼ਲੋਰ) ਨਾਲ ਟਕਰਾਇਆ।

**ਸਵੇਰੇ 9:03 ਵਜੇ (ਫਲਾਈਟ 175):** ਯੂਨਾਈਟਿਡ ਏਅਰਲਾਈਨਜ਼ ਦਾ ਦੂਜਾ ਜਹਾਜ਼ ਲਾਈਵ ਟੀਵੀ ਕੈਮਰਿਆਂ ਦੇ ਸਾਹਮਣੇ ਸਾਊਥ ਟਾਵਰ (77ਵੇਂ ਤੋਂ 85ਵੇਂ ਫ਼ਲੋਰ) ਵਿੱਚ ਜਾ ਵੜਿਆ। ਦੁਨੀਆ ਸਮਝ ਗਈ ਕਿ ਇਹ ਕੋਈ ਹਾਦਸਾ ਨਹੀਂ, ਸਗੋਂ ਸੋਚਿਆ-ਸਮਝਿਆ ਜੰਗੀ ਹਮਲਾ ਹੈ।

**ਸਵੇਰੇ 9:37 ਵਜੇ (ਫਲਾਈਟ 77):** ਅਮੈਰੀਕਨ ਏਅਰਲਾਈਨਜ਼ ਦਾ ਜਹਾਜ਼ ਅਮਰੀਕੀ ਰੱਖਿਆ ਦੇ ਸਭ ਤੋਂ ਮਜ਼ਬੂਤ ਕਿਲ੍ਹੇ, ਪੈਂਟਾਗਨ (ਅਰਲਿੰਗਟਨ, ਵਰਜੀਨੀਆ) ਦੀ ਇਮਾਰਤ ਨਾਲ ਟਕਰਾਇਆ।

**ਸਵੇਰੇ 9:59 ਵਜੇ:** ਮਹਿਜ਼ 56 ਮਿੰਟਾਂ ਦੇ ਅੰਦਰ 110 ਮੰਜ਼ਿਲਾ ਸਾਊਥ ਟਾਵਰ ਤਾਸ਼ ਦੇ ਪੱਤਿਆਂ ਵਾਂਗ ਜ਼ਮੀਨਦੋਜ਼ ਹੋ ਗਿਆ।

**ਸਵੇਰੇ 10:03 ਵਜੇ (ਫਲਾਈਟ 93):** ਯੂਨਾਈਟਿਡ ਏਅਰਲਾਈਨਜ਼ ਦਾ ਚੌਥਾ ਜਹਾਜ਼ ਪੈਨਸਿਲਵੇਨੀਆ ਦੇ ਸ਼ੈਂਕਸਵਿਲੇ ਨੇੜੇ ਇੱਕ ਖੇਤ ਵਿੱਚ ਹਾਦਸਾਗ੍ਰਸਤ ਹੋਇਆ। ਇਸ ਜਹਾਜ਼ ਦੇ ਬਹਾਦਰ ਯਾਤਰੀਆਂ ਨੇ "Let's Roll" ਦੇ ਨਾਅਰੇ ਨਾਲ ਅੱਤਵਾਦੀਆਂ ਨਾਲ ਸਿੱਧਾ ਟਾਕਰਾ ਕੀਤਾ ਅਤੇ ਵਾਸ਼ਿੰਗਟਨ ਡੀ.ਸੀ. (ਕੈਪੀਟਲ ਹਿੱਲ ਜਾਂ ਵ੍ਹਾਈਟ ਹਾਊਸ) ਨੂੰ ਇੱਕ ਵੱਡੀ ਤਬਾਹੀ ਤੋਂ ਬਚਾ ਲਿਆ।

**ਸਵੇਰੇ 10:28 ਵਜੇ:** ਨੌਰਥ ਟਾਵਰ ਢਹਿ-ਢੇਰੀ ਹੋ ਗਿਆ। ਪੂਰਾ ਲੋਅਰ ਮੈਨਹੈਟਨ ਜ਼ਹਿਰੀਲੇ ਧੂੜ ਅਤੇ ਸੁਆਹ ਦੇ ਸਮੁੰਦਰ ਵਿੱਚ ਤਬਦੀਲ ਹੋ ਗਿਆ।

ਇਨ੍ਹਾਂ ਹਮਲਿਆਂ ਵਿੱਚ ਕੁੱਲ 2,977 ਬੇਕਸੂਰ ਲੋਕਾਂ ਨੇ ਜਾਨਾਂ ਗੁਆਈਆਂ (ਜਿਨ੍ਹਾਂ ਵਿੱਚ 90 ਤੋਂ ਵੱਧ ਦੇਸ਼ਾਂ ਦੇ ਨਾਗਰਿਕ ਸ਼ਾਮਲ ਸਨ), ਜਿਸ ਵਿੱਚ 343 ਫਾਇਰਫਾਈਟਰ ਅਤੇ 71 ਪੁਲਿਸ ਅਧਿਕਾਰੀ ਸ਼ਾਮਲ ਸਨ ਜੋ ਦੂਜਿਆਂ ਨੂੰ ਬਚਾਉਂਦੇ ਹੋਏ ਸ਼ਹੀਦ ਹੋਏ।

**ਆਧੁਨਿਕ ਸੰਸਾਰ 'ਤੇ ਦੂਰਰਸ ਪ੍ਰਭਾਵ: 2001 ਤੋਂ ਅੱਜ ਤੱਕ**

9/11 ਨੇ ਆਧੁਨਿਕ ਦੁਨੀਆ ਦੀ ਦਿਸ਼ਾ ਨੂੰ ਮੁੱਢੋਂ ਬਦਲ ਦਿੱਤਾ:

**'ਅੱਤਵਾਦ ਵਿਰੁੱਧ ਜੰਗ' (War on Terror):** ਅਮਰੀਕਾ ਨੇ ਅਕਤੂਬਰ 2001 ਵਿੱਚ ਅਫ਼ਗਾਨਿਸਤਾਨ ਉੱਤੇ ਹਮਲਾ ਕਰਕੇ





ਤਾਲਿਬਾਨ ਨੂੰ ਸੱਤਾ ਤੋਂ ਲਾਹਿਆ ਅਤੇ 2003 ਵਿੱਚ ਇਰਾਕ ਜੰਗ ਛੇੜੀ। ਮਈ 2011 ਵਿੱਚ ਪਾਕਿਸਤਾਨ ਦੇ ਐਬਟਾਬਾਦ ਵਿੱਚ ਓਸਾਮਾ ਬਿਨ ਲਾਦੇਨ ਨੂੰ ਮਾਰ ਮੁਕਾਇਆ ਗਿਆ। ਪਰ ਅਗਸਤ 2021 ਵਿੱਚ ਅਮਰੀਕੀ ਫ਼ੌਜਾਂ ਦੀ ਵਾਪਸੀ ਤੋਂ ਬਾਅਦ ਤਾਲਿਬਾਨ ਦਾ ਮੁੜ ਕਾਬੁਲ 'ਤੇ ਕਾਬਜ਼ ਹੋਣਾ ਇਹ ਦਰਸਾਉਂਦਾ ਹੈ ਕਿ ਇਸ ਦੁਖਾਂਤ ਦੇ ਸਿਆਸੀ ਪ੍ਰਭਾਵ ਅੱਜ ਵੀ ਖ਼ਤਮ ਨਹੀਂ ਹੋਏ।

**ਹਵਾਬਾਜ਼ੀ ਅਤੇ ਸੁਰੱਖਿਆ ਪ੍ਰਣਾਲੀ ਦਾ ਪੁਨਰਗਠਨ:** 9/11 ਤੋਂ ਬਾਅਦ ਅਮਰੀਕਾ ਵਿੱਚ 'ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ' (TSA) ਅਤੇ 'ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ' ਦੀ ਸਥਾਪਨਾ ਹੋਈ। ਜਹਾਜ਼ਾਂ ਦੇ ਕਾਕਪਿਟ ਦਰਵਾਜ਼ੇ ਬੁਲੇਟਪਰੂਫ਼ ਬਣਾਏ ਗਏ, ਸਖ਼ਤ ਸਕੈਨਿੰਗ ਸ਼ੁਰੂ ਹੋਈ ਅਤੇ ਹਵਾਈ ਸਫ਼ਰ ਦਾ ਤਰੀਕਾ ਸਦਾ ਲਈ ਬਦਲ ਗਿਆ।

**ਨਿੱਜਤਾ ਬਨਾਮ ਸੁਰੱਖਿਆ (ਯੂ.ਐਸ.ਏ. ਪੈਟ੍ਰੀਅਟ ਐਕਟ):** ਇਸ ਐਕਟ ਰਾਹੀਂ ਖ਼ੁਫ਼ੀਆ ਏਜੰਸੀਆਂ ਨੂੰ ਡਿਜੀਟਲ ਨਿਗਰਾਨੀ ਦੇ ਵਿਆਪਕ ਅਧਿਕਾਰ ਦਿੱਤੇ ਗਏ, ਜਿਸ ਨੇ ਪੂਰੀ ਦੁਨੀਆ ਵਿੱਚ ਨਾਗਰਿਕਾਂ ਦੀ ਨਿੱਜੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਇੱਕ ਅਣਮੁੱਕਵੀਂ ਬਹਿਸ ਛੇੜੀ।

**ਜ਼ਹਿਰੀਲੇ ਮਲਬੇ ਦੇ ਸਿਹਤ ਪ੍ਰਭਾਵ (The Lingering Toll):** ਹਮਲੇ ਤੋਂ ਬਾਅਦ ਬਚਾਅ ਕਾਰਜਾਂ ਵਿੱਚ ਜੁਟੇ ਫਸਟ ਰਿਸਪੌਂਡਰਜ਼ ਅਤੇ ਸਥਾਨਕ ਨਿਵਾਸੀ ਐਸਬੈਸਟਸ ਅਤੇ ਜ਼ਹਿਰੀਲੇ ਕੈਮੀਕਲ ਸਾਹ ਰਾਹੀਂ ਅੰਦਰ ਜਾਣ ਕਾਰਨ ਕੈਂਸਰ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋਏ। ਅੱਜ ਤੱਕ ਬਿਮਾਰੀਆਂ ਕਾਰਨ ਦਮ ਤੋੜਨ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

**ਸਿੱਖ ਭਾਈਚਾਰੇ 'ਤੇ ਮਾਰੂ ਪ੍ਰਭਾਵ ਅਤੇ ਬਲਬੀਰ ਸਿੰਘ ਸੋਢੀ ਦੀ ਸ਼ਹਾਦਤ**

9/11 ਦੇ ਤੁਰੰਤ ਬਾਅਦ ਦੁਨੀਆ ਭਰ ਵਿੱਚ ਇਸਲਾਮੋਫੋਬੀਆ ਦੀ ਇੱਕ ਖ਼ਤਰਨਾਕ ਲਹਿਰ ਫੈਲ ਗਈ, ਜਿਸ ਦਾ ਸਭ ਤੋਂ ਦਰਦਨਾਕ ਸ਼ਿਕਾਰ ਪੱਛਮੀ ਦੇਸ਼ਾਂ ਵਿੱਚ ਵਸਦਾ ਸਿੱਖ ਭਾਈਚਾਰਾ ਹੋਇਆ। ਅਗਿਆਨਤਾ ਅਤੇ ਨਫ਼ਰਤ ਕਾਰਨ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ—ਦਸਤਾਰ ਅਤੇ ਦਾੜ੍ਹੀ—ਨੂੰ ਅੱਤਵਾਦੀਆਂ ਦੇ ਹੁਲੀਏ ਨਾਲ ਜੋੜ ਕੇ ਦੇਖਿਆ ਜਾਣ ਲੱਗਾ।

**ਪਹਿਲਾ ਨਫ਼ਰਤੀ ਕਤਲ:** ਹਮਲੇ ਦੇ ਮਹਿਜ਼ ਚਾਰ ਦਿਨਾਂ ਬਾਅਦ, 15 ਸਤੰਬਰ 2001 ਨੂੰ ਐਰੀਜ਼ੋਨਾ ਦੇ ਮੇਸਾ ਸ਼ਹਿਰ ਵਿੱਚ ਸ. ਬਲਬੀਰ ਸਿੰਘ ਸੋਢੀ ਦਾ ਉਨ੍ਹਾਂ ਦੇ ਗੈਸ ਸਟੇਸ਼ਨ 'ਤੇ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਕਾਤਲ ਫਰੈਂਕ ਰੋਕ ਨੇ ਬਦਲੇ ਦੀ ਅੰਨ੍ਹੀ ਨਫ਼ਰਤ ਵਿੱਚ ਇੱਕ ਨਿਰਦੋਸ਼ ਅੰਮ੍ਰਿਤਧਾਰੀ ਸਿੱਖ ਨੂੰ ਸ਼ਿਕਾਰ ਬਣਾਇਆ।

**ਲਗਾਤਾਰ ਹਿੰਸਾ ਅਤੇ ਸੰਘਰਸ਼:** ਇਹ ਸਿਲਸਿਲਾ ਇੱਥੇ ਹੀ ਨਹੀਂ ਥੰਮਿਆ; ਸਕੂਲਾਂ ਵਿੱਚ ਸਿੱਖ ਬੱਚਿਆਂ ਨੂੰ ਤੰਗ ਕਰਨਾ, ਕੰਮ ਵਾਲੀਆਂ ਥਾਵਾਂ 'ਤੇ ਵਿਤਕਰਾ ਅਤੇ ਅਗਸਤ 2012 ਵਿੱਚ ਵਿਸਕਾਨਸਿਨ (ਓਕ ਕ੍ਰੀਕ) ਦੇ ਗੁਰਦੁਆਰਾ ਸਾਹਿਬ ਉੱਤੇ ਹੋਇਆ ਗੋਲੀਬਾਰੀ ਦਾ ਹਮਲਾ ਇਸੇ ਨਫ਼ਰਤੀ ਮਾਨਸਿਕਤਾ ਦੀ ਕੜੀ ਸੀ।

**ਸਿੱਖਾਂ ਦੀ ਹਾਂ-ਪੱਖੀ ਪਹਿਲਕਦਮੀ:** ਇਸ ਦੁਖਾਂਤ ਦੇ ਬਾਵਜੂਦ ਸਿੱਖ ਭਾਈਚਾਰੇ ਨੇ ਨਫ਼ਰਤ ਦਾ ਜਵਾਬ ਪਿਆਰ, ਲੰਗਰ ਅਤੇ ਜਾਗਰੂਕਤਾ ਨਾਲ ਦਿੱਤਾ। ਸਿੱਖ ਸੰਸਥਾਵਾਂ ਨੇ ਸਰਕਾਰਾਂ, ਸਕੂਲਾਂ ਅਤੇ ਸਮਾਜ ਵਿੱਚ ਸਿੱਖ ਪਛਾਣ ਦੀ ਵਿਲੱਖਣਤਾ ਅਤੇ ਮਾਨਵਤਾ ਪੱਖੀ ਸੋਚ ਬਾਰੇ ਵੱਡੇ ਪੱਧਰ 'ਤੇ ਮੁਹਿੰਮਾਂ ਚਲਾਈਆਂ।

**ਨੈਸ਼ਨਲ 9/11 ਮੈਮੋਰੀਅਲ ਅਤੇ ਸਾਲਾਨਾ ਸ਼ਰਧਾਂਜਲੀ ਰਸਮਾਂ**

ਨਿਊਯਾਰਕ ਦੇ ਲੋਅਰ ਮੈਨਹੈਟਨ ਵਿਖੇ 'ਗਰਾਊਂਡ ਜ਼ੀਰੋ' ਵਾਲੀ ਥਾਂ 'ਤੇ ਉਸਾਰਿਆ ਗਿਆ ਨੈਸ਼ਨਲ ਸਤੰਬਰ 11 ਮੈਮੋਰੀਅਲ ਅਤੇ ਮਿਊਜ਼ੀਅਮ ਅੱਜ ਵਿਸ਼ਵ ਭਰ ਲਈ ਸ਼ਾਂਤੀ ਅਤੇ ਯਾਦ ਦਾ ਪਵਿੱਤਰ ਅਸਥਾਨ ਹੈ। ਜਿੱਥੇ ਕਦੇ ਟਾਵਰ ਖੜ੍ਹੇ ਸਨ, ਉੱਥੇ ਹੁਣ ਉੱਤਰੀ ਅਮਰੀਕਾ ਦੇ ਸਭ ਤੋਂ ਵੱਡੇ ਮਨੁੱਖ-ਨਿਰਮਿਤ ਝਰਨੇ (Reflecting Pools) ਵਗਦੇ ਹਨ, ਜਿਨ੍ਹਾਂ ਦੇ ਕਾਂਸੀ ਦੇ ਕਿਨਾਰਿਆਂ 'ਤੇ 2,977 ਪੀੜਤਾਂ ਦੇ ਨਾਲ-ਨਾਲ 1993 ਦੇ ਬੰਬ ਧਮਾਕੇ ਦੇ 6 ਪੀੜਤਾਂ ਦੇ ਨਾਮ ਉੱਕਰੇ ਹੋਏ ਹਨ।

ਹਰ ਸਾਲ 11 ਸਤੰਬਰ ਨੂੰ ਹੋਣ ਵਾਲੇ ਸਮਾਗਮ ਦੇ ਮੁੱਖ ਪਹਿਲੂ:

ਨਾਮਾਂ ਦਾ ਪਾਠ (Reading of the Names): ਪੀੜਤਾਂ ਦੇ ਪਰਿਵਾਰਕ ਮੈਂਬਰ ਸਵੇਰੇ 8:40 ਵਜੇ ਤੋਂ ਸ਼ੁਰੂ ਕਰਕੇ ਦੁਪਹਿਰ ਤੱਕ ਹਰੇਕ ਵਿਅਕਤੀ ਦਾ ਨਾਮ ਲੈ ਕੇ ਸ਼ਰਧਾਂਜਲੀ ਭੇਟ ਕਰਦੇ ਹਨ।

ਛੇ ਇਤਿਹਾਸਕ ਮੌਨ ਪਲ (Six Moments of Silence):

- ਸਵੇਰੇ 8:46 ਵਜੇ: ਫਲਾਈਟ 11 ਦੇ ਨੌਰਥ ਟਾਵਰ ਨਾਲ ਟਕਰਾਉਣ ਸਮੇਂ (ਚਰਚਾਂ ਦੀਆਂ ਘੰਟੀਆਂ ਵੱਜਦੀਆਂ ਹਨ)।
- ਸਵੇਰੇ 9:03 ਵਜੇ: ਫਲਾਈਟ 175 ਦੇ ਸਾਊਥ ਟਾਵਰ ਨਾਲ ਟਕਰਾਉਣ ਸਮੇਂ।
- ਸਵੇਰੇ 9:37 ਵਜੇ: ਫਲਾਈਟ 77 ਦੇ ਪੈਂਟਾਗਨ ਨਾਲ ਟਕਰਾਉਣ ਸਮੇਂ।
- ਸਵੇਰੇ 9:59 ਵਜੇ: ਸਾਊਥ ਟਾਵਰ ਦੇ ਡਿੱਗਣ ਦਾ ਸਮਾਂ।
- ਸਵੇਰੇ 10:03 ਵਜੇ: ਫਲਾਈਟ 93 ਦੇ ਸ਼ੈਂਕਸਵਿਲੇ ਵਿੱਚ ਕਰੈਸ਼ ਹੋਣ ਦਾ ਸਮਾਂ।
- ਸਵੇਰੇ 10:28 ਵਜੇ: ਨੌਰਥ ਟਾਵਰ ਦੇ ਜ਼ਮੀਨਦੋਜ਼ ਹੋਣ ਦਾ ਪਲ।

* ਸੱਤਵਾਂ ਮੌਨ ਪਲ (ਨਵੀਂ ਪਰੰਪਰਾ): ਇਹ ਖ਼ਾਸ ਮੌਨ ਉਨ੍ਹਾਂ ਹਜ਼ਾਰਾਂ ਬਚਾਅ ਕਰਮਚਾਰੀਆਂ (First Responders) ਅਤੇ ਆਮ ਲੋਕਾਂ ਦੀ ਯਾਦ ਵਿੱਚ ਰੱਖਿਆ ਜਾਂਦਾ ਹੈ, ਜਿਨ੍ਹਾਂ ਨੇ ਬਾਅਦ ਵਿੱਚ ਜ਼ਹਿਰੀਲੇ ਮਲਬੇ ਕਾਰਨ ਹੋਈਆਂ ਬਿਮਾਰੀਆਂ ਨਾਲ ਲੜਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

-ਨੂਰਾਨੀ ਸ਼ਰਧਾਂਜਲੀ (Tribute in Light): ਸੂਰਜ ਛਿਪਣ ਮਗਰੋਂ ਜ਼ਮੀਨ ਤੋਂ ਦੋ ਸ਼ਕਤੀਸ਼ਾਲੀ ਨੀਲੀਆਂ ਰੌਸ਼ਨੀਆਂ ਦੀਆਂ ਲਾਟਾਂ ਸਿੱਧੀਆਂ ਅਸਮਾਨ ਵੱਲ ਛੱਡੀਆਂ ਜਾਂਦੀਆਂ ਹਨ, ਜੋ ਗਵਾਚ ਚੁੱਕੇ ਦੋਵਾਂ ਟਾਵਰਾਂ ਦੀ ਮੌਜੂਦਗੀ ਅਤੇ ਨਾ-ਝੁਕਣ ਵਾਲੇ ਜਜ਼ਬੇ ਦਾ ਪ੍ਰਤੀਕ ਹਨ।

11 ਸਤੰਬਰ ਦੀ ਇਹ ਤਾਰੀਖ ਸਾਨੂੰ ਅਹਿਸਾਸ ਕਰਵਾਉਂਦੀ ਹੈ ਕਿ ਧਰਮ ਦੇ ਨਾਂ 'ਤੇ ਫੈਲਾਈ ਕੱਟੜਤਾ ਸਿਰਫ਼ ਵਿਨਾਸ਼ ਲਿਆਉਂਦੀ ਹੈ। ਅਦਾਰਾ 'ਸਾਡੇ ਲੋਕ' ਅਤੇ ਸਮੂਹ ਸੰਗਤ ਵੱਲੋਂ ਉਨ੍ਹਾਂ ਸਮੂਹ ਬੇਕਸੂਰ ਸ਼ਹੀਦਾਂ ਅਤੇ ਫਸਟ ਰਿਸਪੌਂਡਰਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ, ਜਿਨ੍ਹਾਂ ਨੇ ਇਸ ਵਹਿਸ਼ੀਆਨਾ ਦੁਖਾਂਤ ਵਿੱਚ ਆਪਣੀਆਂ ਜਾਨਾਂ ਗਵਾਈਆਂ। ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਵਿਸ਼ਵ ਵਿੱਚ ਸਾਂਝੀਵਾਲਤਾ, ਸਰਬੱਤ ਦਾ ਭਲਾ ਅਤੇ ਸਦੀਵੀ ਅਮਨ ਕਾਇਮ ਰਹੇ।

### ਮਾਰੇ ਗਏ ਮਸੂਮ ਨਿਹੱਥੇ ਬੇਕਸੂਰ ਲੋਕਾਂ ਨੂੰ ਯਾਦ ਕਰਦਿਆਂ ਉਸ ਸਮੇਂ ਲਿਖੀ ਗਈ ਕਵਿਤਾ

ਕੁਝ ਕਾਇਰਾਂ ਦੇ ਕਾਰੇ ਨਾਲ ਅੱਜ ਮੈਂ
ਕਹਿਰ ਟੁੱਟਿਆ ਦੇਖਿਆ
ਦੁਨੀਆ ਨੇ ਫੇਰ ਇਨਸਾਨ ਵਿੱਚ
ਸ਼ੈਤਾਨ ਲੁਕਿਆ ਦੇਖਿਆ
ਢਠੀਆਂ ਨਹੀਂ ਇਮਾਰਤਾਂ
ਇੱਕ ਦੂਜੇ 'ਚ ਸਾਂਝਾ ਢੱਠੀਆਂ
ਭੱਠੀਆਂ 'ਚ ਪੱਤਿਆਂ ਵਾਗਰਾਂ
ਅਸਮਾਨ ਬਲਦਾ ਦੇਖਿਆ
ਮੁਸਲਿਮ ਦਬਾਇਆ ਗਿਆ ਨਹੀਂ
ਹਿੰਦੂ ਜਲਾਇਆ ਗਿਆ ਨਹੀਂ
ਬੋਧੀ, ਯਹੂਦੀ, ਸਿੱਖ ਦਾ ਮਾਤਮ
ਮਨਾਇਆਂ ਗਿਆ ਨਹੀ
ਜਗਮਗਾਉਂਦਾ ਸ਼ਹਿਰ ਮੈਂ
ਸ਼ਮਸ਼ਾਨ ਬਣਦਾ ਦੇਖਿਆ
ਭੱਠੀਆ 'ਚ ਪੱਤਿਆ ਵਾਗਰਾਂ
ਅਸਮਾਨ ਬਲਦਾ ਦੇਖਿਆ
ਕੇਂਦਰ ਸੀ ਇੱਕ ਵਪਾਰ ਦਾ
ਸੀ ਸ਼ਹਿਰ ਸਭਿਆਚਾਰ ਦਾ
ਲਹਿਰਾਉਂਦਾ ਹਵਾਵਾਂ ਸੰਗ
ਉੱਚਾ ਬੁਰਜ ਸੀ ਸੰਸਾਰ ਦਾ
ਅੱਜ ਵੈਰਾਨ ਹਜ਼ਰਾ ਦਾ
ਕਬਰਸਤਾਨ ਬਣਦਾ ਦੇਖਿਆ
ਭੱਠੀਆਂ 'ਚ ਪੱਤਿਆਂ ਵਾਗਰਾਂ
ਅਸਮਾਨ ਬਲਦਾ ਦੇਖਿਆ
ਉਹਨਾਂ ਇਮਾਰਤਾ ਦੇ ਢੇਰ ਵਿੱਚ
ਉਸ ਦਰਦ ਭਰੀ ਸਵੇਰ ਵਿੱਚ
ਸੂਰਜ ਪਿਆਰ ਧਰਮ ਦਾ
ਸਤਨਾਮ ਢਲਦਾ ਦੇਖਿਆ
ਭੱਠੀਆਂ 'ਚ ਪੱਤਿਆਂ ਵਾਗਰਾਂ
ਅਸਮਾਨ ਬਲਦਾ ਦੇਖਿਆ।

- **ਸਤਨਾਮ ਸਿੰਘ ਖਾਲਸਾ**

# ਘਰੇਲੂ ਨ਼ਫਰਤ ਅਤੇ ਕੌਮਾਂਤਰੀ ਖ਼ਤਰਿਆਂ ਦੇ ਦੂਵੱਲੇ ਸਾਏ ਹੇਠ ਅਮਰੀਕੀ ਸਿੱਖ

## ਵਧਦੀ ਬੇਗ਼ਾਨਗੀ ਅਤੇ ਅਸੁਰੱਖਿਆ ਨੇ ਖੜ੍ਹਾ ਕੀਤਾ ਗੰਭੀਰ ਸਵਾਲ: ਕੀ ਦੁਨੀਆ 'ਚ ਸਿੱਖਾਂ ਲਈ ਸ਼ਾਂਤੀ ਨਾਲ ਜਿਊਣ ਦੀ ਕੋਈ ਥਾਂ ਨਹੀਂ ਬਚੀ ?

**9/11 ਦੀ 25ਵੀਂ ਬਰਸੀ ਦੇ ਮੌਕ਼ 'ਤੇ ਪੁਰਾਣੇ ਜ਼ਖ਼ਮ ਮੁੜ ਤਾਜ਼ਾ** : ਸਤੰਬਰ 11, 2001 ਦੇ ਅੱਤਵਾਦੀ ਹਮਲਿਆਂ ਤੋਂ ਤੁਰੰਤ ਬਾਅਦ ਅਮਰੀਕਾ ਵਿੱਚ ਨ਼ਫਰਤੀ ਹਿੰਸਾ ਦੀ ਪਹਿਲੀ ਗੋਲੀ ਦਾ ਸ਼ਿਕਾਰ ਸ. ਬਲਬੀਰ ਸਿੰਘ ਸੋਢੀ ਬਣੇ ਸਨ, ਜਿਨ੍ਹਾਂ ਨੂੰ ਸਿਰਫ਼ ਉਨ੍ਹਾਂ ਦੀ ਦਸਤਾਰ ਅਤੇ ਦਾੜ੍ਹੀ ਕਾਰਨ ਸ਼ਹੀਦ ਕਰ ਦਿੱਤਾ ਗਿਆ ਸੀ। ਅੱਜ, ਜਦੋਂ ਉਸ ਦਰਦਨਾਕ ਘਟਨਾ ਦੀ 25ਵੀਂ ਬਰਸੀ ਨੇੜੇ ਹੈ, ਤਾਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਸਮਾਜ ਵਿੱਚ ਸਿੱਖ ਪਛਾਣ ਪ੍ਰਤੀ ਜਾਗਰੂਕਤਾ, ਸਮਝ ਅਤੇ ਸਤਿਕਾਰ ਵਧੇਗਾ। ਪਰ ਇਸ ਦੇ ਉਲਟ, ਹਾਲੀਆ ਦਿਨਾਂ ਵਿੱਚ ਸਾਹਮਣੇ ਆ ਰਹੇ ਪੋਸਟਰਾਂ, ਸੋਸ਼ਲ ਮੀਡੀਆ ਪ੍ਰਚਾਰ ਅਤੇ ਚੋਣਵੇਂ ਬਿਆਨਾਂ ਵਿੱਚ ਖ਼ਾਸ ਤੌਰ 'ਤੇ ਸਿੱਖ ਪਛਾਣ ਅਤੇ ਨਾਂ (Mr. Singh) ਨੂੰ ਨਿਸ਼ਾਨਾ ਬਣਾਏ ਜਾਣ ਕਾਰਨ ਸਮੁੱਚਾ ਭਾਈਚਾਰਾ ਡੂੰਘੇ ਸਦਮੇ ਅਤੇ ਚਿੰਤਾ ਵਿੱਚ ਹੈ। ਲੋਕ ਹੈਰਾਨ ਹਨ ਕਿ ਜਿਸ ਧਰਤੀ ਨੂੰ ਆਪਣਾ ਘਰ ਮੰਨ ਕੇ ਦਿਨ-ਰਾਤ ਮਿਹਨਤ ਕੀਤੀ, ਉੱਥੇ ਹੀ ਅੱਜ ਉਨ੍ਹਾਂ ਦੀ ਹੋਂਦ ਅਤੇ ਨਾਗਰਿਕਤਾ 'ਤੇ ਸਵਾਲ ਕਿਉਂ ਖੜ੍ਹੇ ਕੀਤੇ ਜਾ ਰਹੇ ਹਨ ?

**ਸਰਹੱਦਾਂ ਤੋਂ ਪਾਰ ਨਿਸ਼ਾਨਾ ਬਣਾਉਣ ਦਾ ਖ਼ੌਫ਼ (Transnational Repression)** : ਦੂਜੇ ਪਾਸੇ, ਗਲੋਬਲ ਪੱਧਰ 'ਤੇ ਭਾਰਤੀ ਏਜੰਸੀਆਂ ਵੱਲੋਂ ਸਰਹੱਦਾਂ ਪਾਰ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੇ ਲਗਾਤਾਰ ਉੱਠ ਰਹੇ ਦੋਸ਼ਾਂ ਨੇ ਇਸ ਚਿੰਤਾ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਕੈਨੇਡਾ ਤੋਂ ਲੈ ਕੇ ਅਮਰੀਕਾ ਤੱਕ, ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਸਾਜ਼ਿਸ਼ਾਂ ਰਚਣ ਦੀਆਂ ਸਾਹਮਣੇ ਆਈਆਂ ਰਿਪੋਰਟਾਂ ਨੇ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਦੀ ਸੁਰੱਖਿਆ ਭਾਵਨਾ ਨੂੰ ਝੰਝੋੜ ਕੇ ਰੱਖ ਦਿੱਤਾ ਹੈ। ਵਿਦੇਸ਼ਾਂ ਵਿੱਚ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਕਤਲਾਂ ਅਤੇ ਧਮਕੀਆਂ ਕਾਰਨ ਭਾਈਚਾਰਾ ਆਪਣੇ ਆਪ ਨੂੰ ਹਰ ਪਾਸਿਓਂ ਘਿਰਿਆ ਮਹਿਸੂਸ ਕਰ ਰਿਹਾ ਹੈ।

**ਕਿਰਤ ਦੀ ਕਦਰ ਦੀ ਥਾਂ ਨਸਲੀ ਨਿਸ਼ਾਨੇਬਾਜ਼ੀ** : ਅਮਰੀਕਾ ਦੀ ਆਰਥਿਕਤਾ, ਖ਼ਾਸ ਕਰਕੇ ਟਰਾਂਸਪੋਰਟੇਸ਼ਨ ਅਤੇ ਸਪਲਾਈ ਚੇਨ ਵਿੱਚ ਸਿੱਖ ਡਰਾਈਵਰਾਂ ਨੇ ਦਿਨ-ਰਾਤ ਇੱਕ ਕਰਕੇ ਬੇਮਿਸਾਲ ਯੋਗਦਾਨ ਪਾਇਆ ਹੈ। ਕੋਰੋਨਾ ਮਹਾਮਾਰੀ ਵਰਗੇ ਔਖੇ ਸਮੇਂ ਦੌਰਾਨ ਜਦੋਂ ਪੂਰਾ ਦੇਸ਼ ਠੱਪ ਸੀ, ਉਦੋਂ ਇਹੋ ਭਾਈਚਾਰਾ ਸੜਕਾਂ 'ਤੇ ਡਟਿਆ ਰਿਹਾ ਅਤੇ ਘਰ-ਘਰ ਜ਼ਰੂਰੀ ਵਸਤਾਂ ਪਹੁੰਚਾਈਆਂ। ਪਰ ਅੱਜ ਉਸੇ ਕਿਰਤ ਨੂੰ ਸਰਾਹੁਣ ਦੀ ਬਜਾਏ, 'ਸੜਕਾਂ ਛੱਡੋ' ਜਾਂ 'ਦੇਸ਼ ਛੱਡੋ' ਵਰਗੇ ਨਾਅਰੇ ਲਾ ਕੇ ਜਨਤਕ ਤੌਰ 'ਤੇ ਨਿਸ਼ਾਨਾ ਬਣਾਉਣਾ ਨਾ ਸਿਰਫ਼ ਅਸਹਿਣਯੋਗ ਹੈ, ਸਗੋਂ ਮਨੁੱਖੀ ਅਧਿਕਾਰਾਂ ਅਤੇ ਬਰਾਬਰੀ ਦੇ ਸਿਧਾਂਤਾਂ ਦਾ ਖੁੱਲ੍ਹਾ ਘਾਣ ਹੈ।

**ਮੌਜੂਦਾ ਰਾਜਨੀਤਿਕ ਬਿਆਨਬਾਜ਼ੀ ਅਤੇ ਇਤਿਹਾਸਕ ਚਿੰਤਾਵਾਂ** : ਇਸ ਵਧਦੀ ਨ਼ਫਰਤ ਅਤੇ ਕੱਟੜ ਬਿਆਨਬਾਜ਼ੀ ਦੇ ਮਾਹੌਲ ਵਿੱਚ ਡੋਨਾਲਡ ਟਰੰਪ ਦੇ ਬਿਆਨਾਂ ਅਤੇ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦੀ ਨਾਜ਼ੀ ਦੌਰ ਨਾਲ ਤੁਲਨਾ ਵੀ ਅਕਾਦਮਿਕ, ਰਾਜਨੀਤਿਕ ਅਤੇ ਸਮਾਜਿਕ ਹਲਕਿਆਂ ਵਿੱਚ ਬਹੁਤ ਵੱਡੀ ਬਹਿਸ ਦਾ ਵਿਸ਼ਾ ਬਣੀ ਹੋਈ ਹੈ। ਇਤਿਹਾਸਕਾਰ ਅਤੇ ਰਾਜਨੀਤਿਕ ਵਿਸ਼ਲੇਸ਼ਕ ਇਸ ਵਰਤਾਰੇ ਨੂੰ ਵੱਖ-ਵੱਖ ਪੱਖਾਂ ਤੋਂ ਦੇਖਦੇ ਹਨ:

**ਸ਼ਬਦਾਵਲੀ ਅਤੇ ਡੀਹਿਊਮਨਾਈਜ਼ੇਸ਼ਨ (Dehumanization)**: ਆਲੋਚਕ ਅਤੇ ਭਾਸ਼ਾ ਮਾਹਿਰ ਅਕਸਰ ਇਸ ਗੱਲ ਵੱਲ ਧਿਆਨ ਦਿਵਾਉਂਦੇ ਹਨ ਕਿ ਜਦੋਂ ਪ੍ਰਵਾਸੀਆਂ ਲਈ 'ਖ਼ੂਨ ਵਿੱਚ ਜ਼ਹਿਰ ਘੋਲਣਾ' (poisoning the blood), 'ਜਾਨਵਰ' (animals), ਜਾਂ ਸਿਆਸੀ ਵਿਰੋਧੀਆਂ ਲਈ 'ਕੀੜੇ-ਮਕੌੜੇ' (vermin) ਵਰਗੇ ਸ਼ਬਦ ਵਰਤੇ ਜਾਂਦੇ ਹਨ, ਤਾਂ ਇਹ 1930 ਅਤੇ 1940 ਦੇ ਦਹਾਕੇ ਵਿੱਚ ਨਾਜ਼ੀ ਪ੍ਰਚਾਰਕਾਂ ਵੱਲੋਂ ਘੱਟ ਗਿਣਤੀਆਂ ਵਿਰੁੱਧ ਵਰਤੀ ਗਈ ਭਾਸ਼ਾ ਦੀ ਯਾਦ ਦਿਵਾਉਂਦੀ ਹੈ।

**ਸਮੂਹਿਕ ਡਿਪੋਰਟੇਸ਼ਨ ਅਤੇ ਨਿਗਰਾਨੀ**: ਲੱਖਾਂ ਲੋਕਾਂ ਨੂੰ ਇੱਕੋ ਸਮੇਂ ਦੇਸ਼ ਨਿਕਾਲਾ ਦੇਣ, ਵੱਡੇ ਪੱਧਰ 'ਤੇ ਹਿਰਾਸਤ ਕੇਂਦਰ (detention camps) ਬਣਾਉਣ ਅਤੇ ਫ਼ੌਜ ਜਾਂ ਨੈਸ਼ਨਲ ਗਾਰਡ ਨੂੰ ਘਰੇਲੂ ਪੱਧਰ 'ਤੇ ਕਾਰਵਾਈ ਲਈ ਵਰਤਣ ਦੀਆਂ ਤਜਵੀਜ਼ਾਂ ਨੂੰ ਕਈ ਮਨੁੱਖੀ ਅਧਿਕਾਰ ਸੰਗਠਨ ਤਾਨਾਸ਼ਾਹੀ ਰੁਝਾਨ ਵਜੋਂ ਦੇਖਦੇ ਹਨ।

**ਸਮਾਜਿਕ ਵੰਡ ਅਤੇ ਬਲੀ ਦਾ ਬੱਕਰਾ ਬਣਾਉਣਾ**: ਸਮਾਜ ਦੀਆਂ ਸਾਰੀਆਂ ਆਰਥਿਕ ਅਤੇ ਸਮਾਜਿਕ ਮੁਸ਼ਕਿਲਾਂ ਦਾ ਦੋਸ਼ ਸਿਰਫ਼ ਪ੍ਰਵਾਸੀਆਂ ਜਾਂ ਬਾਹਰੀ ਲੋਕਾਂ ਸਿਰ ਮੜ੍ਹਨਾ ਇੱਕ ਅਜਿਹਾ ਤਰੀਕਾ ਹੈ ਜੋ ਇਤਿਹਾਸ ਵਿੱਚ ਕਈ ਤਾਨਾਸ਼ਾਹ ਹਕੂਮਤਾਂ ਦੁਆਰਾ ਵਰਤਿਆ ਗਿਆ।

ਹਾਲਾਂਕਿ, ਸੰਵਿਧਾਨਕ ਮਾਹਿਰ ਇਹ ਫ਼ਰਕ ਵੀ ਸਪੱਸ਼ਟ ਕਰਦੇ ਹਨ ਕਿ ਅਮਰੀਕਾ ਵਿੱਚ ਸੁਤੰਤਰ ਅਦਾਲਤਾਂ, ਆਜ਼ਾਦ ਪ੍ਰੈੱਸ ਅਤੇ ਲੋਕਤੰਤਰੀ ਸੰਸਥਾਵਾਂ ਅਜੇ ਵੀ ਮੌਜੂਦ ਹਨ ਜੋ ਸਰਕਾਰੀ ਫ਼ੈਸਲਿਆਂ 'ਤੇ ਕਾਨੂੰਨੀ ਨਜ਼ਰਸਾਨੀ ਰੱਖਦੀਆਂ ਹਨ ਅਤੇ ਸਮਰਥਕ ਇਸ ਨੂੰ ਕਾਨੂੰਨ ਲਾਗੂ ਕਰਨ ਅਤੇ ਸਰਹੱਦੀ ਸੁਰੱਖਿਆ ਦਾ ਮਾਮਲਾ ਦੱਸਦੇ ਹਨ। ਪਰ ਇਹ ਹਕੀਕਤ ਹੈ ਕਿ ਅਜਿਹੀ ਨਸਲੀ ਸ਼ਬਦਾਵਲੀ ਅਤੇ ਪੱਖਪਾਤੀ ਪ੍ਰਚਾਰ ਨੇ ਘੱਟ ਗਿਣਤੀ ਭਾਈਚਾਰਿਆਂ ਅੰਦਰ ਡੂੰਘਾ ਅਸੁਰੱਖਿਆ ਦਾ ਮਾਹੌਲ ਜ਼ਰੂਰ ਖੜ੍ਹਾ ਕਰ ਦਿੱਤਾ ਹੈ।

ਕੀ ਦੁਨੀਆ ਵਿੱਚ ਸਿੱਖਾਂ ਲਈ ਸ਼ਾਂਤੀ ਨਾਲ ਜਿਊਣ ਦੀ ਕੋਈ ਥਾਂ ਨਹੀਂ ਬਚੀ ?

ਇੱਕ ਪਾਸੇ ਬਾਹਰੀ ਦੇਸ਼ਾਂ ਵੱਲੋਂ ਜਾਨੀ ਖ਼ਤਰੇ ਅਤੇ ਦੂਜੇ ਪਾਸੇ ਪੱਛਮੀ ਮੁਲਕਾਂ ਵਿੱਚ ਉੱਭਰ ਰਹੀ ਨਸਲੀ ਬੇਗ਼ਾਨਗੀ ਨੇ ਸਿੱਖ ਮਨਾਂ ਵਿੱਚ ਇਹ ਗੰਭੀਰ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਦੁਨੀਆ ਵਿੱਚ ਕੋਈ ਅਜਿਹੀ ਥਾਂ ਬਚੀ ਹੈ ਜਿੱਥੇ ਸਿੱਖ ਆਪਣੀ ਪਛਾਣ, ਅਣਖ ਅਤੇ ਅਮਨ-ਚੈਨ ਨਾਲ ਜ਼ਿੰਦਗੀ ਬਸਰ ਕਰ ਸਕਣ ?




The DHS poster carried the message: "America for Americans. Get off our roads; you don't know how to drive, Mr Singh." It also urged people to "self-deport".X/@DHSgov

**ਸਮੇਂ ਦੀ ਲੋੜ: ਦੂਰਅੰਦੇਸ਼ੀ, ਏਕਤਾ ਅਤੇ ਵਿਸ਼ਵ ਪੱਧਰੀ ਸਾਂਝ** : ਇਸ ਨਾਜ਼ੁਕ ਅਤੇ ਚੁਣੌਤੀਪੂਰਨ ਦੌਰ ਵਿੱਚ ਸਮੁੱਚੇ ਵਿਸ਼ਵ ਦੇ ਸਿੱਖ ਭਾਈਚਾਰੇ ਨੂੰ ਅਤੀਅੰਤ ਸੰਜਮ, ਸਿਆਣਪ ਅਤੇ ਦੂਰਅੰਦੇਸ਼ੀ ਨਾਲ ਹਰ ਕਦਮ ਫੂਕ-ਫੂਕ ਕੇ ਰੱਖਣ ਦੀ ਲੋੜ ਹੈ। ਭਾਵੁਕਤਾ ਦੀ ਥਾਂ ਠੋਸ ਰਣਨੀਤੀ ਅਪਣਾਉਂਦਿਆਂ, ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਕੌਮ ਅੰਦਰ ਪੁਖ਼ਤਾ ਏਕਤਾ ਕਾਇਮ ਕਰਨੀ ਹੋਵੇਗੀ। ਇਸ ਦੇ ਨਾਲ ਹੀ, ਕੌਮਾਂਤਰੀ ਪੱਧਰ 'ਤੇ ਹੋਰਨਾਂ ਸੰਘਰਸ਼ਸ਼ੀਲ ਘੱਟ ਗਿਣਤੀਆਂ, ਮਨੁੱਖੀ ਅਧਿਕਾਰ ਸੰਗਠਨਾਂ ਅਤੇ ਲੋਕਤੰਤਰੀ ਧਿਰਾਂ ਨਾਲ ਮਜ਼ਬੂਤ ਸਾਂਝ ਉਸਾਰਨੀ ਸਮੇਂ ਦੀ ਮੁੱਖ ਲੋੜ ਹੈ। ਸਿਰਫ਼ ਕਾਨੂੰਨੀ, ਕੂਟਨੀਤਕ ਅਤੇ ਸੰਸਥਾਗਤ ਪੱਧਰ 'ਤੇ ਇੱਕਜੁੱਟ ਹੋ ਕੇ ਹੀ ਭਵਿੱਖ ਦੀਆਂ ਪੀੜ੍ਹੀਆਂ ਦੀ ਸੁਰੱਖਿਆ, ਸਵੈ-ਮਾਣ ਅਤੇ ਸੁਨਹਿਰੀ ਭਵਿੱਖ ਲਈ ਪੱਕੇ ਅਤੇ ਸਾਰਥਕ ਪ੍ਰਬੰਧ ਯਕੀਨੀ ਬਣਾਏ ਜਾ ਸਕਦੇ ਹਨ।

**-ਸਤਨਾਮ ਸਿੰਘ ਖਾਲਸਾ**

# ਅਮਰੀਕਾ 'ਚ ਸਰਕਾਰੀ ਪੱਧਰ 'ਤੇ ਨਸਲਵਾਦ ਦਾ ਨੰਗਾ ਨਾਚ: ਟਰੰਪ ਪ੍ਰਸ਼ਾਸਨ ਦੇ 'ਮਿਸਟਰ ਸਿੰਘ' ਵਾਲੇ ਪੋਸਟਰ ਖ਼ਿਲਾਫ਼ ਸਿੱਖ ਭਾਈਚਾਰੇ 'ਚ ਭਾਰੀ ਰੋਸ

## ਦ ਸਿੱਖ ਇਨਫਰਮੇਸ਼ਨ ਸੈਂਟਰ (The Sikh Information Center) ਦੁਨੀਆਂ ਭਰ ਦੇ ਸਿੱਖਾਂ ਨੂੰ ਇੱਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ

ਵਾਸ਼ਿੰਗਟਨ : ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (DHS) ਵੱਲੋਂ ਜਾਰੀ ਕੀਤੇ ਗਏ ਇੱਕ ਨਵੇਂ ਏਆਈ-ਜਨਰੇਟਿਡ (AI) ਇਸ਼ਤਿਹਾਰ ਨੇ ਵਿਸ਼ਵ ਭਰ ਦੇ ਭਾਰਤੀ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਅੰਦਰ ਗੁੱਸੇ ਦੀ ਲਹਿਰ ਦੌੜਾ ਦਿੱਤੀ ਹੈ। ਗ਼ੈਰ-ਕਾਨੂੰਨੀ ਪਰਵਾਸ ਰੋਕਣ ਦੇ ਨਾਂ ਹੇਠ ਸਰਕਾਰੀ ਅਕਾਊਂਟ ਤੋਂ ਸਾਂਝੇ ਕੀਤੇ ਗਏ ਇਸ ਪੋਸਟਰ ਵਿੱਚ ਸਿੱਖ ਅਤੇ ਭਾਰਤੀ ਪਛਾਣ ਨੂੰ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਹੈ। ਮਨੁੱਖੀ ਅਧਿਕਾਰ ਕਾਰਕੁੰਨਾਂ ਅਤੇ ਸਿਵਲ ਰਾਈਟਸ ਸੰਸਥਾਵਾਂ ਨੇ ਇਸ ਨੂੰ ਖੁੱਲ੍ਹੀ 'ਨਸਲਵਾਦੀ ਟਰੋਲਿੰਗ' ਅਤੇ ਘੱਟ-ਗਿਣਤੀਆਂ ਖ਼ਿਲਾਫ਼ ਨ਼ਫਰਤ ਭੜਕਾਉਣ ਵਾਲੀ ਸਰਕਾਰੀ ਕਾਰਵਾਈ ਕਰਾਰ ਦਿੱਤਾ ਹੈ।

**ਵਿਵਾਦ ਦਾ ਕੇਂਦਰ: 'ਓਪਟੀਮਸ ਪ੍ਰਾਈਮ' ਰਾਹੀਂ ਦਿੱਤੀ ਗਈ ਧਮਕੀ**

ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਮੁਹਿੰਮ ਤਹਿਤ ਡੀ.ਐਚ.ਐਸ. ਦੇ ਅਧਿਕਾਰਤ 'ਐਕਸ' (ਪਹਿਲਾਂ ਟਵਿੱਟਰ) ਹੈਂਡਲ ਤੋਂ ਇੱਕ ਗ੍ਰਾਫਿਕ ਪੋਸਟ ਕੀਤਾ ਗਿਆ। ਇਸ ਵਿੱਚ ਮਸ਼ਹੂਰ ਹਾਲੀਵੁੱਡ ਫ਼੍ਰੈਂਚਾਈਜ਼ੀ 'ਟਰਾਂਸਫਾਰਮਰਜ਼' ਦੇ ਕਿਰਦਾਰ 'ਓਪਟੀਮਸ ਪ੍ਰਾਈਮ' ਦੀ ਵਰਤੋਂ ਕੀਤੀ ਗਈ।

**ਚੇਤਾਵਨੀ**: ਪੋਸਟਰ ਵਿੱਚ ਰੋਬੋਟਿਕ ਕਿਰਦਾਰ ਨੂੰ ਇੱਕ ਦਾੜ੍ਹੀ ਵਾਲੇ ਭੂਰੇ ਰੰਗ ਦੇ ਵਿਅਕਤੀ, ਜਿਸਨੂੰ 'ਮਿਸਟਰ ਸਿੰਘ' ਕਿਹਾ ਗਿਆ ਹੈ, ਵੱਲ ਇਸ਼ਾਰਾ ਕਰਦਿਆਂ ਦਿਖਾਇਆ ਗਿਆ।




**ਤਿੱਖੀ ਟਿੱਪਣੀ**: ਪੋਸਟਰ ਵਿੱਚ ਲਿਖਿਆ ਗਿਆ: 'ਸਾਡੀਆਂ ਸੜਕਾਂ ਤੋਂ ਲਹਿ ਜਾਓ, ਤੁਸੀਂ ਗੱਡੀ ਚਲਾਉਣਾ ਨਹੀਂ ਜਾਣਦੇ ਮਿਸਟਰ ਸਿੰਘ। ਸਵੈ-ਦੇਸ਼ ਨਿਕਾਲਾ (Self-Deport) ਚੁਣੋ ਜਾਂ ਨਤੀਜੇ ਭੁਗਤਣ ਲਈ ਤਿਆਰ ਰਹੋ।' 'ਸਿੰਘ' ਉਪਨਾਮ ਦੀ ਵਰਤੋਂ ਅਤੇ ਖ਼ਾਸ ਦਿੱਖ ਨੂੰ ਟਰੱਕ ਡਰਾਈਵਿੰਗ ਨਾਲ ਜੋੜ ਕੇ ਪੇਸ਼ ਕੀਤੇ ਜਾਣ ਕਾਰਨ ਇਹ ਸਪੱਸ਼ਟ ਹੋ ਗਿਆ ਕਿ ਇਹ ਸਿਰਫ਼ ਕਾਨੂੰਨ ਲਾਗੂ ਕਰਨ ਦਾ ਸੁਨੇਹਾ ਨਹੀਂ, ਸਗੋਂ ਸਿੱਧੇ ਤੌਰ 'ਤੇ ਅਮਰੀਕਾ ਵਿੱਚ ਵੱਸਦੇ ਸਿੱਖ ਕਮਿਊਨਿਟੀ ਖ਼ਿਲਾਫ਼ ਨ਼ਫਰਤੀ ਪ੍ਰਚਾਰ ਹੈ।

**ਸਿੱਖ ਸੰਸਥਾਵਾਂ ਦਾ ਤਿੱਖਾ ਵਿਰੋਧ**

ਇਸ ਪੋਸਟਰ ਦੇ ਸਾਹਮਣੇ ਆਉਂਦਿਆਂ ਹੀ ਅਮਰੀਕਾ ਭਰ ਦੀਆਂ ਸਿੱਖ ਸੰਸਥਾਵਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ

ਸਿੱਖ ਮਾਣਮੱਤੇ ਅਮਰੀਕੀ ਹਨ ਅਤੇ ਉਹ ਇਸ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣ ਕੇ ਗੱਡੀਆਂ ਚਲਾਉਂਦੇ ਹਨ। ਸਰਕਾਰੀ ਸਰੋਤਾਂ ਰਾਹੀਂ ਕੀਤੀ ਗਈ ਇਹ ਨਸਲਵਾਦੀ ਅਤੇ ਦੇਸ਼-ਵਿਰੋਧੀ ਟਰੋਲਿੰਗ ਅਮਰੀਕਾ ਦੀ ਸਾਂਝੀ ਜ਼ਮੀਰ 'ਤੇ ਕਲੰਕ ਹੈ।'

ਦ ਸਿੱਖ ਇਨਫਰਮੇਸ਼ਨ ਸੈਂਟਰ (The Sikh Information Center):

**ਦ ਸਿੱਖ ਇਨਫਰਮੇਸ਼ਨ ਸੈਂਟਰ**

'9/11 ਹਮਲਿਆਂ ਤੋਂ 25 ਸਾਲ ਬੀਤ ਜਾਣ ਦੇ ਬਾਵਜੂਦ ਸਿੱਖਾਂ ਨੂੰ ਉਨ੍ਹਾਂ ਦੀ ਦਿੱਖ ਅਤੇ ਦਸਤਾਰ ਕਾਰਨ ਸ਼ੱਕ ਦੇ ਘੇਰੇ ਵਿੱਚ ਖੜ੍ਹਾ ਕੀਤਾ ਜਾ ਰਿਹਾ ਹੈ। ਦੇ ਕੁਆਰਡੀਨੇਟਰ ਅਤੇ ਮਨੁੱਖੀ ਅਧਿਕਾਰਾਂ ਦੇ ਆਗੂ ਸ ਭਜਨ ਸਿੰਘ ਭਿੰਡਰ ਨੇ ਇਸ ਉਪਰ ਗਹਿਰੀ ਚਿੰਤਾਂ ਪ੍ਰਗਟ ਕੀਤੀ ਹੈ ਉਹਨਾ ਦੂਨੀਆਂ ਭਰਦੇ ਸਿੱਖਾਂ ਨੂੰ ਇੱਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ ਦਿਤਾ ਹੈ ਉਹਨਾ ਕਿਹਾ ਕੀ ਸਿੱਖ ਭਾਈਚਾਰਾ ਕਿਸੇ ਵੀ ਸਰਕਾਰੀ ਡਰਾਵੇ ਅੱਗੇ ਆਪਣੀ ਪਛਾਣ ਨਾਲ ਸਮਝੌਤਾ ਨਹੀਂ ਕਰੇਗਾ।'

**ਟਰੱਕਿੰਗ ਸੈਕਟਰ ਨੂੰ ਨਿਸ਼ਾਨਾ ਬਣਾਉਣ ਦੀ ਨੀਤੀ** : ਅਮਰੀਕੀ ਲੌਜਿਸਟਿਕਸ ਅਤੇ ਟਰੱਕਿੰਗ ਸੈਕਟਰ ਵਿੱਚ ਭਾਰਤੀ-ਅਮਰੀਕੀਆਂ, ਖ਼ਾਸ ਕਰਕੇ ਪੰਜਾਬੀ ਸਿੱਖਾਂ ਦਾ ਬਹੁਤ ਵੱਡਾ ਯੋਗਦਾਨ ਹੈ। ਕੈਲੀਫੋਰਨੀਆ, ਟੈਕਸਾਸ, ਵਾਸ਼ਿੰਗਟਨ ਅਤੇ ਇੰਡੀਆਨਾ ਵਰਗੇ ਰਾਜਾਂ ਵਿੱਚ ਹਜ਼ਾਰਾਂ ਸਿੱਖ ਡਰਾਈਵਰ ਸਪਲਾਈ ਚੇਨ ਨੂੰ ਚਲਾਉਂਦੇ ਹਨ। ਟਰੰਪ ਪ੍ਰਸ਼ਾਸਨ ਵੱਲੋਂ ਗ਼ੈਰ-ਕਾਨੂੰਨੀ ਪਰਵਾਸ 'ਤੇ ਸ਼ਿਕੰਜਾ ਕੱਸਣ ਦੀ ਮੁਹਿੰਮ ਦੇ ਨਾਂ 'ਤੇ ਪੂਰੇ ਪੇਸ਼ੇ ਅਤੇ ਖ਼ਾਸ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੀ ਨੀਤੀ ਦੀ ਹੁਣ ਅੰਤਰਰਾਸ਼ਟਰੀ ਪੱਧਰ 'ਤੇ ਆਲੋਚਨਾ ਹੋ ਰਹੀ ਹੈ।

## ਲੱਦਾਖ 'ਚ ਤਿੰਨ ਉੱਚੀਆਂ ਚੋਟੀਆਂ ਸਰ ਕਰਨ ਵਾਲੀ 'ਕੋਰ ਆਫ਼ ਸਿਗਨਲਜ਼' ਟੀਮ ਦਾ ਫ਼ੌਜ ਮੁਖੀ ਜਨਰਲ ਧੀਰਜ ਸੇਠ ਵੱਲੋਂ ਵਿਸ਼ੇਸ਼ ਸਨਮਾਨ

### ਫਲੈਗਿੰਗ-ਇਨ ਸਮਾਗਮ ਦੌਰਾਨ ਜਵਾਨਾਂ ਦੇ ਹੌਸਲੇ ਦੀ ਕੀਤੀ ਸ਼ਲਾਘਾ




ਨਵੀਂ ਦਿੱਲੀ : ਲੱਦਾਖ ਖੇਤਰ ਦੀਆਂ ਤਿੰਨ ਅਤਿ-ਮੁਸ਼ਕਿਲ ਚੋਟੀਆਂ ਨੂੰ ਸਫ਼ਲਤਾਪੂਰਵਕ ਸਰ ਕਰਕੇ ਪਰਤੀ ਭਾਰਤੀ ਫੌਜ ਦੀ 'ਕੋਰ ਆਫ਼ ਸਿਗਨਲਜ਼' (Corps of Signals) ਪਰਬਤਾਰੋਹੀ ਟੀਮ ਨੂੰ ਵੀਰਵਾਰ ਨੂੰ ਨਵੀਂ ਦਿੱਲੀ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਭਾਰਤੀ ਫੌਜ ਦੇ ਮੁਖੀ (Chief of the Army Staff) ਜਨਰਲ ਧੀਰਜ ਸੇਠ ਨੇ ਆਯੋਜਿਤ ਸ਼ਾਨਦਾਰ 'ਫਲੈਗਿੰਗ-ਇਨ' ਸਮਾਰੋਹ ਦੌਰਾਨ ਟੀਮ ਦੇ ਜਾਂਬਾਜ਼ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ (Token of Appreciation) ਭੇਟ ਕਰਕੇ ਸਨਮਾਨਿਤ ਕੀਤਾ।

ਇਸ ਮੌਕੇ ਫੌਜ ਮੁਖੀ ਜਨਰਲ ਧੀਰਜ ਸੇਠ ਨੇ ਪਰਬਤਾਰੋਹੀ ਦਲ ਦੇ ਮੈਂਬਰਾਂ ਨਾਲ ਯਾਦਗਾਰੀ ਤਸਵੀਰ ਵੀ ਖਿਚਵਾਈ। ਉਨ੍ਹਾਂ ਜਵਾਨਾਂ ਵੱਲੋਂ ਪ੍ਰਦਰਸ਼ਿਤ ਕੀਤੀ ਗਈ ਬੇਮਿਸਾਲ ਦਲੇਰੀ, ਟੀਮ ਭਾਵਨਾ ਅਤੇ ਸਰੀਰਕ-ਮਾਨਸਿਕ ਦ੍ਰਿੜ੍ਹਤਾ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਤਿ-ਉੱਚਾਈ ਵਾਲੇ ਕਠਿਨ ਖੇਤਰਾਂ ਵਿੱਚ ਅਜਿਹੀਆਂ ਚੁਣੌਤੀਆਂ ਨੂੰ ਪਾਰ ਕਰਨਾ ਭਾਰਤੀ ਫੌਜ ਦੇ ਅਦੁੱਤੀ ਜਜ਼ਬੇ ਅਤੇ ਉੱਚ ਪੱਧਰੀ ਪੇਸ਼ੇਵਰ ਮੁਹਾਰਤ ਦਾ ਪ੍ਰਤੀਕ ਹੈ। ਇਹ ਪ੍ਰਾਪਤੀ ਪੂਰੀ ਫੌਜ ਅਤੇ ਖ਼ਾਸ ਤੌਰ 'ਤੇ ਕੋਰ ਆਫ਼ ਸਿਗਨਲਜ਼ ਲਈ ਵੱਡੇ ਮਾਣ ਵਾਲੀ ਗੱਲ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਫ਼ਤਹਿਗੜ੍ਹ ਸਾਹਿਬ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ 2 ਦਿਨਾਂ ਇਤਿਹਾਸਕ ਬੰਦੀ ਛੋੜ ਮਾਰਚ ਦਾ ਐਲਾਨ

ਚੰਡੀਗੜ੍ਹ : ਕਿਸਾਨ ਭਵਨ ਚੰਡੀਗੜ੍ਹ ਵਿਚ ਕੌਮੀ ਇਨਸਾਫ਼ ਮੋਰਚੇ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਜਥੇਬੰਦੀਆਂ, ਸੰਤਾਂ ਮਹਾਂਪੁਰਸ਼ਾਂ, ਕਿਸਾਨ - ਮਜ਼ਦੂਰ ਜਥੇਬੰਦੀਆਂ ਅਤੇ ਸਿਆਸੀ ਧਿਰਾਂ ਨਾਲ ਵਿਸ਼ੇਸ਼ ਸਾਂਝੀ ਮੀਟਿੰਗ ਕੀਤੀ ਗਈ। ਇਸ ਇਕੱਤਰਤਾ ਦੀ ਇਹ ਵਿਸ਼ੇਸ਼ਤਾ ਰਹੀ ਕਿ ਪੌਣੇ ਚਾਰ ਸਾਲਾਂ ਤੋਂ ਚੱਲ ਰਹੇ ਕੌਮੀ ਇਨਸਾਫ਼ ਮੋਰਚੇ ਵਿਚ ਪਹਿਲੀ ਵਾਰ ਸਿੱਖਾਂ ਦੀਆਂ 3 ਵੱਡੀਆਂ ਸੰਸਥਾਵਾਂ ਦਿੱਲੀ, ਹਰਿਆਣਾ ਅਤੇ ਪੰਜਾਬ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਮੁੱਖ ਆਗੂ ਕ੍ਰਮਵਾਰ ਪ੍ਰਧਾਨ ਹਰਮੀਤ ਸਿੰਘ ਕਾਲਕਾ, ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਅਤੇ ਬਲਦੇਵ ਸਿੰਘ ਕੈਮਪੁਰ ਅੰਤ੍ਰਿੰਗ ਕਮੇਟੀ ਮੈਂਬਰ ਸ਼ਾਮਿਲ ਹੋਏ । ਇਸ ਇਕੱਤਰਤਾ ਵਿਚ ਚਰਚਾ ਦੌਰਾਨ ਆਗੂਆਂ ਵਲੋਂ ਕੇਂਦਰ ਅਤੇ ਪੰਜਾਬ ਸਰਕਾਰਾਂ ਦੇ ਵਤੀਰੇ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ । ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਲ ਸਿੰਘ ਫਰਾਂਸ, ਬਾਪੂ ਗੁਰਚਰਨ ਸਿੰਘ, ਜਸਟਿਸ (ਰਿਟ.) ਰਣਜੀਤ ਸਿੰਘ ਨੇ ਦੱਸਿਆ ਕਿ ਆਮ ਸਹਿਮਤੀ ਬਣੀ ਕਿ ਬੰਦੀ ਸਿੰਘਾਂ ਦੀ ਰਿਹਾਈ ਵੱਡੀ ਲੋਕ ਲਾਮਬੰਦੀ ਦੀ ਲੋੜ ਹੈ । ਇਸ ਮੰਤਵ ਲਈ ਸਰਕਾਰ ਨਾਲ ਕਿਸੇ ਟਕਰਾਓ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਤਕ ਜਾਣਾ ਜ਼ਰੂਰੀ ਹੈ । ਇਸ ਨੂੰ ਮੁੱਖ ਰੱਖਦਿਆਂ 2 ਅਕਤੂਬਰ ਤੋਂ 3 ਅਕਤੂਬਰ ਸ਼ਾਮ ਤਕ ਦੋ ਦਿਨਾਂ ਬੰਦੀ ਛੋੜ ਮਾਰਚ ਉਲੀਕਿਆ ਗਿਆ। ਇਹ ਮਾਰਚ ਗੁਰਦਵਾਰਾ ਫ਼ਤਿਹਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਪਹਿਲਾ ਪੜਾਅ ਗੁਰਦੁਆਰਾ ਮਸਤੂਆਣਾ ਜ਼ਿਲ੍ਹਾ ਸੰਗਰੂਰ ਵਿਖੇ ਜਾਵੇਗਾ ਉਪਰੰਤ 3 ਅਕਤੂਬਰ ਨੂੰ ਸਵੇਰੇ ਮਾਰਚ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਰਵਾਨਾ ਹੋਵੇਗਾ। ਇਸ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਜਸਟਿਸ (ਰਿਟਾ.) ਰਣਜੀਤ ਸਿੰਘ, ਭਾਈ ਬਲਜੀਤ ਸਿੰਘ ਦਾਦੂਵਾਲ, ਸੰਤ ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਸੰਤ ਬਾਬਾ ਗੁਰਸੇਵਕ ਸਿੰਘ ਸ਼ੀਹਣੀ ਸਾਹਿਬ, ਬਾਬਾ ਬੂਟਾ ਸਿੰਘ ਗੁੜਥੜੀ, ਬਾਪੂ ਗੁਰਚਰਨ ਸਿੰਘ, ਗੁਰਦੀਪ ਸਿੰਘ ਬਠਿੰਡਾ, ਪਾਲ ਸਿੰਘ ਫਰਾਂਸ, ਬਲਵਿੰਦਰ ਸਿੰਘ ਫ਼ਿਰੋਜ਼ਪੁਰ, ਗੁਰਿੰਦਰ ਸਿੰਘ ਭੰਗੂ, ਬਲਵਿੰਦਰ ਸਿੰਘ ਕਾਲਾ ਝਾੜ ਸਾਹਿਬ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਮੰਗਤ ਰਾਮ ਪਾਸਲਾ, ਤਰਸੇਮ ਜੋਧਾਂ, ਰਮਿੰਦਰ ਸਿੰਘ ਪਟਿਆਲਾ ਆਗੂ ਕਿਰਤੀ ਕਿਸਾਨ ਯੂਨੀਅਨ ਤੋਂ ਇਲਾਵਾ ਸੁਰਜੀਤ ਸਿੰਘ ਫੂਲ ਆਗੂ ਬੀ ਕੇ ਯੂ ਕ੍ਰਾਂਤੀਕਾਰੀ, ਕਰਨਲ ਮਾਲਵਿੰਦਰ ਸਿੰਘ ਗੁਰੋਂ ਭਾਈ ਸਤਨਾਮ ਸਿੰਘ ਖੰਡਾ, ਸੁਖਜਿੰਦਰ ਸਿੰਘ ਬੀ.ਕੇ.ਯੂ. ਖੋਸਾ, ਸਤਨਾਮ ਸਿੰਘ ਬਹਿਰੂ, ਪ੍ਰੋ. ਬਲਿੰਦਰ ਸਿੰਘ ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਧਿਆਨ ਸਿੰਘ ਭਟੇੜੀ ,ਭਾਈ ਮੋਹਕਮ ਸਿੰਘ , ਭਾਈ ਬਖਸ਼ੀਸ਼ ਸਿੰਘ ਅਖੰਡ ਕੀਰਤਨੀ ਜਥਾ, ਬਲਜੀਤ ਸਿੰਘ ਭਾਊ, ਸਤਨਾਮ ਸਿੰਘ ਮਨਾਵਾਂ, ਬੂਟਾ ਸਿੰਘ ਰਨਸ਼ੀਹ ਦੇ ਨਾਲ-ਨਾਲ ਬਲਦੇਵ ਸਿੰਘ ਬਾਘਾਪੁਰਾਣਾ, ਐਡਵੋਕੇਟ ਗੁਰਸ਼ਰਨ ਸਿੰਘ, ਇੰਦਰਬੀਰ ਸਿੰਘ, ਜੀਤ ਸਿੰਘ ਔਲਖ, ਮਲਕੀਤ ਸਿੰਘ ਸੇਖੋਂ, ਬਾਬਾ ਅਮਰਜੀਤ ਸਿੰਘ ਮਰਿਯਾਦਾ, ਸੁੱਖ ਗਿੱਲ ਮੋਗਾ, ਰੇਸ਼ਮ ਸਿੰਘ ਕਾਹਲੋਂ ਮਜ਼ਦੂਰ ਆਗੂ, ਜਸਵਿੰਦਰ ਸਿੰਘ ਰਾਜਪੁਰਾ, ਮੱਖਣ ਸਿੰਘ ਸਰਦੂਲਗੜ, ਰਜਿੰਦਰ ਸਿੰਘ ਹਾਈ ਜੈਕਰ, ਅੰਮ੍ਰਿਤਪਾਲ ਕੌਰ ਮਲੋਆ ਜਸਵੰਤ ਸਿੰਘ ਮਾਨਸਾ, ਅਮਨਦੀਪ ਸਿੰਘ, ਗੁਰਿੰਦਰ ਸਿੰਘ ਬਾਜਵਾ, ਭਾਈ ਅਮਨਦੀਪ ਸਿੰਘ ਖ਼ਾਲਸਾ ਆਦਿ ਤੇ ਹੋਰ ਨੁਮਾਇੰਦਾ ਆਗੂ ਹਾਜ਼ਰ ਸਨ।






# 25 ਸਾਲ ਬਾਅਦ ਮਮਦਾਨੀ ਨੇ ਖੋਲ੍ਹੀਆਂ 9/11 ਦੀਆਂ ਬੰਦ ਫਾਈਲਾਂ , 1.70 ਲੱਖ ਪੰਨੇ ਜਨਤਕ

ਨਿਊਯਾਰਕ : ਨਿਊਯਾਰਕ ਸਿਟੀ ਦੇ ਮੇਅਰ ਜੋਹਰਾਨ ਕਵਾਮੇ ਮਮਦਾਨੀ ਨੇ 9/11 ਅੱਤਵਾਦੀ ਹਮਲਿਆਂ ਤੋਂ ਬਾਅਦ ਹਵਾ ਦੀ ਗੁਣਵੱਤਾ, ਸਿਹਤ ਖ਼ਤਰਿਆਂ ਅਤੇ ਸ਼ਹਿਰ ਵਲੋਂ ਕੀਤੀ ਕਾਰਵਾਈ ਨਾਲ ਸੰਬੰਧਿਤ 1 ਲੱਖ 70 ਹਜ਼ਾਰ ਤੋਂ ਵੱਧ ਪੰਨਿਆਂ ਦੇ ਰਿਕਾਰਡ ਜਨਤਕ ਕਰ ਦਿੱਤੇ ਹਨ। ਹਮਲਿਆਂ ਦੀ 25ਵੀਂ ਬਰਸੀ ਤੋਂ ਪਹਿਲਾਂ ਜਾਰੀ ਕੀਤੇ ਗਏ ਇਨ੍ਹਾਂ ਦਸਤਾਵੇਜ਼ਾਂ ਲਈ ਸ਼ਹਿਰ ਦਾ ਪਹਿਲਾ ਵਿਸ਼ੇਸ਼ ਆਨਲਾਈਨ ਪੋਰਟਲ ਵੀ ਸ਼ੁਰੂ ਕੀਤਾ ਗਿਆ ਹੈ। ਮਮਦਾਨੀ ਨੇ ਆਪਣੇ ਅਧਿਕਾਰਤ ਬਿਆਨ ਵਿਚ ਕਿਹਾ ਕਿ 9/11 ਦੌਰਾਨ ਜਾਨਾਂ ਗੁਆਉਣ ਵਾਲਿਆਂ ਦੇ ਪਰਿਵਾਰਾਂ, ਬਚੇ ਹੋਏ ਲੋਕਾਂ ਅਤੇ ਪਹਿਲੇ ਮਦਦਗਾਰਾਂ ਨੂੰ ਪਾਰਦਰਸ਼ਤਾ ਅਤੇ ਜਵਾਬਦੇਹੀ ਦੇਣਾ ਸ਼ਹਿਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਨਿਊਯਾਰਕ ਵਾਸੀਆਂ ਨੂੰ ਉਨ੍ਹਾਂ ਸਰਕਾਰੀ ਰਿਕਾਰਡਾਂ ਤੱਕ ਪਹੁੰਚ ਲਈ ਕਈ ਸਾਲ ਸੰਘਰਸ਼ ਕਰਨਾ ਪਿਆ, ਜਿਹੜੇ ਸ਼ੁਰੂ ਤੋਂ ਹੀ ਲੋਕਾਂ ਲਈ ਉਪਲਬਧ ਹੋਣੇ ਚਾਹੀਦੇ ਸਨ।ਮੇਅਰ ਨੇ ਕਿਹਾ ਕਿ 9/11 ਦੀ ਪੀੜਾ ਧੂੰਆਂ ਅਤੇ ਧੂੜ ਬੈਠਣ ਨਾਲ ਖ਼ਤਮ ਨਹੀਂ ਹੋਈ। ਗਰਾਊਂਡ ਜ਼ੀਰੋ ਨੇੜੇ ਰਹਿਣ, ਪੜ੍ਹਨ ਅਤੇ ਕੰਮ ਕਰਨ ਵਾਲੇ ਲੋਕਾਂ ਦੇ ਨਾਲ ਮਲਬਾ ਹਟਾਉਣ ਅਤੇ ਪੀੜਤਾਂ ਦੀ ਭਾਲ ਕਰਨ ਵਾਲੇ ਹਜ਼ਾਰਾਂ ਕਰਮਚਾਰੀ ਲੰਬੇ ਸਮੇਂ ਤੱਕ ਗੰਭੀਰ ਬਿਮਾਰੀਆਂ ਨਾਲ ਜੂਝਦੇ ਰਹੇ। ਉਨ੍ਹਾਂ ਮੁਤਾਬਕ 9/11 ਨਾਲ ਜੁੜੀਆਂ ਬਿਮਾਰੀਆਂ ਕਾਰਨ ਜਾਨ ਗੁਆਉਣ ਵਾਲਿਆਂ ਦੀ ਗਿਣਤੀ ਹੁਣ ਹਮਲੇ ਵਾਲੇ ਦਿਨ ਮਾਰੇ ਗਏ ਲੋਕਾਂ ਨਾਲੋਂ ਵੀ ਵੱਧ ਹੋ ਚੁੱਕੀ ਹੈ।ਪਹਿਲੇ ਪੜਾਅ ਵਿਚ ਜਾਰੀ ਰਿਕਾਰਡਾਂ ਵਿਚ ਚਰਚਿਤ 'ਹਾਰਡਿੰਗ ਮੈਮੋ', ਵਾਤਾਵਰਣ ਸੁਰੱਖਿਆ ਵਿਭਾਗ ਨਾਲ ਸੰਬੰਧਿਤ 68 ਡੱਬਿਆਂ ਦੀਆਂ ਫਾਈਲਾਂ ਅਤੇ ਵਰਲਡ ਟਰੇਡ ਸੈਂਟਰ-7 ਬਾਰੇ ਦਸਤਾਵੇਜ਼ ਸ਼ਾਮਿਲ ਹਨ। ਮਮਦਾਨੀ ਦੇ ਬਿਆਨ ਮੁਤਾਬਕ ਇਨ੍ਹਾਂ ਰਿਕਾਰਡਾਂ ਵਿਚ ਐਸਬੈਸਟਸ, ਕੈਂਸਰ ਪੈਦਾ ਕਰਨ ਵਾਲੇ ਪਦਾਰਥਾਂ ਅਤੇ ਸ਼ਹਿਰ ਦੀ ਸੰਭਾਵਿਤ ਕਾਨੂੰਨੀ ਜ਼ਿੰਮੇਵਾਰੀ ਨਾਲ ਜੁੜੀ ਜਾਣਕਾਰੀ ਵੀ ਮੌਜੂਦ ਹੈ।



# ਗੁਰਪ੍ਰੀਤ ਸਿੰਘ ਸੇਖੋਂ ਆਮ ਆਦਮੀ ਪਾਰਟੀ 'ਚ ਸ਼ਾਮਲ

## ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਨਿੱਘਾ ਸਵਾਗਤ, ਸੇਖੋਂ ਨੇ ਤਲਵਾਰ ਭੇਟ ਕਰਕੇ ਪ੍ਰਗਟਾਇਆ ਸਨਮਾਨ





ਚੰਡੀਗੜ੍ਹ : ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਇੱਕ ਵੱਡਾ ਸਿਆਸੀ ਘਟਨਾਕ੍ਰਮ ਦੇਖਣ ਨੂੰ ਮਿਲਿਆ ਜਦੋਂ ਗੁਰਪ੍ਰੀਤ ਸਿੰਘ ਸੇਖੋਂ ਰਸਮੀ ਤੌਰ 'ਤੇ ਆਮ ਆਦਮੀ ਪਾਰਟੀ (AAP) ਵਿੱਚ ਸ਼ਾਮਲ ਹੋ ਗਏ। ਐਤਵਾਰ ਨੂੰ ਚੰਡੀਗੜ੍ਹ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਅਤੇ ਜੀ ਆਇਆਂ ਆਖਿਆ। ਇਸ ਸ਼ਮੂਲੀਅਤ ਪ੍ਰੋਗਰਾਮ ਦੌਰਾਨ ਗੁਰਪ੍ਰੀਤ ਸਿੰਘ ਸੇਖੋਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਨਮਾਨ ਵਜੋਂ ਇੱਕ ਪਵਿੱਤਰ ਤਲਵਾਰ (ਸ੍ਰੀ ਸਾਹਿਬ) ਭੇਟ ਕੀਤੀ ਗਈ। ਮੁੱਖ ਮੰਤਰੀ ਨੇ ਇਸ ਮੌਕੇ ਗੁਰਪ੍ਰੀਤ ਸਿੰਘ ਸੇਖੋਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਸੂਬੇ ਦੇ ਵਿਕਾਸ, ਲੋਕ-ਪੱਖੀ ਨੀਤੀਆਂ ਅਤੇ ਇਮਾਨਦਾਰ ਸ਼ਾਸਨ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਆਗੂ ਆਮ ਆਦਮੀ ਪਾਰਟੀ ਦਾ ਹਿੱਸਾ ਬਣ ਰਹੇ ਹਨ। ਗੁਰਪ੍ਰੀਤ ਸਿੰਘ ਸੇਖੋਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਜ਼ਮੀਨੀ ਪੱਧਰ 'ਤੇ ਆਮ ਆਦਮੀ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤੀ ਮਿਲਣ ਦੀ ਉਮੀਦ ਜਤਾਈ ਜਾ ਰਹੀ ਹੈ। ਸਮਾਗਮ ਦੌਰਾਨ ਪਾਰਟੀ ਦੇ ਕਈ ਹੋਰ ਪ੍ਰਮੁੱਖ ਅਹੁਦੇਦਾਰ ਅਤੇ ਸਮਰਥਕ ਵੀ ਹਾਜ਼ਰ ਸਨ।

# ਗੁਜਰਾਤੀ ਨੂੰ 54 ਮਹੀਨੇ ਦੀ ਕੈਦ, ਮਿਲੇਗਾ ਦੇਸ਼ ਨਿਕਾਲਾ



ਸੈਕਰਾਮੈਂਟੋ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਸੂਰਤ ਸਥਿਤ ਰੈਕਸਟਰ ਕੈਮੀਕਲਜ਼ ਦੇ ਸੰਸਥਾਪਕ ਭਾਵੇਸ਼ ਲਾਥੀਆ ਨੂੰ ਫੈਂਟਾਨਿਲ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣਾਂ ਦੀ ਤਸਕਰੀ ਅਤੇ ਵੰਡ ਕਰਨ ਦੇ ਦੋਸ਼ਾਂ ਵਿਚ ਸੰਘੀ ਜੇਲ੍ਹ 'ਚ 54 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਲਾਥੀਆ, ਜਿਸ ਦਾ ਪੂਰਾ ਨਾਂਅ ਭਾਵੇਸ਼ ਰਣਛੋੜਭਾਈ ਲਾਥੀਆ ਹੈ, ਸੂਰਤ (ਗੁਜਰਾਤ) ਦਾ ਰਹਿਣ ਵਾਲਾ ਹੈ। ਉਸ ਨੂੰ ਭਾਵੇਸ਼ ਪਟੇਲ, ਭਾਵੇਸ਼ ਭਾਈ ਅਤੇ ਭਾਵੇਸ਼ ਲਾਥੀਆ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। 37 ਸਾਲਾ ਲਾਥੀਆ ਨੇ ਅਪ੍ਰੈਲ 2026 ਵਿਚ ਫੈਂਟਾਨਿਲ ਪੂਰਵਗਾਮੀ ਰਸਾਇਣਾਂ ਦੀ ਤਸਕਰੀ ਅਤੇ ਵੰਡ ਕਰਨ ਦਾ ਦੋਸ਼ ਮੰਨ ਲਿਆ ਸੀ, ਜਦੋਂਕਿ ਉਹ ਜਾਣਦਾ ਸੀ ਕਿ ਇਨ੍ਹਾਂ ਦੀ ਵਰਤੋਂ ਫੈਂਟਾਨਿਲ ਬਣਾਉਣ ਲਈ ਕੀਤੀ ਜਾਵੇਗੀ। ਉਸ ਨੂੰ ਬਰੁਕਲਿਨ ਵਿਚ ਯੂ.ਐਸ. ਜ਼ਿਲਾ ਜੱਜ ਪਾਮੇਲਾ ਕੇ. ਚੇਨ ਦੁਆਰਾ ਸਜ਼ਾ ਸੁਣਾਈ ਗਈ, ਜਦੋਂਕਿ 24,560 ਡਾਲਰ ਜ਼ਬਤ ਕਰਨ ਦਾ ਹੁਕਮ ਵੀ ਦਿੱਤਾ ਗਿਆ। ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਯੂ.ਐਸ. ਅਟਾਰਨੀ ਦਫ਼ਤਰ ਅਨੁਸਾਰ ਭਾਵੇਸ਼ ਦੀ ਸਜ਼ਾ ਹੋਣ ਤੋਂ ਬਾਅਦ ਉਸ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ।






ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ
126 S Cherry Street Olathe, Kansas 66061
ਲਾਂਗਰੀ ਦੀ ਲੋੜ
ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ
ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ
ਤਨਖਾਹ ਯੋਗਤਾ ਅਨੁਸਾਰ
ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498

# ਭਾਰਤੀ ਜਲ ਸੈਨਾ ਦਾ ਜੰਗੀ ਬੇੜਾ 'ਆਈ.ਐੱਨ.ਐੱਸ. ਮੈਸੂਰ' ਮਲੇਸ਼ੀਆ ਪਹੁੰਚਿਆ: ਸਾਂਝੀ ਜਲ ਸੈਨਾ ਅਭਿਆਸ ਦੇ ਚੌਥੇ ਪੜਾਅ 'ਚ ਲਵੇਗਾ ਹਿੱਸਾ





ਲੁਮੁਤ (ਮਲੇਸ਼ੀਆ) : ਭਾਰਤੀ ਜਲ ਸੈਨਾ ਦਾ ਸ਼ਕਤੀਸ਼ਾਲੀ ਜੰਗੀ ਬੇੜਾ 'ਆਈ.ਐੱਨ.ਐੱਸ. ਮੈਸੂਰ' (INS Mysore) ਦੁਵੱਲੇ ਜਲ ਸੈਨਾ ਅਭਿਆਸ ਦੇ ਚੌਥੇ ਸੰਸਕਰਣ ਵਿੱਚ ਹਿੱਸਾ ਲੈਣ ਲਈ ਬੁੱਧਵਾਰ ਨੂੰ ਮਲੇਸ਼ੀਆ ਦੇ ਲੁਮੁਤ ਪੋਰਟ ਵਿਖੇ ਪਹੁੰਚ ਗਿਆ ਹੈ। ਇਸ ਦੌਰੇ ਅਤੇ ਸਾਂਝੇ ਅਭਿਆਸ ਦਾ ਉਦੇਸ਼ ਭਾਰਤ ਅਤੇ ਮਲੇਸ਼ੀਆ ਦੀਆਂ ਜਲ ਸੈਨਾਵਾਂ ਵਿਚਾਲੇ ਆਪਸੀ ਤਾਲਮੇਲ, ਸਹਿਯੋਗ ਅਤੇ ਸਮੁੰਦਰੀ ਸੁਰੱਖਿਆ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਾ ਹੈ। ਅਭਿਆਸ ਦੌਰਾਨ ਦੋਵਾਂ ਦੇਸ਼ਾਂ ਦੀਆਂ ਜਲ ਸੈਨਾਵਾਂ ਸਮੁੰਦਰੀ ਚੁਣੌਤੀਆਂ ਨਾਲ ਨਜਿੱਠਣ ਅਤੇ ਅੰਤਰ-ਕਾਰਜਸ਼ੀਲਤਾ (interoperability) ਵਧਾਉਣ ਲਈ ਸਾਂਝੇ ਅਭਿਆਸ ਕਰਨਗੀਆਂ, ਜਿਸ ਨਾਲ ਹਿੰਦ ਮਹਾਂਸਾਗਰ ਅਤੇ ਮਲੱਕਾ ਜਲਡਮਰੂਮੱਧ ਦੇ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਬਲ ਮਿਲੇਗਾ।

# ਦੱਖਣ-ਪੂਰਬੀ ਦਿੱਲੀ 'ਚ ਮਾਰੇ ਗਏ ਮਣੀਪੁਰੀ ਸੰਗੀਤਕਾਰ ਚੋਂਗਥਮ ਵਿਕਰਮ ਸਿੰਘ ਦੀ ਯਾਦਗਾਰੀ ਸਭਾ 'ਚ ਪਹੁੰਚੇ ਰਾਹੁਲ ਗਾਂਧੀ

## ਕਾਂਗਰਸ ਆਗੂਆਂ ਨੇ ਪਰਿਵਾਰ ਨਾਲ ਦੁੱਖ ਵੰਡਾਇਆ ਅਤੇ ਇਨਸਾਫ਼ ਦੀ ਕੀਤੀ ਮੰਗ

ਨਵੀਂ ਦਿੱਲੀ : ਦੱਖਣ-ਪੂਰਬੀ ਦਿੱਲੀ ਵਿੱਚ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰੇ ਗਏ ਮਣੀਪੁਰ ਦੇ ਪ੍ਰਸਿੱਧ ਸੰਗੀਤਕਾਰ ਅਤੇ ਸੰਗੀਤ ਅਧਿਆਪਕ ਚੋਂਗਥਮ ਵਿਕਰਮ ਸਿੰਘ ਦੀ ਯਾਦ ਵਿੱਚ ਵੀਰਵਾਰ ਨੂੰ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਿਖੇ ਇੱਕ ਵਿਸ਼ੇਸ਼ ਸ਼ਰਧਾਂਜਲੀ ਸਭਾ ਆਯੋਜਿਤ ਕੀਤੀ ਗਈ। ਇਸ ਮੌਕੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕਈ ਹੋਰ ਸੀਨੀਅਰ ਕਾਂਗਰਸੀ ਆਗੂਆਂ ਨੇ ਸ਼ਿਰਕਤ ਕੀਤੀ।

ਸਮਾਗਮ ਦੌਰਾਨ ਰਾਹੁਲ ਗਾਂਧੀ ਅਤੇ ਹਾਜ਼ਰ ਆਗੂਆਂ ਨੇ ਮਰਹੂਮ ਸੰਗੀਤਕਾਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪੀੜਤ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ। ਆਗੂਆਂ ਨੇ ਇਸ ਘਿਨਾਉਣੀ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਦੇਸ਼ ਦੀ ਰਾਜਧਾਨੀ ਵਿੱਚ ਉੱਤਰ-ਪੂਰਬੀ ਸੂਬਿਆਂ ਦੇ ਲੋਕਾਂ ਦੀ ਸੁਰੱਖਿਆ 'ਤੇ ਗੰਭੀਰ ਚਿੰਤਾ ਪ੍ਰਗਟਾਈ ਅਤੇ ਦੋਸ਼ੀਆਂ ਖ਼ ?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਪੀੜਤ ਪਰਿਵਾਰ ਨੂੰ ਤੁਰੰਤ ਇਨਸਾਫ਼ ਦਿਵਾਉਣ ਦੀ ਮੰਗ ਕੀਤੀ।




# 33 ਅਰਬ ਡਾਲਰ ਸਾਲਾਨਾ ਖਰਚ ਦੇ ਬਾਵਜੂਦ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਡਿੱਗੀ

ਸਿਡਨੀ : ਆਸਟਰੇਲੀਆਈ ਵਿਦਿਆਰਥੀਆਂ ਦੇ ਪੜ੍ਹਨ ਅਤੇ ਗਣਿਤ ਦੇ ਨਤੀਜੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਏ ਹਨ, ਜਿਸ ਨੇ ਦੇਸ਼ ਦੀ ਸਿੱਖਿਆ ਪ੍ਰਣਾਲੀ ਸਾਹਮਣੇ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਹਾਲਾਂਕਿ ਵਿਸ਼ਵ ਪੱਧਰ 'ਤੇ ਰੈਂਕਿੰਗ ਕਾਇਮ ਰਹੀ ਹੈ, ਪਰ ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਕਈ ਹੋਰ ਦੇਸ਼ਾਂ ਦੇ ਨਤੀਜੇ ਵੀ ਡਿੱਗੇ ਹਨ।



ਡਿਜੀਟਲ ਸਿੱਖਣ ਦੇ ਹੁਨਰਾਂ ਵਿੱਚ ਆਸਟਰੇਲੀਆ 91 ਦੇਸ਼ਾਂ ਵਿੱਚ 9ਵੇਂ ਸਥਾਨ 'ਤੇ ਹੈ। ਸਿੱਖਿਆ ਮੰਤਰੀ ਜੇਸਨ ਕਲੇਅਰ ਨੇ ਡਿਜੀਟਲ ਵਰਤੋਂ ਅਤੇ ਵਿਦਿਅਕ ਨਤੀਜਿਆਂ ਵਿਚਕਾਰ ਸਬੰਧ ਬਾਰੇ ਕਿਹਾ, "ਜਿੰਨਾ ਜ਼ਿਆਦਾ ਤੁਸੀਂ ਆਨਲਾਈਨ ਰਹਿੰਦੇ ਹੋ, ਤੁਹਾਡੇ ਨਤੀਜੇ ਓਨੇ ਹੀ ਨਤੀਜੇ ਘਟਦੇ ਹਨ।

ਇਸੇ ਕਰਕੇ ਉਨ੍ਹਾਂ ਨੇ ਵਿਦਿਆਰਥੀਆਂ ਲਈ ਡਿਜੀਟਲ ਵਰਤੋਂ ਵਿੱਚ ਕਮੀ ਲਿਆਉਣ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਦੂਜੇ ਪਾਸੇ, ਅਧਿਆਪਕ ਵਧ ਰਹੀ ਧੱਕੇਸ਼ਾਹੀ, ਮਾੜੇ ਵਿਹਾਰ ਅਤੇ ਨੀਤੀ-ਨਿਰਮਾਤਾਵਾਂ ਦੇ ਵੱਖ-ਵੱਖ ਸੰਦੇਸ਼ਾਂ ਨਾਲ ਵੀ ਜੂਝ ਰਹੇ ਹਨ। ਸੰਘੀ ਸਰਕਾਰ ਸਕੂਲ ਸਿੱਖਿਆ ਲਈ ਹਰ ਸਾਲ ਲਗਪਗ 33 ਅਰਬ ਡਾਲਰ ਖਰਚ ਕਰਦੀ ਹੈ। ਇਸ ਵੱਡੇ ਨਿਵੇਸ਼ ਦੇ ਬਾਵਜੂਦ ਨਤੀਜਿਆਂ ਵਿੱਚ ਗਿਰਾਵਟ ਇਹ ਸਵਾਲ ਖੜ੍ਹਾ ਕਰਦੀ ਹੈ ਕਿ ਪੈਸਾ ਕਿੱਥੇ ਅਤੇ ਕਿਵੇਂ ਖਰਚਿਆ ਜਾ ਰਿਹਾ ਹੈ।

ਇਸੇ ਦੌਰਾਨ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਵੀ ਚਿੰਤਾ ਵਧੀ ਹੈ। ਕਈ ਨਿੱਜੀ ਸਕੂਲ ਸਹਾਇਤਾ ਕਰਮਚਾਰੀ ਅਤੇ ਪ੍ਰੋਗਰਾਮ ਘਟਾ ਰਹੇ ਹਨ, ਜਦੋਂ ਕਿ ਕੁਝ ਸਕੂਲਾਂ ਨੂੰ ਪ੍ਰਤੀ ਵਿਦਿਆਰਥੀ 45000 ਡਾਲਰ ਤੱਕ ਸੰਘੀ ਫੰਡ ਮਿਲਦੇ ਹਨ। ਹੁਣ ਸਿਰਫ਼ ਵਧੇਰੇ ਫੰਡਿੰਗ ਨਹੀਂ, ਸਗੋਂ ਉਸ ਤੋਂ ਬਿਹਤਰ ਵਿਦਿਅਕ ਨਤੀਜੇ ਦੀ ਮੰਗ ਵੀ ਤੇਜ਼ ਹੋ ਰਹੀ ਹੈ।

# ਸੰਗਰੂਰ ਦੇ ਸਿੱਖ ਭਾਈਚਾਰੇ ਦੇ ਵਫ਼ਦ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਕੀਤੀ ਮੁਲਾਕਾਤ

## ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦਾ ਕੀਤਾ ਵਿਸ਼ੇਸ਼ ਸਨਮਾਨ




ਚੰਡੀਗੜ੍ਹ : ਪੰਜਾਬ ਦੇ ਸੰਗਰੂਰ ਜ਼ਿਲ੍ਹੇ ਨਾਲ ਸੰਬੰਧਤ ਸਿੱਖ ਭਾਈਚਾਰੇ ਦੇ ਇੱਕ ਵਿਸ਼ੇਸ਼ ਵਫ਼ਦ ਨੇ ਵੀਰਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ 'ਸੰਤ ਕਬੀਰ ਕੁਟੀਰ' ਵਿਖੇ ਰਸਮੀ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਸਿੱਖ ਵਫ਼ਦ ਦੇ ਮੈਂਬਰਾਂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਮੀਟਿੰਗ ਦੌਰਾਨ ਭਾਈਚਾਰੇ ਨਾਲ ਜੁੜੇ ਵੱਖ-ਵੱਖ ਮੁੱਦਿਆਂ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਬਾਰੇ ਸੁਖਾਵੇਂ ਮਾਹੌਲ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ। ਮੁੱਖ ਮੰਤਰੀ ਨੇ ਵਫ਼ਦ ਦਾ ਧੰਨਵਾਦ ਕਰਦਿਆਂ ਸਮਾਜਿਕ ਸਦਭਾਵਨਾ ਅਤੇ ਸਰਬੱਤ ਦੇ ਭਲੇ ਲਈ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦੇਣ ਦੀ ਵਚਨਬੱਧਤਾ ਦੁਹਰਾਈ।

# ਗੰਗਾ ਨਦੀ ਦੇ ਵਧਦੇ ਪਾਣੀ ਕਾਰਨ ਕਾਨਪੁਰ ’ਚ ਹੜ੍ਹਾਂ ਦਾ ਕਹਿਰ

## ਭੋਪਾਲ ਪੁਰਵਾ ਦੇ ਲੋਕ ਪਸ਼ੂਆਂ ਅਤੇ ਸਾਮਾਨ ਸਮੇਤ ਸੁਰੱਖਿਅਤ ਥਾਵਾਂ ਵੱਲ ਹਿਜਰਤ ਕਰਨ ਲਈ ਮਜਬੂਰ





ਕਾਨਪੁਰ : ਗੰਗਾ ਨਦੀ ਦੇ ਪਾਣੀ ਦਾ ਪੱਧਰ ਖ਼ਤਰਨਾਕ ਢੰਗ ਨਾਲ ਵਧਣ ਕਾਰਨ ਉੱਤਰ ਪ੍ਰਦੇਸ਼ ਦੇ ਕਾਨਪੁਰ ਇਲਾਕੇ ਵਿੱਚ ਹੜ੍ਹਾਂ ਦੀ ਸਥਿਤੀ ਗੰਭੀਰ ਬਣ ਗਈ ਹੈ। ਵੀਰਵਾਰ ਨੂੰ ਕਾਨਪੁਰ ਦੇ ਭੋਪਾਲ ਪੁਰਵਾ ਖੇਤਰ ਵਿੱਚ ਹੜ੍ਹ ਦਾ ਪਾਣੀ ਰਿਹਾਇਸ਼ੀ ਇਲਾਕਿਆਂ ਵਿੱਚ ਦਾਖ਼ਲ ਹੋਣ ਕਾਰਨ ਸਥਾਨਕ ਲੋਕ ਆਪਣਾ ਜ਼ਰੂਰੀ ਘਰੇਲੂ ਸਾਮਾਨ ਅਤੇ ਪਸ਼ੂਆਂ ਨੂੰ ਨਾਲ ਲੈ ਕੇ ਪਾਣੀ ਵਿੱਚੋਂ ਲੰਘਦੇ ਹੋਏ ਸੁਰੱਖਿਅਤ ਥਾਵਾਂ ਵੱਲ ਜਾਂਦੇ ਦੇਖੇ ਗਏ।

ਪਾਣੀ ਦੇ ਤੇਜ਼ ਵਹਾਅ ਕਾਰਨ ਨੀਵੇਂ ਇਲਾਕਿਆਂ ਵਿੱਚ ਰਹਿਣ ਵਾਲੇ ਪਰਿਵਾਰਾਂ ਦਾ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਲੋਕ ਆਪਣੇ ਮਾਲ-ਡੰਗਰ ਦੀ ਜਾਨ ਬਚਾਉਣ ਲਈ ਉੱਚੇ ਸਥਾਨਾਂ ਵੱਲ ਸ਼ਰਨ ਲੈਣ ਲਈ ਮਜਬੂਰ ਹਨ, ਜਦਕਿ ਸਥਾਨਕ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਥਿਤੀ ’ਤੇ ਨਜ਼ਰ ਰੱਖੀ ਜਾ ਰਹੀ ਹੈ।

# ਪੁਨਪੁਨ ਨਦੀ ਦੇ ਪਾਣੀ ਦਾ ਪੱਧਰ ਵਧਣ ਕਾਰਨ ਪਟਨਾ ’ਚ ਹੜ੍ਹ ਦਾ ਖ਼ਤਰਾ

## ਹਵਾਈ ਸਰਵੇਖਣ ਦੌਰਾਨ ਸਾਹਮਣੇ ਆਈਆਂ ਪਾਣੀ ਨਾਲ ਘਿਰੇ ਇਲਾਕਿਆਂ ਦੀਆਂ ਚਿੰਤਾਜਨਕ ਤਸਵੀਰਾਂ



ਪਟਨਾ : ਬਿਹਾਰ ਵਿੱਚ ਪੁਨਪੁਨ ਨਦੀ ਦੇ ਪਾਣੀ ਦਾ ਪੱਧਰ ਖ਼ਤਰਨਾਕ ਢੰਗ ਨਾਲ ਵਧਣ ਕਾਰਨ ਰਾਜਧਾਨੀ ਪਟਨਾ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਹੜ੍ਹ ਦੀ ਸਥਿਤੀ ਗੰਭੀਰ ਬਣ ਗਈ ਹੈ। ਵੀਰਵਾਰ ਨੂੰ ਪਟਨਾ ਵਿਖੇ ਹਵਾਈ ਸਰਵੇਖਣ (Aerial View) ਦੌਰਾਨ ਹੜ੍ਹ ਪ੍ਰਭਾਵਿਤ ਇਲਾਕਿਆਂ ਦੀਆਂ ਤਸਵੀਰਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚ ਵੱਡੇ ਪੱਧਰ ’ਤੇ ਖੇਤ ਅਤੇ ਰਿਹਾਇਸ਼ੀ ਖੇਤਰ ਪਾਣੀ ਦੀ ਲਪੇਟ ਵਿੱਚ ਆਏ ਦਿਖਾਈ ਦੇ ਰਹੇ ਹਨ। ਨਦੀ ਵਿੱਚ ਪਾਣੀ ਦੇ ਲਗਾਤਾਰ ਵਾਧੇ ਕਾਰਨ ਨੀਵੇਂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ ਅਤੇ ਕਈ ਥਾਵਾਂ ’ਤੇ ਸੰਪਰਕ ਮਾਰਗ ਟੁੱਟਣ ਦਾ ਖ਼ਤਰਾ ਬਣਿਆ ਹੋਇਆ ਹੈ। ਸਥਾਨਕ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ’ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਰਾਹਤ ਤੇ ਬਚਾਅ ਕਾਰਜਾਂ ਲਈ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਿਆ ਜਾ ਸਕੇ।

# ‘ਭਾਦਰਪਦ ਅਮਾਵਸਿਆ’ ਮੌਕੇ ਪਟਨਾ ਦੇ ਦਾਦੀ ਜੀ ਮੰਦਰ ਵਿਖੇ ਮੰਗਲ ਪਾਠ ਦਾ ਸਮੂਹਿਕ ਜਾਪ

## ਸੁਹਾਗਣ ਔਰਤਾਂ ਨੇ ਪਰਿਵਾਰਕ ਖ਼ੁਸ਼ਹਾਲੀ ਅਤੇ ਲੰਮੀ ਉਮਰ ਲਈ ਕੀਤੀ ਅਰਦਾਸ



ਪਟਨਾ : ‘ਭਾਦਰਪਦ ਅਮਾਵਸਿਆ’ ਦੇ ਪਵਿੱਤਰ ਮੌਕੇ ਵੀਰਵਾਰ ਨੂੰ ਬਿਹਾਰ ਦੀ ਰਾਜਧਾਨੀ ਪਟਨਾ ਸਥਿਤ ਪ੍ਰਸਿੱਧ ਦਾਦੀ ਜੀ ਮੰਦਰ ਵਿਖੇ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਵਿਆਹੁਤਾ (ਸੁਹਾਗਣ) ਔਰਤਾਂ ਨੇ ਸ਼ਿਰਕਤ ਕਰਕੇ ਪੂਰੀ ਸ਼ਰਧਾ ਅਤੇ ਭਾਵਨਾ ਨਾਲ ਸਮੂਹਿਕ ਰੂਪ ਵਿੱਚ ‘ਮੰਗਲ ਪਾਠ’ ਦਾ ਜਾਪ ਕੀਤਾ।

ਰਵਾਇਤੀ ਪਹਿਰਾਵੇ ਵਿੱਚ ਸਜੀਆਂ ਔਰਤਾਂ ਨੇ ਪੂਜਾ-ਅਰਚਨਾ ਦੌਰਾਨ ਆਪਣੇ ਪਰਿਵਾਰ ਦੀ ਸੁੱਖ-ਸ਼ਾਂਤੀ, ਖ਼ੁਸ਼ਹਾਲੀ ਅਤੇ ਪਤੀ ਦੀ ਲੰਮੀ ਉਮਰ ਦੀ ਕਾਮਨਾ ਕੀਤੀ। ਮੰਦਰ ਪਰਿਸਰ ਭਗਤੀ ਭਾਵ ਵਾਲੇ ਮੰਤਰਾਂ ਅਤੇ ਭਜਨਾਂ ਨਾਲ ਗੂੰਜ ਉੱਠਿਆ, ਜਿਸ ਕਾਰਨ ਪੂਰਾ ਮਾਹੌਲ ਅਧਿਆਤਮਿਕ ਰੰਗ ਵਿੱਚ ਰੰਗਿਆ ਨਜ਼ਰ ਆਇਆ। ਪ੍ਰਬੰਧਕਾਂ ਵੱਲੋਂ ਸਮਾਗਮ ਵਿੱਚ ਪਹੁੰਚੀਆਂ ਸ਼ਰਧਾਲੂ ਔਰਤਾਂ ਲਈ ਵਿਸ਼ੇਸ਼ ਪੂਜਾ ਅਤੇ ਪ੍ਰਸਾਦ ਦੇ ਪ੍ਰਬੰਧ ਕੀਤੇ ਗਏ ਸਨ।

# ਐਸੋਸੀਏਸ਼ਨ ਦੀਆਂ ਮੰਗਾਂ ਪ੍ਰਵਾਨ ਨਾ ਹੋਣ ਤੇ ਪੈਨਸ਼ਨਰਾਂ ਨੇ ਸਰਕਾਰ ਖਿਲਾਫ਼ ਕੀਤੀ ਨਾਅਰੇਬਾਜ਼ੀ : ਸ਼ਿਗਾਰਾ ਸਿੰਘ



ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਮਿਉਂਸੀਪਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਪੰਜਾਬ ਸਰਕਾਰ ਵੱਲੋਂ ਪ੍ਰਵਾਨ ਨਾ ਕਰਨ ਅਤੇ ਮਾਨਯੋਗ ਹਾਈਕੋਰਟ ਵੱਲੋਂ ਡੀ.ਏ ਦੇ ਬਣਦੇ ਬਕਾਇਆ ਦੇਣ ਦੇ ਦਿੱਤੇ ਹੁਕਮਾਂ ਤੇ ਅਮਲ ਨਾ ਹੋਣ ਕਾਰਨ ਰੋਸ ਦਾ ਪ੍ਰਗਟਾਵਾ ਕਰਨ ਲਈ ਐਸੋਸੀਏਸ਼ਨ ਟਾਂਡਾ ਦੇ ਪ੍ਰਧਾਨ ਸ਼ਿਗਾਰਾ ਸਿੰਘ ਸੈਣੀ ਦੀ ਅਗਵਾਈ ਵਿੱਚ ਦਫ਼ਤਰ ਟਾਂਡਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਯੂਨੀਅਨ ਦੇ ਆਗੂਆਂ ਨੇ ਭਾਗ ਲਿਆ।

ਮੀਟਿੰਗ ਚ ਸ਼ਾਮਿਲ ਐਸੋਸੀਏਸ਼ਨ ਦੇ ਮੁੱਖ ਸਲਾਹਕਾਰ ਚੌਧਰੀ ਰਤਨ ਸਿੰਘ ਸੈਣੀ, ਐਡੀਟਰ ਕੇਵਲ ਕ੍ਰਿਸ਼ਨ, ਖਜਾਨਚੀ ਸੋਮਨਾਥ ਭੱਟੀ, ਜਨਰਲ ਸਕੱਤਰ ਅਸ਼ੋਕ ਕੁਮਾਰ, ਸਫਾਈ ਮਜ਼ਦੂਰ ਯੂਨੀਅਨ ਟਾਂਡਾ ਪ੍ਰਧਾਨ ਮਾਇਆ ਦੇਵੀ, ਕਰਮਚਾਰੀ ਯੂਨੀਅਨ ਟਾਂਡਾ ਦੇ ਪ੍ਰਧਾਨ ਤਰਸੇਮ ਲਾਲ, ਦੇਵ ਰਾਜ, ਧਰਮ ਚੰਦ, ਸਦਾ ਨੰਦ, ਬੂਆ ਸਿੰਘ, ਅਮਰੀਕ ਸਿੰਘ ਭੋਗਪੁਰੀ, ਸੁਦਰਸ਼ਨ ਕੁਮਾਰ ਅਹਿਆਪੁਰੀ, ਗੁਰਦਿਆਲ ਸਿੰਘ, ਤਰਸੇਮ ਲਾਲ, ਅਮਰੀਕ ਸਿੰਘ, ਸੁਨੀਤਾ ਰਾਣੀ, ਚਮਨ ਲਾਲ, ਧਰਮ ਪਾਲ, ਕਮਲਾ ਰਾਣੀ, ਦੀਪੋ ਦੇਵੀ, ਸਫਾਈ ਸੇਵਕ ਸੋਮਨਾਥ, ਸ਼ਕੁੰਤਲਾ ਰਾਣੀ, ਰਣਜੀਤ ਕੌਰ, ਅਛਰ ਲਾਲ ਅਤੇ ਇਕਬਾਲ ਸਿੰਘ ਤੋਂ ਇਲਾਵਾ ਹੋਰ ਯੂਨੀਅਨ ਅਤੇ ਸਮੂਹ ਐਸੋਸੀਏਸ਼ਨ ਮੈਂਬਰਾਂ ਨੇ ਪੰਜਾਬ ਸਰਕਾਰ ਖਿਲਾਫ਼ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਜੰਮਕਰ ਨਾਅਰੇਬਾਜ਼ੀ ਕੀਤੀ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼ਿਗਾਰਾ ਸਿੰਘ ਸੈਣੀ ਨੇ ਕਿਹਾ ਕਿ ਹਰ ਸਰਕਾਰ ਦੀਆਂ ਚਲਾਈ ਜਾ ਰਹੀਆਂ ਲੋਕ ਭਲਾਈ ਸਕੀਮਾਂ, ਸਰਕਾਰ ਦੀਆਂ ਨੀਤੀਆਂ ਅਤੇ ਯੋਜਨਾਵਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਾਲੇ ਸਰਕਾਰੀ ਮੁਲਾਜ਼ਮ ਹੀ ਹੁੰਦੇ ਹਨ ਸਰਕਾਰ ਨਹੀਂ ਅਤੇ ਜੇਕਰ ਇਨ੍ਹਾਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਹੀ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ ਤਾਂ ਇਹ ਮੁਲਾਜ਼ਮ ਸਰਕਾਰ ਦੀਆਂ ਕਾਰਗੁਜ਼ਾਰੀਆਂ ਨੂੰ ਆਮ ਜਨਤਾ ਤੱਕ ਕਿਵੇਂ ਪਹੁੰਚਾਉਣ ਦੇ ਉਪਰਾਲੇ ਕਰਨਗੇ। ਉਨ੍ਹਾਂ ਕਿਹਾ ਕਿ ਲੋਕਤੰਤਰ ਰਾਜ ਵਿੱਚ ਹਰ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਤੇ ਹਮਦਰਦੀ ਨਾਲ ਵਿਚਾਰ ਕਰੇ ਅਤੇ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਕਰੇ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਨੂੰ ਮਾਨ ਸਰਕਾਰ ਤੋਂ ਬੜੀਆਂ ਉਮੀਦਾਂ ਸਨ ਕਿ ਇਹ ਆਪ ਦੀ ਸਰਕਾਰ ਮੁਲਾਜ਼ਮਾਂ ਦੀ ਸਰਕਾਰ ਹੈ ਅਤੇ ਇਹ ਸਾਡੀਆਂ ਮੰਗਾਂ ਨੂੰ ਜ਼ਰੂਰ ਪ੍ਰਵਾਨ ਕਰ ਲਵੇਗੀ। ਉਨ੍ਹਾਂ ਕਿਹਾ ਕਿ ਸਾਡੀਆਂ ਮੰਗਾਂ ਤਾਂ ਇੱਕ ਪਾਸੇ ਇਸ ਸਰਕਾਰ ਨੇ ਮਾਨਯੋਗ ਹਾਈਕੋਰਟ ਵੱਲੋਂ ਡੀ.ਏ ਦੇ ਬਕਾਇਆ ਦੇਣ ਸਬੰਧੀ ਦਿੱਤੇ ਗਏ ਹੁਕਮਾਂ ਦੀ ਪਾਲਣਾ ਵੀ ਨਹੀਂ ਕੀਤੀ।

ਸ਼ਿਗਾਰਾ ਸਿੰਘ ਸੈਣੀ ਨੇ ਕਿਹਾ ਕਿ ਸਾਡੀ ਐਸੋਸੀਏਸ਼ਨ ਦੀਆਂ ਮੰਗਾਂ ਕਿ ਡੀ.ਏ ਦੀਆਂ ਬਕਾਇਆ ਕਿਸ਼ਤਾਂ ਦਿੱਤੀਆਂ ਜਾਣ, ਪੇ ਕਮਿਸ਼ਨ ਦੀ ਰਿਪੋਰਟ ਅਨੁਸਾਰ ਬਣਦਾ ਏਰੀਅਰ, ਪੈਨਸ਼ਨਰਾਂ ਦੀ ਪੈਨਸ਼ਨ 2.59% ਸੋਧੀ ਜਾਵੇ ਅਤੇ ਉਸਦਾ ਬਣਦਾ ਏਰੀਆ ਪੈਂਨਸ਼ਨਰਾਂ ਨੂੰ ਦਿੱਤਾ ਜਾਵੇ ਤਾਂ ਜੋ ਪੈਨਸ਼ਨਰਾਂ ਵਿੱਚ ਵੱਧ ਰਹੇ ਰੋਸ ਨੂੰ ਖ਼ਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਫਰਜ ਬਣਦਾ ਹੈ ਕਿ ਉਹ ਮਹਿੰਗਾਈ ਭਰੇ ਇਸ ਦੌਰ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰੀਆਂ ਕਰੇ ਤਾਂ ਜੋ ਮੁਲਾਜ਼ਮਾਂ ਨੂੰ ਆਪਣੀਆਂ ਮੰਗਾਂ ਪ੍ਰਵਾਨ ਕਰਾਉਣ ਲਈ ਸੰਘਰਸ਼ ਦੀ ਰਾਹ ਤੇ ਨਾ ਚਲਣਾ ਪਵੇ। ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਅਤੇ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਡੀ.ਏ ਦਾ ਬਣਦਾ ਬਕਾਇਆ ਜਲਦ ਰਿਲੀਜ਼ ਨਾ ਕੀਤਾ ਤਾਂ ਹੋਰ ਵੱਖ-ਵੱਖ ਯੂਨੀਅਨਾਂ ਦੇ ਸਹਿਯੋਗ ਨਾਲ ਸੰਘਰਸ਼ ਨੂੰ ਹੋਰ ਤੇਜ ਕਰਦੇ ਹੋਏ ਸੜਕ ਜਾਮ ਤੇ ਪੁਤਲੇ ਫੂਕ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਜਾਣਗੇ।

# ਜਾਇਦਾਦਾਂ ਦੀ ਰਜਿਸਟਰੀ ਲਈ ਨਵੀਂ ਪ੍ਰਣਾਲੀ ਮੀਲ ਪੱਥਰ ਸਾਬਤ: ਮੁੰਡੀਆਂ



ਚੰਡੀਗੜ੍ਹ : ਪੰਜਾਬ ਦੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਜਾਇਦਾਦ ਰਜਿਸਟਰੇਸ਼ਨ ਪ੍ਰਕਿਰਿਆ ਨੂੰ ਤੇਜ਼ ਤੇ ਸਰਲ ਬਣਾਉਣ ਲਈ ਜੁਲਾਈ 2025 ਵਿੱਚ ਸ਼ੁਰੂ ਕੀਤੀ ਈਜ਼ੀ ਰਜਿਸਟਰੀ ਪ੍ਰਣਾਲੀ ਅਹਿਮ ਮੀਲ ਪੱਥਰ ਸਾਬਤ ਹੋਈ ਹੈ। ਨਵੀਂ ਰਜਿਸਟਰੇਸ਼ਨ ਪ੍ਰਣਾਲੀ ਤੋਂ 93 ਫ਼ੀਸਦ ਲਾਭਪਾਤਰੀ ਸੰਤੁਸ਼ਟ ਹੋਏ ਹਨ, ਜਿਨ੍ਹਾਂ ਦੀ ਸਮੇਂ ਸਿਰ ਰਜਿਸਟਰੇਸ਼ਨ ਹੋਈ ਅਤੇ ਉਨ੍ਹਾਂ ਨੂੰ ਵਾਧੂ ਪੈਸੇ ਵੀ ਨਹੀਂ ਖਰਚਣੇ ਪਏ। ਉਨ੍ਹਾਂ ਕਿਹਾ ਕਿ ਪਹਿਲਾਂ ਰਜਿਸਟਰੇਸ਼ਨ ਕਰਾਉਣ ਲਈ ਲੋਕਾਂ ਨੂੰ ਸਾਰਾ-ਸਾਰਾ ਦਿਨ ਧੱਕੇ ਖਾਣੇ ਪੈਂਦੇ ਸਨ, ਪਰ ਹੁਣ ਵੱਡੀ ਗਿਣਤੀ ਲੋਕ 30 ਤੋਂ 40 ਮਿੰਟ ਵਿੱਚ ਰਜਿਸਟਰੇਸ਼ਨ ਕਰਵਾ ਕੇ ਵਿਹਲੇ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਦਫ਼ਤਰ ਜਾਣ ਦੀ ਜ਼ਰੂਰਤ ਵੀ ਘਟੀ ਹੈ। ਸਥਿਤੀ ਸਬੰਧੀ ਵੱਟਸਐਪ ਅਪਡੇਟ ਨਾਲ ਅਰਜ਼ੀਆਂ ਨੂੰ ਟਰੈਕ ਕਰਨ ਲਈ ਏਜੰਟਾਂ ’ਤੇ ਨਿਰਭਰਤਾ ਹੋਰ ਘਟ ਗਈ ਹੈ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ ਰਜਿਸਟਰਡ ਡੀਡ ਇੱਕ ਵਾਰ ਜਾਣ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੁੰਡੀਆਂ ਨੇ ਕਿਹਾ ਕਿ ਔਨਲਾਈਨ ਡੀਡ ਤਿਆਰ ਕਰਨ ਅਤੇ ਫੀਸ ਭੁਗਤਾਨ ਤੋਂ ਲੈ ਕੇ ਮੁੱਢਲੀ-ਜਾਂਚ, ਪਹਿਲਾਂ ਆਉ-ਪਹਿਲਾਂ ਜਾਉ (ਐੱਫ ਆਈ ਐੱਫ ਓ) ਫਾਈਲ ਪ੍ਰੋਸੈਸਿੰਗ, ਡਿਜੀਟਲ ਫਰਦ ਜਨਰੇਸ਼ਨ, ਈ-ਕੇਵਾਈਸੀ ਵੈਰੀਫਿਕੇਸ਼ਨ, ਟੋਕਨ ਪ੍ਰਬੰਧਨ ਸਿਸਟਮ ਨੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਇਆ ਹੈ।

# ਰੁਦਰਪੁਰ 'ਚ ਆਯੋਜਿਤ 'ਪੰਜਾਬੀ ਗੌਰਵ ਸੰਮੇਲਨ' ਦੌਰਾਨ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਪੰਜਾਬੀ ਭਾਈਚਾਰੇ ਨਾਲ ਕੀਤਾ ਸਿੱਧਾ ਸੰਵਾਦ

## ਦੇਸ਼ ਦੇ ਵਿਕਾਸ ਅਤੇ ਸੁਰੱਖਿਆ 'ਚ ਪੰਜਾਬੀਆਂ ਦੇ ਯੋਗਦਾਨ ਦੀ ਕੀਤੀ ਸ਼ਲਾਘਾ

ਊਧਮ ਸਿੰਘ ਨਗਰ (ਉੱਤਰਾਖੰਡ) : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਵੀਰਵਾਰ ਨੂੰ ਉੱਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ ਅਧੀਨ ਪੈਂਦੇ ਰੁਦਰਪੁਰ ਵਿਖੇ ਕਰਵਾਏ ਗਏ ਵਿਸ਼ੇਸ਼ 'ਪੰਜਾਬੀ ਗੌਰਵ ਸੰਮੇਲਨ' ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੰਮੇਲਨ ਦੌਰਾਨ ਉਨ੍ਹਾਂ ਪੰਜਾਬੀ ਭਾਈਚਾਰੇ ਦੇ ਮੋਹਰੀ ਆਗੂਆਂ ਅਤੇ ਪ੍ਰਤੀਨਿਧਾਂ ਨਾਲ ਸਿੱਧਾ ਸੰਵਾਦ ਰਚਾਇਆ ਅਤੇ ਭਾਈਚਾਰੇ ਵੱਲੋਂ ਦੇਸ਼ ਦੇ ਨਿਰਮਾਣ ਵਿੱਚ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਸੰਮੇਲਨ ਨੂੰ ਸੰਬੋਧਨ ਕਰਦਿਆਂ ਭਾਜਪਾ ਪ੍ਰਧਾਨ ਨੇ ਕਿਹਾ ਕਿ ਪੰਜਾਬੀ ਭਾਈਚਾਰਾ ਆਪਣੀ ਮਿਹਨਤ, ਦਲੇਰੀ ਅਤੇ ਦੇਸ਼ ਭਗਤੀ ਲਈ ਪੂਰੀ ਦੁਨੀਆ ਵਿੱਚ ਜਾਣਿਆ ਜਾਂਦਾ ਹੈ। ਖੇਤੀਬਾੜੀ, ਵਪਾਰ, ਉਦਯੋਗ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਵਿੱਚ ਪੰਜਾਬੀਆਂ ਨੇ ਹਮੇਸ਼ਾ ਮੋਹਰੀ ਹੋ ਕੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪਾਰਟੀ ਅਤੇ ਸਰਕਾਰ ਪੰਜਾਬੀ ਭਾਈਚਾਰੇ ਦੇ ਮਾਣ-ਸਨਮਾਨ, ਹਿੱਤਾਂ ਅਤੇ ਭਲਾਈ ਲਈ ਹਮੇਸ਼ਾ ਵਚਨਬੱਧ ਹੈ। ਇਸ ਮੌਕੇ ਉੱਤਰਾਖੰਡ ਦੀਆਂ ਕਈ ਪ੍ਰਮੁੱਖ ਸਿਆਸੀ ਸ਼ਖ਼ਸੀਅਤਾਂ, ਭਾਜਪਾ ਦੇ ਸੀਨੀਅਰ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਲੋਕ ਹਾਜ਼ਰ ਸਨ, ਜਿਨ੍ਹਾਂ ਨੇ ਕੌਮੀ ਪ੍ਰਧਾਨ ਦਾ ਰਸਮੀ ਤੌਰ 'ਤੇ ਨਿੱਘਾ ਸਵਾਗਤ ਕੀਤਾ।





# ਭਾਰਤੀ ਫੌਜ ਦੀ 'ਕੋਰ ਆਫ਼ ਸਿਗਨਲਜ਼' ਪਰਬਤਾਰੋਹੀ ਟੀਮ ਨੇ ਰਚਿਆ ਇਤਿਹਾਸ: ਲੱਦਾਖ ਮੁਹਿੰਮ ਦੌਰਾਨ ਮਹਿਜ਼ 16 ਦਿਨਾਂ 'ਚ ਸਰ ਕੀਤੀਆਂ ਤਿੰਨ ਉੱਚੀਆਂ ਚੋਟੀਆਂ

ਨਵੀਂ ਦਿੱਲੀ : ਭਾਰਤੀ ਫੌਜ ਦੀ 'ਕੋਰ ਆਫ਼ ਸਿਗਨਲਜ਼' (Corps of Signals) ਦੀ ਪਰਬਤਾਰੋਹੀ ਟੀਮ ਨੇ ਆਪਣੀ ਦਲੇਰਾਨਾ ਮੁਹਿੰਮ 'ਡਰੀਮਜ਼ ਆਫ਼ ਵੈਲਰ' (Dreams of Valour) ਦੌਰਾਨ ਇੱਕ ਬੇਮਿਸਾਲ ਅਤੇ ਇਤਿਹਾਸਕ ਪ੍ਰਾਪਤੀ ਦਰਜ ਕੀਤੀ ਹੈ। ਟੀਮ ਨੇ ਲੱਦਾਖ ਖੇਤਰ ਵਿੱਚ ਮਹਿਜ਼ 16 ਦਿਨਾਂ ਦੇ ਥੋੜ੍ਹੇ ਜਿਹੇ ਸਮੇਂ ਅੰਦਰ ਤਿੰਨ ਬੇਹੱਦ ਚੁਣੌਤੀਪੂਰਨ ਅਤੇ ਉੱਚੀਆਂ ਚੋਟੀਆਂ ਨੂੰ ਸਫ਼ਲਤਾਪੂਰਵਕ ਸਰ ਕਰਕੇ ਇੱਕ ਦੁਰਲੱਭ ਮੀਲ ਪੱਥਰ ਸਥਾਪਤ ਕੀਤਾ ਹੈ।

ਵੀਰਵਾਰ ਨੂੰ ਨਵੀਂ ਦਿੱਲੀ ਵਿਖੇ ਪਹੁੰਚੇ ਇਸ ਪਰਬਤਾਰੋਹੀ ਦਲ ਦੇ ਮੈਂਬਰਾਂ ਨੇ ਮਾਣ ਨਾਲ ਤਿਰੰਗਾ, ਭਾਰਤੀ ਫੌਜ ਦਾ ਝੰਡਾ ਅਤੇ ਕੋਰ ਦਾ ਝੰਡਾ ਲਹਿਰਾ ਕੇ ਆਪਣੀ ਜਿੱਤ ਦਾ ਪ੍ਰਗਟਾਵਾ ਕੀਤਾ। ਇਸ ਸਾਹਸੀ ਮੁਹਿੰਮ ਦੌਰਾਨ ਟੀਮ ਨੇ ਤਿੰਨ ਪ੍ਰਮੁੱਖ ਚੋਟੀਆਂ—ਮਾਊਂਟ ਕਿਆਗਰ ਰੀ (6,100 ਮੀਟਰ), ਮਾਊਂਟ ਮੇਨਤੋਕ ਕਾਂਗੜੀ (6,250 ਮੀਟਰ) ਅਤੇ ਮਾਊਂਟ ਚਾਮਸੇਰ ਕਾਂਗੜੀ (6,622 ਮੀਟਰ)—'ਤੇ ਫ਼ਤਹਿ ਹਾਸਲ ਕੀਤੀ। ਅਤਿਅੰਤ ਕਠਿਨ ਮੌਸਮ, ਘੱਟ ਆਕਸੀਜਨ ਅਤੇ ਬਰਫ਼ੀਲੀਆਂ ਚੁਣੌਤੀਆਂ ਦੇ ਬਾਵਜੂਦ ਫੌਜੀ ਜਵਾਨਾਂ ਵੱਲੋਂ ਦਿਖਾਈ ਗਈ ਅਦੁੱਤੀ ਹਿੰਮਤ, ਅਨੁਸ਼ਾਸਨ ਅਤੇ ਪੇਸ਼ੇਵਰ ਸਮਰਪਣ ਦੀ ਫੌਜ ਦੇ ਉੱਚ ਅਧਿਕਾਰੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ। ਇਹ ਪ੍ਰਾਪਤੀ ਭਾਰਤੀ ਫੌਜ ਦੇ ਅਦੁੱਤੀ ਜਜ਼ਬੇ ਅਤੇ ਸਾਹਸੀ ਭਾਵਨਾ ਦੀ ਇੱਕ ਸ਼ਾਨਦਾਰ ਮਿਸਾਲ ਹੈ।



# ਰੇਹੜੀ-ਫੜ੍ਹੀ ਵਾਲਿਆਂ ਨੂੰ ਕਥਿਤ ਤੌਰ 'ਤੇ ਉਜਾੜਨ ਖ਼ਿਲਾਫ਼ ਦਿੱਲੀ 'ਚ ਰੋਸ ਪ੍ਰਦਰਸ਼ਨ

## ਇੰਡੀਅਨ ਹਾਕਰਜ਼ ਅਲਾਇੰਸ ਅਤੇ AITUC ਨੇ ਸੜਕਾਂ 'ਤੇ ਉੱਤਰ ਕੇ ਕੀਤੀ ਨਾਅਰੇਬਾਜ਼ੀ




ਨਵੀਂ ਦਿੱਲੀ : ਰੇਹੜੀ-ਫੜ੍ਹੀ ਵਾਲਿਆਂ (ਸਟ੍ਰੀਟ ਵੈਂਡਰਜ਼) ਨੂੰ ਪ੍ਰਸ਼ਾਸਨ ਵੱਲੋਂ ਕਥਿਤ ਤੌਰ 'ਤੇ ਜਬਰੀ ਹਟਾਏ ਜਾਣ ਅਤੇ ਉਜਾੜਨ ਦੇ ਵਿਰੋਧ ਵਿੱਚ ਵੀਰਵਾਰ ਨੂੰ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਮੁਜ਼ਾਹਰਾ 'ਇੰਡੀਅਨ ਹਾਕਰਜ਼ ਅਲਾਇੰਸ' ਅਤੇ 'ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ' (AITUC) ਦੇ ਸਾਂਝੇ ਸੱਦੇ 'ਤੇ ਆਯੋਜਿਤ ਕੀਤਾ ਗਿਆ।

ਪ੍ਰਦਰਸ਼ਨ ਦੌਰਾਨ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਵੈਂਡਰਾਂ ਅਤੇ ਮਜ਼ਦੂਰ ਆਗੂਆਂ ਨੇ ਹੱਥਾਂ ਵਿੱਚ ਮੰਗਾਂ ਦੇ ਹੱਕ ਵਿੱਚ ਤਖ਼ਤੀਆਂ (ਪਲੇਕਾਰਡਜ਼) ਫੜ ਕੇ ਪ੍ਰਸ਼ਾਸਨ ਅਤੇ ਸਰਕਾਰ ਖ਼ ?ਲਾਫ਼ ਤਿੱਖੀ ਨਾਅਰੇਬਾਜ਼ੀ ਕੀਤੀ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਰੋਜ਼ੀ-ਰੋਟੀ ਕਮਾਉਣ ਵਾਲੇ ਗ਼ਰੀਬ ਸਟ ?ਰੀਟ ਵੈਂਡਰਾਂ ਨੂੰ ਬਿਨਾਂ ਕਿਸੇ ਠੋਸ ਬਦਲਵੇਂ ਪ੍ਰਬੰਧ ਦੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਕਿ ਸਟ ?ਰੀਟ ਵੈਂਡਰਜ਼ ਐਕਟ ਦੀ ਸਿੱਧੀ ਉਲੰਘਣਾ ਹੈ।

ਯੂਨੀਅਨ ਆਗੂਆਂ ਨੇ ਮੰਗ ਕੀਤੀ ਕਿ ਰੇਹੜੀ-ਫੜ੍ਹੀ ਵਾਲਿਆਂ ਦਾ ਉਜਾੜਾ ਤੁਰੰਤ ਬੰਦ ਕੀਤਾ ਜਾਵੇ, ਉਨ੍ਹਾਂ ਦੇ ਵੈਂਡਿੰਗ ਜ਼ੋਨ ਨਿਰਧਾਰਤ ਕੀਤੇ ਜਾਣ ਅਤੇ ਉਨ੍ਹਾਂ ਦੇ ਰੁਜ਼ਗਾਰ ਦੇ ਹੱਕ ਦੀ ਪੂਰੀ ਸੁਰੱਖਿਆ ਯਕੀਨੀ ਬਣਾਈ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਵੈਂਡਰਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਬੰਦ ਨਾ ਹੋਇਆ ਤਾਂ ਇਸ ਸੰਘਰਸ਼ ਨੂੰ ਹੋਰ ਵਿਸ਼ਾਲ ਰੂਪ ਦਿੱਤਾ ਜਾਵੇਗਾ।

# ਓਡੀਸ਼ਾ 'ਚ MMDR ਸੋਧ ਕਾਨੂੰਨ ਖ਼ਿਲਾਫ਼ ਭੜਕਿਆ ਵਿਰੋਧ

## ਖੱਬੇ-ਪੱਖੀ ਪਾਰਟੀਆਂ ਨੇ ਭੁਵਨੇਸ਼ਵਰ ਦੀਆਂ ਸੜਕਾਂ 'ਤੇ ਉੱਤਰ ਕੇ ਕੀਤਾ ਜ਼ੋਰਦਾਰ ਪ੍ਰਦਰਸ਼ਨ

ਭੁਵਨੇਸ਼ਵਰ : ਖਾਣਾਂ ਅਤੇ ਖਣਿਜ (ਵਿਕਾਸ ਅਤੇ ਨਿਯਮਨ) ਸੋਧ ਕਾਨੂੰਨ (MMDR Amendment Act) ਖ਼ਿਲਾਫ਼ ਵੀਰਵਾਰ ਨੂੰ ਓਡੀਸ਼ਾ ਦੀ ਰਾਜਧਾਨੀ ਭੁਵਨੇਸ਼ਵਰ ਵਿਖੇ ਵੱਖ-ਵੱਖ ਖੱਬੇ-ਪੱਖੀ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਵਿਰੋਧ ਪ੍ਰਦਰਸ਼ਨ ਵਿੱਚ ਐੱਸ.ਯੂ.ਸੀ.ਆਈ.(ਸੀ), ਸੀ.ਪੀ.ਆਈ.-ਐੱਮ.ਐੱਲ. ਰੈੱਡ ਸਟਾਰ, ਸੀ.ਪੀ.ਆਈ. (ਐੱਮ.ਐੱਲ.) ਐੱਨ.ਡੀ. ਅਤੇ ਸੀ.ਪੀ.ਆਈ.(ਐੱਮ.ਐੱਲ.) ਸਮੇਤ ਕਈ ਖੱਬੇ-ਪੱਖੀ ਪਾਰਟੀਆਂ ਦੇ ਆਗੂਆਂ ਅਤੇ ਕਾਰਕੁਨਾਂ ਨੇ ਸਾਂਝੇ ਤੌਰ 'ਤੇ ਸ਼ਮੂਲੀਅਤ ਕੀਤੀ। ਮੁਜ਼ਾਹਰਾਕਾਰੀਆਂ ਨੇ ਹੱਥਾਂ ਵਿੱਚ ਲਾਲ ਝੰਡੇ ਅਤੇ ਤਖ਼ਤੀਆਂ ਲੈ ਕੇ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਖਣਿਜ ਕਾਨੂੰਨਾਂ ਵਿੱਚ ਕੀਤੀਆਂ ਜਾ ਰਹੀਆਂ ਸੋਧਾਂ ਕੁਦਰਤੀ ਸਰੋਤਾਂ ਨੂੰ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਅਤੇ ਸਥਾਨਕ ਲੋਕਾਂ ਤੇ ਆਦਿਵਾਸੀ ਭਾਈਚਾਰਿਆਂ ਦੇ ਹੱਕਾਂ ਨੂੰ ਖੋਹਣ ਦੀ ਸਾਜ਼ਿਸ਼ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇਹ ਲੋਕ-ਵਿਰੋਧੀ ਸੋਧਾਂ ਵਾਪਸ ਨਾ ਲਈਆਂ ਗਈਆਂ ਤਾਂ ਇਸ ਅੰਦੋਲਨ ਨੂੰ ਸੂਬਾ ਅਤੇ ਰਾਸ਼ਟਰੀ ਪੱਧਰ 'ਤੇ ਹੋਰ ਤੇਜ਼ ਕੀਤਾ ਜਾਵੇਗਾ।




# ਮਾਸਿਕ ਵਜ਼ੀਫ਼ਾ ਵਧਾਉਣ ਦੀ ਮੰਗ ਨੂੰ ਲੈ ਕੇ ਸਰਕਾਰੀ ਮੈਡੀਕਲ ਕਾਲਜ ਦੇ ਇੰਟਰਨ ਡਾਕਟਰਾਂ ਵੱਲੋਂ ਅਣਮਿੱਥੇ ਸਮੇਂ ਦੀ ਹੜਤਾਲ

## ਹੱਥਾਂ 'ਚ ਤਖ਼ਤੀਆਂ ਫੜ ਕੇ ਕੀਤਾ ਰੋਸ ਪ੍ਰਦਰਸ਼ਨ

ਹਲਦਵਾਨੀ : ਸਰਕਾਰੀ ਮੈਡੀਕਲ ਕਾਲਜ (GMC) ਦੇ ਇੰਟਰਨ ਡਾਕਟਰਾਂ ਨੇ ਆਪਣਾ ਮਹੀਨਾਵਾਰ ਇੰਟਰਨਸ਼ਿਪ ਵਜ਼ੀਫ਼ਾ (Stipend) ਵਧਾਉਣ ਦੀ ਮੰਗ ਨੂੰ ਲੈ ਕੇ ਮੰਗਲਵਾਰ ਨੂੰ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਡਾਕਟਰਾਂ ਨੇ ਕਾਲਜ ਪਰਿਸਰ ਵਿੱਚ ਇਕੱਠੇ ਹੋ ਕੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨ ਦੌਰਾਨ ਜੂਨੀਅਰ ਡਾਕਟਰਾਂ ਨੇ ਹੱਥਾਂ ਵਿੱਚ ਮੰਗਾਂ ਨਾਲ ਸੰਬੰਧਤ ਤਖ਼ਤੀਆਂ (ਪਲੇਕਾਰਡਜ਼) ਫੜੀਆਂ ਹੋਈਆਂ ਸਨ ਅਤੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀ ਡਾਕਟਰਾਂ ਦਾ ਕਹਿਣਾ ਹੈ ਕਿ ਮੌਜੂਦਾ ਮਹਿੰਗਾਈ ਦੇ ਦੌਰ ਵਿੱਚ ਉਨ੍ਹਾਂ ਨੂੰ ਮਿਲ ਰਿਹਾ ਵਜ਼ੀਫ਼ਾ ਬਹੁਤ ਘੱਟ ਹੈ, ਜਦਕਿ ਉਨ੍ਹਾਂ ਤੋਂ ਹਸਪਤਾਲਾਂ ਵਿੱਚ ਲੰਮੇ ਘੰਟਿਆਂ ਤੱਕ ਡਿਊਟੀ ਲਈ ਜਾਂਦੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਪ੍ਰਸ਼ਾਸਨ ਅਤੇ ਸਰਕਾਰ ਉਨ੍ਹਾਂ ਦੇ ਵਜ਼ੀਫ਼ੇ ਵਿੱਚ ਵਾਜਬ ਵਾਧਾ ਕਰਨ ਦਾ ਠੋਸ ਭਰੋਸਾ ਨਹੀਂ ਦਿੰਦੀ, ਉਨ੍ਹਾਂ ਦੀ ਇਹ ਅਣਮਿੱਥੇ ਸਮੇਂ ਦੀ ਹੜਤਾਲ ਨਿਰੰਤਰ ਜਾਰੀ ਰਹੇਗੀ।



# .ਗਦਰੀ ਬਾਬਿਆਂ ਦੀ ਇਤਿਹਾਸਕ ਧਰਤੀ 'ਤੇ ਸਿੱਖਾਂ ਅਤੇ ਪੰਜਾਬੀ ਭਾਈਚਾਰੇ ਦੇ ਵੱਕਾਰ ਨੂੰ ਦਾ.ਗਦਾਰ ਕਰਨ ਦੀ ਸਾਜ਼ਿਸ਼

## ਕੈਨੇਡਾ 'ਚ ਫਿਰੌਤੀ ਸਿੰਡੀਕੇਟਾਂ 'ਤੇ ਕਾਨੂੰਨ ਦਾ ਸਭ ਤੋਂ ਵੱਡਾ ਸ਼ਿਕੰਜਾ

### ਕੈਲਗਰੀ, ਪੀਲ, ਐਡਮਿੰਟਨ ਤੇ ਵੈਨਕੂਵਰ 'ਚ 30 ਤੋਂ ਵੱਧ ਭਾਰਤੀ ਨੌਜਵਾਨ ਨਾਮਜ਼ਦ; ਗੋਲੀਬਾਰੀ, ਅਗਵਾ ਅਤੇ ਅੱਗਜ਼ਨੀ ਦੇ ਦੋਸ਼ਾਂ ਹੇਠ CBSA ਵੱਲੋਂ ਦੇਸ਼ ਨਿਕਾਲੇ (Deportation) ਦੀ ਤਿਆਰੀ

ਵਿਸ਼ੇਸ਼ ਜਾਂਚ ਰਿਪੋਰਟ

ਕੈਲਗਰੀ/ਓਨਟਾਰੀਓ/ਅਲਬਰਟਾ : ਜਿਸ ਕੈਨੇਡਾ ਦੀ ਧਰਤੀ 'ਤੇ ਗ਼ਦਰੀ ਬਾਬਿਆਂ ਨੇ ਆਪਣੀ ਸਖ਼ਤ ਮਿਹਨਤ, ਇਮਾਨਦਾਰੀ ਅਤੇ ਕੁਰਬਾਨੀਆਂ ਨਾਲ ਸਿੱਖ ਤੇ ਪੰਜਾਬੀ ਭਾਈਚਾਰੇ ਦਾ ਨਾਂ ਪੂਰੀ ਦੁਨੀਆ ਵਿੱਚ ਰੌਸ਼ਨ ਕੀਤਾ ਸੀ, ਅੱਜ ਉਸੇ ਧਰਤੀ 'ਤੇ ਭਾਈਚਾਰੇ ਦੇ ਅਕਸ ਨੂੰ ਡੂੰਘੀ ਸੱਟ ਮਾਰਨ ਵਾਲੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਦੱਖਣੀ ਏਸ਼ੀਆਈ ਤੇ ਖ਼ਾਸ ਕਰਕੇ ਪੰਜਾਬੀ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਚਲਾਈਆਂ ਜਾ ਰਹੀਆਂ ਜਬਰੀ ਵਸੂਲੀ (Extortion), ਡਰਾਈਵ-ਬਾਈ ਫਾਇਰਿੰਗ, ਅਗਵਾ ਅਤੇ ਸਾੜ-ਫੂਕ (Arson) ਦੀਆਂ ਵਾਰਦਾਤਾਂ ਖ਼ਿਲਾਫ਼ ਕੈਨੇਡੀਅਨ ਸੁਰੱਖਿਆ ਏਜੰਸੀਆਂ ਨੇ ਹੁਣ ਤੱਕ ਦਾ ਸਭ ਤੋਂ ਵੱਡਾ ਦੇਸ਼ ਵਿਆਪੀ ਆਪ੍ਰੇਸ਼ਨ ਚਲਾਇਆ ਹੈ।

ਕੈਲਗਰੀ ਪੁਲਿਸ ਸਰਵਿਸ (CPS), ਪੀਲ ਰੀਜਨਲ ਪੁਲਿਸ, ਐਡਮਿੰਟਨ ਪੁਲਿਸ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਦੇ ਤਾਲਮੇਲ ਨਾਲ 30 ਤੋਂ ਵੱਧ ਮੁਲਜ਼ਮਾਂ ਵਿਰੁੱਧ ਸੈਂਕੜੇ ਸੰਗੀਨ ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ। ਇਸ ਜਾਂਚ ਦਾ ਸਭ ਤੋਂ ਗੰਭੀਰ ਅਤੇ ਚਿੰਤਾਜਨਕ ਪਹਿਲੂ ਇਹ ਹੈ ਕਿ ਨਾਮਜ਼ਦ ਜ਼ਿਆਦਾਤਰ ਨੌਜਵਾਨ ਭਾਰਤੀ ਮੂਲ ਦੇ ਹਨ, ਜੋ ਸਟੱਡੀ ਵੀਜ਼ਾ ਜਾਂ ਵਰਕ ਪਰਮਿਟ 'ਤੇ ਕੈਨੇਡਾ ਪਹੁੰਚੇ ਹੋਏ ਸਨ।

**ਕੈਲਗਰੀ ਪੁਲਿਸ ਦਾ ਵੱਡਾ ਖ਼ੁਲਾਸਾ:** 16 ਖ਼ਿਲਾਫ਼ 56 ਮਾਮਲੇ ਦਰਜ, 15 ਦੀਆਂ ਤਸਵੀਰਾਂ ਜਨਤਕ

ਕੈਲਗਰੀ ਪੁਲਿਸ ਮੁਤਾਬਕ ਅਪ੍ਰੈਲ 2025 ਤੋਂ ਲੈ ਕੇ ਹੁਣ ਤੱਕ ਸ਼ਹਿਰ ਵਿੱਚ ਜਬਰੀ ਵਸੂਲੀ ਨਾਲ ਜੁੜੀਆਂ 49 ਵਾਰਦਾਤਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚੋਂ 19 ਮਾਮਲਿਆਂ ਵਿੱਚ ਕਾਰੋਬਾਰੀਆਂ ਦੇ ਘਰਾਂ ਅਤੇ ਅਦਾਰਿਆਂ 'ਤੇ ਜਾਨਲੇਵਾ ਅੰਨ੍ਹੇਵਾਹ ਗੋਲੀਬਾਰੀ ਕੀਤੀ ਗਈ।ਪੁਲਿਸ ਨੇ ਇਸ ਨੈੱਟਵਰਕ ਨਾਲ ਸਬੰਧਤ 16 ਵਿਅਕਤੀਆਂ ਖ਼ਿਲਾਫ਼ 56 ਕੇਸ ਦਰਜ ਕਰਦਿਆਂ 15 ਸ਼ੱਕੀਆਂ ਦੀਆਂ ਤਸਵੀਰਾਂ ਜਨਤਕ ਕੀਤੀਆਂ ਹਨ:

**ਨਾਗਰਿਕਤਾ ਅਤੇ ਵੀਜ਼ਾ ਸਥਿਤੀ:** ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਨਾਮਜ਼ਦ ਮੁਲਜ਼ਮਾਂ ਵਿੱਚੋਂ ਕਿਸੇ ਕੋਲ ਵੀ ਕੈਨੇਡੀਅਨ ਨਾਗਰਿਕਤਾ ਨਹੀਂ ਹੈ। ਇਹ ਸਾਰੇ ਭਾਰਤੀ ਮੂਲ (ਮੁੱਖ ਤੌਰ 'ਤੇ ਪੰਜਾਬ) ਦੇ ਨੌਜਵਾਨ ਹਨ, ਜੋ ਵਿਦਿਆਰਥੀ ਵੀਜ਼ੇ ਜਾਂ ਵਰਕ ਪਰਮਿਟ 'ਤੇ ਆਏ ਸਨ।

**ਜ਼ਮਾਨਤ ਪ੍ਰਣਾਲੀ 'ਤੇ ਪੁਲਿਸ ਦੀ ਚਿੰਤਾ:** ਪੁਲਿਸ ਅਧਿਕਾਰੀਆਂ ਨੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ ਕਿ ਨਾਮਜ਼ਦਾਂ ਵਿੱਚੋਂ ਸਿਰਫ਼ ਇੱਕ ਵਿਅਕਤੀ ਹੀ ਇਸ ਵੇਲੇ ਜੇਲ੍ਹ ਵਿੱਚ ਹੈ, ਜਦਕਿ ਬਾਕੀਆਂ ਨੂੰ ਕਾਨੂੰਨੀ ਪ੍ਰਣਾਲੀ ਤਹਿਤ ਸ਼ਰਤਾਂ 'ਤੇ ਜ਼ਮਾਨਤ ਮਿਲ ਚੁੱਕੀ ਹੈ, ਜਿਸ ਨਾਲ ਪੀੜਤਾਂ ਵਿੱਚ ਡਰ ਦਾ ਮਾਹੌਲ ਬਣਿਆ ਰਹਿੰਦਾ ਹੈ।

**ਮੁੱਖ ਭਗੌੜਾ:** ਮੁੱਖ ਦੋਸ਼ੀ ਗਰਮਨਜੀਤ ਸਿੰਘ ਉਰਫ਼ ਗੈਰੀ ਸਿੰਘ (Germanjeet Singh alias Gary Singh) ਖ਼ਿਲਾਫ਼ ਦੇਸ਼ ਵਿਆਪੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ ਅਤੇ ਉਹ ਫ਼ਿਲਹਾਲ ਫ਼ਰਾਰ ਹੈ।

ਕੈਨੇਡਾ ਵਿਆਪੀ ਕਾਰਵਾਈ: ਪੀਲ, ਐਡਮਿੰਟਨ ਅਤੇ ਬ੍ਰਿਟਿਸ਼ ਕੋਲੰਬੀਆ ਤੱਕ ਛਾਪੇਮਾਰੀ

ਪੀਲ ਰੀਜਨਲ ਪੁਲਿਸ (ਬਰੈਂਪਟਨ/ਮਿਸੀਸਾਗਾ): ਪੀਲ ਪੁਲਿਸ ਦੀ 'ਐਕਸਟੌਰਸ਼ਨ ਟਾਸਕ ਫੋਰਸ' ਨੇ ਸਥਾਨਕ ਵਪਾਰੀਆਂ ਨੂੰ ਧਮਕਾਉਣ ਅਤੇ ਫਾਇਰਿੰਗ ਦੇ ਮਾਮਲਿਆਂ ਵਿੱਚ 17 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 106 ਅਪਰਾਧਿਕ ਧਾਰਾਵਾਂ ਦਰਜ ਕੀਤੀਆਂ ਹਨ। ਪੁਲਿਸ ਮੁਤਾਬਕ ਇਨ੍ਹਾਂ ਦੇ ਸੰਪਰਕ ਅੰਤਰਰਾਸ਼ਟਰੀ ਅਪਰਾਧਿਕ ਸਿੰਡੀਕੇਟਾਂ ਨਾਲ ਹਨ।

ਐਡਮਿੰਟਨ ਪੁਲਿਸ (Project Export): ਉਸਾਰੀ ਅਧੀਨ ਇਮਾਰਤਾਂ ਅਤੇ ਕਾਰੋਬਾਰੀਆਂ ਦੇ ਘਰਾਂ ਨੂੰ ਅੱਗ ਲਗਾਉਣ ਤੇ ਡਰਾਈਵ-ਬਾਈ ਸ਼ੂਟਿੰਗਾਂ ਦੇ ਸਬੰਧ ਵਿੱਚ 6 ਤੋਂ ਵੱਧ ਨੌਜਵਾਨਾਂ ਨੂੰ ਕਾਬੂ ਕੀਤਾ ਗਿਆ। ਇਹ ਨੌਜਵਾਨ ਵਿਦੇਸ਼ਾਂ ਵਿੱਚ ਬੈਠੇ ਹੈਂਡਲਰਾਂ ਦੇ ਇਸ਼ਾਰੇ 'ਤੇ ਪੈਸਿਆਂ ਦੇ ਲਾਲਚ ਵਿੱਚ ਕੰਮ ਕਰ ਰਹੇ ਸਨ।

ਬ੍ਰਿਟਿਸ਼ ਕੋਲੰਬੀਆ (RCMP): ਸਰੀ ਅਤੇ ਵੈਨਕੂਵਰ (ਲੋਅਰ ਮੇਨਲੈਂਡ) ਵਿੱਚ ਵਿਸ਼ੇਸ਼ ਟੀਮਾਂ ਨੇ ਕਾਰਵਾਈ ਕਰਦੇ ਹੋਏ 5 ਤੋਂ ਵੱਧ ਵਿਅਕਤੀਆਂ ਨੂੰ ਹਥਿਆਰਾਂ ਅਤੇ ਧਮਕੀਆਂ ਦੇ ਦੋਸ਼ ਹੇਠ ਹਿਰਾਸਤ ਵਿੱਚ ਲਿਆ।

ਲਾਰੈਂਸ ਬਿਸ਼ਨੋਈ ਗੈਂਗ ਨਾਲ ਕੜੀਆਂ ਅਤੇ 'ਫੁੱਟ ਸੋਲਜਰਜ਼' ਵਾਲੀ ਰਣਨੀਤੀ

ਕੈਨੇਡੀਅਨ ਜਾਂਚ ਏਜੰਸੀਆਂ ਇਸ ਪਹਿਲੂ ਦੀ ਡੂੰਘਾਈ ਨਾਲ ਪੜਤਾਲ ਕਰ ਰਹੀਆਂ ਹਨ ਕਿ ਕੀ ਇਹ ਨੌਜਵਾਨ ਭਾਰਤ ਆਧਾਰਿਤ ਲਾਰੈਂਸ ਬਿਸ਼ਨੋਈ ਸਿੰਡੀਕੇਟ ਲਈ ਜ਼ਮੀਨੀ ਪੱਧਰ 'ਤੇ 'ਫੁੱਟ ਸੋਲਜਰਜ਼' (ਵਾਰਦਾਤ ਨੂੰ ਅੰਜਾਮ ਦੇਣ ਵਾਲੇ ਕਾਰਿੰਦੇ) ਵਜੋਂ ਵਰਤੇ ਜਾ ਰਹੇ ਹਨ। ਸੁਰੱਖਿਆ ਮਾਹਿਰਾਂ ਅਨੁਸਾਰ ਸਰਹੱਦ ਪਾਰ ਬੈਠੇ ਮੁੱਖ ਸਰਗਨੇ ਵਿਦਿਆਰਥੀਆਂ ਨੂੰ ਪੈਸੇ ਦੇ ਲਾਲਚ, ਨਸ਼ਿਆਂ ਜਾਂ ਦਬਾਅ ਰਾਹੀਂ ਅਜਿਹੇ ਘਿਨਾਉਣੇ ਅਪਰਾਧਾਂ ਵਿੱਚ ਧੱਕ ਰਹੇ ਹਨ, ਜਿਸ ਨਾਲ ਪੂਰੇ ਭਾਈਚਾਰੇ ਦਾ ਅਕਸ ਖ਼ਰਾਬ ਹੋ ਰਿਹਾ ਹੈ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਵੱਲੋਂ ਡਿਪੋਰਟੇਸ਼ਨ ਦੀ ਪ੍ਰਕਿਰਿਆ ਸ਼ੁਰੂ

ਗ਼ੈਰ-ਕਾਨੂੰਨੀ ਅਤੇ ਹਿੰਸਕ ਗਤੀਵਿਧੀਆਂ ਵਿੱਚ ਸ਼ਾਮਲ ਗ਼ੈਰ-ਨਾਗਰਿਕਾਂ 'ਤੇ ਸੀ.ਬੀ.ਐੱਸ.ਏ. ਨੇ ਸਖ਼ਤ ਕਾਰਵਾਈ ਵਿੱਢ ਦਿੱਤੀ ਹੈ:

ਅਪਰਾਧਾਂ ਵਿੱਚ ਨਾਮਜ਼ਦ ਵਿਦੇਸ਼ੀ ਵਿਦਿਆਰਥੀਆਂ ਅਤੇ ਵਰਕ ਪਰਮਿਟ ਧਾਰਕਾਂ ਵਿਰੁੱਧ ਇਮੀਗ੍ਰੇਸ਼ਨ ਐਕਟ ਤਹਿਤ ਜਾਂਚ ਸ਼ੁਰੂ ਹੋ ਚੁੱਕੀ ਹੈ।

ਕਈ ਦੋਸ਼ੀਆਂ ਖ਼ਿਲਾਫ਼ ਰਸਮੀ ਤੌਰ 'ਤੇ ਦੇਸ਼ ਨਿਕਾਲੇ (Deportation Orders) ਜਾਰੀ ਕਰ ਦਿੱਤੇ ਗਏ ਹਨ।

ਕਾਨੂੰਨੀ ਅਤੇ ਅਦਾਲਤੀ ਪ੍ਰਕਿਰਿਆ ਮੁਕੰਮਲ ਹੁੰਦੇ ਸਾਰ ਹੀ ਇਨ੍ਹਾਂ ਨੂੰ ਕੈਨੇਡਾ ਤੋਂ ਡਿਪੋਰਟ ਕਰਕੇ ਭਾਰਤ ਭੇਜਿਆ ਜਾਵੇਗਾ।

ਪੁਲਿਸ ਪ੍ਰਸ਼ਾਸਨ ਨੇ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੂੰ ਵੀ ਜਬਰੀ ਵਸੂਲੀ ਜਾਂ ਧਮਕੀ ਭਰੀ ਕਾਲ ਆਉਂਦੀ ਹੈ, ਤਾਂ ਉਹ ਡਰਨ ਜਾਂ ਪੈਸੇ ਦੇਣ ਦੀ ਬਜਾਏ ਤੁਰੰਤ ਸਥਾਨਕ ਪੁਲਿਸ ਜਾਂ ਐਮਰਜੈਂਸੀ ਹੈਲਪਲਾਈਨ 'ਤੇ ਸੰਪਰਕ ਕਰਨ।

ਕਾਨੂੰਨੀ ਤੇ ਪੱਤਰਕਾਰੀ ਬੇਦਾਅਵਾ : ਅਦਾਲਤੀ ਨਿਰਦੋਸ਼ਤਾ ਦਾ ਅਧਿਕਾਰ: ਇਸ ਖ਼ਬਰ ਵਿੱਚ ਨਾਮਜ਼ਦ ਕੀਤੇ ਗਏ ਸਾਰੇ ਵਿਅਕਤੀ ਪੁਲਿਸ ਰਿਕਾਰਡ ਅਤੇ ਐੱਫ਼.ਆਈ.ਆਰ. ਮੁਤਾਬਕ ਮਹਿਜ਼ 'ਮੁਲਜ਼ਮ' (Accused) ਹਨ। ਕੈਨੇਡੀਅਨ ਕਾਨੂੰਨ ਅਧੀਨ ਜਦੋਂ ਤੱਕ ਕਿਸੇ ਵੀ ਵਿਅਕਤੀ 'ਤੇ ਸਮਰੱਥ ਅਦਾਲਤ ਵਿੱਚ ਦੋਸ਼ ਸਿੱਧ ਨਹੀਂ ਹੋ ਜਾਂਦੇ, ਉਦੋਂ ਤੱਕ ਉਸ ਨੂੰ ਕਾਨੂੰਨੀ ਤੌਰ 'ਤੇ ਨਿਰਦੋਸ਼ ਮੰਨਿਆ ਜਾਂਦਾ ਹੈ।

ਸਮੁੱਚੇ ਭਾਈਚਾਰੇ 'ਤੇ ਲਾਗੂ ਨਹੀਂ: ਮੁੱਠੀ ਭਰ ਗ਼ੈਰ-ਸਮਾਜੀ ਅਨਸਰਾਂ ਵੱਲੋਂ ਕੀਤੇ ਗਏ ਕਥਿਤ ਅਪਰਾਧਾਂ ਨੂੰ ਕੈਨੇਡਾ ਵਿੱਚ ਵਸਦੇ ਸਮੁੱਚੇ ਮਿਹਨਤੀ, ਕਾਨੂੰਨ ਦਾ ਪਾਲਣ ਕਰਨ ਵਾਲੇ ਸਿੱਖ, ਪੰਜਾਬੀ ਜਾਂ ਭਾਰਤੀ ਭਾਈਚਾਰੇ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ।

ਸਰੋਤ: ਇਹ ਰਿਪੋਰਟ ਕੈਲਗਰੀ ਪੁਲਿਸ ਸਰਵਿਸ, ਪੀਲ ਰੀਜਨਲ ਪੁਲਿਸ, ਐਡਮਿੰਟਨ ਪੁਲਿਸ ਅਤੇ ਸੀ.ਬੀ.ਐੱਸ.ਏ. ਵੱਲੋਂ ਜਾਰੀ ਕੀਤੀਆਂ ਗਈਆਂ ਅਧਿਕਾਰਤ ਪ੍ਰੈੱਸ ਰਿਲੀਜ਼ਾਂ ਅਤੇ ਜਾਂਚ ਦਸਤਾਵੇਜ਼ਾਂ 'ਤੇ ਆਧਾਰਿਤ ਹੈ।

ਕਾਨੂੰਨੀ ਅਤੇ ਪੱਤਰਕਾਰੀ ਬੇਦਾਅਵਾ (Legal & Journalistic Disclaimers)

ਅਦਾਲਤੀ ਨਿਰਦੋਸ਼ਤਾ ਦਾ ਅਧਿਕਾਰ (Presumption of Innocence):

ਇਸ ਖ਼ਬਰ ਰਿਪੋਰਟ ਵਿੱਚ ਜ਼ਿਕਰ ਕੀਤੇ ਗਏ ਸਾਰੇ ਵਿਅਕਤੀ ਪੁਲਿਸ ਜਾਂਚ ਅਤੇ ਦਰਜ ਮਾਮਲਿਆਂ ਅਨੁਸਾਰ ਕੇਵਲ 'ਮੁਲਜ਼ਮ' (Accused) ਹਨ। ਕੈਨੇਡੀਅਨ ਕਾਨੂੰਨ ਅਤੇ ਨਿਆਂ ਪ੍ਰਣਾਲੀ ਦੇ ਬੁਨਿਆਦੀ ਸਿਧਾਂਤ ਅਨੁਸਾਰ, ਜਦੋਂ ਤੱਕ ਅਦਾਲਤ ਵਿੱਚ ਨਿਰਪੱਖ ਸੁਣਵਾਈ ਦੌਰਾਨ ਕਿਸੇ ਵੀ ਵਿਅਕਤੀ ਵਿਰੁੱਧ ਦੋਸ਼ ਪੂਰੀ ਤਰ੍ਹਾਂ ਸਾਬਤ ਨਹੀਂ ਹੋ ਜਾਂਦੇ, ਉਦੋਂ ਤੱਕ ਉਸ ਨੂੰ ਕਾਨੂੰਨੀ ਤੌਰ 'ਤੇ ਨਿਰਦੋਸ਼ (Innocent until proven guilty) ਹੀ ਮੰਨਿਆ ਜਾਂਦਾ ਹੈ।




| ਨਾਮਜ਼ਦ ਮੁਲਜ਼ਮਾਂ ਅਤੇ ਦੋਸ਼ਾਂ ਦਾ ਮੁਕੰਮਲ ਵੇਰਵਾ | |
|---|---|
| ਮੁਲਜ਼ਮ ਦਾ ਨਾਂ | ਲੱਗੇ ਮੁੱਖ ਦੋਸ਼ / ਕਥਿਤ ਭੂਮਿਕਾ |
| ਰਵਜੋਤ ਤੂਰ (Ravjot Toor) | ਨਾਜਾਇਜ਼ ਅਸਲਾ ਰੱਖਣਾ, ਗੁਪਤ ਹਥਿਆਰ ਚੁੱਕਣਾ ਅਤੇ ਵਪਾਰਕ ਮਾਤਰਾ ਵਿੱਚ ਕੋਕੀਨ ਦੀ ਬਰਾਮਦਗੀ। |
| ਹਰਮਨਜੀਤ ਸਿੰਘ ਅਤੇ ਗਰਮਨਜੀਤ ਸਿੰਘ | ਮਾਰਚ 2026 ਦੌਰਾਨ ਅੰਨ੍ਹੇਵਾਹ ਫਾਇਰਿੰਗ ਅਤੇ ਜਾਨੋਂ ਮਾਰਨ ਦੀ ਨੀਅਤ ਨਾਲ ਹਮਲਾ ਕਰਨਾ। |
| ਜਸਕਰਨ ਸਿੰਘ ਅਤੇ ਕਰਨਬੀਰ ਸਿੰਘ | ਮਾਰਚ 2026 ਦੀ ਗੋਲੀਬਾਰੀ ਦੀ ਘਟਨਾ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋਣਾ ਅਤੇ ਮਿਲੀਭੁਗਤ। |
| ਅਮਨਦੀਪ ਸਿੰਘ, ਅਨੁਰਾਗ ਸਿੱਧੂ ਅਤੇ ਈਸ਼ਾਨਦੀਪ ਸਿੰਘ | ਅਪਰਾਧ ਵਿੱਚ ਵਰਤੀ ਗਈ ਗੱਡੀ ਨੂੰ ਸਾੜ ਕੇ ਸਬੂਤ ਮਿਟਾਉਣ (Arson) ਦੇ ਦੋਸ਼। |
| ਅਮਨਦੀਪ ਮੱਲੀ ਅਤੇ ਸੰਦੀਪ ਸਿੰਘ | ਮਈ 2026 ਦੌਰਾਨ ਕਾਰੋਬਾਰੀਆਂ ਤੋਂ ਫਿਰੌਤੀ ਵਸੂਲਣ ਦੀ ਕੋਸ਼ਿਸ਼ ਅਤੇ ਅਪਰਾਧਿਕ ਪੈਸਾ ਰੱਖਣਾ। |
| ਦਕਸ਼ ਗੌਤਮ, ਅਕਾਸ਼ਦੀਪ ਸਿੰਘ, ਗਗਨਦੀਪ ਸਿੰਘ, ਪ੍ਰਦੀਪ | ਅਗਵਾ (Kidnapping) ਦੀ ਸਾਜ਼ਿਸ਼, ਹਥਿਆਰਬੰਦ ਧਮਕੀਆਂ ਅਤੇ ਹਿੰਸਕ ਹਮਲੇ ਦੇ ਦੋਸ਼। |
| ਸਿੰਘ ਅਤੇ ਤਰਨਵੀਰ ਸਿੰਘ ਗੁਰਕਰਨ ਪਾਲੀਵਾਲ (ਧਾਲੀਵਾਲ) | ਗੋਲੀਬਾਰੀ, ਗ਼ੈਰ-ਕਾਨੂੰਨੀ ਅਸਲਾ ਰੱਖਣ ਅਤੇ ਸੰਗੀਨ ਅਪਰਾਧਿਕ ਸਾਜ਼ਿਸ਼। |

ਭਾਈਚਾਰਕ ਸਪਸ਼ਟੀਕਰਨ (No Community Generalization): ਕੁਝ ਖ਼ਾਸ ਵਿਅਕਤੀਆਂ ਵੱਲੋਂ ਕੀਤੀਆਂ ਗਈਆਂ ਕਥਿਤ ਅਪਰਾਧਿਕ ਗਤੀਵਿਧੀਆਂ ਦਾ ਕੈਨੇਡਾ ਵਿੱਚ ਵਸਦੇ ਸਮੁੱਚੇ ਮਿਹਨਤੀ, ਅਮਨ-ਪਸੰਦ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਸਿੱਖ, ਪੰਜਾਬੀ ਜਾਂ ਦੱਖਣੀ ਏਸ਼ੀਆਈ ਭਾਈਚਾਰੇ ਨਾਲ ਕੋਈ ਸਬੰਧ ਨਹੀਂ ਹੈ। ਕਿਸੇ ਇੱਕ ਜਾਂ ਚੰਦ ਵਿਅਕਤੀਆਂ ਦੇ ਕਥਿਤ ਕੰਮਾਂ ਦੇ ਆਧਾਰ 'ਤੇ ਸਮੁੱਚੇ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਜਾਂ ਦਾਗ਼ਦਾਰ ਕਰਨਾ ਗ਼ਲਤ ਅਤੇ ਅਣਉਚਿਤ ਹੈ।

ਜਾਣਕਾਰੀ ਦੇ ਸਰੋਤ (Source of Information):

ਇਹ ਰਿਪੋਰਟ ਕੈਲਗਰੀ ਪੁਲਿਸ ਸਰਵਿਸ (CPS), ਪੀਲ ਰੀਜਨਲ ਪੁਲਿਸ, ਐਡਮਿੰਟਨ ਪੁਲਿਸ ਸਰਵਿਸ, ਆਰ.ਸੀ.ਐੱਮ.ਪੀ. (RCMP) ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਅਧਿਕਾਰਤ ਬਿਆਨਾਂ, ਪ੍ਰੈੱਸ ਕਾਨਫਰੰਸਾਂ ਅਤੇ ਕਾਨੂੰਨੀ ਦਸਤਾਵੇਜ਼ਾਂ ਦੇ ਆਧਾਰ 'ਤੇ ਜਨਤਕ ਹਿੱਤ ਅਤੇ ਜਾਗਰੂਕਤਾ ਲਈ ਤਿਆਰ ਕੀਤੀ ਗਈ ਹੈ।

ਅਦਾਲਤੀ ਕਾਰਵਾਈ ਅਧੀਨ (Sub-Judice Matter):

ਇਨ੍ਹਾਂ ਮਾਮਲਿਆਂ ਨਾਲ ਜੁੜੀ ਜਾਂਚ ਅਤੇ ਅਦਾਲਤੀ ਕਾਰਵਾਈਆਂ ਅਜੇ ਜਾਰੀ ਹਨ। ਕਿਸੇ ਵੀ ਮਾਮਲੇ ਵਿੱਚ ਅੰਤਿਮ ਫ਼ੈਸਲਾ ਸੁਣਾਉਣ ਦਾ ਅਧਿਕਾਰ ਸਿਰਫ਼ ਅਤੇ ਸਿਰਫ਼ ਸਮਰੱਥ ਕਾਨੂੰਨੀ ਅਦਾਲਤਾਂ ਕੋਲ ਹੈ।

# ਭਾਰਤ 'ਚ 70% ਤੋਂ ਵੱਧ ਆਬਾਦੀ ਵਾਲੇ ਦਲਿਤ ਅੱਜ ਵੀ ਰਾਖਵਾਂਕਰਨ ਮੰਗਣ ਲਈ ਮਜਬੂਰ

## ਪਟਨਾ 'ਚ 'ਰਾਖਵਾਂਕਰਨ ਵਧਾਓ, ਸੰਵਿਧਾਨ ਬਚਾਓ' ਸੰਘਰਸ਼ ਸਮਿਤੀ ਦਾ ਰੋਸ ਮਾਰਚ







ਪਟਨਾ : ਰਾਖਵਾਂਕਰਨ ਦਾ ਦਾਇਰਾ ਵਧਾਉਣ ਅਤੇ ਸੰਵਿਧਾਨ ਦੀ ਰਾਖੀ ਦੀ ਮੰਗ ਨੂੰ ਲੈ ਕੇ ਮੰਗਲਵਾਰ ਨੂੰ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ 'ਰਾਖਵਾਂਕਰਨ ਵਧਾਓ, ਸੰਵਿਧਾਨ ਬਚਾਓ' ਸੰਘਰਸ਼ ਸਮਿਤੀ ਵੱਲੋਂ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਸਮਿਤੀ ਦੇ ਸੱਦੇ 'ਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਸਮਰਥਕਾਂ ਨੇ ਸਰਕਾਰ ਦੀਆਂ ਨੀਤੀਆਂ ਖ਼ ?ਲਾਫ਼ ਆਵਾਜ਼ ਬੁਲੰਦ ਕਰਦਿਆਂ ਲੋਕ ਭਵਨ ਵੱਲ ਮਾਰਚ ਸ਼ੁਰੂ ਕੀਤਾ।

ਜਦੋਂ ਪ੍ਰਦਰਸ਼ਨਕਾਰੀ ਲੋਕ ਭਵਨ ਵੱਲ ਵਧਣ ਲੱਗੇ ਤਾਂ ਸੁਰੱਖਿਆ ਕਰਮੀਆਂ ਨੇ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ, ਜਿਸ ਕਾਰਨ ਮੌਕੇ 'ਤੇ ਪੁਲਿਸ ਅਤੇ ਮੁਜ਼ਾਹਰਾਕਾਰੀਆਂ ਵਿਚਾਲੇ ਤਿੱਖੀ ਧੱਕਾਮੁੱਕੀ ਤੇ ਤਣਾਅ ਵਾਲੀ ਸਥਿਤੀ ਪੈਦਾ ਹੋ ਗਈ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਅਤੇ ਝੰਡੇ ਫੜ ਕੇ ਸੰਵਿਧਾਨਿਕ ਹੱਕਾਂ ਦੀ ਰਾਖੀ ਅਤੇ ਵਾਂਝੇ ਵਰਗਾਂ ਲਈ ਰਾਖਵਾਂਕਰਨ ਵਧਾਉਣ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸਮਾਜਿਕ ਨਿਆਂ ਅਤੇ ਬਰਾਬਰੀ ਦੇ ਹੱਕ ਨੂੰ ਸੁਰੱਖਿਅਤ ਰੱਖਣ ਲਈ ਸੰਵਿਧਾਨ ਦੀ ਰੱਖਿਆ ਅਤਿਅੰਤ ਜ਼ਰੂਰੀ ਹੈ, ਅਤੇ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਇਹ ਜਮਹੂਰੀ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ।

# ਪਿੰਡ ਚੱਪੜ ਵਿਖੇ 11 ਦਿਨਾ ਗੁਰਮਤਿ ਸਮਾਗਮ ਸੰਪੰਨ

## ਭਾਈ ਰਣਜੀਤ ਸਿੰਘ ਨੇ ਗੁਰੂ ਸਿਧਾਂਤਾਂ ਦਾ ਨਿਰਾਦਰ ਕਰਨ ਵਾਲਿਆਂ ਨੂੰ ਪ੍ਰਬੰਧਾਂ 'ਚੋਂ ਬਾਹਰ ਕਰਨ ਲਈ ਕਮਰਕੱਸੇ ਕਰਨ ਦਾ ਦਿੱਤਾ ਹੋਕਾ











ਚੱਪੜ/ਪਟਿਆਲਾ : ਜ਼ਿਲ੍ਹਾ ਪਟਿਆਲਾ ਦੇ ਇਤਿਹਾਸਕ ਪਿੰਡ ਚੱਪੜ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਰ੍ਹੇ ਵੀ 11 ਰੋਜ਼ਾ ਵਿਸ਼ਾਲ ਸਲਾਨਾ ਗੁਰਮਤਿ ਸਮਾਗਮ ਪੂਰੀ ਸ਼ਰਧਾ, ਉਤਸ਼ਾਹ ਅਤੇ ਚੜ੍ਹਦੀ ਕਲਾ ਨਾਲ ਸੰਪੰਨ ਹੋਇਆ। ਇਸ ਮਹਾਨ ਧਾਰਮਿਕ ਸਮਾਗਮ ਦੌਰਾਨ ਬਾਬਾ ਭੁਪਿੰਦਰ ਸਿੰਘ ਜੀ ਨੇ ਲਗਾਤਾਰ 11 ਦਿਨ ਕਥਾ ਅਤੇ ਰਸਭਿੰਨੇ ਕੀਰਤਨ ਰਾਹੀਂ ਗੁਰਮਤਿ ਵਿਚਾਰਾਂ ਦਾ ਪ੍ਰਚਾਰ ਕੀਤਾ। ਇਲਾਕੇ ਭਰ ਵਿੱਚੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਪਰਿਵਾਰਾਂ ਸਮੇਤ ਹਾਜ਼ਰੀ ਭਰ ਕੇ ਗੁਰੂ ਜਸ ਸਰਵਣ ਕੀਤਾ ਅਤੇ ਆਤਮਿਕ ਲਾਹਾ ਪ੍ਰਾਪਤ ਕੀਤਾ।

ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਪੰਥਕ ਅਕਾਲੀ ਲਹਿਰ ਦੇ ਮੁੱਖ ਸੇਵਾਦਾਰ, ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕੌਮ ਨੂੰ ਗੁਰੂ ਲੜ ਲੱਗਣ, ਮਨੁੱਖਾ ਦੇਹੀ ਦੀ ਸਾਰਥਕਤਾ ਸਮਝਣ ਅਤੇ ਪੰਥਕ ਸੰਸਥਾਵਾਂ ਦੀ ਪਵਿੱਤਰਤਾ ਬਹਾਲ ਕਰਨ ਲਈ ਇੱਕਜੁੱਟ ਹੋਣ ਦਾ ਸੱਦਾ ਦਿੱਤਾ।

**ਕੁਦਰਤ 'ਚੋਂ ਕਾਦਰ ਦੇ ਦੀਦਾਰ ਅਤੇ ਮਨੁੱਖਾ ਜਨਮ ਦੀ ਸਾਰਥਕਤਾ :** ਭਾਈ ਰਣਜੀਤ ਸਿੰਘ ਨੇ ਅਧਿਆਤਮਿਕ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਗਤ ਨੂੰ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਉਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਆਪਣੀ ਆਤਮਾ ਨੂੰ ਸਫਲ ਕਰਨ ਅਤੇ ਪਰਮਾਤਮਾ ਵਿੱਚ ਲੀਨ ਹੋਣ ਲਈ ਇਸ ਸਰੀਰ ਤੋਂ ਨੇਕ ਕਾਰਜ ਲੈਣੇ ਚਾਹੀਦੇ ਹਨ। ਗੁਰੂ ਸਾਹਿਬ ਦੀ ਵਿਚੋਲਗੀ ਪ੍ਰਵਾਨ ਕਰਕੇ ਹੀ ਪਰਮਾਤਮਾ ਦਾ ਪਿਆਰ ਹਾਸਲ ਕੀਤਾ ਜਾ ਸਕਦਾ ਹੈ।

ਕੁਦਰਤ ਦੇ ਨਿਯਮਾਂ ਦੀ ਡੂੰਘੀ ਵਿਆਖਿਆ ਕਰਦਿਆਂ ਉਨ੍ਹਾਂ ਕਿਹਾ:

'ਅਸੀਂ ਕੁਦਰਤ ਵਿੱਚ ਦੇਖਦੇ ਹਾਂ ਕਿ ਲੱਕੜ ਵਿੱਚ ਅੱਗ ਸਮਾਈ ਹੈ, ਧਰਤੀ ਵਿੱਚ ਪਾਣੀ ਹੈ ਅਤੇ ਸਰੀਰ ਵਿੱਚ ਅਕਾਲ ਪੁਰਖ ਦੀ ਅੰਸ਼ ਹੈ। ਇਹ ਸੰਗ ਸਦਾ ਨਹੀਂ ਰਹਿੰਦਾ। ਜਿੰਨੀ ਦੇਰ ਇਹ ਤੱਤ ਆਪਸ ਵਿੱਚ ਜੁੜੇ ਰਹਿੰਦੇ ਹਨ, ਓਨੀ ਦੇਰ ਤੱਕ ਜੀਵਨ ਸਹਿਜ ਅਤੇ ਸ਼ਾਂਤੀ ਵਿੱਚ ਬੀਤਦਾ ਹੈ। ਪਰ ਜਦੋਂ ਇਹ ਸੰਯੋਗ ਟੁੱਟਦਾ ਹੈ ਤਾਂ ਇਹ ਸਰੀਰ ਸਿਰਫ਼ ਸਾੜ ਦੇਣ, ਸੁੱਟ ਦੇਣ ਜਾਂ ਦੱਬ ਦੇਣ ਦੇ ਕਾਬਲ ਹੀ ਰਹਿ ਜਾਂਦਾ ਹੈ। ਜਿਸ ਪਾਣੀ ਅਤੇ ਅੱਗ ਰਾਹੀਂ ਪਰਲੋ ਆਉਂਦੀ ਹੈ, ਉਹ ਅਸੀਂ ਆਪਣੀਆਂ ਅੱਖਾਂ ਸਾਹਮਣੇ ਦੇਖਦੇ ਹਾਂ। ਇਸ ਲਈ ਸਾਨੂੰ ਕੁਦਰਤ ਦੇ ਵਿੱਚੋਂ ਕਾਦਰ ਨੂੰ ਲੱਭ ਕੇ ਉਸ ਦਾ ਦੀਦਾਰ ਕਰਨਾ ਚਾਹੀਦਾ ਹੈ ਅਤੇ ਗੁਰੂ ਸਾਹਿਬ ਦੇ ਅਹਿਸਾਨਾਂ ਦੀ ਕਦਰ ਪਾਉਂਦਿਆਂ ਆਪਣੀ ਕੌਮ ਨੂੰ ਸਵਾਰਨਾ ਚਾਹੀਦਾ ਹੈ।'

**ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਮੁੱਲ ਅਤੇ ਖਾਲਸਾਈ ਜੀਵਨ ਦਾ ਪ੍ਰਣ :** ਸਿੰਘ ਸਾਹਿਬ ਨੇ ਸੰਗਤ ਨੂੰ ਸਾਹਿਬਜ਼ਾਦਿਆਂ ਦੀਆਂ ਬੇਮਿਸਾਲ ਸ਼ਹਾਦਤਾਂ ਦੀ ਯਾਦ ਦਿਵਾਉਂਦਿਆਂ ਕਿਹਾ ਕਿ ਜਿਨ੍ਹਾਂ ਮਹਾਨ ਸ਼ਹੀਦਾਂ ਨੇ ਆਪਣੇ ਲਹੂ ਨਾਲ ਖਾਲਸਾ ਧਰਮ ਦੀ ਨੀਂਹ ਨੂੰ ਸਿੰਜਿਆ ਅਤੇ ਆਪਣੇ ਗੁਰ-ਪਿਤਾ ਦੇ ਖਾਲਸਾ ਪੰਥ ਨੂੰ ਪ੍ਰਗਟ ਕੀਤਾ, ਉਨ੍ਹਾਂ ਦੀ ਇਸ ਮਹਾਨ ਕੁਰਬਾਨੀ ਨੂੰ ਕਦੇ ਵਿਅਰਥ ਨਹੀਂ ਜਾਣ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅੱਜ ਸਮਾਂ ਹੈ ਕਿ ਅਸੀਂ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਅੱਗੇ ਸੀਸ ਝੁਕਾ ਕੇ ਪ੍ਰਣ ਕਰੀਏ ਕਿ ਅਸੀਂ ਖ਼ੁਦ ਸੱਚਾ-ਸੁੱਚਾ ਖਾਲਸਾਈ ਜੀਵਨ ਬਤੀਤ ਕਰਾਂਗੇ ਅਤੇ ਕੌਮ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਆਪਣੇ ਅੰਦਰ ਅਤੇ ਕੌਮੀ ਸੋਚ ਵਿੱਚ ਲੋੜੀਂਦੀ ਤਬਦੀਲੀ ਲਿਆਵਾਂਗੇ।

**ਗੁਰੂ ਸਿਧਾਂਤਾਂ ਦਾ ਘਾਣ ਕਰਨ ਵਾਲਿਆਂ ਖ਼ਿਲਾਫ਼ ਕਮਰਕੱਸੇ ਕਰਨ ਦਾ ਸੱਦਾ :** ਮੌਜੂਦਾ ਪੰਥਕ ਪ੍ਰਬੰਧਾਂ 'ਤੇ ਤਿੱਖਾ ਵਾਰ ਕਰਦਿਆਂ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਅੱਜ ਬੜੇ ਦੁੱਖ ਦੀ ਗੱਲ ਹੈ ਕਿ ਕੁਝ ਲੋਕ ਗੁਰੂ ਸਾਹਿਬ ਜੀ ਦੇ ਸਿਧਾਂਤਾਂ ਦਾ ਸ਼ਰੇਆਮ ਨਿਰਾਦਰ ਕਰ ਰਹੇ ਹਨ। ਉਨ੍ਹਾਂ ਸਮੂਹ ਗੁਰੂ-ਨਾਨਕ ਨਾਮ ਲੇਵਾ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਗੁਰੂ ਘਰ ਦੇ ਪਵਿੱਤਰ ਸਿਧਾਂਤਾਂ ਨੂੰ ਢਾਹ ਲਾਉਣ ਵਾਲੇ ਅਜਿਹੇ ਅਨਸਰਾਂ ਨੂੰ ਪ੍ਰਬੰਧਕ ਕਮੇਟੀਆਂ ਵਿੱਚੋਂ ਬਾਹਰ ਕੱਢਣ ਲਈ ਸਮਾਂ ਰਹਿੰਦੇ ਆਪਣੇ ਕਮਰਕੱਸੇ ਕਰੋ ਤਾਂ ਜੋ ਗੁਰਧਾਮਾਂ ਅਤੇ ਪੰਥਕ ਸੰਸਥਾਵਾਂ ਦਾ ਪ੍ਰਬੰਧ ਨਿਰੋਲ ਗੁਰਮਤਿ ਮਰਯਾਦਾ ਅਨੁਸਾਰ ਚਲਾਇਆ ਜਾ ਸਕੇ।

# ਸੰਕਟ ਦੀ ਘੜੀ 'ਚ ਨੇਪਾਲ ਨਾਲ ਖੜ੍ਹਿਆ ਭਾਰਤ

## 35 ਟਨ ਰਾਹਤ ਸਮੱਗਰੀ ਲੈ ਕੇ ਹਵਾਈ ਫ਼ੌਜ ਦਾ 8ਵਾਂ ਜਹਾਜ਼ ਕਾਠਮਾਂਡੂ ਪੁੱਜਿਆ







ਕਾਠਮਾਂਡੂ : ਨੇਪਾਲ ਵਿੱਚ ਹਾਲ ਹੀ ਵਿੱਚ ਆਏ ਕੁਦਰਤੀ ਕਹਿਰ (ਹੜ੍ਹ ਅਤੇ ਜ਼ਮੀਨ ਖਿਸਕਣ) ਤੋਂ ਬਾਅਦ ਭਾਰਤ ਵੱਲੋਂ ਮਨੁੱਖਤਾ ਦੇ ਨਾਤੇ ਵੱਡੇ ਪੱਧਰ 'ਤੇ ਮਦਦ ਮੁਹਿੰਮ ਜਾਰੀ ਹੈ। ਇਸੇ ਤਹਿਤ ਬੁੱਧਵਾਰ ਨੂੰ ਭਾਰਤੀ ਹਵਾਈ ਫ਼ੌਜ (IAF) ਦਾ 8ਵਾਂ ਵਿਸ਼ੇਸ਼ ਜਹਾਜ਼ 35 ਟਨ ਜ਼ਰੂਰੀ ਰਾਹਤ ਅਤੇ ਬਚਾਅ ਸਮੱਗਰੀ ਲੈ ਕੇ ਨੇਪਾਲ ਦੀ ਰਾਜਧਾਨੀ ਕਾਠਮਾਂਡੂ ਪਹੁੰਚ ਗਿਆ।

ਰਾਹਤ ਸਮੱਗਰੀ ਦੇ ਮੁੱਖ ਵੇਰਵੇ

ਕੁੱਲ ਮਾਤਰਾ: 35 ਟਨ ਐਮਰਜੈਂਸੀ ਰਾਹਤ ਅਤੇ ਆਫ਼ਤ ਪ੍ਰਬੰਧਨ ਸਮੱਗਰੀ।

ਬਚਾਅ ਸਾਜ਼ੋ-ਸਾਮਾਨ: ਐਨ.ਡੀ.ਆਰ.ਐਫ (NDRF) ਦੀਆਂ ਟੀਮਾਂ ਲਈ ਆਧੁਨਿਕ ਉਪਕਰਨ ਅਤੇ ਸੁਰੰਗਾਂ ਵਿੱਚ ਫਸੇ ਲੋਕਾਂ ਨੂੰ ਕੱਢਣ ਲਈ ਲੋੜੀਂਦੀ ਵਿਸ਼ੇਸ਼ ਤਕਨੀਕ।

ਫ਼ੋਰੈਂਸਿਕ ਅਤੇ ਮੈਡੀਕਲ ਸਮਾਨ: ਲਾਪਤਾ ਵਿਅਕਤੀਆਂ ਦੀ ਸ਼ਨਾਖ਼ਤ ਲਈ ਜ਼ਰੂਰੀ ਫ਼ੋਰੈਂਸਿਕ ਅਤੇ ਡੀ.ਐਨ.ਏ. (DNA) ਜਾਂਚ ਕਿੱਟਾਂ।

ਜ਼ਮੀਨੀ ਸਹਾਇਤਾ: ਨੇਪਾਲ ਅੰਦਰ ਰਾਹਤ ਕਾਰਜਾਂ ਵਿੱਚ ਜੁਟੀਆਂ ਭਾਰਤੀ ਫ਼ੌਜ ਦੀਆਂ ਟੀਮਾਂ ਲਈ ਜ਼ਰੂਰੀ ਸਾਜ਼ੋ-ਸਾਮਾਨ ਦੀ ਸਪਲਾਈ।

**ਰਸਮੀ ਸਪੁਰਦਗੀ :** ਕਾਠਮਾਂਡੂ ਪੁੱਜਣ ਉਪਰੰਤ ਇਹ ਸਾਰੀ ਰਾਹਤ ਸਮੱਗਰੀ ਨੇਪਾਲ ਵਿਚਲੇ ਭਾਰਤੀ ਰਾਜਦੂਤ ਵੱਲੋਂ ਨੇਪਾਲੀ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਰਸਮੀ ਤੌਰ 'ਤੇ ਸੌਂਪ ਦਿੱਤੀ ਗਈ।

ਭਾਰਤ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਗੁਆਂਢੀ ਮੁਲਕ ਦੀ ਹਰ ਸੰਭਵ ਮਦਦ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਜ਼ਮੀਨੀ ਹਾਲਾਤ ਸੁਧਰਨ ਤੱਕ ਇਹ ਸਹਾਇਤਾ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ।



# ਮੈਡੀਸਨ ਸਕੁਏਅਰ ਗਾਰਡਨ ਬਾਹਰ RSS ਮੁਖੀ ਮੋਹਨ ਭਾਗਵਤ ਦੇ ਸਮਾਗਮ ਖ਼ਿਲਾਫ਼ ਸਿੱਖ ਜਥੇਬੰਦੀਆਂ ਦਾ ਵਿਸ਼ਾਲ ਰੋਸ ਮੁਜ਼ਾਹਰਾ

## ਖਾਲਿਸਤਾਨੀ ਨਾਅਰਿਆਂ ਨਾਲ ਗੂੰਜਿਆ ਮੈਨਹੈਟਨ; ਘੱਟਗਿਣਤੀਆਂ ਵਿਰੋਧੀ ਨਫ਼ਰਤੀ ਸੋਚ ਨੂੰ ਅਮਰੀਕੀ ਧਰਤੀ 'ਤੇ ਨਕਾਰਿਆ







ਨਿਊਯਾਰਕ : ਨਿਊਯਾਰਕ ਦੇ ਵਿਸ਼ਵ ਪ੍ਰਸਿੱਧ ਮੈਡੀਸਨ ਸਕੁਏਅਰ ਗਾਰਡਨ (ਮੈਨਹੈਟਨ) ਵਿਖੇ ਰਾਸ਼ਟਰੀ ਸਵੈਮ ਸੇਵਕ ਸੰਘ (RSS) ਦੇ ਮੁਖੀ ਮੋਹਨ ਭਾਗਵਤ ਦੇ ਸਮਾਗਮ ਮੌਕੇ ਅਮਰੀਕਾ ਭਰ ਦੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ ਵੱਲੋਂ ਜ਼ੋਰਦਾਰ ਅਤੇ ਇਤਿਹਾਸਕ ਰੋਸ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੇ ਦੌਰਾਨ ਖਾਲਿਸਤਾਨ ਦੇ ਝੰਡੇ ਲਹਿਰਾਏ ਗਏ ਅਤੇ ਆਕਾਸ਼-ਗੂੰਜਾਊ ਨਾਅਰਿਆਂ ਨਾਲ ਪੰਜਾਬ ਦੇ ਸਵੈ-ਨਿਰਣੇ ਅਤੇ ਆਜ਼ਾਦੀ ਦਾ ਸੰਕਲਪ ਦੁਹਰਾਇਆ ਗਿਆ। ਸਿੱਖ ਆਗੂਆਂ ਨੇ ਦੋ-ਟੁੱਕ ਸ਼ਬਦਾਂ ਵਿੱਚ ਐਲਾਨ ਕੀਤਾ ਕਿ ਧਰਮ ਅਤੇ ਪ੍ਰਗਟਾਵੇ ਦੀ ਆਜ਼ਾਦੀ ਵਾਲੀ ਅਮਰੀਕੀ ਧਰਤੀ (Land of the Free, Home of the Brave) 'ਤੇ ਘੱਟਗਿਣਤੀਆਂ ਵਿਰੋਧੀ ਅਤੇ ਨਫ਼ਰਤੀ ਵਿਚਾਰਧਾਰਾ ਲਈ ਕੋਈ ਥਾਂ ਨਹੀਂ ਹੈ।

ਇਹ ਵਿਸ਼ਾਲ ਰੋਸ ਮੁਜ਼ਾਹਰਾ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੀ ਅਗਵਾਈ ਹੇਠ ਉਲੀਕਿਆ ਗਿਆ, ਜਿਸ ਵਿੱਚ ਨਿਊਯਾਰਕ, ਨਿਊਜਰਸੀ, ਕਨੈਕਟੀਕਟ, ਪੈਨਸਿਲਵੇਨੀਆ, ਮੈਰੀਲੈਂਡ, ਵਰਜੀਨੀਆ, ਇੰਡਿਆਨਾ ਅਤੇ ਬੋਸਟਨ ਸਮੇਤ ਕਈ ਸੂਬਿਆਂ ਤੋਂ ਹਜ਼ਾਰਾਂ ਸਿੱਖ ਕਾਰਕੁਨਾਂ, ਨੌਜਵਾਨਾਂ ਅਤੇ ਸੰਗਤਾਂ ਨੇ ਸ਼ਿਰਕਤ ਕਰਕੇ ਸਿੱਖ ਡਾਇਸਪੋਰਾ ਦੀ ਸੰਗਠਿਤ ਤਾਕਤ ਦਾ ਸਬੂਤ ਦਿੱਤਾ।

**ਪ੍ਰਮੁੱਖ ਪੰਥਕ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਇੱਕਜੁੱਟਤਾ :** ਮੁਜ਼ਾਹਰੇ ਵਿੱਚ ਅਮਰੀਕਾ ਭਰ ਦੀਆਂ ਪ੍ਰਮੁੱਖ ਪੰਥਕ ਜਥੇਬੰਦੀਆਂ ਨੇ ਇਕਸੁਰ ਹੋ ਕੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ:

- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
- ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC)
- ਸਿੱਖਸ ਫਾਰ ਜਸਟਿਸ
- ਵਰਲਡ ਸਿੱਖ ਪਾਰਲੀਮੈਂਟ
- ਕਾਊਂਸਿਲ ਆਫ ਖਾਲਿਸਤਾਨ
- ਖਾਲਿਸਤਾਨ ਅਫੇਅਰਜ਼ ਸੈਂਟਰ
- ਸਿੱਖ ਕਾਕਸ ਕਮੇਟੀ
- ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ
- ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
-ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ (ਰਿਚਮੰਡ ਹਿੱਲ, ਨਿਊਯਾਰਕ)

ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ ਸਮੇਤ ਹੋਰ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸ਼ਾਮਲ ਸਨ।

**ਹਿੰਮਤ ਸਿੰਘ ਵੱਲੋਂ ਸਵੈ-ਨਿਰਣੇ ਦਾ ਹੋਕਾ ਅਤੇ ਗੰਭੀਰ ਇਲਜ਼ਾਮਾਂ ਦੀ ਅੰਤਰਰਾਸ਼ਟਰੀ ਜਾਂਚ ਦੀ ਮੰਗ**

ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਪਣੇ ਰਾਜਨੀਤਕ ਭਵਿੱਖ ਦਾ ਫ਼ੈਸਲਾ ਖ਼ੁਦ ਕਰਨ ਦਾ ਪੂਰਾ ਹੱਕ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ:

'ਪੰਜਾਬ ਦੀ ਆਜ਼ਾਦੀ ਹੀ ਸਾਡੀ ਕੌਮੀ ਹੋਂਦ, ਪਛਾਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦੀ ਸੁਰੱਖਿਆ ਦਾ ਇੱਕੋ-ਇੱਕ ਰਾਹ ਹੈ। ਸਿੱਖ ਕੌਮ ਆਪਣੇ ਸਵੈ-ਨਿਰਣੇ ਅਤੇ ਆਜ਼ਾਦੀ ਦੀ ਆਵਾਜ਼ ਨੂੰ ਦੁਨੀਆ ਦੇ ਹਰ ਜਮਹੂਰੀ ਮੰਚ 'ਤੇ ਸ਼ਾਂਤਮਈ ਤਰੀਕੇ ਨਾਲ ਬੁਲੰਦ ਕਰਦੀ ਰਹੇਗੀ।'

ਹਿੰਮਤ ਸਿੰਘ ਨੇ ਇੱਕ ਬੇਹੱਦ ਗੰਭੀਰ ਮੁੱਦਾ ਉਠਾਉਂਦਿਆਂ ਦੋਸ਼ ਲਾਇਆ ਕਿ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਨੈੱਟਵਰਕ ਦੀ ਵਰਤੋਂ ਕੇਂਦਰ ਸਰਕਾਰ ਅਤੇ RSS ਦੀ ਮਿਲੀਭੁਗਤ ਨਾਲ ਵਿਦੇਸ਼ਾਂ ਵਿੱਚ ਵਸਦੇ ਸਿੱਖ ਡਾਇਸਪੋਰਾ ਖ਼ਿਲਾਫ਼ ਹਿੰਸਕ ਸਾਜ਼ਿਸ਼ਾਂ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਕੌਮਾਂਤਰੀ ਪੱਧਰ 'ਤੇ ਇਸ ਪੂਰੇ ਘਟਨਾਕ੍ਰਮ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਕਰਵਾਉਣ ਅਤੇ ਵਿਦੇਸ਼ਾਂ ਵਿੱਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਜ਼ੋਰਦਾਰ ਮੰਗ ਕੀਤੀ।

**ਕੌਮਾਂਤਰੀ ਮੰਚਾਂ 'ਤੇ ਸਿੱਖ ਮਸਲੇ ਉਠਾਉਣ ਅਤੇ ਟਰਾਂਸਨੈਸ਼ਨਲ ਰਿਪਰੈਸ਼ਨ ਦਾ ਮੁੱਦਾ :** ਸਿੱਖ ਮਾਮਲਿਆਂ ਦੇ ਵਿਸ਼ਲੇਸ਼ਕ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਸਿੱਖਾਂ ਦੇ ਸਵੈ-ਨਿਰਣੇ ਅਤੇ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਨੂੰ ਸੰਸਾਰ ਭਰ ਵਿੱਚ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਕੌਮ ਦੀ ਜਮਹੂਰੀ ਆਵਾਜ਼ ਅਤੇ ਸਿਆਸੀ ਇੱਛਾ ਨੂੰ ਕੁਚਲਣ ਦੀ ਬਜਾਏ ਉਸ ਨੂੰ ਸੁਣਿਆ ਜਾਣਾ ਚਾਹੀਦਾ ਹੈ।

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਮੀਡੀਆ ਬੁਲਾਰੇ ਹਰਜਿੰਦਰ ਸਿੰਘ ਨੇ ਆਖਿਆ ਕਿ ਮੈਡੀਸਨ ਸਕੁਏਅਰ ਗਾਰਡਨ ਦੇ ਬਾਹਰ ਹੋਇਆ ਇਹ ਸ਼ਾਂਤਮਈ ਮੁਜ਼ਾਹਰਾ ਸਪੱਸ਼ਟ ਸੰਦੇਸ਼ ਦਿੰਦਾ ਹੈ ਕਿ ਸਿੱਖ ਡਾਇਸਪੋਰਾ ਆਪਣੇ ਹੱਕਾਂ ਪ੍ਰਤੀ ਕਦੇ ਖ਼ਾਮੋਸ਼ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਸਿੱਖਾਂ ਖ਼ਿਲਾਫ਼ ਹੋ ਰਹੇ ਟਰਾਂਸਨੈਸ਼ਨਲ ਰਿਪਰੈਸ਼ਨ (ਸਰਹੱਦ ਪਾਰਲੇ ਜ਼ੁਲਮ) ਦੇ ਮਸਲੇ ਨੂੰ ਸੰਬੰਧਤ ਪੱਛਮੀ ਸਰਕਾਰਾਂ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਸਾਹਮਣੇ ਨਿਰੰਤਰ ਕਾਨੂੰਨੀ ਢੰਗ ਨਾਲ ਉਠਾਇਆ ਜਾਂਦਾ ਰਹੇਗਾ।



**ਪੰਥਕ ਆਗੂਆਂ ਅਤੇ ਨੌਜਵਾਨਾਂ ਦੀ ਵਿਸ਼ੇਸ਼ ਹਾਜ਼ਰੀ**

ਇਸ ਮੌਕੇ ਪੰਥਕ ਆਗੂ ਸੁਰਜੀਤ ਸਿੰਘ ਕਲਾਰ, ਡਾ. ਬਖਸ਼ੀਸ਼ ਸਿੰਘ, ਬਲਵਿੰਦਰ ਸਿੰਘ ਚੱਠਾ, ਸੰਤੋਖ ਸਿੰਘ ਇੰਡਿਆਨਾ, ਹਰਮਿੰਦਰ ਸਿੰਘ ਆਲੂਵਾਲੀਆ, ਬਲਾਕਾ ਸਿੰਘ, ਜੱਗਪ੍ਰੀਤ ਸਿੰਘ ਜੈਗ ਬਾਬਾ, ਜੋਗਾ ਸਿੰਘ ਨਿਊਜਰਸੀ ਅਤੇ ਰਜਿੰਦਰ ਸਿੰਘ ਸਮੇਤ ਅਨੇਕਾਂ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਵਿਸ਼ੇਸ਼ ਤੌਰ 'ਤੇ ਨੌਜਵਾਨ ਸਿੱਖ ਆਗੂ ਜਪਨੀਤ ਸਿੰਘ, ਗੁਰਪ੍ਰਤਾਪ ਸਿੰਘ ਅਤੇ ਵੱਡੀ ਗਿਣਤੀ ਨੌਜਵਾਨਾਂ ਨੇ ਸ਼ਿਰਕਤ ਕਰਕੇ ਮਨੁੱਖੀ ਹੱਕਾਂ ਅਤੇ ਕੌਮੀ ਆਜ਼ਾਦੀ ਦੇ ਸੰਘਰਸ਼ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਸਮਾਗਮ ਦੇ ਅੰਤ ਵਿੱਚ ਦੂਰ-ਦੁਰਾਡੇ ਸੂਬਿਆਂ ਤੋਂ ਪੁੱਜੀਆਂ ਸਮੂਹ ਸੰਗਤਾਂ, ਨੌਜਵਾਨਾਂ, ਗੁਰਦੁਆਰਾ ਕਮੇਟੀਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਕਮੇਟੀ ਨੇ ਐਲਾਨ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਹੋਰਨਾਂ ਘੱਟਗਿਣਤੀ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨਾਲ ਤਾਲਮੇਲ ਵਧਾ ਕੇ ਨਫ਼ਰਤ ਅਤੇ ਫਾਸ਼ੀਵਾਦ ਖ਼ਿਲਾਫ਼ ਇਹ ਜਮਹੂਰੀ ਲੜਾਈ ਹੋਰ ਤਿੱਖੀ ਕੀਤੀ ਜਾਵੇਗੀ।

# ਮੌਸਮ ਬਦਲਦਿਆਂ ਹੀ ਉੱਚੇ ਪਹਾੜਾਂ ਤੋਂ ਮੈਦਾਨੀ ਇਲਾਕਿਆਂ ਵੱਲ ਪਰਤਣ ਲੱਗੇ ਖ਼ਾਨਾਬਦੋਸ਼ ਚਰਵਾਹੇ

## ਅਨੰਤਨਾਗ 'ਚ ਪਸ਼ੂਆਂ ਦੇ ਵੱਡੇ ਝੁੰਡਾਂ ਨਾਲ ਪਰਤੇ ਆਜੜੀ



ਅਨੰਤਨਾਗ (ਜੰਮੂ-ਕਸ਼ਮੀਰ) : ਜੰਮੂ-ਕਸ਼ਮੀਰ ਦੀਆਂ ਉੱਚੀਆਂ ਪਹਾੜੀਆਂ ਅਤੇ ਹਰੇ-ਭਰੇ ਚਰਾਗਾਹਾਂ ਵਿੱਚ ਮਹੀਨਿਆਂ ਤੱਕ ਪਸ਼ੂ ਚਰਾਉਣ ਉਪਰੰਤ ਮੌਸਮ ਵਿੱਚ ਤਬਦੀਲੀ ਆਉਂਦਿਆਂ ਹੀ ਖ਼ਾਨਾਬਦੋਸ਼ ਚਰਵਾਹਿਆਂ (ਗੁੱਜਰ-ਬਕਰਵਾਲ ਭਾਈਚਾਰੇ) ਦੀ ਵਾਪਸੀ ਸ਼ੁਰੂ ਹੋ ਗਈ ਹੈ। ਵੀਰਵਾਰ ਨੂੰ ਅਨੰਤਨਾਗ ਵਿਖੇ ਇੱਕ ਖ਼ਾਨਾਬਦੋਸ਼ ਆਜੜੀ ਆਪਣੇ ਪਸ਼ੂਆਂ ਦੇ ਵੱਡੇ ਇੱਜੜ ਨਾਲ ਉੱਚ-ਉਚਾਈ ਵਾਲੀਆਂ ਪਹਾੜੀਆਂ ਤੋਂ ਹੇਠਾਂ ਮੈਦਾਨੀ ਇਲਾਕਿਆਂ ਵੱਲ ਪਰਤਦਾ ਨਜ਼ਰ ਆਇਆ।

ਗ਼ੌਰਤਲਬ ਹੈ ਕਿ ਇਹ ਖ਼ਾਨਾਬਦੋਸ਼ ਪਰਿਵਾਰ ਗਰਮੀਆਂ ਦੀ ਸ਼ੁਰੂਆਤ ਹੁੰਦਿਆਂ ਹੀ ਚੰਗੇ ਘਾਹ ਅਤੇ ਠੰਢੇ ਮੌਸਮ ਦੀ ਭਾਲ ਵਿੱਚ ਆਪਣੇ ਪਸ਼ੂਆਂ—ਭੇਡਾਂ, ਬੱਕਰੀਆਂ ਅਤੇ ਹੋਰ ਮਾਲ-ਡੰਗਰ ਸਮੇਤ—ਕਸ਼ਮੀਰ ਦੇ ਦੂਰ-ਦੁਰਾਡੇ ਉੱਚੇ ਪਹਾੜੀ ਇਲਾਕਿਆਂ (ਢੋਕਾਂ/ਚਰਾਗਾਹਾਂ) ਵੱਲ ਚਲੇ ਜਾਂਦੇ ਹਨ। ਹੁਣ ਪਹਾੜਾਂ 'ਤੇ ਠੰਢ ਵਧਣ ਅਤੇ ਸਰਦੀਆਂ ਦੀ ਦਸਤਕ ਦੇ ਨਾਲ ਹੀ ਇਹ ਚਰਵਾਹੇ ਆਪਣੇ ਪਰਿਵਾਰਾਂ ਅਤੇ ਪਸ਼ੂਆਂ ਦੀ ਸੁਰੱਖਿਆ ਖ਼ਾਤਰ ਹੇਠਲੇ ਅਤੇ ਮੈਦਾਨੀ ਇਲਾਕਿਆਂ ਵੱਲ ਸੁਰੱਖਿਅਤ ਟਿਕਾਣਿਆਂ ਲਈ ਸਫ਼ਰ ਕਰ ਰਹੇ ਹਨ।

# 27ਵੇਂ ਨੈਸ਼ਨਲ ਯੂਥ ਪਾਰਲੀਮੈਂਟ ਮੁਕਾਬਲੇ ਦੇ ਇਨਾਮ ਵੰਡ ਸਮਾਗਮ 'ਚ ਸ਼ਾਮਲ ਹੋਏ ਕੇਂਦਰੀ ਮੰਤਰੀ ਕਿਰਨ ਰਿਜਿਜੂ

## ਜਵਾਹਰ ਨਵੋਦਿਆ ਵਿਦਿਆਲਿਆ ਦੇ ਹੋਣਹਾਰ ਵਿਦਿਆਰਥੀਆਂ ਦਾ ਕੀਤਾ ਸਨਮਾਨ

ਨਵੀਂ ਦਿੱਲੀ : ਜਵਾਹਰ ਨਵੋਦਿਆ ਵਿਦਿਆਲਿਆ ਲਈ ਆਯੋਜਿਤ ਕੀਤੇ ਗਏ 27ਵੇਂ ਨੈਸ਼ਨਲ ਯੂਥ ਪਾਰਲੀਮੈਂਟ ਮੁਕਾਬਲੇ (2025-26) ਦਾ ਇਨਾਮ ਵੰਡ ਸਮਾਗਮ ਵੀਰਵਾਰ ਨੂੰ ਸੰਸਦ ਭਵਨ, ਨਵੀਂ ਦਿੱਲੀ ਵਿਖੇ ਕਰਵਾਇਆ ਗਿਆ। ਇਸ ਵਿਸ਼ੇਸ਼ ਸਮਾਗਮ ਦੌਰਾਨ ਕੇਂਦਰੀ ਘੱਟਗਿਣਤੀ ਮਾਮਲੇ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ ਕਿਰਨ ਰਿਜਿਜੂ ਨੇ ਸ਼ਿਰਕਤ ਕੀਤੀ ਅਤੇ ਦੇਸ਼ ਭਰ ਵਿੱਚੋਂ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ। ਇਨਾਮ ਵੰਡ ਸਮਾਗਮ ਉਪਰੰਤ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਵਿਦਿਆਰਥੀਆਂ ਨਾਲ ਇੱਕ ਯਾਦਗਾਰੀ ਸਮੂਹਿਕ ਤਸਵੀਰ ਵੀ ਖਿਚਵਾਈ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਨੌਜਵਾਨ ਪੀੜ੍ਹੀ ਵਿੱਚ ਲੋਕਤੰਤਰੀ ਕਦਰਾਂ-ਕੀਮਤਾਂ, ਸੰਸਦੀ ਕਾਰਜਪ੍ਰਣਾਲੀ ਦੀ ਸਮਝ ਅਤੇ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਦੇਸ਼ ਦੇ ਸੰਵਿਧਾਨਕ ਢਾਂਚੇ ਨੂੰ ਸਮਝ ਕੇ ਇੱਕ ਸੁਚੇਤ ਨਾਗਰਿਕ ਵਜੋਂ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਆ।



ਅੰਤਰਰਾਸ਼ਟਰੀ ਕਾਨੂੰਨ ਅਧੀਨ ਜਬਰੀ ਲਾਪਤਾ ਕੀਤੇ ਜਾਣ ਨਾਲੋਂ ਘਿਨਾਉਣਾ ਜੁਰਮ ਸ਼ਾਇਦ ਹੀ ਕੋਈ ਹੋਵੇ। ਇਹ ਸਿਰਫ਼ ਕਿਸੇ ਵਿਅਕਤੀ ਨੂੰ ਕਾਨੂੰਨੀ ਸੁਰੱਖਿਆ ਤੋਂ ਵਾਂਝਾ ਹੀ ਨਹੀਂ ਕਰਦਾ, ਸਗੋਂ ਪਰਿਵਾਰਾਂ ਨੂੰ ਦੁੱਖ ਅਤੇ ਆਸ ਦੇ ਵਿਚਕਾਰ ਇੱਕ ਬੇਅੰਤ ਤਸੀਹੇ ਵਿੱਚ ਲਟਕਾ ਦਿੰਦਾ ਹੈ, ਚੁੱਪ ਨੂੰ ਇੱਕ ਹਥਿਆਰ ਵਜੋਂ ਵਰਤਦਾ ਹੈ ਅਤੇ ਪੀੜਤ ਦੀ ਹੋਂਦ ਨੂੰ ਇਤਿਹਾਸਕ ਰਿਕਾਰਡ ਵਿੱਚੋਂ ਮਿਟਾਉਣ ਦੀ ਕੋਸ਼ਿਸ਼ ਕਰਦਾ ਹੈ। 1984 ਤੋਂ ਬਾਅਦ ਦੇ ਪੰਜਾਬ ਵਿੱਚ, ਸਰਕਾਰੀ ਹਿੰਸਾ ਅਤੇ ਪੁਲਿਸ ਨੂੰ ਮਿਲੀ ਬੇਹਿਸਾਬ ਤਾਕਤ ਦੇ ਦੌਰ ਵਿੱਚ ਇਹ ਚੁੱਪ ਇੱਕ ਯੋਜਨਾਬੱਧ ਨੀਤੀ ਬਣ ਚੁੱਕੀ ਸੀ। ਪਰ ਇਸ ਚੁੱਪ ਨੂੰ ਤੋੜਨ ਲਈ ਕੋਈ ਸਰਕਾਰੀ ਕਮਿਸ਼ਨ ਜਾਂ ਹਥਿਆਰਬੰਦ ਸੰਘਰਸ਼ ਨਹੀਂ, ਸਗੋਂ ਸਸਕਾਰ ਰਜਿਸਟਰਾਂ, ਸਟੀਕ ਕਾਰਜ-ਵਿਧੀ ਅਤੇ ਅਡੋਲ ਨੈਤਿਕ ਦ੍ਰਿੜ੍ਹਤਾ ਨਾਲ ਲੈਸ ਇੱਕ ਆਮ ਨਾਗਰਿਕ ਸਾਹਮਣੇ ਆਇਆ। ਇਸ ਅਹਿਮ ਅਧਿਐਨ ਵਿੱਚ, ਡਾ. ਗੁਰਿੰਦਰ ਸਿੰਘ ਗਰੇਵਾਲ ਸਰਦਾਰ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਵਿਰਾਸਤ ਦੀ ਪੜਚੋਲ ਕਰਦੇ ਹੋਏ ਉਹਨਾਂ ਦੇ ਕਾਰਜ ਨੂੰ ਅਨੁਸ਼ਾਸਿਤ ਮਨੁੱਖੀ ਅਧਿਕਾਰ ਦਸਤਾਵੇਜ਼ੀਕਰਨ ਅਤੇ ਸਿੱਖ ਨੈਤਿਕ ਗਵਾਹੀ ਦੇ ਸੁਮੇਲ ਵਜੋਂ ਪੇਸ਼ ਕਰਦੇ ਹਨ। ਖਾਲੜਾ ਨੇ ਸਿਰਫ਼ ਜ਼ੁਬਾਨੀ ਦਾਅਵਿਆਂ 'ਤੇ ਭਰੋਸਾ ਨਹੀਂ ਕੀਤਾ; ਉਹਨਾਂ ਨੇ ਮਿਊਂਸਪਲ ਕਮੇਟੀਆਂ ਦੇ ਰਜਿਸਟਰ ਫਰੋਲੇ, ਲਾਪਤਾ ਲੋਕਾਂ ਦੇ ਵੇਰਵਿਆਂ ਦਾ ਮਿਲਾਨ ਕੀਤਾ, ਅਤੇ ਘਰਾਂ ਵਿੱਚ ਦਫ਼ਨ ਨਿੱਜੀ ਦੁਖਾਂਤਾਂ ਨੂੰ ਅਟੱਲ ਜਨਤਕ ਸਬੂਤਾਂ ਵਿੱਚ ਬਦਲ ਦਿੱਤਾ। ਜਵਾਬਦੇਹੀ ਦੀ ਇਸੇ ਜ਼ਿੱਦ ਕਾਰਨ ਉਹਨਾਂ ਨੂੰ ਆਪਣੀ ਜਾਨ ਦੇ ਕੇ ਕੀਮਤ ਚੁਕਾਉਣੀ ਪਈ—ਉਹਨਾਂ ਨੂੰ ਅਗਵਾ ਕਰਕੇ ਪੁਲਿਸ ਹਿਰਾਸਤ ਵਿੱਚ ਕਤਲ ਕਰ ਦਿੱਤਾ ਗਿਆ, ਇੱਕ ਅਜਿਹਾ ਜੁਰਮ ਜਿਸ ਨੂੰ ਅਦਾਲਤਾਂ ਵੱਲੋਂ ਰਸਮੀ ਤੌਰ 'ਤੇ ਸਜ਼ਾਯੋਗ ਕਰਾਰ ਦੇਣ ਵਿੱਚ ਇੱਕ ਪੂਰਾ ਦਹਾਕਾ ਲੱਗ ਗਿਆ। ਪਰ ਜਿਵੇਂ ਕਿ ਡਾ. ਗਰੇਵਾਲ ਬਾਖੂਬੀ ਸਪੱਸ਼ਟ ਕਰਦੇ ਹਨ, ਖਾਲੜਾ ਦੀ ਨੈਤਿਕ ਦਲੇਰੀ ਨੂੰ ਉਹਨਾਂ ਦੀਆਂ ਰੂਹਾਨੀ ਜੜ੍ਹਾਂ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੋਚ ਵਿੱਚ ਰੰਗੀ ਇਹ ਦਲੇਰੀ—ਗੁਰੂ ਨਾਨਕ ਦੇਵ ਜੀ ਵੱਲੋਂ 'ਬਾਬਰ ਬਾਣੀ' ਵਿੱਚ ਅਣਸੁਣੇ ਦੁੱਖ ਵਿਰੁੱਧ ਉਠਾਏ ਸਵਾਲ ਤੋਂ ਲੈ ਕੇ ਪ੍ਰਭੂ-ਪ੍ਰੇਮ ਦੇ ਮਾਰਗ 'ਤੇ ਹਉਮੈ ਤੇ ਡਰ ਦੇ ਤਿਆਗ ਤੱਕ—ਮਨੁੱਖੀ ਅਧਿਕਾਰਾਂ ਦੀ ਪੈਰਵੀ ਨੂੰ ਮਹਿਜ਼ ਇੱਕ ਦਫ਼ਤਰੀ ਪ੍ਰਕਿਰਿਆ ਜਾਂ ਬਦਲਾਖ਼ੋਰ ਸਿਆਸਤ ਨਹੀਂ, ਸਗੋਂ ਮਜ਼ਲੂਮਾਂ ਦੀ ਰੱਖਿਆ ਲਈ ਇੱਕ ਨਿਰੰਤਰ ਰੂਹਾਨੀ ਫ਼ਰਜ਼ ਬਣਾ ਦਿੰਦੀ ਹੈ। ਅਜਿਹੇ ਦੌਰ ਵਿੱਚ ਜਦੋਂ ਇਤਿਹਾਸਕ ਯਾਦਾਂ ਨੂੰ ਮਿਟਾਉਣ ਅਤੇ ਨਵੇਂ ਸਿਰਿਓਂ ਸੈਂਸਰ ਕਰਨ ਦੇ ਯਤਨ ਹੋ ਰਹੇ ਹਨ, ਇਹ ਲੇਖ ਇੱਕ ਅਟੱਲ ਸੱਚਾਈ ਦੀ ਗਵਾਹੀ ਭਰਦਾ ਹੈ: ਸੱਤਾ ਲੋਕਾਂ ਨੂੰ ਜਬਰੀ ਲਾਪਤਾ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ, ਪਰ ਨੈਤਿਕ ਦ੍ਰਿੜ੍ਹਤਾ ਨਾਲ ਤਿਆਰ ਕੀਤਾ ਗਿਆ ਸੱਚਾ ਦਸਤਾਵੇਜ਼ ਕਦੇ ਮਿਟਾਇਆ ਨਹੀਂ ਜਾ ਸਕਦਾ। -ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
MD, FACC
ਖ਼ਾਲਸਾ ਕਾਲਜ ਆਫ਼ ਅਮਰੀਕਾ
ਸਿੱਖ ਹੈਰੀਟੇਜ ਐਜੂਕੇਸ਼ਨ
209-321-3771

# ਜਸਵੰਤ ਸਿੰਘ ਖਾਲੜਾ ਅਤੇ ਨੈਤਿਕ ਦਲੇਰੀ: ਮਨੁੱਖੀ ਅਧਿਕਾਰ ਅਤੇ ਗੁਰਬਾਣੀ ਚਿੰਤਨ

ਸਰਦਾਰ ਜਸਵੰਤ ਸਿੰਘ ਖਾਲੜਾ (1952-1995) ਦਾ ਜੀਵਨ ਨਿੱਜੀ ਦੁੱਖ ਨੂੰ ਪ੍ਰਮਾਣਿਤ ਇਨਸਾਫ਼ ਵਿੱਚ ਬਦਲਣ ਦੀ ਇੱਕ ਵਿਲੱਖਣ ਮਿਸਾਲ ਹੈ। ਉਹ ਕਿਸੇ ਸਰਕਾਰੀ ਅਹੁਦੇ 'ਤੇ ਨਹੀਂ ਸਨ, ਪਰ ਇੱਕ ਸੁਚੇਤ ਨਾਗਰਿਕ ਵਜੋਂ ਉਨ੍ਹਾਂ ਨੇ ਸਵਾਲ ਕੀਤਾ ਕਿ ਪੁਲਿਸ ਹਿਰਾਸਤ ਵਿੱਚੋਂ ਲਾਪਤਾ ਹੋਏ ਲੋਕ ਆਖ਼ਰ ਕਿੱਥੇ ਗਏ? ਮਿਉਂਸਪਲ ਸ਼ਮਸ਼ਾਨਘਾਟਾਂ ਦੇ ਸਸਕਾਰ ਰਜਿਸਟਰਾਂ ਅਤੇ ਲਾਪਤਾ ਲੋਕਾਂ ਦੇ ਵੇਰਵਿਆਂ ਦਾ ਮਿਲਾਨ ਕਰਕੇ ਉਨ੍ਹਾਂ ਨੇ ਗੁਪਤ ਸਰਕਾਰੀ ਜ਼ੁਲਮ ਨੂੰ ਠੋਸ ਜਨਤਕ ਸਬੂਤਾਂ ਵਿੱਚ ਬਦਲ ਦਿੱਤਾ।

1. ਇਤਿਹਾਸਕ ਸੰਦਰਭ ਅਤੇ ਤੱਥਾਂ ਦਾ ਅਨੁਸ਼ਾਸਨ

1984 ਦੇ ਘੱਲੂਘਾਰੇ ਤੋਂ ਬਾਅਦ ਪੰਜਾਬ ਵਿੱਚ ਪੁਲਿਸ ਨੂੰ ਮਿਲੇ ਬੇਹਿਸਾਬ ਅਧਿਕਾਰਾਂ ਕਾਰਨ ਨੌਜਵਾਨਾਂ ਨੂੰ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣ, ਝੂਠੇ ਮੁਕਾਬਲਿਆਂ ਵਿੱਚ ਮਾਰਨ ਅਤੇ ਲਾਵਾਰਿਸ ਕਰਾਰ ਦੇ ਕੇ ਗੁਪਤ ਸਸਕਾਰ ਕਰਨ ਦਾ ਭਿਆਨਕ ਸਿਲਸਿਲਾ ਚੱਲਿਆ।

ਖਾਲੜਾ ਦੇ ਦਸਤਾਵੇਜ਼ੀ ਕਾਰਜ ਵਿੱਚ ਦੋ ਮੁੱਖ ਅੰਕੜੇ ਸਾਹਮਣੇ ਆਉਂਦੇ ਹਨ:

**2,097 ਸਸਕਾਰ (ਸਾਬਤ ਸ਼ੁਦਾ ਦਾਇਰਾ):** ਅੰਮ੍ਰਿਤਸਰ, ਮਜੀਠਾ ਅਤੇ ਤਰਨਤਾਰਨ ਦੇ ਤਿੰਨ ਸ਼ਮਸ਼ਾਨਘਾਟਾਂ ਦਾ ਅਧਿਕਾਰਤ ਰਿਕਾਰਡ, ਜਿਸ ਵਿੱਚੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (NHRC) ਨੇ ਬਾਅਦ ਵਿੱਚ 1,245 ਦੇਹਾਂ ਦੀ ਸ਼ਨਾਖ਼ਤ ਕਰਕੇ ਮੁਆਵਜ਼ੇ ਦੇ ਹੁਕਮ ਦਿੱਤੇ।

**25,000 ਦਾ ਅੰਦਾਜ਼ਾ (ਸੂਬਾ ਪੱਧਰੀ ਪੈਮਾਨਾ):** ਖਾਲੜਾ ਵੱਲੋਂ ਪੰਜਾਬ ਭਰ ਵਿੱਚ ਹੋਈਆਂ ਗ਼ੈਰ-ਕਾਨੂੰਨੀ ਹੱਤਿਆਵਾਂ ਦਾ ਲਗਾਇਆ ਗਿਆ ਵਿਆਪਕ ਅੰਦਾਜ਼ਾ।

ਇਨ੍ਹਾਂ ਦੋਹਾਂ ਅੰਕੜਿਆਂ ਦਾ ਸਪੱਸ਼ਟ ਵਖਰੇਵਾਂ ਹੀ ਉਨ੍ਹਾਂ ਦੀ ਜਾਂਚ ਨੂੰ ਪੁਖ਼ਤਾ ਅਤੇ ਭਰੋਸੇਯੋਗ ਬਣਾਉਂਦਾ ਹੈ।

2. ਸ਼ਹਾਦਤ ਅਤੇ ਦੇਰੀ ਨਾਲ ਮਿਲਿਆ ਨਿਆਂ




1995 ਵਿੱਚ ਖਾਲੜਾ ਇਹ ਸਬੂਤ ਅੰਤਰਰਾਸ਼ਟਰੀ ਪੱਧਰ (ਕੈਨੇਡਾ ਸਮੇਤ) ਲੈ ਕੇ ਗਏ। ਚੇਤਾਵਨੀਆਂ ਦੇ ਬਾਵਜੂਦ ਉਹ ਪੰਜਾਬ ਪਰਤੇ ਅਤੇ 6 ਸਤੰਬਰ 1995 ਨੂੰ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਦੇ ਬਾਹਰੋਂ ਅਗਵਾ ਕਰ ਲਿਆ। ਹਿਰਾਸਤ ਵਿੱਚ ਅਣਮਨੁੱਖੀ ਤਸ਼ੱਦਦ ਤੋਂ ਬਾਅਦ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਅਤੇ ਦੇਹ ਕਦੇ ਬਰਾਮਦ ਨਾ ਹੋਈ।

ਇੱਕ ਦਹਾਕੇ ਬਾਅਦ 2005 ਵਿੱਚ ਸੁਪਰੀਮ ਕੋਰਟ ਤੱਕ ਛੇ ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਇਹ ਸਜ਼ਾਵਾਂ ਕਾਨੂੰਨੀ ਜਿੱਤ ਜ਼ਰੂਰ ਸਨ, ਪਰ ਦਹਾਕੇ ਦੀ ਦੇਰੀ ਇਹ ਚੇਤਾਵਨੀ ਵੀ ਦਿੰਦੀ ਹੈ ਕਿ ਇਨਸਾਫ਼ ਸਿਰਫ਼ ਕਿਸੇ ਦੀ ਅਸਧਾਰਨ ਕੁਰਬਾਨੀ ਦਾ ਮੁਥਾਜ ਨਹੀਂ ਹੋਣਾ ਚਾਹੀਦਾ।

3. **ਗੁਰਬਾਣੀ: ਨੈਤਿਕ ਦਲੇਰੀ ਦੀ ਰੂਹਾਨੀ ਬੁਨਿਆਦ** : ਜਸਵੰਤ ਸਿੰਘ ਖਾਲੜਾ ਦੀ ਦਲੇਰੀ ਕੋਈ ਹੰਕਾਰ ਜਾਂ ਸਿਆਸੀ ਲਾਹਾ ਨਹੀਂ ਸੀ, ਸਗੋਂ ਗੁਰਬਾਣੀ ਦੀਆਂ ਜੀਵਨ-ਜਾਚਾਂ ਵਿੱਚੋਂ ਪੈਦਾ ਹੋਈ ਸੀ:

**ਪੀੜਤਾਂ ਦਾ ਦਰਦ ਮਹਿਸੂਸ ਕਰਨਾ (ਬਾਬਰ ਬਾਣੀ):**

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥ (ਅੰਗ 360)**

ਗੁਰੂ ਨਾਨਕ ਸਾਹਿਬ ਦਾ ਇਹ ਬੋਲ ਸਿਖਾਉਂਦਾ ਹੈ ਕਿ ਧਰਮ ਦੁੱਖ ਤੋਂ ਭੱਜਣ ਦਾ ਨਾਮ ਨਹੀਂ। ਖਾਲੜਾ ਨੇ ਹਰ ਲਾਪਤਾ ਵਿਅਕਤੀ ਦੇ ਦਰਦ ਨੂੰ ਆਪਣੀ ਜ਼ਮੀਰ 'ਤੇ ਮਹਿਸੂਸ ਕੀਤਾ।

**-ਹਉਮੈ ਦਾ ਤਿਆਗ ਅਤੇ ਬਿਨਾਂ ਸ਼ਰਤ ਪ੍ਰੇਮ:**

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
(ਅੰਗ 1412)
**ਇਹੁ ਸਿਰੁ ਦੀਜੈ ਆਪੁ ਗਵਾਏ ॥ (ਅੰਗ 424)**

ਤਲੀ 'ਤੇ ਸੀਸ ਧਰਨ ਦਾ ਮਤਲਬ ਹੈ ਹਉਮੈ ਅਤੇ ਨਿੱਜੀ ਲਾਭ-ਹਾਨੀ ਤੋਂ ਮੁਕਤ ਹੋ ਕੇ ਸੱਚ ਦੇ ਮਾਰਗ 'ਤੇ ਤੁਰਨਾ। ਖਾਲੜਾ ਨੇ ਆਪਣੀ ਮਸ਼ਹੂਰੀ ਲਈ ਨਹੀਂ, ਸਗੋਂ ਬੇਜ਼ੁਬਾਨਾਂ ਦੀ ਆਵਾਜ਼ ਬਣਨ ਲਈ ਕੰਮ ਕੀਤਾ।

**ਨਿਮਰਤਾ ਅਤੇ ਨਿਰਭੈਤਾ ਦਾ ਸੰਤੁਲਨ:**

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥ (ਅੰਗ 1102)**
**ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ (ਅੰਗ 20)**

ਮੌਤ ਦੇ ਡਰ ਤੋਂ ਮੁਕਤੀ ਅਤੇ ਸਾਰਿਆਂ ਦੇ ਚਰਨਾਂ ਦੀ ਧੂੜ ਬਣਨਾ—ਇਹੀ ਸੱਚੀ ਦਲੇਰੀ ਹੈ, ਜੋ ਨਾ ਹਮਲਾਵਰ ਹੁੰਦੀ ਹੈ ਅਤੇ ਨਾ ਹੀ ਜ਼ੁਲਮ ਅੱਗੇ ਝੁਕਦੀ ਹੈ।

**ਸੱਚਾ ਸੂਰਮਾ:**

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ (ਅੰਗ 1105)**

ਖਾਲੜਾ ਦਾ 'ਖੇਤ' (ਜੰਗ ਦਾ ਮੈਦਾਨ) ਸ਼ਮਸ਼ਾਨਘਾਟ ਦੇ ਰਜਿਸਟਰ, ਅਦਾਲਤੀ ਕਾਗ਼ਜ਼ਾਤ ਅਤੇ ਬੇਸਹਾਰਾ ਪਰਿਵਾਰਾਂ ਦੀ ਰਾਖੀ ਕਰਨਾ ਸੀ।

4. ਨੈਤਿਕ ਗੁਣ ਅਤੇ ਜਨਤਕ ਅਮਲ

**ਗੁਣ** : ਜਨਤਕ ਪ੍ਰਗਟਾਵਾ

**ਦਇਆ** : ਪੀੜਤ ਪਰਿਵਾਰਾਂ ਦੇ ਦਰਦ ਨੂੰ ਨਿੱਜੀ ਜ਼ਿੰਮੇਵਾਰੀ ਸਮਝਣਾ।

**ਸੱਚਾਈ** : ਰਿਕਾਰਡਾਂ ਅਤੇ ਤੱਥਾਂ ਦੇ ਆਧਾਰ 'ਤੇ ਜਵਾਬਦੇਹੀ ਤੈਅ ਕਰਨਾ।

**ਨਿਮਰਤਾ** : ਆਪਣੀ ਸ਼ੋਹਰਤ ਦੀ ਬਜਾਏ ਪੀੜਤਾਂ ਨੂੰ ਨਿਆਂ ਦਿਵਾਉਣਾ।

**ਨਿਰਭੈਤਾ** : ਮੌਤ ਦੀਆਂ ਧਮਕੀਆਂ ਦੇ ਬਾਵਜੂਦ ਫ਼ਰਜ਼ 'ਤੇ ਪਹਿਰਾ ਦੇਣਾ।

**ਦ੍ਰਿੜ੍ਹਤਾ** : ਇਕੱਲੇਪਣ ਅਤੇ ਸਰਕਾਰੀ ਦਬਾਅ ਦੇ ਬਾਵਜੂਦ ਮੈਦਾਨ ਨਾ ਛੱਡਣਾ।

5. **ਯਾਦ, ਸੈਂਸਰਸ਼ਿਪ ਅਤੇ ਸਾਡੀ ਜ਼ਿੰਮੇਵਾਰੀ**

ਖਾਲੜਾ ਦਾ ਕਤਲ ਸੱਚ ਨੂੰ ਮਿਟਾ ਨਹੀਂ ਸਕਿਆ। 2026 ਵਿੱਚ ਉਨ੍ਹਾਂ ਦੇ ਜੀਵਨ 'ਤੇ ਬਣੀ ਫ਼ਿਲਮ ਸਤਲੁਜ (ਪਹਿਲਾ ਨਾਂ ਪੰਜਾਬ '95) ਨੂੰ ਸਰਟੀਫਿਕੇਸ਼ਨ ਵਿਵਾਦਾਂ ਕਾਰਨ ਓਟੀਟੀ (ZEE5) ਤੋਂ ਦੋ ਦਿਨਾਂ ਵਿੱਚ ਹਟਾ ਦਿੱਤਾ ਗਿਆ, ਪਰ ਲੋਕਾਂ ਨੇ ਪਿੰਡਾਂ ਅਤੇ ਗੁਰਦੁਆਰਿਆਂ ਵਿੱਚ ਸਕ੍ਰੀਨਿੰਗ ਕਰਕੇ ਯਾਦ ਨੂੰ ਜਿਊਂਦਾ ਰੱਖਿਆ। ਇਹ ਸਿੱਧ ਕਰਦਾ ਹੈ ਕਿ ਇਤਿਹਾਸਕ ਯਾਦ ਸਰਕਾਰੀ ਸੈਂਸਰਸ਼ਿਪ ਨਾਲੋਂ ਲੰਮੀ ਉਮਰ ਜਿਊਂਦੀ ਹੈ।

ਜਸਵੰਤ ਸਿੰਘ ਖਾਲੜਾ ਨੇ ਸਾਬਤ ਕੀਤਾ ਕਿ ਜਦੋਂ ਰੂਹਾਨੀ ਚਿੰਤਨ, ਸੁਚੱਜੀ ਕਾਰਜ-ਵਿਧੀ ਅਤੇ ਨਿੱਜੀ ਕੁਰਬਾਨੀ ਇਕੱਠੇ ਮਿਲਦੇ ਹਨ, ਤਾਂ ਉਹ ਰਾਜ ਦੀ ਬੇਰਹਿਮ ਤਾਕਤ ਨੂੰ ਵੀ ਜਵਾਬਦੇਹ ਬਣਾ ਸਕਦੇ ਹਨ। ਲਾਪਤਾ ਕੀਤੇ ਗਏ ਲੋਕਾਂ ਦੇ ਨਾਵਾਂ ਅਤੇ ਸੱਚ ਨੂੰ ਸੰਭਾਲਣਾ ਸਿਰਫ਼ ਕਾਨੂੰਨੀ ਲੜਾਈ ਨਹੀਂ, ਸਗੋਂ ਇੱਕ ਪਵਿੱਤਰ ਨੈਤਿਕ ਫ਼ਰਜ਼ ਹੈ।

# ਟੋਕੀਓ 'ਚ ਕਵਾਡ ਭਾਈਵਾਲਾਂ ਦੀ ਅਹਿਮ 'ਟੇਬਲਟਾਪ ਐਕਸਰਸਾਈਜ਼'

## ਇੰਡੋ-ਪੈਸੀਫਿਕ ਲੌਜਿਸਟਿਕਸ ਨੈੱਟਵਰਕ (IPLN) ਨੂੰ ਮਜ਼ਬੂਤ ਕਰਨ ਲਈ ਸਾਂਝੀ ਰਣਨੀਤੀ 'ਤੇ ਮੰਥਨ

ਟੋਕੀਓ (ਜਪਾਨ) : ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਆਪਸੀ ਤਾਲਮੇਲ ਅਤੇ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਕਵਾਡ (Quad) ਭਾਈਵਾਲ ਦੇਸ਼ਾਂ ਨੇ ਟੋਕੀਓ ਵਿਖੇ 'ਕਵਾਡ ਇੰਡੋ-ਪੈਸੀਫਿਕ ਲੌਜਿਸਟਿਕਸ ਨੈੱਟਵਰਕ' (IPLN) ਨੂੰ ਅੱਗੇ ਵਧਾਉਣ ਲਈ ਇੱਕ ਅਹਿਮ ਟੇਬਲਟਾਪ ਅਭਿਆਸ (Tabletop Exercise) ਆਯੋਜਿਤ ਕੀਤਾ। 3 ਤੋਂ 4 ਸਤੰਬਰ ਤੱਕ ਚੱਲੇ ਇਸ ਦੋ-ਰੋਜ਼ਾ ਅਭਿਆਸ ਦੌਰਾਨ ਚਾਰੇ ਮੈਂਬਰ ਦੇਸ਼ਾਂ—ਭਾਰਤ, ਅਮਰੀਕਾ, ਜਪਾਨ ਅਤੇ ਆਸਟ੍ਰੇਲੀਆ—ਦੇ ਉੱਚ ਅਧਿਕਾਰੀਆਂ ਅਤੇ ਮਾਹਿਰਾਂ ਨੇ ਹਿੱਸਾ ਲਿਆ। ਅਭਿਆਸ ਦੌਰਾਨ ਆਫ਼ਤ ਪ੍ਰਬੰਧਨ, ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸੰਕਟ ਸਮੇਂ ਤੇਜ਼ੀ ਨਾਲ ਮਦਦ ਪਹੁੰਚਾਉਣ ਅਤੇ ਸਾਂਝੇ ਲੌਜਿਸਟਿਕਸ ਢਾਂਚੇ ਨੂੰ ਹੋਰ ਸੁਚਾਰੂ ਬਣਾਉਣ ਬਾਰੇ ਰਣਨੀਤਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਾਂਝੀ ਮੀਟਿੰਗ ਅਤੇ ਅਭਿਆਸ ਦੀ ਸਮਾਪਤੀ ਮੌਕੇ ਕਵਾਡ ਭਾਈਵਾਲਾਂ ਦੇ ਪ੍ਰਤੀਨਿਧਾਂ ਨੇ ਇੱਕ ਯਾਦਗਾਰੀ ਸਮੂਹਿਕ ਤਸਵੀਰ ਵੀ ਖਿਚਵਾਈ। ਮਾਹਿਰਾਂ ਅਨੁਸਾਰ ਇਹ ਕਦਮ ਖੇਤਰ ਵਿੱਚ ਸ਼ਾਂਤੀ, ਸਥਿਰਤਾ ਅਤੇ ਕਿਸੇ ਵੀ ਅਣਸੁਖਾਵੀਂ ਸਥਿਤੀ ਜਾਂ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਕਵਾਡ ਦੇਸ਼ਾਂ ਦੀ ਸਮਰੱਥਾ ਨੂੰ ਹੋਰ ਪੁਖ਼ਤਾ ਕਰੇਗਾ।






### 12 ਸਤੰਬਰ ਪਹਿਲੇ ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼

# ਮਾਨਵਤਾ ਦੇ ਰਹਿਬਰ ਗੁਰੂ ਗ੍ਰੰਥ ਸਾਹਿਬ

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ 'ਚੋਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਗੁਰੂ ਰਵਿਦਾਸ ਜੀ, ਭਗਤ ਸੈਣ ਜੀ, ਸਧਨਾ ਜੀ ਦੀ ਬਾਣੀ ਦਰਜ ਹੈ...**

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸਰਬ-ਸਾਂਝਾ ਧਰਮ ਗ੍ਰੰਥ ਵੀ ਹੈ ਅਤੇ ਇਸ਼ਟ ਵੀ ਇਸ ਮਹਾਨ ਗ੍ਰੰਥ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੀਤੀ। ਗੁਰੂ ਅਰਜਨ ਦੇਵ ਜੀ ਨੇ ਸਤਿਗੁਰਾਂ ਤੇ ਸੰਤਾਂ, ਭਗਤਾਂ ਦੀ ਬਾਣੀ ਨੂੰ ਇਕੱਤਰ ਕਰਕੇ ਸੰਮਤ 1658, ਸੰਨ 1601 ਈ: ਵਿੱਚ ਇਹ ਗ੍ਰੰਥ ਰਾਮਸਰ (ਅੰਮ੍ਰਿਤਸਰ) ਸਰੋਵਰ ਦੇ ਕਿਨਾਰੇ ਸੰਘਣੇ ਜੰਗਲ ਵਿੱਚ ਇਕਾਂਤ ਜਗ੍ਹਾ 'ਤੇ ਤੰਬੂ ਲਗਵਾ ਕੇ ਭਾਈ ਗੁਰਦਾਸ ਜੀ ਤੋਂ ਲਿਖਵਾਉਣਾ ਆਰੰਭਿਆ। ਇਸ ਗ੍ਰੰਥ ਵਿੱਚ ਪਹਿਲਾਂ ਸਤਿਗੁਰਾ ਦੀ ਰਚਨਾ, ਆਪਣੀ ਰਚਨਾ ਤੇ ਜਗਤ ਪ੍ਰਸਿੱਧ ਭਗਤਾਂ ਦੀ ਬਾਣੀ ਦਰਜ ਕਰਵਾਈ ਅਤੇ ਨਾਲ ਹੀ ਬਾਣੀ ਨੂੰ ਰਾਗਾਂ ਵਿੱਚ ਸਮੇਂ ਦੇ ਅਨੁਕੂਲ ਲਿਖਵਾ ਕੇ ਤਿੰਨ ਸਾਲ ਦੀ ਕਰੜੀ ਮਿਹਨਤ ਦੁਆਰਾ 15 ਅਗਸਤ 1604 ਈ: ਨੂੰ ਸੰਪੂਰਨ ਕਰਵਾਇਆ ਗਿਆ। ਭਾਈ ਬੰਨੋ ਜੀ ਨੇ ਲਾਹੌਰ ਜਾ ਕੇ ਇਸ ਦੀ ਜਿਲਦਬੰਦੀ ਕਰਵਾਈ। ਆਦਿ ਗ੍ਰੰਥ ਦਾ ਪਹਿਲਾ ਪ੍ਰਕਾਸ਼ ਭਾਦੋਂ ਸੁਦੀ 1, ਸੰਮਤ 1661, 16 ਅਗਸਤ ਸੰਨ 1604 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਰਨ ਸਮੇਂ ਇਹ ਹੁਕਮਨਾਮਾ (ਮੁਖਵਾਕ) ਆਇਆ। ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ
ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ
ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ
ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ
ਨਾਨਕ ਨਾਮੁ ਧਿਆਇਆ ॥੧॥੭॥੧੦॥

(ਸੂਹੀ ਮਹਲਾ ੫, ਅੰਗ ੭੮੩) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 6 ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ), 15 ਭਗਤਾਂ, 11 ਭੱਟਾਂ ਤੇ 4 ਗੁਰੂ ਘਰ ਦੇ ਨਿਕਟਵਰਤੀ ਗੁਰਸਿੱਖਾਂ ਦੀ



ਪਵਿੱਤਰ ਬਾਣੀ ਸਮੇਤ ਕੁੱਲ 36 ਮਹਾਂਪੁਰਸ਼ਾਂ ਦੀ ਰਚਿਤ ਬਾਣੀ ਦਰਜ ਹੈ। ਇਸ ਪਾਵਨ ਗ੍ਰੰਥ ਦੇ 1430 ਪੰਨੇ (ਅੰਗ) ਹਨ ਅਤੇ ਕੁੱਲ ਬਾਣੀ ਦਾ ਜੋੜ 5871 ਸ਼ਬਦ, ਪਉੜੀਆਂ ਤੇ ਸਲੋਕ ਹਨ। ਇਹ ਗਿਣਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਪ੍ਰਕਾਸ਼ਿਤ ਗੁਰੂ ਗ੍ਰੰਥ ਰਤਨਾਵਲੀ ਅਨੁਸਾਰ ਹੈ। ਇਸ ਵਿੱਚ ਭਗਤਾਂ 'ਚੋ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਸੈਣ ਜੀ, ਸਧਨਾ ਜੀ ਦੀ ਬਾਣੀ ਵੀ ਦਰਜ ਹੈ। ਗੁਰੂ ਗ੍ਰੰਥ ਸਾਹਿਬ ਪੰਜ ਪ੍ਰਮੁੱਖ ਭਾਸ਼ਾਵਾਂ ਗੁਰਮੁਖੀ, ਹਿੰਦੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਹੈ

ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੇ ਸਰੂਪ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਹੈ। ਪਹਿਲਾ ਭਾਗ ਪੰਨਾ 1 ਤੋਂ 13 ਤੱਕ ਜਿਸ ਵਿੱਚ ਜਪੁਜੀ ਸਾਹਿਬ, ਸੋ ਦਰੁ ਰਹਰਾਸਿ ਤੇ ਸੋਹਿਲਾ ਤਿੰਨੇ ਨਿੱਤ-ਨੇਮ ਦੀਆਂ ਬਾਣੀਆਂ ਹਨ। ਦੂਜੇ ਭਾਗ 'ਚ ਪੰਨਾ (ਅੰਗ) 14 ਤੋਂ 1352 ਤੱਕ ਸਾਰੀ ਬਾਣੀ 31 ਰਾਗਾਂ ਵਿੱਚ ਉਚਾਰਨ ਕੀਤੀ। ਰਾਗਾਂ ਦੀ ਸਮਾਪਤੀ ਤੋਂ ਬਾਅਦ ਤੀਜੇ ਭਾਗ ਅੰਗ 1353 ਤੋਂ 1430 ਤੱਕ ਵਿੱਚ ਸਲੋਕ ਸਹਸਕ੍ਰਿਤੀ ਮਹਲਾ 1, ਸਲੋਕ ਸਹਸਕ੍ਰਿਤੀ ਮਹਲਾ

**ਕਰਨੈਲ ਸਿੰਘ ਐੱਮ.ਏ.**

5, ਮਹਲਾ 5 ਗਾਥਾ, ਫੁਨਹੇ ਮਹਲਾ 5, ਚਉਬੋਲੇ ਮਹਲਾ 5, ਸਲੋਕ ਭਗਤ ਕਬੀਰ ਜੀਉ ਕੇ, ਸਲੋਕ ਸੇਖ ਫਰੀਦ ਕੇ, ਸਵੱਈਏ ਸ੍ਰੀ ਮੁਖਬਾਕੁ ਮਹਲਾ 5, ਸਲੋਕ, ਵਾਰਾਂ ਤੇ ਵਧੀਕ, ਸਲੋਕ ਮਹਲਾ 9, ਮੁੰਦਾਵਣੀ ਮਹਲਾ 5, ਰਾਗ ਮਾਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੁਪਦੇ, ਤਿਪਦੇ, ਚਉਪਦੇ ਤੇ ਅਸ਼ਟਪਦੀਆਂ ਤੋਂ ਬਗੈਰ ਕੁਝ ਵਿਸ਼ੇਸ਼ ਸਿਰਲੇਖ ਵਾਲੀਆਂ ਬਾਣੀਆਂ ਵੀ ਦਰਜ ਹਨ।

ਜਿਵੇਂ ਬਾਰਹਮਾਹਾ, ਬਾਵਨ ਅੱਖਰੀ, ਸੁਖਮਨੀ, ਸਿਧ ਗੋਸਟਿ, ਦਖਣੀ ਓਅੰਕਾਰੁ, ਥਿਤੀ, ਪਟੀ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ' ਦਾ ਪ੍ਰਯੋਗ 33 ਵਾਰ, 'ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ' ਦਾ ਪ੍ਰਯੋਗ 8 ਵਾਰ, 'ੴ ਸਤਿਨਾਮੁ ਗੁਰਪ੍ਰਸਾਦਿ' ਦਾ ਪ੍ਰਯੋਗ 3 ਵਾਰ, 'ੴ ਸਤਿਗੁਰ ਪ੍ਰਸਾਦਿ' ਦਾ ਪ੍ਰਯੋਗ 525 ਵਾਰ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਂਝੀ ਬਾਣੀ ਸਾਰੇ ਜਗਤ ਦੇ ਪ੍ਰਾਣੀਆਂ ਦੇ ਆਤਮ ਮਾਰਗ ਨੂੰ ਰੁਸ਼ਨਾਉਂਦੀ ਰਹੇਗੀ ਅਤੇ ਗੁਰੂ ਰੂਪ ਹੋ ਕੇ ਉਪਦੇਸ਼ ਰਾਹੀਂ ਅਗਵਾਈ ਕਰਦੀ ਰਹੇਗੀ। ਇਸ ਦਾ ਉਪਦੇਸ਼ ਜਗਤ ਦੀ ਸਰਬ ਮਨੁੱਖਤਾ ਲਈ ਸਾਂਝਾ ਹੈ, ਕਿਸੇ ਇੱਕ ਜਾਤੀ ਜਾਂ ਮੱਤ ਲਈ ਵੱਖਰਾ ਨਹੀਂ।

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ ॥੪॥੩॥੫੦॥
(ਸੂਹੀ ਮਹਲਾ ੫, ਅੰਗ ੭੪੭)

## 22 ਵਾਰਾਂ ਹਨ ਦਰਜ

ਗੁਰੂ ਗ੍ਰੰਥ ਸਾਹਿਬ ਜੀ ਵਿੱਚ 92 ਵਾਰਾਂ ਹਨ। ਇਹਨਾਂ ਵਿੱਚੋਂ ਤਿੰਨ ਵਾਰਾਂ ਸ੍ਰੀ ਗੁਰੂ ਨਾਨਕ ਦੇਵ ਜੀ, ਚਾਰ ਵਾਰਾਂ ਸ੍ਰੀ ਗੁਰੂ ਅਮਰਦਾਸ ਜੀ, ਅੱਠ ਵਾਰਾਂ ਸ੍ਰੀ ਗੁਰੂ ਰਾਮਦਾਸ ਜੀ, ਛੇ ਵਾਰਾਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਇੱਕ ਵਾਰ ਰਾਗ ਰਾਮਕਲੀ ਵਿੱਚ ਸੱਤੋ ਬਲਵੰਡ ਦੀ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 84 ਲੱਖ ਜੂਨਾਂ ਦੇ ਬਾਰੇ ਬਹੁਤ ਵਾਰ ਆਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 40 ਤੋਂ ਵੱਧ ਸ਼ਬਦ/ਸਲੋਕ ਮੁਸਲਮਾਨ ਭਰਾਵਾਂ ਦੇ ਲਈ ਦਰਜ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਪਰਮਾਤਮਾ ਦੇ ਨਾਂ 16,000 ਤੋਂ ਵੀ ਵੱਧ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਇਸ ਗੱਲੋਂ ਵੀ ਅਦੁੱਤੀ ਤੇ ਮਹਾਨ ਹੈ ਕਿ ਗੁਰੂ ਸਾਹਿਬਾਨ ਆਪਣੀ-ਆਪਣੀ ਬਾਣੀ ਹੱਥੀਂ ਲਿਖ ਕੇ ਸੰਭਾਲਦੇ ਰਹੇ। ਜੋ ਹੋਰ ਮਹਾਨ ਪੁਰਸ਼ਾਂ ਦੇ ਬਚਨ ਇਕੱਤਰ ਕੀਤੇ ਉਹ ਵੀ ਉਹਨਾਂ ਸਭ ਦੇ ਹੱਥਾਂ ਦੇ ਲਿਖੇ ਤੇ ਸੰਭਾਲੇ ਹੋਏ ਸਨ। ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ ਸੁਚੱਜੀ ਤਰਤੀਬ ਦੇ ਕੇ ਇਕੱਠਾ ਕਰਕੇ ਆਪਣੇ ਹੱਥੀਂ ਸੰਪਾਦਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇੱਕੋ-ਇੱਕ ਗ੍ਰੰਥ ਹੈ, ਜੋ ਸਤਿਗੁਰਾ ਦੁਆਰਾ ਹੱਥੀਂ ਲਿਖਿਆ ਗਿਆ ਹੈ। ਹੋਰ ਕੋਈ ਵੀ ਗ੍ਰੰਥ ਇਸ ਤਰ੍ਹਾਂ ਦਾ ਨਹੀਂ ਹੈ। ਸੰਸਾਰ ਭਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਦਾ ਦਰਜਾ ਦੇ ਕੇ ਸਿੱਖ ਜਗਤ ਨੂੰ ਇਹਨਾਂ ਦੀ ਰਹਿਨੁਮਾਈ ਲੈਣ ਲਈ ਪ੍ਰੇਰਿਤ ਕਰਨ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਸਮੁੱਚੇ ਜਗਤ ਵਿੱਚ ਅੱਜ 12 ਸਤੰਬਰ ਦਿਨ ਸ਼ਨੀਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 422ਵਾਂ ਪਹਿਲਾ ਪ੍ਰਕਾਸ਼ ਦਿਵਸ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਵਿਖੇ ਬੜੀ ਸ਼ਰਧਾ, ਪ੍ਰੇਮ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸੇ ਦਿਹਾੜੇ ਅਖੰਡ-ਪਾਠਾਂ ਦੇ ਭੋਗ ਪਾਏ ਜਾਣਗੇ, ਉਪਰੰਤ ਵਿਸ਼ੇਸ਼ ਦੀਵਾਨ ਸਜਣਗੇ ਜਿਨ੍ਹਾਂ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਕਵੀ, ਪ੍ਰਚਾਰਕ ਅੰਮ੍ਰਿਤਮਈ ਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਗੁਰੂ ਗ੍ਰੰਥ ਸਾਹਿਬ : ਸੰਖਿਪਤ ਜਾਣਕਾਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਵਸ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਤਿੰਨ ਦਿਵਸ ਖਾਸ ਤੌਰ ਤੇ ਸਿੱਖ ਧਰਮ ਵਿੱਚ ਮਨਾਏ ਜਾਂਦੇ ਹਨ : ਪਹਿਲਾ, ਪਹਿਲਾ ਪ੍ਰਕਾਸ਼ ਦਿਵਸ; ਦੂਜਾ, ਸੰਪੂਰਨਤਾ ਦਿਵਸ; ਅਤੇ ਤੀਜਾ, ਗੁਰਗੱਦੀ ਦਿਵਸ। ਦੁਨੀਆਂ ਦੇ ਹੋਰਨਾਂ ਧਰਮਾਂ ਵਿੱਚ ਉਨ੍ਹਾਂ ਦੇ ਪਾਵਨ ਗ੍ਰੰਥਾਂ ਨਾਲ ਸੰਬੰਧਿਤ ਸ਼ਾਇਦ ਹੀ ਅਜਿਹੇ ਦਿਨ ਮਨਾਏ ਜਾਂਦੇ ਹੋਣ। ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਵਰਣਨ ਕਰਨਾ ਸੂਰਜ ਨੂੰ ਦੀਵਾ ਵਿਖਾਉਣ ਦੇ ਬਰਾਬਰ ਹੈ। ਯਾਨੀ ਕਿ ਇਹ ਗਿਆਨ ਦਾ ਅਥਾਹ ਸਾਗਰ ਹੈ। ਇਸ ਲੇਖ ਰਾਹੀਂ ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਮੁੱਢਲੀ ਤੇ ਮਹੱਤਵਪੂਰਣ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ. ਨੂੰ ਕੀਤਾ। ਇਹ ਕਾਰਜ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਗੁਰਦੁਆਰਾ ਰਾਮਸਰ ਦੇ ਸਥਾਨ ਤੇ ਕਰਵਾਇਆ, ਜਿਸਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਨੇ ਨਿਭਾਈ। ਆਦਿ ਗ੍ਰੰਥ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ, ਜਿਸਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਬਾਬਾ ਬੁੱਢਾ ਜੀ ਨੂੰ ਪ੍ਰਾਪਤ ਹੈ। ਪਹਿਲੇ ਪ੍ਰਕਾਸ਼ ਸਮੇਂ ਆਇਆ ਹੁਕਮਨਾਮਾ ਗੁਰੂ ਗ੍ਰੰਥ ਸਾਹਿਬ ਦੇ ਅੰਗ (ਪੰਨਾ) 783 ਤੇ ਸੁਸ਼ੋਭਿਤ ਹੈ : ਸੂਹੀ ਮਹਲਾ ੫ ॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥...

ਇਸ ਗ੍ਰੰਥ ਦੀ ਸੰਪੂਰਨਤਾ ਦਾ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ 1706 ਈ. ਵਿੱਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਕੀਤਾ। ਭਾਈ ਮਨੀ ਸਿੰਘ ਨੇ ਲਿਖਾਰੀ ਵਜੋਂ ਸੇਵਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਜੈਜਾਵੰਤੀ ਰਾਗ ਸ਼ਾਮਲ ਕੀਤਾ। ਇਸ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਤੇ ਸੁਸ਼ੋਭਿਤ ਕਰਨ ਦਾ ਕਾਰਜ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੀਤਾ। ਉਨ੍ਹਾਂ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 1708 ਈ. ਵਿੱਚ ਹਜ਼ੂਰ ਸਾਹਿਬ, ਨੰਦੇੜ ਵਿਖੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਪ੍ਰਦਾਨ ਕਰਕੇ 'ਸ਼ਬਦ ਗੁਰੂ' ਦੀ ਪਰੰਪਰਾ ਸਥਾਪਤ ਕੀਤੀ।

ਗੁਰੂ ਗ੍ਰੰਥ ਸਾਹਿਬ ਦੇ 1430 ਅੰਗ ਹਨ, ਜਿਸ ਵਿੱਚ ਕੁੱਲ 31 ਰਾਗ ਹਨ। ਸੌਖੇ ਢੰਗ ਨਾਲ ਸਮਝਣ ਲਈ ਇਸ ਗ੍ਰੰਥ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਵੇਖਿਆ ਜਾ ਸਕਦਾ ਹੈ : ਪੰਨਾ 1 ਤੋਂ 13 ਤੱਕ ਨਿਤਨੇਮ ਦੀਆਂ ਬਾਣੀਆਂ, ਜਿਸਦੇ ਅੰਤਰਗਤ ਜਪੁ (ਰਾਗ ਮੁਕਤ ਬਾਣੀ), ਸੋ ਦਰੁ ਅਤੇ ਸੋਹਿਲਾ ਦੇ ਸ਼ਬਦ ਹਨ; ਪੰਨਾ 14 ਤੋਂ 1353 ਤੱਕ ਸੰਪੂਰਨ ਰਾਗ ਬੱਧ ਬਾਣੀ, ਜਿਸਦੇ

**ਪ੍ਰੋ. ਨਵ ਸੰਗੀਤ ਸਿੰਘ**

ਰਾਗਾਂ ਦੀ ਤਰਤੀਬ ਹੈ : ਸਿਰੀ ਰਾਗੁ, ਰਾਗੁ ਮਾਝ, ਰਾਗੁ ਗਉੜੀ, ਰਾਗੁ ਆਸਾ, ਰਾਗੁ ਗੂਜਰੀ, ਰਾਗੁ ਦੇਵਗੰਧਾਰੀ, ਰਾਗੁ ਬਿਹਾਗੜਾ, ਰਾਗੁ ਵਡਹੰਸ, ਰਾਗੁ ਸੋਰਠਿ, ਰਾਗੁ ਧਨਾਸਰੀ, ਰਾਗੁ ਜੈਤਸਰੀ, ਰਾਗੁ ਟੋਡੀ, ਰਾਗੁ ਬੈਰਾੜੀ, ਰਾਗੁ ਤਿਲੰਗ, ਰਾਗੁ ਸੂਹੀ, ਰਾਗੁ ਬਿਲਾਵਲ, ਰਾਗੁ ਗੋਂਡ, ਰਾਗੁ ਰਾਮਕਲੀ, ਰਾਗੁ ਨਟ ਨਾਰਾਇਨ, ਰਾਗੁ ਮਾਲੀ ਗਉੜਾ, ਰਾਗੁ ਮਾਰੂ, ਰਾਗੁ ਤੁਖਾਰੀ, ਰਾਗੁ ਕੇਦਾਰਾ, ਰਾਗੁ ਭੈਰਉ, ਰਾਗੁ ਬਸੰਤ, ਰਾਗੁ ਸਾਰੰਗ, ਰਾਗੁ ਮਲਾਰ, ਰਾਗੁ ਕਾਨੜਾ, ਰਾਗੁ ਕਲਿਆਨ, ਰਾਗੁ ਪ੍ਰਭਾਤੀ, ਰਾਗੁ ਜੈਜਾਵੰਤੀ। ਪੰਨਾ 1353 ਤੋਂ 1430 ਤੱਕ ਰਾਗ-ਮੁਕਤ ਬਾਣੀ ਸ਼ਾਮਲ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੁਝ ਕਾਵਿ-ਰੂਪ ਇਸ ਪ੍ਰਕਾਰ ਹਨ : ਪਦਾ, ਅਸਟਪਦੀ, ਸੋਲਹੇ, ਛੰਤ, ਸਲੋਕ, ਵਾਰ, ਥਿਤੀ, ਦਿਨ ਰੈਣਿ, ਵਾਰ ਸਤ, ਰੁਤੀ, ਬਾਰਹ ਮਾਹਾ, ਪਟੀ, ਬਾਵਨ ਅਖਰੀ, ਸਦੁ, ਕਾਫੀ, ਡਖਣਾ, ਫੁਨਹੇ, ਸਲੋਕ ਸਹਸਕ੍ਰਿਤੀ ਆਦਿ। ਇਸ ਗ੍ਰੰਥ ਵਿੱਚ ਵਿਸ਼ੇਸ਼ ਸਿਰਲੇਖਾਂ ਵਾਲੀਆਂ ਬਾਣੀਆਂ ਦੇ ਨਾਂ ਹਨ : ਜਪੁ, ਸੋ ਦਰੁ, ਸੋ ਪੁਰਖੁ, ਸੋਹਿਲਾ, ਵਣਜਾਰਾ, ਕਰਹਲੇ, ਸੁਖਮਨੀ, ਅਲਾਹੁਣੀਆਂ, ਆਰਤੀ, ਕੁਚਜੀ, ਸੁਚਜੀ, ਗੁਣਵੰਤੀ, ਘੋੜੀਆਂ, ਪਹਰੇ, ਅਨੰਦੁ, ਓਅੰਕਾਰ, ਸਿਧ ਗੋਸਟਿ, ਅੰਜੁਲੀਆਂ, ਮੁੰਦਾਵਣੀ, ਰਾਗਮਾਲਾ ਆਦਿ।

ਗੁਰੂ ਗ੍ਰੰਥ ਸਾਹਿਬ ਦੇ ਕੁੱਲ 35 ਬਾਣੀਕਾਰ ਹਨ : 6 ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ); 15 ਭਗਤ (ਜੈਦੇਵ ਜੀ, ਨਾਮਦੇਵ ਜੀ, ਤ੍ਰਿਲੋਚਨ ਜੀ, ਪਰਮਾਨੰਦ ਜੀ, ਸਧਨਾ ਜੀ, ਰਾਮਾਨੰਦ ਜੀ, ਪੀਪਾ ਜੀ, ਸੈਣ ਜੀ, ਕਬੀਰ ਜੀ, ਰਵਿਦਾਸ ਜੀ, ਬੇਣੀ ਜੀ, ਭੀਖਨ ਜੀ, ਧੰਨਾ ਜੀ, ਫ਼ਰੀਦ ਜੀ, ਸੂਰਦਾਸ ਜੀ); 11 ਭੱਟ ਸਾਹਿਬਾਨ (ਜਾਲਪ ਜੀ, ਕਲਸਹਾਰ ਜੀ, ਕੀਰਤ ਜੀ, ਸੱਲ ਜੀ, ਭੱਲ ਜੀ, ਨਲ ਜੀ, ਭਿਖਾ ਜੀ, ਬੱਲ ਜੀ, ਹਰਿਬੰਸ ਜੀ, ਮਥੁਰਾ ਜੀ, ਗਯੰਦ ਜੀ); 3 ਸਿੱਖ (ਸੱਤਾ ਜੀ, ਬਲਵੰਡ ਜੀ, ਸੁੰਦਰ ਜੀ)। ਕੁਝ ਵਿਦਵਾਨ ਇਨ੍ਹਾਂ ਸਿੱਖਾਂ ਵਿੱਚ ਭਾਈ ਮਰਦਾਨਾ ਜੀ ਨੂੰ ਵੀ ਸ਼ਾਮਲ ਕਰਦੇ ਹਨ, ਜਿਨ੍ਹਾਂ ਦੇ ਨਾਂ ਹੇਠ ਤਿੰਨ ਸਲੋਕ ਬਿਹਾਗੜਾ ਦੀ ਵਾਰ ਵਿੱਚ ਮਿਲਦੇ ਹਨ, ਪਰ ਕੁਝ ਵਿਦਵਾਨਾਂ ਦਾ ਮਤਿ ਹੈ ਕਿ ਇਹ ਸਲੋਕ ਗੁਰੂ ਨਾਨਕ ਦੇਵ ਜੀ ਦੇ ਹੀ ਹਨ।

ਸਿੱਖ ਧਰਮ ਦੀ ਰੋਜ਼ਾਨਾ ਅਰਦਾਸ ਵਿੱਚ ਇਹ ਦੋਹਰਾ ਜ਼ਰੂਰ ਪੜ੍ਹਿਆ ਜਾਂਦਾ ਹੈ :

**ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ।**
**ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ।**

ਇਸ ਗ੍ਰੰਥ ਵਿੱਚ ਕੇਵਲ ਸਿੱਖ ਗੁਰੂਆਂ ਦੀ ਬਾਣੀ ਹੀ ਸ਼ਾਮਲ ਨਹੀਂ, ਸਗੋਂ ਹੋਰ ਧਰਮਾਂ, ਜਾਤਾਂ, ਮਜ਼ਬਾਂ ਦੇ ਉਨ੍ਹਾਂ ਬਾਣੀਕਾਰਾਂ ਦੀ ਬਾਣੀ ਵੀ ਹੈ, ਜੋ ਇੱਕ ਪਰਮਾਤਮਾ ਵਿੱਚ ਵਿਸ਼ਵਾਸ ਰੱਖਦੇ ਹਨ ਤੇ ਸਾਰੀ ਲੋਕਾਈ ਨੂੰ ਇੱਕੋ ਜਿਹਾ ਸਮਝਦੇ ਹਨ। ਇਸੇ ਕਰਕੇ ਸਰਬ-ਸਾਂਝੀਵਾਲਤਾ ਦੇ ਹਾਮੀ ਸਾਰੇ ਲੋਕ ਇਸ ਗ੍ਰੰਥ ਦਾ ਅਦਬ-ਸਤਿਕਾਰ ਕਰਦੇ ਹਨ।

(9417692015)

# ਭੁੱਲੇ-ਵਿਸਰੇ ਕਾਵਿ-ਛੰਦ ਨੂੰ ਸਾਂਭਣ ਦਾ ਭਰਪੂਰ ਯਤਨ ਹੈ ਸ਼ਾਹਕਾਰ 'ਕੁੰਡਲੀਏ ਨਿਰਦੋਸ਼ ਦੇ'

## ਪੰਜਾਬੀ ਸਾਹਿਤ ਸਭਾਵਾਂ, ਐਬਸਫੋਰਡ ਵੱਲੋਂ 13 ਸਤੰਬਰ ਨੂੰ ਕਿਤਾਬ ਲੋਕ ਅਰਪਣ ਸਮਾਗਮ

ਬਹੁਪੱਖੀ ਸ਼ਖਸੀਅਤ ਦੇ ਮਾਲਕ ਸਾਹਿਤਕਾਰ ਗਿਆਨੀ ਕੇਵਲ ਸਿੰਘ ਨਿਰਦੋਸ਼ ਜੀ ਦੀ 38ਵੀਂ ਕਿਤਾਬ 'ਕੁੰਡਲੀਏ ਨਿਰਦੋਸ਼ ਦੇ' ਪੰਜਾਬੀ ਸਾਹਿਤ ਕਾਵਿ ਰੂਪ ਵਿਚ ਬੇਮਿਸਾਲ ਮਿਹਨਤ ਅਤੇ ਗਿਆਨ ਦੀ ਪ੍ਰਤੀਕ ਹੈ। ਇਹ ਕਿਤਾਬ ਪੰਜਾਬੀਆਂ ਲਈ ਇੱਕ ਵੱਡੀ ਸੌਗਾਤ ਸਾਬਤ ਹੋਏਗੀ। 13 ਸਤੰਬਰ, ਦਿਨ ਐਤਵਾਰ ਨੂੰ, ਇਸ ਕਿਤਾਬ ਦਾ ਰਿਲੀਜ਼ ਸਮਾਰੋਹ ਐਬਸਫੋਰਡ ਦੀਆਂ ਪੰਜਾਬੀ ਸਾਹਿਤ ਸਭਾਵਾਂ ਵੱਲੋਂ ਗੁਰਦੁਆਰਾ ਹੈਰੀਟੇਜ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵਿਖੇ ਦੁਪਹਿਰ 1 ਵਜੇ ਹੋਵੇਗਾ। ਇਸ ਮੌਕੇ 'ਤੇ ਸਭ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਹੈ। ਕਿਤਾਬ ਦੇ ਮੁੱਖ-ਬੰਦ ਵਜੋਂ ਪੇਸ਼ ਲੇਖ ਵਿੱਚੋਂ ਕੁਝ ਅੰਸ਼, ਪਾਠਕਾਂ ਨਾਲ ਸਾਂਝੇ ਕਰਨ ਦੀ ਖੁਸ਼ੀ ਲੈ ਰਹੇ ਹਾਂ;

ਸਾਹਿਤ ਸੁਚੱਜੇ ਵਿਚਾਰਾਂ ਦਾ ਸ਼ਬਦੀ ਪ੍ਰਗਟਾਵਾ ਹੈ। ਸਾਹਿਤ ਗਿਆਨ ਅਤੇ ਵਿਚਾਰ ਦਾ ਸੱਚਾ ਸੁੰਦਰ ਸਰੂਪ ਕਿਹਾ ਜਾ ਸਕਦਾ ਹੈ। ਸਾਹਿਤ ਆਪਣੇ ਮਨੋਭਾਵਾਂ ਅਤੇ ਤਜਰਬਿਆਂ ਨੂੰ ਸੰਚਾਰਤ ਕਰਨ ਦਾ ਨਾਂ ਹੈ। ਚੰਗਾ ਸਾਹਿਤ ਕੌਮਾਂ ਦੀ ਸੁਚੱਜੀ ਅਗਵਾਈ ਕਰਦਾ ਹੈ ਅਤੇ ਕੌਮਾਂ ਦਾ ਕਿਰਦਾਰ ਸਾਹਿਤ ਨੂੰ ਚੰਗਾ ਸਰੂਪ ਬਖ਼ਸ਼ਦਾ ਹੈ। ਸਾਹਿਤ ਦੇ ਰੂਪ ਅਨੇਕਾਂ ਹਨ, ਜਿਹਨਾਂ ਰਾਹੀਂ ਵਿਚਾਰ ਪ੍ਰਗਟ ਹੁੰਦੇ ਹਨ। ਰੂਪ ਚਾਹੇ ਕੋਈ ਵੀ ਹੋਵੇ, ਸਾਹਿਤ ਦਾ ਉਦੇਸ਼ ਸੱਚਾ-ਸੁੱਚਾ ਹੋਣਾ ਚਾਹੀਦਾ ਹੈ। ਵਿਚਾਰ ਪਹਿਲਾਂ ਤੇ ਰੂਪ ਮਗਰੋਂ ਹਨ। ਸਾਹਿਤ ਦੇ ਵਿਭਿੰਨ ਰੂਪਾਂ 'ਚੋਂ 'ਕਾਵਿ-ਰੂਪ' ਲੈਅ ਅਤੇ ਸੁਰ ਵਿਚ ਭਾਵਨਾਤਮਕ ਪ੍ਰਗਟਾਵੇ ਦਾ ਰਸਭਿੰਨਾ ਹੁਨਰ ਹੈ। ਮਨੁੱਖੀ ਜ਼ਿੰਦਗੀ ਅਤੇ ਵਿਚਾਰਾਂ ਦੀ ਲੈਆਤਮਕ ਭਾਸ਼ਾ ਦਾ ਨਾਂ ਕਵਿਤਾ ਹੈ। ਪ੍ਰੋ. ਪੂਰਨ ਸਿੰਘ ਸਿਖਰਲੀ ਗੱਲ ਕਰਦੇ ਹਨ ਕਿ ਕਵਿਤਾ ਪਿਆਰ ਵਿਚ ਮੋਏ ਹੋਏ ਬੰਦਿਆਂ ਦੇ ਮਿੱਠੇ ਬਚਨ ਹਨ। ਦਰਅਸਲ ਕਵਿਤਾ ਸ਼ਬਦਾਂ ਦੇ ਰੂਪ ਵਿੱਚ ਭਾਵਨਾ ਦਾ ਸੰਗੀਤ ਹੈ। ਕਵਿਤਾ ਬੋਲੀ ਦੇ ਵਿਹੜੇ ਵਿਚ ਖਿੜਿਆ ਗਿਆਨ ਦਾ ਖੁਸ਼ਬੂਦਾਰ ਫੁੱਲ ਹੈ। ਕਵਿਤਾ ਕੁੱਜੇ 'ਚ ਸਮੁੰਦਰ ਬੰਦ ਕਰਨ ਦੀ ਕਲਾ ਹੈ। ਕਵਿਤਾ ਸੰਗੀਤਕ ਸ਼ੈਲੀ 'ਚ ਪੇਸ਼ ਕੀਤੀ ਜਾਂਦੀ ਉੱਚੇ ਜਜ਼ਬਿਆਂ ਦੀ ਅਨਮੋਲ ਦਾਤ ਹੈ। ਕਵਿਤਾ ਭਾਵਨਾ ਦਾ ਸੰਗੀਤ ਹੈ, ਜਿਸ ਦਾ ਲਿਬਾਸ ਪਹਿਨ ਕੇ ਸੱਚ ਹੋਰ ਵਧੇਰੇ ਪ੍ਰਕਾਸ਼ਮਾਨ ਹੁੰਦਾ ਹੈ।

ਕਵਿਤਾ ਵਿਚ ਲੈਅ, ਸੰਗੀਤ, ਰਸ ਤੇ ਸੁੰਦਰਤਾ ਪੈਦਾ ਕਰਨ ਲਈ ਕਾਵਿ-ਮਾਹਿਰਾਂ ਵਲੋਂ ਕੁਝ ਨਿਯਮ ਤੇ ਤਾਲ-ਬੱਧ ਬਣਤਰਾਂ ਘੜੀਆਂ ਗਈਆਂ ਹਨ, ਜਿਹਨਾਂ ਨੂੰ ਕਾਵਿ-ਸ਼ਾਸਤਰ ਵਿਚ ਛੰਦ ਜਾਂ ਪਿੰਗਲ ਆਖਿਆ ਜਾਂਦਾ ਹੈ। ਛੰਦਾਂ ਦੇ ਅੱਗੇ ਕਈ ਰੂਪ ਹਨ; ਜਿਵੇਂ ਕਿ ਮਾਤ੍ਰਿਕ ਛੰਦ, ਵਰਣਿਕ ਛੰਦ ਆਦਿ।

ਮਾਤ੍ਰਿਕ ਛੰਦ ਕਾਵਿ ਤੁਕਾਂ ਵਿਚਲੀਆਂ ਮਾਤ੍ਰਾਵਾਂ ਦੀ ਗਿਣਤੀ 'ਤੇ ਨਿਰਭਰ ਕਰਦੇ ਹਨ। ਪੰਜਾਬੀ ਕਵਿਤਾ ਵਿਚ ਦੋਹਾ, ਕੁੰਡਲੀਆ, ਚੌਪਈ, ਕਬਿੱਤ, ਸਵੱਈਆ ਆਦਿ ਮਾਤ੍ਰਿਕ ਛੰਦ ਹਨ। ਵਰਣਿਕ ਛੰਦ ਵਰਣਾਂ ਜਾਂ ਅੱਖਰਾਂ ਦੀ ਗਿਣਤੀ 'ਤੇ ਨਿਰਭਰ ਕਰਦੇ ਹਨ। ਪੰਜਾਬੀ ਕਾਵਿ ਵਿਚ ਕੋਰੜਾ, ਬੈਂਤ ਆਦਿ ਮਕਬੂਲ ਵਰਣਿਕ ਛੰਦ ਹਨ। ਪੰਜਾਬੀ ਵਿਦਵਾਨ ਪ੍ਰੋ. ਜੋਗਿੰਦਰ ਸਿੰਘ ਆਪਣੀ ਕਿਤਾਬ 'ਪਿੰਗਲ ਤੇ ਅਰੂਜ਼' ਵਿੱਚ ਛੰਦ ਦੀਆਂ ਦੋ ਕਿਸਮਾਂ ਦਿੰਦੇ ਹਨ।

੧. ਵ੍ਰਿਤ ਜਾਂ ਵਰਣਿਕ ਛੰਦ ੨. ਜਾਤੀ ਛੰਦ। ਵ੍ਰਿਤ ਜਾਂ ਵਰਣਿਕ ਉਹ ਛੰਦ ਹਨ, ਜਿਹਨਾਂ ਦੀ ਚਾਲ ਨੂੰ ਅੱਖਰਾਂ ਦੀ ਗਿਣਤੀ ਦੁਆਰਾ ਨਿਸ਼ਚਿਤ ਕੀਤਾ ਜਾਂਦਾ ਹੈ। ਜਾਤੀ ਛੰਦ ਉਹ ਛੰਦ ਹਨ, ਜਿਹਨਾਂ ਦੀ ਚਾਲ ਨੂੰ ਮਾਤਰਾ ਦੀ ਗਿਣਤੀ ਦੁਆਰਾ ਨਿਸ਼ਚਿਤ ਕੀਤਾ ਜਾਂਦਾ ਹੈ। 'ਕਵੀਸ਼ਰੀ : ਕਾਵਿ ਸ਼ਾਸਤਰ, ਮੌਲਿਕ ਖੋਜ ਰਚਨਾ' ਦੇ ਲਿਖਾਰੀ ਸੂਬੇਦਾਰ ਅਜਾਇਬ ਸਿੰਘ ਢਿੱਲੋਂ, ਕੈਨੇਡਾ ਲਿਖਦੇ ਹਨ ਕਿ ਪੰਜਾਬੀ ਭਾਸ਼ਾ ਵਿੱਚ ਗਣ ਪ੍ਰਸਤਾਰ ਪ੍ਰਕਾਸ਼, ਗੁਰ ਛੰਦ ਦਿਵਾਕਰ ਆਦਿ ਬਹੁਤ ਸਾਰੇ ਪਿੰਗਲ ਅਤੇ ਛੰਦ ਗ੍ਰੰਥ ਲਿਖੇ ਗਏ। ਮੁੱਖ ਤੌਰ ਤੇ ਛੰਦ ਦੋ ਪ੍ਰਕਾਰ ਦੇ ਹਨ : ੧ ਮਾਤ੍ਰਿਕ ਛੰਦ- ਜਿਸਦੀ ਬਣਤਰ ਖ਼ਾਸ ਗਿਣੀਆਂ-ਮਿਣੀਆਂ ਮਾਤਰਾਂ ਦੇ ਹਿਸਾਬ ਨਾਲ ਹੋਵੇ, ਜਿਵੇਂ ਦੋਹਰਾ।

੨. ਵਰਣਿਕ ਛੰਦ- ਜਿਸ ਦੀ ਬਣਤਰ ਖ਼ਾਸ ਗਿਣੇ ਮਿੱਥੇ ਅੱਖਰਾਂ (ਵਰਣਾਂ) ਦੇ ਹਿਸਾਬ ਨਾਲ ਹੋਵੇ, ਜਿਵੇਂ ਕਬਿੱਤ।

ਮਾਤਰਾ ਦੋ ਪ੍ਰਕਾਰ ਦੀਆਂ ਹਨ। ਲਘੂ ਭਾਵ ਛੋਟੀ। ਗੁਰੂ ਭਾਵ ਵੱਡੀ। ਮੁਕਤਾ, ਸਿਹਾਰੀ, ਔਂਕੜ ਤਿੰਨ ਮਾਤਰਾ ਲਘੂ ਹਨ ਤੇ ਬਾਕੀ ਸਭ ਗੁਰੂ ਹਨ। ਗੁਰੂ ਮਾਤਰਾ ਲਘੂ ਨਾਲੋਂ ਦੂਣੀ ਗਿਣੀ ਜਾਂਦੀ ਹੈ। ਜੇ ਲਘੂ ਮਾਤਰਾ ਨੂੰ ਇੱਕ ਅੰਗ ਦਿੱਤਾ ਜਾਵੇ ਤਾਂ ਗੁਰੂ ਮਾਤਰਾ ਨੂੰ ਦੋ ਗਿਣਿਆ ਜਾਵੇਗਾ। ਇਸ ਤੋਂ ਇਲਾਵਾ ਪੰਜਾਬੀ ਕਾਵਿ ਸੰਸਾਰ ਵਿਚ ਪ੍ਰੋ. ਪੂਰਨ ਸਿੰਘ ਨੇ ਅਤੁਕਾਂਤ ਛੰਦ, ਖੁਲ੍ਹੇ-ਛੰਦ ਜਾਂ ਛੰਦ-ਮੁਕਤ ਕਵਿਤਾ ਦੀ ਪਿਰਤ ਪਾਈ ਹੈ, ਜਿਸ ਨੂੰ ਖੁੱਲ੍ਹੀ ਕਵਿਤਾ ਦਾ ਨਾਂ ਦਿੱਤਾ ਜਾਂਦਾ ਹੈ। ਪ੍ਰੋ. ਸਾਹਿਬ ਦੀ ਛੰਦਾ-ਬੰਦੀ ਤੋਂ ਮੁਕਤ ਕਵਿਤਾ ਬੇਸ਼ੱਕ ਮਾਤ੍ਰਾਵਾਂ ਜਾਂ ਤੁਕਾਂਤ ਦੀ ਮੁਥਾਜ ਨਹੀਂ ਹੁੰਦੀ, ਐਪਰ ਕਵਿਤਾ ਵਿਚ ਲੈਅ ਅਤੇ ਸੰਗੀਤਕ ਗੁਣ ਫਿਰ ਵੀ ਠਾਠਾਂ ਮਾਰਦੇ ਹਨ।

ਪੰਜਾਬੀ ਕਾਵਿ-ਛੰਦ ਵਿਚ 'ਕੁੰਡਲੀਆ' ਪਿੰਗਲ ਦਾ ਮਸ਼ਹੂਰ ਮਾਤ੍ਰਿਕ ਛੰਦ ਹੈ। ਕੁੰਡਲੀਆ ਵਿਖਮ ਜਾਤੀ ਦਾ ਛੰਦ ਹੈ, ਅਰਥਾਤ ਦੋ ਵੱਖ-ਵੱਖ ਛੰਦਾਂ ਦੇ ਮੇਲ ਤੋਂ ਬਣਿਆ ਹੈ। ਇਹ ਦੋ ਛੰਦ ਹਨ; ਦੋਹਾ ਅਤੇ ਰੋਲਾ। ਕੁੰਡਲੀਆ ਦੀਆਂ ਕੁੱਲ ਛੇ ਤੁਕਾਂ ਹੁੰਦੀਆਂ ਹਨ। ਪਹਿਲੀਆਂ ਦੋ ਤੁਕਾਂ ਦੋਹਾ ਛੰਦ ਦੀਆਂ ਹਨ ਅਤੇ ਬਾਕੀ ਚਾਰ ਤੁਕਾਂ ਰੋਲਾ ਛੰਦ ਦੀਆਂ। ਇਸ ਨੂੰ ਕੁੰਡਲੀਆ ਛੰਦ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਸ ਦੀਆਂ ਤੁਕਾਂ ਆਪਸ ਵਿੱਚ ਕੁੰਡਲੀ ਵਾਂਗੂੰ ਬੱਝੀਆਂ ਹੁੰਦੀਆਂ ਹਨ ਅਤੇ ਛੰਦ ਦਾ ਆਰੰਭ ਅਤੇ ਅੰਤ ਇਕੋ-ਜਿਹਾ ਹੁੰਦਾ ਹੈ। 'ਕੁੰਡਲੀਆ' ਸ਼ਬਦ ਦੇ ਅਰਥਾਂ ਬਾਰੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਲਿਖਦੇ ਹਨ : "ਕੁੰਡਲੀਆਂ – 1. ਕੁੰਡਲਾਂ ਵਾਲਾ। 2. ਸੰਗਯਾ – ਸੱਪ। 3. ਕੁੰਡੀ – ਮੱਛੀ ਫਾਹੁਣ ਦੀ ਹੁੱਕ, "ਜਿਉ ਮੀਨ ਕੁੰਡਲੀਆ ਕੰਠਿ ਪਾਇ ॥1 ॥" (ਬਸੰਤ ਮ: 1) ਇਕ ਮਾਤ੍ਰਿਕ ਛੰਦ। ਲੱਛਣ – ਛੀ ਚਰਣ। ਪਹਿਲੇ ਦੋ ਚਰਣ ਦੋਹਾ, ਫਿਰ ਚਾਰ ਚਰਣ ਰੋਲਾ। ਚੌਬੀਹ ਚੌਬੀਹ ਮਾਤਰਾ ਦੇ ਚਾਰ ਚਰਣ। ਹਰੇਕ ਚਰਣ ਦਾ ਪਹਿਲਾ ਬਿਸਰਾਮ 11 ਮਾਤ੍ਰਾ ਪੁਰ, ਦੂਜਾ 13 ਪੁਰ। ਦੋਹਾ ਦਾ ਅੰਤਮ ਪਦ ਸਿੰਘਾਵਲੋਕਨ ਕਰਕੇ ਰੋਲੇ ਦੇ ਮੁੱਢ ਅਤੇ ਰੋਲੇ ਦਾ ਅੰਤਿਮ ਪਦ ਦੋਹੇ ਦੇ ਆਦਿ ਹੋਣਾ ਚਾਹੀਏ। ਪਦਾਂ ਦਾ ਕੁੰਡਲਦਾਰ ਹੋ ਕੇ ਆਉਣਾ ਹੀ 'ਕੁੰਡਲੀਆ' ਨਾਉਂ ਦਾ ਕਾਰਣ ਹੈ। ਕੁੰਡਲੀਆ ਛੰਦ ਕੁੰਡਲ ਭਾਵ ਗੋਲਾਈਦਾਰ ਰੂਪ ਵਿਚ ਚਲਦਾ ਹੈ। ਕੁੰਡਲੀਆ ਛੰਦ ਦੀ ਪਛਾਣ ਇਹ ਹੈ ਕਿ ਜਿਹੜੇ ਤੁਕਾਂਗ ਜਾਂ ਸ਼ਬਦ ਨਾਲ ਛੰਦ ਸ਼ੁਰੂ ਹੁੰਦਾ ਹੈ, ਉਸੇ ਤੁਕਾਂਗ ਨਾਲ ਛੰਦ ਦੀ ਛੇਵੀਂ ਤੁਕ 'ਤੇ ਅੰਤ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਜੋ ਵਾਕੰਸ਼ ਪਹਿਲੇ ਭਾਗ,



**ਡਾ. ਗੁਰਵਿੰਦਰ ਸਿੰਘ**
**604 825 1550**

ਭਾਵ 'ਦੋਹੇ' ਦੀ ਦੂਜੀ ਤੁਕ ਦੇ ਅੰਤ ਵਿਚ ਆਉਂਦਾ ਹੈ, ਉਹੀ ਵਾਕੰਸ਼ ਦੂਜੇ ਭਾਗ, ਭਾਵ 'ਰੋਲੇ' ਦੀ ਪਹਿਲੀ ਤੁਕ ਦੇ ਸ਼ੁਰੂ ਵਿਚ ਹੁੰਦਾ ਹੈ। ਇਸੇ ਤਰ੍ਹਾਂ ਛੰਦ ਦੀ ਆਖ਼ਰੀ ਤੁਕ ਦਾ ਅੰਤਿਮ ਸ਼ਬਦ, ਉਸ ਦੀ ਪਹਿਲੀ ਤੁਕ ਦੇ ਮੁੱਢਲੇ ਸ਼ਬਦ ਨਾਲ ਮਿਲਦਾ ਹੈ, ਜਿਸ ਨਾਲ ਪੂਰੀ ਕਵਿਤਾ ਕੁੰਡਲੀ ਭਾਵ ਚੱਕਰ ਬਣ ਜਾਂਦੀ ਹੈ। ਸੱਪ ਦੀ ਕੁੰਡਲੀ ਵਾਂਗ ਇਸ ਛੰਦ ਦੀਆਂ ਤੁਕਾਂ ਆਪਸ ਵਿਚ ਜੁੜੀਆਂ ਹੁੰਦੀਆਂ ਹਨ, ਜਿਸ ਕਰਕੇ ਕਾਵਿ-ਸ਼ਾਸਤਰ ਵਿਚ ਇਸ ਨੂੰ 'ਕੁੰਡਲੀਆ' ਕਿਹਾ ਜਾਂਦਾ ਹੈ। ਕੁੰਡਲੀਆ ਛੰਦ ਭਗਤੀ ਕਾਵਿ ਦਾ ਪ੍ਰਮੁੱਖ ਕਾਵਿ-ਰੂਪ ਹੈ, ਜਿਸ ਦੀ ਵਰਤੋਂ ਭਗਤ ਕਬੀਰ ਤੋਂ ਲੈ ਕੇ ਗਿਰਧਰ ਕਵਿਰਾਯ ਨੇ ਕੀਤੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਕੁੰਡਲੀਆ' ਛੰਦ ਸ਼ਾਸਤਰੀ ਰੂਪ ਵਿਚ ਨਹੀਂ ਮਿਲਦਾ, ਐਪਰ 'ਕੁੰਡਲੀਆ' ਸ਼ਬਦ ਦਾ ਜ਼ਿਕਰ ਜ਼ਰੂਰ ਆਉਂਦਾ ਹੈ:

"ਜਿਉ ਮੀਨ ਕੁੰਡਲੀਆ ਕੰਠਿ ਪਾਇ ॥1 ॥" (ਗੁਰੂ ਗ੍ਰੰਥ ਸਾਹਿਬ, ਅੰਗ 1187) ਇਥੇ ਇਸ ਦਾ ਭਾਵ ਮੱਛੀ ਫੜਨ ਵਾਲੀ ਕੁੰਡੀ ਤੋਂ ਲਿਆ ਗਿਆ ਹੈ, ਜਿਸ ਅਨੁਸਾਰ ਗੁਰਬਾਣੀ ਦੀ ਇਸ ਤੁਕ ਦਾ ਭਾਵ ਹੈ ਕਿ ਜਿਵੇਂ ਮੱਛੀ ਲਾਲਚ 'ਚ ਆ ਕੇ ਆਪਣੇ ਗਲ਼ ਕੁੰਡੀ, ਭਾਵ ਫਾਹੀ ਪੁਆ ਬੈਠਦੀ ਹੈ, ਉਵੇਂ ਹੀ ਮਨੁੱਖ ਵਿਸ਼ੇ-ਵਿਕਾਰਾਂ ਦਾ ਫਾਹਾ ਗਲ਼ ਪੁਆ ਲੈਂਦਾ ਹੈ।

ਡਾ. ਐਸ ਤਰਸੇਮ 'ਗਜ਼ਲ-ਅਰੂਜ਼ ਤੇ ਪਿੰਗਲ' ਵਿੱਚ ਲਿਖਦੇ ਹਨ ਕਿ ਕੁੰਡਲੀਆ ਛੇ ਪੰਕਤੀਆਂ ਦਾ ਛੰਦ ਹੈ ਜਿਸ ਦੇ ਸ਼ੁਰੂ ਵਿੱਚ ਇੱਕ ਦੋਹਰਾ ਤੇ ਪਿੱਛੇ ਇੱਕ ਕਾਵ ਛੰਦ ਹੁੰਦਾ ਹੈ। ਦੋਹਰੇ ਦਾ ਅੰਤਲਾ ਪਦ ਕਾਵ ਦੇ ਆਰੰਭ ਵਿੱਚ ਦੁਹਰਾਇਆ ਜਾਣਾ ਜ਼ਰੂਰੀ ਹੈ ਅਤੇ ਕਾਵ ਦੇ ਅੰਤਲੇ ਦੋਵੇਂ ਸ਼ਬਦ ਉਹੀ ਹੋਣੇ ਚਾਹੀਦੇ ਹਨ ਜੋ ਦੋਹਰੇ ਦੇ ਮੁੱਢ ਵਿੱਚ ਹੋਣ। ਕੁੰਡਲੀਆ ਛੰਦ ਬਹੁਤ ਹਰਮਨ ਪਿਆਰਾ ਹੈ। ਇਸ ਵਿੱਚ ਕਦੇ ਕਾਵ ਛੰਦ ਦੀ ਥਾਂ ਰੋਲਾ ਛੰਦ ਵੀ ਜੋੜਿਆ ਜਾਂਦਾ ਹੈ। ਰੋਲੇ ਤੇ ਕਾਵ ਵਿੱਚ ਕੇਵਲ ਪਦਾਂ ਦੀ ਵੰਡ ਵਿੱਚ ਹੀ ਅੰਤਰਾ ਹੈ। ਉਦਾਹਰਣ :

**ਓਨਮ ਸ੍ਰੀ ਸਤਿਗੁਰੂ ਚਰਣ, ਆਦਿ ਪੁਰਖ ਆਦੇਸ਼**
**ਏਕ ਅਨੇਕ ਬਿਬੇਕ ਸਸਿ, ਘਟ ਘਟ ਕਾ ਪਰਵੇਸ਼**
**ਘਟ ਘਟ ਕਾ ਪਰਵੇਸ਼, ਸ਼ੇਸ਼ ਮਹਿ ਕਹਤ ਨ ਆਵੈ**
**ਨੇਤਿ ਨੇਤਿ ਕਹ ਨੇਤ, ਬੇਦ ਬੰਦੀਜਨ ਗਾਵੈ**
**ਆਦਿ ਮੱਧ ਅਰ ਅੰਤ, ਹੁਤੇ ਹੁਤ ਹੈ ਪੁਨ ਹੋਨਮ**
**ਆਦਿ ਪੁਰਖ ਆਦੇਸ਼, ਚਰਨ ਸ੍ਰੀ ਸਤਿਗੁਰੂ ਓਨਮ।**

**(ਭਾਈ ਗੁਰਦਾਸ ਜੀ)**

ਕੁੰਡਲੀਆ ਛੰਦ ਦੀ ਵਰਤੋਂ ਕਵੀਆਂ ਨੇ ਸਮਾਜਿਕ, ਧਾਰਮਿਕ ਅਤੇ ਉਪਦੇਸ਼ਾਤਮਕ ਵਿਚਾਰਾਂ ਦੇ ਪ੍ਰਗਟਾਵੇ ਲਈ ਕੀਤੀ ਹੈ। ਉੱਨੀਵੀਂ ਸਦੀ ਵਿਚ ਗਿਰਿਧਰ ਕਵਿਰਾਯ ਨੇ ਅਧਿਆਤਮਕ, ਵੈਰਾਗਮਈ ਅਤੇ ਨੀਤੀਗਤ ਵਿਸ਼ਿਆਂ 'ਤੇ ਕੁੰਡਲੀਆ ਛੰਦ ਦੀ ਵਰਤੋਂ ਕੀਤੀ ਹੈ। ਉਹਨਾਂ ਦੇ ਕੁੰਡਲੀਏ 'ਗਿਰਿਧਰ ਕੁੰਡਲੀਏ' ਵਜੋਂ ਬੜੇ ਮਸ਼ਹੂਰ ਹੋਏ। "ਕਹਿ ਗਿਰਿਧਰ ਕਵਿਰਾਯ" ਦੇ ਤਖ਼ੱਲਸ ਵਜੋਂ ਸਾਹਿਤ ਜਗਤ ਵਿਚ ਜਾਣੇ ਜਾਂਦੇ ਇਹਨਾਂ ਕੁੰਡਲੀਆਂ ਦੀਆਂ ਕੁਝ ਮਿਸਾਲਾਂ ਇਸ ਤਰ੍ਹਾਂ ਹਨ;

**ਬਿਨਾ ਵਿਚਾਰੇ ਜੋ ਕਰੇ, ਸੋ ਪਾਛੇ ਪਛਿਤਾਯ**
**ਕਾਮ ਬਿਗਾਰੇ ਆਪਨੌਂ, ਜਗ ਮੇਂ ਹੋਤ ਹੰਸਾਯ**
**ਜਗ ਮੇਂ ਹੋਤ ਹੰਸਾਯ, ਚਿੱਤ ਮੇਂ ਚੈਨ ਨ ਪਾਵੈ**
**ਖਾਨ ਪਾਨ, ਸੰਮਾਨ, ਰਾਗ-ਰੰਗ, ਕਛੁ ਮਨਹਿੰ ਨ ਭਾਵੈ**
**ਕਹਿ ਗਿਰਿਧਰ ਕਵਿਰਾਯ ਦੁੱਖ ਕਛੁ ਟਰਹਿੰ ਨ ਟਾਰੇ**
**ਖਟਕਤ ਹੈ ਜਿਯ ਮਾਹਿੰ, ਕੀਯੋ ਜੋ ਬਿਨਾ ਵਿਚਾਰੇ**

ਪੰਜਾਬੀ ਕਾਵਿ ਜਗਤ 'ਚੋਂ ਵਰਤਮਾਨ ਸਮੇਂ, ਹੋਰਨਾਂ ਪ੍ਰੰਪਰਾਗਤ ਕਾਵਿ ਰੂਪਾਂ ਵਾਂਗ 'ਕੁੰਡਲੀਆ ਛੰਦ' ਵੀ ਅਲੋਪ ਹੁੰਦਾ ਜਾ ਰਿਹਾ ਹੈ। ਇਸ ਮਾਤ੍ਰਿਕ ਛੰਦ ਦੀ ਵਰਤੋਂ ਚੋਣਵੇਂ ਕਵੀਸ਼ਰਾਂ ਜਾਂ ਕਵੀਆਂ ਨੇ ਕਿਤੇ-ਕਤਾਈਂ ਹੀ ਕੀਤੀ ਹੈ। ਅਜਿਹੇ ਦੌਰ ਵਿਚ ਉਸਤਾਦ ਕਵੀ ਗਿਆਨੀ ਕੇਵਲ ਸਿੰਘ ਨਿਰਦੋਸ਼ ਨੇ 'ਕੁੰਡਲੀਆ' ਛੰਦ ਨੂੰ ਮੁੱਖ ਰੱਖ ਕੇ ਕਾਵਿ-ਸੰਗ੍ਰਹਿ 'ਕੁੰਡਲੀਏ ਨਿਰਦੋਸ਼ ਦੇ' ਲਿਖ ਕੇ ਕੁੰਡਲੀਆ ਕਾਵਿ ਨੂੰ ਪੁਨਰ-ਸੁਰਜੀਤ ਕੀਤਾ ਹੈ। ਗਿਆਨੀ ਜੀ ਪੰਜਾਬੀ ਸਾਹਿਤ ਜਗਤ ਦੀ ਝੋਲੀ 'ਚ ਅਠੱਤੀ ਕਿਤਾਬਾਂ ਪਾ ਚੁੱਕੇ ਹਨ। ਉਹਨਾਂ ਪਿਛਲੇ ਲੰਮੇ ਸਮੇਂ ਤੋਂ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਨਾਲ ਜੂਝਦੇ ਹੋਏ ਵੀ 'ਕਲਮ' ਨਹੀਂ ਛੱਡੀ ਅਤੇ ਨਿਰੰਤਰ ਲਿਖਣਾ ਜਾਰੀ ਰੱਖਿਆ। ਇਸ ਸਬੰਧ 'ਚ ਨਿਰਦੋਸ਼ ਜੀ ਨੇ ਅਪਣੱਤ ਸਹਿਤ ਮੈਨੂੰ ਅਦੇਸ਼ ਕੀਤਾ ਕਿ ਉਹਨਾਂ 'ਕੁੰਡਲੀਆ' ਛੰਦ 'ਚ ਸਾਹਿਤ ਸਮੱਗਰੀ ਰਚੀ ਹੈ, ਜਿਸ ਨੂੰ ਕਿਤਾਬੀ ਸਰੂਪ 'ਚ ਸੂਤਰਬੱਧ ਕਰਨ ਦੀ ਜ਼ਿੰਮੇਵਾਰੀ ਨਿਭਾਓ। ਮੇਰੇ ਲਈ ਜਿੱਥੇ ਇਹ ਅਤਿਅੰਤ ਫ਼ਖ਼ਰ ਦੀ ਗੱਲ ਸੀ, ਉਥੇ ਇਖ਼ਲਾਕੀ ਫ਼ਰਜ਼ ਵੀ ਸੀ ਕਿ ਉਸਤਾਦ ਕਵੀ ਦੀ ਸ਼ਾਹਕਾਰ ਰਚਨਾ ਨੂੰ ਪਾਠਕਾਂ ਦੇ ਹੱਥਾਂ 'ਚ ਸੁਚੱਜੇ ਢੰਗ ਨਾਲ ਪਹੁੰਚਾਇਆ ਜਾਵੇ। ਅਜਿਹਾ ਕਰਦਿਆਂ ਕੋਈ ਘਾਟ ਰਹਿ ਗਈ ਹੋਵੇ, ਤਾਂ ਉਸ ਦਾ ਜ਼ਿੰਮੇਵਾਰ ਮੈਂ ਹਾਂ, ਐਪਰ ਜੇਕਰ ਆਪ ਨੂੰ 'ਕੁੰਡਲੀਆ' ਕਾਵਿ ਦਾ ਸਾਹਿਤਕ ਆਨੰਦ ਹਾਸਿਲ ਹੋਵੇ, ਤਾਂ ਉਸ ਲਈ ਨਿਰਦੋਸ਼ ਜੀ ਵਧਾਈ ਦੇ ਹੱਕਦਾਰ ਹਨ। ਪਿੰਗਲ ਦੇ ਮਾਹਿਰ ਹੋਣ ਦੇ ਨਾਤੇ ਜਿੱਥੇ ਨਿਰਦੋਸ਼ ਜੀ ਇਹ ਪਿਆਰਾ ਮਾਤ੍ਰਿਕ ਛੰਦ ਬਹੁਤ ਨਿਪੁੰਨਤਾ ਨਾਲ ਨਿਭਾਇਆ ਹੈ, ਉਥੇ ਪੰਜਾਬੀ ਬੋਲੀ, ਸੱਭਿਆਚਾਰ, ਜੀਵਨ-ਜੁਗਤਾਂ, ਸਮਾਜਿਕ ਚੁਣੌਤੀਆਂ, ਸਿਆਸਤ, ਧਰਮ, ਰੂਹਾਨੀਅਤ ਆਦਿ ਨਾਲ ਸਬੰਧਤ ਅਨੇਕ ਵਿਸ਼ਿਆਂ ਨੂੰ 'ਕੁੰਡਲੀਆ ਛੰਦ' ਰਾਹੀਂ ਬਾਖ਼ੂਬੀ ਨਾਲ ਬਿਆਨਿਆ ਹੈ। ਉਦਾਹਰਨ ਵਜੋਂ;

**"ਅੰਦਰ ਘੁੱਪ ਹਨੇਰ ਹੈ, ਕਰ ਚਾਨਣ ਦੀ ਭਾਲ਼।**
**ਮਸਤਕ ਅੰਦਰ ਗਿਆਨ ਦਾ, ਕਵੀਆ ਦੀਵਾ ਬਾਲ਼।**
**ਕਵੀਆ ਦੀਵਾ ਬਾਲ਼, ਮਿਟੂ ਅਗਿਆਨ ਅੰਧੇਰਾ।**
**ਨੂਰੀ ਕਿਰਨਾਂ ਨਾਲ, ਚੜ੍ਹੇਗਾ ਸੋਨ ਸਵੇਰਾ।**
**ਕਹੇ ਕਵੀ ਨਿਰਦੋਸ਼, ਉਦੋਂ ਤੇਰੇ ਮਨ ਮੰਦਰ।**
**ਆ ਜਾਊ ਪਹਿਚਾਣ, ਉਹੀ ਹੈ ਬੈਠਾ ਅੰਦਰ।**

'ਕਹੇ ਕਵੀ ਨਿਰਦੋਸ਼' ਦੀ ਛਾਪ ਅਧੀਨ ਨਿਰਦੋਸ਼ ਜੀ ਦੇ ਕੁੰਡਲੀਏ ਗਿਰਿਧਰ ਕਵਿਰਾਯ ਦੀ ਯਾਦ ਤਾਜ਼ਾ ਕਰਵਾਉਂਦੇ ਹਨ। ਕਵੀ ਨੇ ਜਿੱਥੇ ਬਹੁ-ਪੱਖੀ ਵਿਸ਼ਿਆਂ ਨੂੰ ਲੈ ਕੇ ਕੁੰਡਲੀਏ ਲਿਖੇ ਹਨ, ਉੱਥੇ ਪੰਜਾਬੀ ਵਰਣਮਾਲਾ (ਪੈਂਤੀ ਅੱਖਰੀ) ਦੇ ਆਧਾਰ 'ਤੇ ਸੁੰਦਰ ਰਚਨਾ ਕੀਤੀ ਹੈ। ਨਿਸੰਦੇਹ ਕਿਹਾ ਜਾ ਸਕਦਾ ਹੈ ਕਿ ਨਿਰਦੋਸ਼ ਜੀ ਦੇ ਕੁੰਡਲੀਏ ਪੰਜਾਬੀ ਵਰਣਮਾਲਾ ਦੇ ਪ੍ਰਚਾਰ-ਪ੍ਰਸਾਰ ਦਾ ਸ਼ਿੰਗਾਰ ਬਣਨਗੇ ਅਤੇ ਪੰਜਾਬੀ ਕਾਵਿ-ਅਧਿਐਨ ਲਈ ਮੀਲ ਪੱਥਰ ਸਾਬਿਤ ਹੋਣਗੇ। ਪੈਂਤੀ ਅੱਖਰੀ 'ਚੋਂ ਨਮੂਨੇ ਵਜੋਂ ਸਾਂਝੇ ਕੀਤੇ 'ਕੁੰਡਲੀਏ' ਲੇਖਕ ਦੀ ਨਿਪੁੰਨਤਾ ਦੀ ਗਵਾਹੀ ਭਰਦੇ ਹਨ;

**ਈੜੀ ਇਲਮ ਦੀ ਹੈ ਨਹੀਂ, ਇਸ ਜੀਵਨ ਵਿਚ ਹੱਦ।**
**ਇਲਮ ਜਿਨ੍ਹਾਂ ਦੇ ਕੋਲ਼ ਹੈ, ਉਨ੍ਹਾਂ ਦੇ ਉਚੜੇ ਕੱਦ।**
**ਉਨ੍ਹਾਂ ਦੇ ਉਚੜੇ ਕੱਦ, ਸੱਥਾਂ ਵਿਚ ਗੱਲਾਂ ਹੋਵਣ।**
**ਜੈ ਜੈ ਕਰੇ ਜਹਾਨ, ਉਹ ਜਿੱਥੇ ਜਾਇ ਖਲੋਵਣ।**
**ਕਹੇ ਕਵੀ ਨਿਰਦੋਸ਼ , ਸਫ਼ਲਤਾ ਦੀ ਇਹ ਸੀੜ੍ਹੀ।**
**ਬਿਨਾ ਇਲਮ ਸਭ ਢੋਰ, ਕਹੇ ਸਭ ਤਾਂਈਂ ਈੜੀ।**

ਕਵੀ ਨਿਰਦੋਸ਼ ਜੀ ਨੇ 'ਕੁੰਡਲੀਆ' ਛੰਦ ਰਾਹੀਂ ਵਿਸਰ ਰਹੇ ਵਡਮੁੱਲੇ ਵਿਰਸੇ ਨੂੰ ਸਾਂਭਣ ਦਾ ਵੀ ਭਰਪੂਰ ਯਤਨ ਕੀਤਾ ਹੈ। ਉਹਨਾਂ ਦੇਸੀ ਮਹੀਨਿਆਂ ਨੂੰ ਮੁਖ਼ਾਤਿਬ ਹੁੰਦਿਆਂ ਦਮਦਾਰ ਕੁੰਡਲੀਏ ਲਿਖੇ ਹਨ, ਜੋ ਕਾਵਿ-ਰਸਾਂ ਅਤੇ ਸ਼ਬਦ ਸ਼ਕਤੀਆਂ ਦੇ ਨਾਲ-ਨਾਲ, ਪ੍ਰਾਕਿਰਤੀ ਦੇ ਖ਼ੂਬਸੂਰਤ ਚਿਤਰਣ, ਕੁਦਰਤ ਦੀ ਰਹਿਮਤ ਅਤੇ ਮੌਸਮਾਂ ਦੀ ਵੰਨ-ਸੁਵੰਨਤਾ ਨੂੰ ਵੀ ਸੁਚੱਜੇ ਢੰਗ ਨਾਲ ਵਖਿਆਨਦੇ ਹਨ। ਚੇਤਰ ਤੋਂ ਲੈ ਕੇ ਫੱਗਣ ਤੱਕ ਦੇ ਬਾਰਾਂ ਮਾਂਹ ਪੇਸ਼ ਕਰਦੇ ਨਿਰਦੋਸ਼ ਜੀ ਦੇ ਇਹ ਕੁੰਡਲੀਏ, ਪੰਜਾਬੀ ਪਾਠਕਾਂ ਨੂੰ ਦੇਸੀ ਮਹੀਨਿਆਂ ਦੀ ਅਹਿਮੀਅਤ ਤੋਂ ਭਾਵਪੂਰਤ ਢੰਗ ਨਾਲ ਜਾਣੂ ਕਰਵਾਉਂਦੇ ਹਨ, ਜਿਵੇਂ ਕਿ ;

**ਚੜ੍ਹਦੇ ਚੇਤਰ ਮਹਿਕਦੀ, ਹਰ ਪਾਸੇ ਗੁਲਜ਼ਾਰ।**
**ਪਤਝੜ ਮਗਰੋਂ ਆ ਗਈ, ਸੁੰਦਰ ਰੁੱਤ ਬਹਾਰ।**
**ਸੋਹਣੀ ਰੁੱਤ ਬਹਾਰ, ਸਵੇਰੇ ਕੋਇਲਾਂ ਬੋਲਣ।**
**ਮਿਠੜੇ ਲਗਦੇ ਬੋਲ, ਪੌਣ ਵਿਚ ਅੰਮ੍ਰਿਤ ਘੋਲਣ।**
**ਕਹੇ ਕਵੀ ਨਿਰਦੋਸ਼, ਪੁਰਾਣੇ ਪੱਤ ਜਾਂ ਝੜਦੇ।**
**ਨਵੇਂ ਸ਼ੁਰੂ ਹੋ ਜਾਣ, ਉਨ੍ਹਾਂ ਥਾਂ ਚੇਤਰ ਚੜ੍ਹਦੇ।**

ਗਿਆਨੀ ਕੇਵਲ ਸਿੰਘ ਨਿਰਦੋਸ਼ ਨੇ ਅਨੇਕਾਂ ਉਤਰਾਅ-ਚੜ੍ਹਾਵਾਂ ਦੇ ਨਾਲ ਜੀਵਨ ਦਾ ਲੰਮਾ ਪੰਧ ਤਹਿ ਕੀਤਾ ਹੈ। ਪੰਜਾਬ ਦੀ ਧਰਤੀ 'ਤੇ ਪਿੰਡ ਦੁਸਾਂਝ ਕਲਾਂ, ਜ਼ਿਲਾ ਜਲੰਧਰ 'ਚ 1940 'ਚ ਜਨਮੇ ਨਿਰਦੋਸ਼ ਜੀ ਨੇ ਅਸੀਵਿਆਂ ਤੱਕ ਫੌਜ ਵਿੱਚ ਨੌਕਰੀ ਕੀਤੀ ਅਤੇ ਸੇਵਾ-ਮੁਕਤ ਹੋ ਕੇ ਅਫ਼ਰੀਕਾ 'ਚ ਗੁਰਮਤਿ ਪ੍ਰਚਾਰ ਕੀਤਾ। ਕਵੀਸ਼ਰ ਵਜੋਂ ਵਿਲੱਖਣ ਪਛਾਣ ਕਾਇਮ ਹੋਣ ਮਗਰੋਂ, 90ਵਿਆਂ ਚ ਕੈਨੇਡਾ ਆ ਕੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਸਿੱਖੀ ਪ੍ਰਚਾਰ ਅਤੇ ਮਾਂ ਬੋਲੀ ਪੰਜਾਬੀ ਦੇ ਪ੍ਰਸਾਰ 'ਚ ਅਹਿਮ ਭੂਮਿਕਾ ਨਿਭਾਈ। ਗਿਆਨੀ ਜੀ ਅੱਜ-ਕੱਲ ਬੀਸੀ ਦੇ ਖ਼ੂਬਸੂਰਤ ਸ਼ਹਿਰ ਕੈਮਲੂਪਸ ਦੀਆਂ ਸੁੰਦਰ ਵਾਦੀਆਂ 'ਚ ਨਿਵਾਸ ਕਰਦਿਆਂ, ਕੁਦਰਤ ਦਾ ਆਨੰਦ ਮਾਣ ਰਹੇ ਹਨ। ਇਸ ਕਿਤਾਬ ਵਿਚਲੇ ਉਹਨਾਂ ਦੇ ਕੁੰਡਲੀਏ ਬਿਆਨਬਾਜ਼ੀ ਨਾ ਹੋ ਕੇ, ਜੀਵਨ ਦਾ ਨਿਚੋੜ ਹਨ। ਪ੍ਰੇਰਨਾ ਰੂਪ ਵਿੱਚ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਪਾਵਨ ਬਾਣੀ ਕਵੀ ਦੀ ਅਗਵਾਈ ਕਰ ਰਹੀ ਹੈ। ਨਿਰਦੋਸ਼ ਜੀ ਦੇ ਫ਼ੌਜੀ ਜੀਵਨ ਤੋਂ ਲੈ ਕੇ ਗੁਰ-ਅਸਥਾਨਾਂ ਦੀ ਸੇਵਾ ਤੱਕ ਦਾ ਵਿਸ਼ਾਲ ਪੈਂਡਾ ਕਵਿਤਾ ਦਾ ਵਿਸ਼ਾ- ਵਸਤੂ ਹੋ ਨਿਬੜਿਆ ਹੈ। ਇਸ ਤੋਂ ਪਹਿਲਾਂ ਵੀ ਕਵੀ ਵੱਲੋਂ ਕਿਸਾਨ ਸੰਘਰਸ਼ ਸੰਬਧੀ ਸੌ ਦੇ ਕਰੀਬ ਕੁੰਡਲੀਏ ਲਿਖੇ ਗਏ ਹਨ, ਜੋ ਕਿਤਾਬ 'ਜ਼ਫ਼ਰਨਾਮਾ' ਵਿਚ ਛਪ ਚੁੱਕੇ ਹਨ। ਇਹ ਕੁੰਡਲੀਏ ਮਾਂ ਧਰਤੀ ਦੇ ਕਿਰਤੀ ਪੁੱਤਾਂ ਦੇ ਅੰਦੋਲਨ ਦੀ, ਹਕੂਮਤੀ ਬਦਨੀਤੀਆਂ 'ਤੇ ਫ਼ਤਿਹ ਦਾ ਡੰਕਾ ਹਨ। ਕਵੀ ਦੀ ਲੋਕ-ਪੱਖੀ ਅਤੇ ਜਬਰ-ਵਿਰੋਧੀ ਪਹੁੰਚ ਸਦਕਾ, ਇਹ ਕੁੰਡਲੀਏ ਜੁਝਾਰੂ ਕਾਵਿ ਦਾ ਇਤਿਹਾਸਕ ਖ਼ਜ਼ਾਨਾ ਕਹੇ ਜਾ ਸਕਦੇ ਹਨ। ਨਿਰਦੋਸ਼ ਜੀ ਨੇ ਜ਼ਫ਼ਰਨਾਮਾ ਦੇ ਸ਼ਿਅਰਾਂ ਨੂੰ ਲੈ ਕੇ ਵੀ ਕੁੰਡਲੀਏ ਲਿਖੇ ਹਨ, ਜਿਨ੍ਹਾਂ ਦੀ ਪੰਛੀ ਝਾਤ ਇਸ ਕਿਤਾਬ ਰਾਹੀਂ ਪੁਆਈ ਗਈ ਹੈ ;

**"ਹੀਲੇ ਆਵਣ ਕੰਮ ਨਾ, ਜਾਣ ਸਭੇ ਬੇਕਾਰ।**
**ਫੇਰ ਸਮਝ ਇਹ ਧਰਮ ਹੈ, ਹੱਥ ਫੜਨੀ ਤਲਵਾਰ।**
**ਹੱਥ ਫੜਨੀ ਤਲਵਾਰ, ਜਦੋਂ ਅੱਤ ਚੱਕੇ ਕੋਈ।**
**ਲੜੇ ਦੀਨ ਕੇ ਹੇਤ, ਅਸਲ ਵਿੱਚ ਸੂਰਾ ਸੋਈ ।**
**ਕਹੇ ਕਵੀ ਨਿਰਦੋਸ਼, ਜਦੋਂ ਮੁੱਕ ਜਾਣ ਵਸੀਲੇ।**
**ਵਰਤੋ ਫਿਰ ਹਥਿਆਰ, ਹੋਣ ਸਭ ਫੇਲ ਜਾਂ ਹੀਲੇ।**

ਪੰਜਾਬੀ ਸਾਹਿਤ ਜਗਤ 'ਚ ਕਵੀ ਨਿਰਦੋਸ਼ ਜੀ ਨੂੰ ਅਨੇਕਾਂ ਸਨਮਾਨ ਮਿਲ ਚੁੱਕੇ ਹਨ, ਐਪਰ ਸਭ ਤੋਂ ਵੱਡਾ ਸਨਮਾਨ ਲੋਕਾਂ ਵੱਲੋਂ ਮਿਲਿਆ ਭਰਪੂਰ ਹੁੰਗਾਰਾ ਹੈ। ਕੈਨੇਡਾ-ਅਮਰੀਕਾ ਸਮੇਤ ਪੰਜਾਬ ਦੀਆਂ ਸਾਹਿਤਕ ਸਭਾਵਾਂ ਨੇ ਉਹਨਾਂ ਨੂੰ ਸਮੇਂ-ਸਮੇਂ ਸਨਮਾਨਿਤ ਕੀਤਾ ਹੈ ਅਤੇ ਸਿੱਖ ਸੰਸਥਾਵਾਂ ਨੇ ਵੀ ਅਥਾਹ ਸਤਿਕਾਰ ਦਿੱਤਾ ਹੈ। ਗਿਆਨੀ ਜੀ ਦਾ ਪੰਜਾਬੀ ਸਾਹਿਤ ਸਭਾ, ਐਬਸਫੋਰਡ ਨਾਲ ਗੂੜ੍ਹਾ ਰਿਸ਼ਤਾ ਹੈ। ਉਹ ਇਸ ਸਾਹਿਤ ਸੰਸਥਾ ਦੇ ਮੁਖੀ ਤੇ ਸਰਪ੍ਰਸਤ ਰਹਿ ਚੁੱਕੇ ਹਨ। ਇਸ ਗੱਲ ਦੀ ਪ੍ਰਸੰਨਤਾ ਹੈ ਕਿ ਨਿਰਦੋਸ਼ ਜੀ ਨੇ ਹਥਲੀ ਕਿਤਾਬ ਲੋਕ ਅਰਪਣ ਕਰਨ ਦਾ ਸੁਭਾਗ ਪੰਜਾਬੀ ਸਾਹਿਤ ਸਭਾ ਨੂੰ ਬਖ਼ਸ਼ਿਆ ਹੈ। ਸਾਡੀ ਦਿਲੀ ਖਾਹਿਸ਼ ਹੈ ਕਿ ਕਵੀ ਦਾ ਸਾਹਿਤਕ ਸੰਦੇਸ਼ ਪਾਠਕ ਵਰਗ ਤੱਕ ਸਹੀ ਢੰਗ ਨਾਲ ਪਹੁੰਚੇ। ਵਿਦਵਾਨ ਆਰਨਲਡ ਆਖਦੇ ਹਨ ਕਿ ਮਹਾਨ ਕਵੀਆਂ ਦੀ ਪਛਾਣ ਇਹ ਹੈ ਕਿ ਉਹ ਵਿਚਾਰਾਂ ਨੂੰ ਸੰਜੀਦਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ, ਜੀਵਨ 'ਤੇ ਲਾਗੂ ਕਰਦੇ ਹਨ। ਨਿਰਦੋਸ਼ ਜੀ ਇਸ ਕਥਨ 'ਤੇ ਪੂਰੇ ਉੱਤਰਦੇ ਹਨ, ਕਿਉਂਕਿ ਉਹਨਾਂ ਜੋ ਲਿਖਿਆ ਹੈ, ਉਹ ਕਮਾਇਆ ਵੀ ਹੈ। ਉਹ ਪ੍ਰੇਮ ਭਿੱਜੀ ਰੂਹ ਹਨ, ਜਿਸ ਕਾਰਨ ਉਹਨਾਂ ਦਾ ਹਰ ਥਾਂ ਅਦਬ ਸਤਿਕਾਰ ਹੈ।

'ਗਿਆਨੀ ਕੇਵਲ ਸਿੰਘ ਨਿਰਦੋਸ਼' ਆਪਣੇ ਨਾਂ ਅਤੇ ਗੁਣਾਂ ਅਨੁਸਾਰ 'ਗਿਆਨਵਾਨ' ਹਨ। ਖੋਜੀ ਬਿਰਤੀ ਵਾਲੇ ਹੋਣ ਕਰਕੇ, ਭੀੜ ਤੋਂ ਹਟ ਕੇ 'ਕੇਵਲ' ਆਪਣੀ ਮਿਸਾਲ ਆਪ ਹਨ। ਸਿੰਘ ਬਿਰਤੀ ਮੁਤਾਬਿਕ ਬਦਨੀਤੀਆਂ ਅਤੇ ਕੁਰੀਤੀਆਂ ਖ਼ਿਲਾਫ਼ 'ਸਿੰਘ' ਗਰਜ ਵਾਲੇ ਦਲੇਰ ਲਿਖਾਰੀ ਹਨ। ਪ੍ਰਵਿਰਤੀ ਮੂਲਕ ਨਿਵਿਰਤੀ ਅਤੇ ਜਲ 'ਚ ਕੰਵਲ ਦੇ ਨਿਰਲੇਪ ਰਹਿਣ ਵਾਂਗ, ਦੋਸ਼-ਰਹਿਤ ਹੋ ਕੇ ਜੀਵਦਿਆਂ ਮੁਕਤ ਹਨ। ਜੀਵਨ ਦੇ ਸਾਢੇ ਅੱਠ ਦਹਾਕੇ ਪੂਰੇ ਕਰਕੇ, ਸਦਾ ਚੜ੍ਹਦੀ ਕਲਾ 'ਚ ਨਜ਼ਰ ਆਉਂਦੇ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ ਕਿਤਾਬ 'ਕੁੰਡਲੀਏ ਨਿਰਦੋਸ਼ ਦੇ' ਪਾਠਕਾਂ ਦੇ ਹੱਥਾਂ 'ਚ ਹੈ। ਕਿਤਾਬ ਦੀ ਅਹਿਮੀਅਤ ਦਾ ਸਹੀ ਨਿਰਣਾ ਪਾਠਕਾਂ ਨੇ ਕਰਨਾ ਹੈ। ਚਾਹੇ ਗਿਆਨੀ ਜੀ ਦਾ ਆਖਣਾ ਹੈ ਕਿ ਇਹ ਉਹਨਾਂ ਦੀ ਆਖ਼ਰੀ ਕਿਤਾਬ ਹੈ, ਐਪਰ ਸਾਡੀ ਅਰਦਾਸ ਹੈ ਕਿ ਉਹਨਾਂ ਦੀ ਕਲਮ ਇਸੇ ਤਰ੍ਹਾਂ ਹੀ ਪੰਜਾਬੀ ਦਾ ਖ਼ਜ਼ਾਨਾ ਭਰਪੂਰ ਕਰਦੀ ਰਹੇ। ਇਸ ਵਿੱਚ ਦੋ ਰਾਵਾਂ ਨਹੀਂ ਕਿ ਜਿਥੇ ਕਵੀ ਨਿਰਦੋਸ਼ ਜੀ ਨੇ ਸਿਹਤ ਨਾਸਾਜ਼ ਹੋਣ ਦੇ ਬਾਵਜੂਦ ਨਿਰੰਤਰ ਲਿਖਦਿਆਂ ਵਡਮੁੱਲਾ ਸਾਹਿਤ ਦਿੱਤਾ ਹੈ, ਉਥੇ ਲਿਖਣ ਦੇ ਉਤਸ਼ਾਹ ਕਰਕੇ ਉਹਨਾਂ ਦੀ ਜ਼ਿੰਦਗੀ ਚੜ੍ਹਦੀ ਕਲਾ 'ਚ ਰਹੀ ਹੈ ਤੇ ਜੀਵਨ ਸਫ਼ਰ ਸੁਹਾਵਣਾ ਹੋਇਆ ਹੈ। ਦੁਆ ਕਰਦੇ ਹਾਂ ਕਿ ਅੱਗੇ ਵੀ ਕਲਮ ਤੇ ਜੀਵਨ ਸਫ਼ਰ ਇਕ-ਦੂਜੇ ਨੂੰ ਅੱਗੇ ਵਧਾਉਂਦੇ ਰਹਿਣ ਅਤੇ ਲੇਖਕ ਦੀ ਸਤਿਗੁਰ ਅਤੇ ਸਾਹਿਤ ਨਾਲ ਪ੍ਰੀਤ ਇੰਝ ਹੀ ਬਣੀ ਰਹੇ।

ਪੰਜਾਬੀ ਸਾਹਿਤ ਸਭਾਵਾਂ, ਐਬਸਫੋਰਡ (ਬੀ ਸੀ.) ਕੈਨੇਡਾ



# ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜਿਆ ਵਿਰਸਾ-ਲਿਖਣਸਰ ਸਰੋਵਰ ਅਤੇ ਦਮਦਮੀ ਟਕਸਾਲ



ਡਾ. ਰਵਿੰਦਰ ਸਿੰਘ

ਜਦੋਂ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਸਰਬੰਸ ਵਾਰ ਕੇ, ਅਨੰਦਪੁਰ ਸਾਹਿਬ ਛੱਡ ਕੇ, ਚਮਕੌਰ ਦੀ ਜੰਗ ਜਿੱਤ ਕੇ, ਸ੍ਰੀ ਮੁਕਤਸਰ ਸਾਹਿਬ ਟੁੱਟੀ ਗੰਢ ਕੇ ਸਾਬੋ ਕੀ ਤਲਵੰਡੀ ਆਏ ਤਾਂ ਸਿੰਘਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਸਾਰੇ ਦੁਸ਼ਮਣ ਹਾਰ ਮੰਨ ਕੇ ਭੱਜ ਚੁੱਕੇ ਹਨ ਤੇ ਹੁਣ ਸਾਨੂੰ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਕਿਰਪਾ ਕਰੋ। ਗੁਰੂ ਜੀ ਨੇ ਕਿਹਾ ਕਿ ਤੁਸੀਂ ਧੀਰ ਮੱਲ ਕੋਲ ਕਰਤਾਰਪੁਰ ਦੁਆਬੇ 'ਚ ਜਾਓ ਤੇ ਪੰਜਵੇਂ ਪਾਤਸ਼ਾਹ ਜੀ ਨੇ ਜੋ ਗੁਰਬਾਣੀ ਦੀ ਬੀੜ ਰਚੀ ਹੈ, ਉਸ 'ਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਲਿਖਣ ਲਈ ਜਗ੍ਹਾ ਖਾਲੀ ਛੱਡੀ ਹੈ, ਉਹ ਸਰੂਪ ਲੈ ਆਓ। ਨਾਲੇ ਗੁਰਬਾਣੀ ਚੜ੍ਹਾ ਦਈਏ ਤੇ ਨਾਲੇ ਤੁਹਾਨੂੰ ਅਰਥ ਪੜ੍ਹਾ ਦਈਏ। 25 ਸਿੰਘ ਧੀਰ ਮੱਲ ਕੋਲ ਗਏ ਤਾਂ ਧੀਰ ਮੱਲ ਨੇ ਮਨਾਂ ਕਰਦਿਆਂ ਜਵਾਬ ਦਿੱਤਾ ਕਿ ਇਹ ਬੀੜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਵਿਚ ਤਿਆਰ ਕੀਤੀ ਹੈ, ਆਪ ਵੀ ਗੁਰੂ ਜੀ ਉਨ੍ਹਾਂ ਦਾ ਸਰੂਪ ਹੀ ਹਨ, ਆਪ ਕੰਠੋਂ ਕਿਉਂ ਨਹੀਂ ਰਚ ਲੈਂਦੇ? ਮੇਰੇ ਕੋਲੋਂ ਵੱਡਿਆਂ ਦੀ ਬਖਸ਼ਿਸ਼ ਕਿਉਂ ਖੋਂਹਦੇ ਹਨ? ਸਿੰਘਾਂ ਨੇ ਵਾਪਸ ਪਰਤ ਕੇ ਇਵੇਂ ਹੀ ਗੁਰੂ ਜੀ ਨੂੰ ਦੱਸ ਦਿੱਤਾ। ਫਿਰ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਆਪਣੀ ਪਵਿੱਤਰ ਰਸਨਾਂ ਤੋਂ ਸਾਰਾ ਗੁਰੂ ਗ੍ਰੰਥ ਸਾਹਿਬ ਕੰਠੋਂ ਉਚਾਰਨ ਲੱਗੇ ਅਤੇ ਅਜਿਹੀ ਅਗੰਮੀ ਕਲਮ ਚੱਲੀ ਕਿ ਜਪੁ ਜੀ ਸਾਹਿਬ, ਰਹਰਾਸਿ ਸਾਹਿਬ ਤੇ ਕੀਰਤਨ ਸੋਹਿਲੇ ਤੱਕ ਗੁਰਬਾਣੀ ਪਹਿਲੇ ਦਿਨ ਹੀ ਲਿਖੀ ਗਈ ਤੇ ਸ਼ਾਮ ਨੂੰ ਸਾਰੀ ਦੇ ਅਰਥ ਸੁਣਾਏ ਗਏ। ਇਸ ਤਰ੍ਹਾਂ ਗੁਰਬਾਣੀ ਦੀ ਲਿਖਾਈ ਅਤੇ ਅਰਥਾਂ ਦੀ ਪੜ੍ਹਾਈ ਸ਼ੁਰੂ ਕੀਤੀ। ਗੁਰੂ ਜੀ ਅੰਮ੍ਰਿਤ ਵੇਲੇ ਜਿੰਨੀ ਗੁਰਬਾਣੀ ਲਿਖਾਇਆ ਕਰਦੇ, ਪਿਛਲੇ ਪਹਿਰ ਓਨੀ ਦੇ ਹੀ 48 ਸਿੰਘਾਂ ਨੂੰ ਅਰਥ ਪੜ੍ਹਾਇਆ ਕਰਦੇ। ਇਸ ਪ੍ਰਕਾਰ 9 ਮਹੀਨੇ 9 ਦਿਨਾਂ ਵਿਚ ਸੰਮਤ 1763 ਬਿਕਰਮੀ 23 ਸਾਵਣ ਤੱਕ ਅਰਥ ਪੜ੍ਹਾਏ ਤੇ ਸਾਰੀ ਬਾਣੀ ਨੌਵੇਂ ਪਾਤਸ਼ਾਹ ਦੀ ਬਾਣੀ ਸਮੇਤ ੧ਓ ਤੋਂ ਅਠਾਰਹ ਦਸ ਬੀਸ ਤੱਕ ਸੰਪੂਰਨ ਕੀਤੀ। ਇਕ ਲਗ, ਮਾਤ੍ਰ ਦਾ ਵੀ ਫ਼ਰਕ ਨਹੀਂ ਪਾਇਆ। ਪੰਜਵੇਂ ਪਾਤਸ਼ਾਹ ਦੇ ਰਚੇ ਕਰਤਾਰਪੁਰ ਸਾਹਿਬ ਵਾਲੇ ਸਰੂਪ 'ਚ ਰਹਰਾਸਿ ਸਾਹਿਬ ਦੇ ਕੇਵਲ ਪਹਿਲੇ ਪੰਜ ਸ਼ਬਦ ਹੀ ਹਨ, ਨੌਵੇਂ ਪਾਤਸ਼ਾਹ ਦੀ ਬਾਣੀ ਵੀ ਨਹੀਂ ਹੈ। ਦਸਮੇਸ਼ ਪਿਤਾ ਨੇ ਜੋ ਸਰੂਪ ਸੰਪੂਰਨ ਕੀਤਾ, ਉਸ ਵਿਚ ਰਹਰਾਸਿ ਸਾਹਿਬ ਦੇ ਨੌਂ ਸ਼ਬਦ ਲਿਖਾਏ ਗਏ, ਜਿਨ੍ਹਾਂ ਦਾ ਪਾਠ ਹਰ ਰੋਜ਼ ਸੰਗਤਾਂ ਕਰਦੀਆਂ ਹਨ। ਭੋਗ ਦੋਹਾਂ ਸਰੂਪਾਂ ਦਾ ਅਠਾਰਹ ਦਸ ਬੀਸ 'ਤੇ ਹੀ ਹੈ। ਪਹਿਲੇ ਸਰੂਪ ਦੇ ਲਿਖਾਰੀ ਬ੍ਰਹਮ ਗਿਆਨੀ ਭਾਈ ਗੁਰਦਾਸ ਜੀ ਸਨ। ੧ਓ ਤੋਂ ਅਠਾਰਹ ਦਸ ਬੀਸ ਤੱਕ ਇਕੋ ਲਿਖਾਰੀ, ਇਕੋ ਲਿਖਣ-ਸ਼ੈਲੀ ਅੱਖਰਾਂ ਦੀ ਬਣਤਰ, ਸਿਹਾਈ ਤੇ ਕਾਗਜ਼ ਇਕੋ ਤਰ੍ਹਾਂ ਦਾ ਹੀ ਹੈ। ਗੁਰੂ ਜੀ ਨੇ ਇਹ ਸਾਬੋ ਕੀ ਤਲਵੰਡੀ ਦਾ ਨਾਂਅ ਤਖ਼ਤ ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਰੱਖ ਕੇ ਵਰ ਦਿੱਤਾ ਕਿ ਜੋ ਇੱਥੇ ਬੈਲ-ਬੁੱਧੀ ਵਾਲਾ ਵੀ ਪੜ੍ਹੇਗਾ, ਉਸ ਨੂੰ ਛੇਤੀ ਵਿੱਦਿਆ ਪ੍ਰਾਪਤ ਹੋਇਆ ਕਰੇਗੀ। ਗੁਰਬਾਣੀ ਦੇ ਸੰਪੂਰਨ ਹੋਣ ਤੋਂ ਜੋ ਸਿਆਹੀ ਤੇ ਕਲਮਾਂ ਬਚੀਆਂ, ਗੁਰੂ ਜੀ ਨੇ ਜਿਸ ਸਰੋਵਰ ਵਿਚ ਸੁੱਟੀਆਂ ਉਸ ਦਾ ਨਾਂਅ ਸ੍ਰੀ ਲਿਖਣਸਰ ਸਰੋਵਰ ਰੱਖਿਆ ਗਿਆ। ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਦੇ 26ਵੇਂ ਪ੍ਰਸੰਗ ਦੱਖਣ ਕੇ ਤੁਰਨੇ ਕੀ ਸਾਖੀ ਵਿਚ ਲਿਖਿਆ ਹੈ:-

**ਨੌਂ ਮਹੀਨੈ ਤੇ ਨੌਂ ਦਿਨੈ,**
**ਤਲਵੰਡੀ ਰਖੈ ਮੁਕਾਮ।**
**ਡੇਰਾ ਤੋਰਾ ਰੁਖ ਦਖਣ,**
**ਛਡ ਤੁਰਕਨ ਬਡ ਥਾਨ।**

ਹੁਣ ਇੱਥੇ ਰਹਿ ਕੇ ਗੁਰੂ ਸਾਹਿਬ ਜੀ ਨੇ ਉਹ ਸੰਕਲਪ ਵੀ ਪੂਰਾ ਕੀਤਾ, ਜੋ ਧੀਰ ਮੱਲ ਨੇ ਤਾਨ੍ਹਾ ਦੇ ਭੇਜਿਆ ਸੀ। ਹੁਣ ਦਮਦਮਾ ਸਾਹਿਬ ਜੰਗਾਂ-ਯੁੱਧਾਂ ਤੋਂ ਫ਼ੁਰਸਤ ਪਾ ਕੇ ਗੁਰੂ ਜੀ ਨੇ ਇਹ ਰੀਤ ਥਾਪੀ ਕਿ ਇਕ ਪਹਿਰ ਨਿਤਾਪ੍ਰਤੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੰਬੂ ਵਿਚ ਬੈਠ ਕੇ ਉਚਾਰਦੇ ਰਹਿੰਦੇ ਤੇ ਭਾਈ ਮਨੀ ਸਿੰਘ ਲਿਖਦੇ ਰਹਿੰਦੇ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਚ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਦਇਆ ਸਿੰਘ, ਭਾਈ ਮਲਿਆਗਰ ਸਿੰਘ, ਭਾਈ ਧੰਨਾ ਸਿੰਘ ਆਦਿ 48 ਸਿੰਘਾਂ ਨੇ ਅਰਥ ਪੜ੍ਹੇ। ਭਾਈ ਮਨੀ ਸਿੰਘ ਨੂੰ ਕੁਝ ਸਿੰਘਾਂ ਸਮੇਤ ਕਲਗੀਧਰ ਪਿਤਾ ਨੇ ਸ੍ਰੀ ਹਜ਼ੂਰ ਸਾਹਿਬ ਤੋਂ ਗੁਰਿਆਈ ਵਾਲੀ ਪਾਵਨ ਬੀੜ ਦੇ ਕੇ ਹੈੱਡ ਗ੍ਰੰਥੀ ਥਾਪ ਕੇ ਸ੍ਰੀ ਅੰਮ੍ਰਿਤਸਰ ਭੇਜਿਆ। 48 ਸਿੰਘਾਂ ਨੇ ਸ੍ਰੀ ਦਸਮੇਸ਼ ਪਿਤਾ ਤੋਂ ਅਰਥ ਸੁਣ ਕੇ ਬ੍ਰਹਮ ਗਿਆਨ ਪਾ ਲਿਆ ਤੇ ਜੀਵਨ-ਮੁਕਤ ਤੇ ਬਿਦੇਹ ਮੁਕਤ ਹੋ ਗਏ। ਕਿਸੇ ਨੂੰ ਸਰੀਰ ਦਾ ਚੇਤਾ ਨਾ ਰਿਹਾ। ਇਹ ਵੇਖ ਕੇ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਕਿਹਾ ਕਿ ਭਾਈ ਸਾਹਿਬ ਤੁਸੀਂ ਦੂਜੇ ਸਿੰਘਾਂ ਵਾਂਗ ਬਿਦੇਹ-ਮੁਕਤ ਹੋ ਕੇ ਸਭ ਕੁਝ ਛੱਡਣਾ ਨਹੀਂ, ਸਗੋਂ ਸੇਵਾ ਕਰਨੀ ਹੈ, ਭਾਵੇਂ ਤੁਹਾਡੇ ਸਰੀਰ ਦਾ ਬੰਦ-ਬੰਦ ਕਿਉਂ ਨਾ ਕੱਟਿਆ ਜਾਵੇ, ਤੁਹਾਡੇ ਗਿਆਨ ਵਿਚ ਕੋਈ ਫ਼ਰਕ ਨਹੀਂ ਪਵੇਗਾ ਅਤੇ ਬਾਬਾ ਦੀਪ ਸਿੰਘ ਜੀ ਨੂੰ ਆਗਿਆ ਕੀਤੀ ਕਿ ਤੁਸੀਂ ਵੀ ਸੇਵਾ ਕਰਨੀ ਹੈ, ਤੁਹਾਡੇ ਗਿਆਨ ਵਿਚ ਵੀ ਕੋਈ ਕਚਿਆਈ ਨਹੀਂ ਆਵੇਗੀ, ਭਾਵੇਂ ਤੁਹਾਡੇ ਸਰੀਰ ਨਾਲੋਂ ਸੀਸ ਵੀ ਕਿਉਂ ਨਾ ਅੱਡ ਹੋ ਜਾਵੇ, ਤੁਸੀਂ ਉਸੇ ਤਰ੍ਹਾਂ ਹੀ ਗਿਆਨ ਵਿਚ ਸਥਿਤ ਰਹੋਗੇ।

ਫਿਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜਾ ਕੇ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖ਼ਸ਼ ਕੇ ਭਾਈ ਮਨੀ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਭੇਜਿਆ। ਇੱਥੇ ਆ ਕੇ ਭਾਈ ਸਾਹਿਬ ਨੇ ਅਰਥਾਂ ਦੀ ਟਕਸਾਲ ਚਲਾਈ ਅਤੇ ਬਾਬਾ ਦੀਪ ਸਿੰਘ ਨੇ ਵੀ ਹੁਕਮ ਮੰਨ ਕੇ ਦਮਦਮੇ ਸਾਹਿਬ ਆ ਕੇ ਟਕਸਾਲ ਚਲਾਈ। ਇਹ ਦੋਵੇਂ ਟਕਸਾਲਾਂ ਹੁਣ ਤੱਕ ਸੀਨੇ-ਬਸੀਨੇ ਬ੍ਰਹਮ ਗਿਆਨੀਆਂ ਦੁਆਰਾ ਚਲੀਆਂ ਆ ਰਹੀਆਂ ਹਨ। ਦਮਦਮੀ ਟਕਸਾਲ ਸੰਪਰਦਾਇਕ ਪ੍ਰਣਾਲੀ ਵਿਚ ਇਸ ਟਕਸਾਲ ਦਾ ਬਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਿਆ ਗਿਆ ਹੈ। ਉਨ੍ਹਾਂ ਤੋਂ ਬਾਅਦ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਭਾਈ ਮਨੀ ਸਿੰਘ ਦੀ ਜ਼ਿੰਮੇਵਾਰੀ ਗੁਰਬਾਣੀ ਦਾ ਸ਼ੁੱਧ ਉਚਾਰਨ ਤੇ ਅਰਥ ਸਮਝਾਉਣ ਲਈ ਲਗਾਈ ਗਈ ਤੇ ਦਮਦਮਾ ਸਾਹਿਬ ਵਿਚ ਬਾਬਾ ਦੀਪ ਸਿੰਘ ਨੂੰ ਟਕਸਾਲ ਦਾ ਮੁਖੀ ਐਲਾਨਿਆ ਗਿਆ। ਬਾਬਾ ਦੀਪ ਸਿੰਘ ਦੀ ਸ਼ਹੀਦ ਤੋਂ ਬਾਅਦ ਬਾਬਾ ਗੁਰਬਖ਼ਸ਼ ਸਿੰਘ, ਸ਼ਹੀਦ ਭਾਈ ਸੂਰਤ ਸਿੰਘ, ਭਾਈ ਗੁਰਦਾਸ ਸਿੰਘ, ਭਾਈ ਸੰਤ ਸਿੰਘ, ਸੰਤ ਦਇਆ ਸਿੰਘ, ਸੰਤ ਗਿਆਨੀ ਭਗਵਾਨ ਸਿੰਘ, ਸੰਤ ਹਰਨਾਮ ਸਿੰਘ ਬੇਦੀ, ਸੰਤ ਬਾਬਾ ਬਿਸ਼ਨ ਸਿੰਘ ਮੁਰਾਲੇ ਵਾਲੇ, ਸੰਤ ਗਿਆਨੀ ਸੁੰਦਰ ਸਿੰਘ ਭਿੰਡਰਾਂ ਵਾਲੇ, ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲੇ, ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਭਿੰਡਰਾਂ ਵਾਲੇ, ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲੇ, ਬਾਬਾ ਠਾਕੁਰ ਸਿੰਘ ਖ਼ਾਲਸਾ ਅਤੇ ਹੁਣ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂ ਵਾਲੇ ਗੱਦੀ 'ਤੇ ਬਿਰਾਜਮਾਨ ਹਨ।

ਅਜੋਕੇ ਸਮੇਂ ਵਿਚ ਸਿੱਖ ਧਰਮ ਦੇ ਵਿਕਾਸ ਲਈ ਲੋਕਾਂ ਨੂੰ ਗੁਰਬਾਣੀ ਦੇ ਲੜ ਲਾਉਣ ਲਈ ਅਜਿਹੀਆਂ ਟਕਸਾਲਾਂ ਦੀ ਬਹੁਤ ਲੋੜ ਹੈ। ਜ਼ਿਆਦਾਤਰ ਸਿੰਘ ਗੁਰਬਾਣੀ ਦਾ ਉਚਾਰਨ ਕਰਨ ਦੇ ਵੇਲੇ ਕੁਤਾਹੀ ਵਰਤਦੇ ਹਨ ਤੇ ਨਾ ਹੀ ਉਨ੍ਹਾਂ ਨੂੰ ਗੁਰਬਾਣੀ ਦੀ ਉਸ ਤੁੱਕ ਦਾ ਕੋਈ ਅਰਥ ਪਤਾ ਹੁੰਦਾ ਹੈ ਤੇ ਨਾ ਹੀ ਉਸ ਦੀ ਮਹੱਤਤਾ। ਅਜੋਕੇ ਸਮੇਂ ਦੇ ਵਿਚ ਦਮਦਮੀ ਟਕਸਾਲ ਦਾ ਪੰਜਾਬ ਸੂਬੇ ਵਿਚ ਮੁੱਖ ਕੇਂਦਰ ਮਹਿਤਾ ਅੰਮ੍ਰਿਤਸਰ ਸਾਹਿਬ ਅਤੇ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਵਿਚ ਹੈ। ਦਮਦਮੀ ਟਕਸਾਲ ਸਿੱਖ ਪੰਥ ਦੀ ਇਕ ਪ੍ਰਸਿੱਧ ਧਾਰਮਿਕ ਤੇ ਵਿੱਦਿਅਕ ਸੰਸਥਾ ਹੈ। ਮਹਿਤਾ ਪਿੰਡ ਵਿਚ ਸਥਿਤ ਟਕਸਾਲ ਦਾ ਕੇਂਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਹ ਸਥਾਨ ਸਿੱਖ ਧਰਮ ਦੀ ਸਿੱਖਿਆ, ਗੁਰਬਾਣੀ ਦੇ ਸ਼ੁੱਧ ਉਚਾਰਨ, ਕਥਾ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਮਹਿਤਾ ਵਾਲੀ ਦਮਦਮੀ ਟਕਸਾਲ ਨੇ ਪੰਜਾਬ ਅਤੇ ਸਿੱਖ ਪੰਥ ਵਿਚ ਧਾਰਮਿਕ ਜਾਗਰੂਕਤਾ ਫੈਲਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਅੱਜ ਵੀ ਇੱਥੇ ਵੱਡੇ ਧਾਰਮਿਕ ਸਮਾਗਮ, ਨਗਰ ਕੀਰਤਨ ਅਤੇ ਗੁਰਮਤਿ ਪ੍ਰਚਾਰ ਦੇ ਕਾਰਜ ਹੁੰਦੇ ਰਹਿੰਦੇ ਹਨ।

# ਆਓ, ਗੁਰਦੁਆਰਿਆਂ ਦੀ ਮਹਾਨਤਾ ਕਾਇਮ ਰੱਖੀਏ



ਕੇਵਲ ਸਿੰਘ

ਸਿੱਖ ਜਗਤ ਵਿਚ ਗੁਰਦੁਆਰਾ ਸਾਹਿਬ ਉਹ ਪਾਵਨ ਅਸਥਾਨ ਹੈ, ਜਿੱਥੇ ਰੱਬੀ ਗਿਆਨ ਉਪਦੇਸ਼ ਸੰਸਾਰ ਦੇ ਪ੍ਰਾਣੀ ਮਾਤਰ ਲਈ ਬਖਸ਼ਿਸ਼ ਹੁੰਦਾ ਹੈ। ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਨਾਲ ਮਨੁੱਖ ਨੇ ਆਪਣੇ ਅਵਗੁਣਾਂ ਨੂੰ ਦੂਰ ਕਰਨਾ ਹੈ ਅਤੇ ਮਨ 'ਤੇ ਲੱਗੀ ਅਗਿਆਨਤਾ ਦੀ ਮੈਲ ਨੂੰ ਉਤਾਰਨ ਦਾ ਢੰਗ-ਤਰੀਕਾ ਸਿੱਖਣਾ ਹੈ। ਇਸ ਪਾਵਨ ਅਸਥਾਨ ਤੋਂ ਜੀਵਨ ਦੀ ਉਹ ਸੋਝੀ, ਸਮਝ ਤੇ ਗਿਆਨ ਲੈਣਾ ਹੈ, ਜੋ ਸੰਸਾਰ ਦੇ ਕਿਸੇ ਹੋਰ ਅਸਥਾਨ ਤੋਂ ਨਹੀਂ ਮਿਲਦਾ। ਗਿਆਨ ਦੇ ਕੀ ਅਰਥ ਹਨ, ਇਨ੍ਹਾਂ 'ਤੇ ਹਰ ਇਕ ਮਨੁੱਖ ਨੂੰ ਬਹੁਤ ਧਿਆਨ ਦੇਣ ਦੀ ਜ਼ਰੂਰਤ ਹੈ। ਇਤਿਹਾਸ ਦੇ ਉਹ ਮਹਾਨ ਮਨੁੱਖ ਧਿਆਨ ਵਿਚ ਲੈ ਕੇ ਆਈਏ, ਜਿਨ੍ਹਾਂ ਗੁਰੂ ਤੋਂ ਗਿਆਨ ਲੈ ਕੇ ਮਨੁੱਖੀ ਜੀਵਨ ਨੂੰ ਅਸਲ ਵਿਚ ਸਫ਼ਲ ਬਣਾਇਆ ਅਤੇ ਉਹ ਸੰਸਾਰ ਅੰਦਰ ਕਿਵੇਂ ਨਿਰਭਉ, ਨਿਰਵੈਰ ਤੇ ਨਿਰਪੱਖ ਹੋ ਕੇ ਸਭ ਨੂੰ ਆਪਣੇ ਮਿੱਤਰ ਬਣਾ ਕੇ ਵਿਚਰੇ। ਉਨ੍ਹਾਂ ਨੇ ਕਦੇ ਬੁਰਾਈ ਨਾਲ ਜਾਂ ਮਾੜੇ ਕਰਮਾਂ ਨਾਲ ਸਮਝੌਤਾ ਨਹੀਂ ਕੀਤਾ। ਉਨ੍ਹਾਂ ਸੱਚ ਦਾ ਮਾਰਗ ਅਖ਼ਤਿਆਰ ਕਰਕੇ ਜ਼ੋਰ, ਜ਼ੁਲਮ, ਅੱਤਿਆਚਾਰ, ਧੱਕੇ ਤੇ ਬੇਇਨਸਾਫ਼ੀ ਨੂੰ ਕਦੀ ਪ੍ਰਵਾਨ ਨਹੀਂ ਕੀਤਾ। ਉਨ੍ਹਾਂ ਕਿਸੇ ਨੂੰ ਜਾਤ-ਜਨਮ ਆਦਿ ਦੇ ਭੇਦਭਾਵ ਨਾਲ ਨਾ ਵੇਖਿਆ ਤੇ ਨਾ ਵਿਤਕਰਾ ਕੀਤਾ। ਉਨ੍ਹਾਂ ਨੇ ਸਭ ਨੂੰ ਇਕ ਵਾਹਿਗੁਰੂ ਦੇ ਸਾਜੇ ਹੋਏ ਮਨੁੱਖ ਕਰਕੇ ਜਾਣਿਆ। ਉਹ ਨੇਕੀ ਪਰਉਪਕਾਰੀ ਤਥਾ ਸਰਬੱਤ ਦੇ ਭਲੇ ਵਾਲੀ ਸੋਚ ਦੇ ਧਾਰਨੀ ਹੋ ਕੇ ਜੀਵੇ ਹਨ। ਉਨ੍ਹਾਂ ਲਈ ਗ਼ਰੀਬੀ-ਅਮੀਰੀ ਦਾ ਕੋਈ ਅੰਤਰ ਨਹੀਂ ਸੀ। ਉਹ ਸਬਰ-ਸ਼ੁਕਰ ਦੇ ਨਾਲ ਦੁੱਖ-ਸੁੱਖ ਨੂੰ ਇਕ ਸਮਾਨ ਸਮਝਦਿਆਂ ਵਿਚਰਦੇ ਰਹੇ।

ਇਹੀ ਖ਼ਿਆਲ ਹਰ ਉਸ ਮਨੁੱਖ ਵਿਚ ਪੈਦਾ ਹੋਵੇ, ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਦਰ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਨਮਸਕਾਰ ਕਰਨ ਲਈ ਜਾ ਰਿਹਾ ਹੈ ਜਾਂ ਆਇਆ ਹੈ। ਗੁਰਦੁਆਰਾ ਸਾਹਿਬ ਰੱਬੀ ਗਿਆਨ ਦਾ ਕੇਂਦਰ ਹੈ। ਇੱਥੋਂ ਜੋ ਗਿਆਨ ਮਿਲਦਾ ਹੈ, ਉਹ ਮਨੁੱਖ ਦੇ ਮਨ ਦੀ ਹਰ ਤਰ੍ਹਾਂ ਦੀ ਨਫ਼ਰਤ, ਘਿਰਣਾ, ਦੂਈ-ਦਵੈਤ ਤੋਂ ਮੁਕਤੀ ਦਿਵਾਉਂਦਾ ਹੈ। ਜਦੋਂ ਹਰ ਮਨੁੱਖ ਇਸ ਤਰ੍ਹਾਂ ਆਪਣੇ-ਆਪ ਨੂੰ ਜਗਿਆਸੂ ਬਣਾ ਕੇ ਆਪਣੇ ਘਰ ਤੋਂ ਗੁਰਦੁਆਰਾ ਸਾਹਿਬ ਵੱਲ ਨੂੰ ਸੁਰਤ ਤੇ ਸਰੀਰ ਦੋਵਾਂ ਦੇ ਕਦਮ ਪੁੱਟਦਾ ਚੱਲੇਗਾ ਤਾਂ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਕਹੇ ਹੋਏ ਤਜਰਬੇ 'ਚੋਂ ਪ੍ਰਾਪਤ ਬੋਲਾਂ ਵਾਲਾ ਸੱਚ ਜਗਿਆਸੂ ਮਨੁੱਖ ਦੀ ਸਮਝ ਦਾ ਝੱਟ ਹਿੱਸਾ ਹੋ ਜਾਵੇਗਾ:-

**ਚਰਨ ਸਰਨਿ ਗੁਰ ਏਕ ਪੈਡਾ ਜਾਏ ਚਲ**
**ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ।**

ਸਾਡੇ ਕੋਲ ਇਤਿਹਾਸ ਹੈ ਤੇ ਇਤਿਹਾਸ ਦੇ ਅਮਲੀ ਜੀਵਨ ਵਾਲੇ ਮਹਾਨ ਗੁਰਸਿੱਖ ਹਨ, ਜਿਨ੍ਹਾਂ ਨੇ ਗੁਰੂ ਸਾਹਿਬਾਨ ਦੀ ਮਹਾਨਤਾ ਨੂੰ ਮਨ, ਬਚਨ, ਕਰਮ ਕਰਕੇ ਜਾਣਿਆ ਅਤੇ ਕਮਾਇਆ। ਜਗਿਆਸੂ ਮਨੁੱਖ ਦੀ ਸਮਝ ਬਲਵਾਨ ਹੁੰਦੀ ਜਾਵੇਗੀ ਤੇ ਇਹ ਵੀ ਪਤਾ ਲੱਗੇਗਾ ਕਿ ਗੁਰਦੁਆਰਾ ਸਾਹਿਬ ਆਉਣਾ ਮਹਿਜ਼ ਪਰੰਪਰਾ ਨਹੀਂ, ਇਹ ਗਿਆਨ ਦਾਤੇ ਦੇ ਚਰਨਾਂ ਵਿਚ ਸਮਰਪਣ ਹੈ। ਇੱਥੋਂ ਦੀ ਮਰਿਆਦਾ ਉਹੀ ਹੈ, ਜੋ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਨੌਵੀਂ ਪਉੜੀ 'ਚ ਸਮਝਾਈ ਹੋਈ ਹੈ:-

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ**
**ਹੁਕਮਿ ਮੰਨਿਐ ਪਾਈਐ ॥** (ਅੰਗ: 917)

ਵਰਤਮਾਨ ਵਿਚ ਖ਼ੁਦ ਤੋਂ ਵੇਖਣਾ-ਪਰਖਣਾ ਸ਼ੁਰੂ ਕਰੀਏ ਕਿ ਮੈਂ ਕਿਹੜੇ ਲਹਿਜ਼ੇ ਵਿਚ ਗੁਰਦੁਆਰਾ ਸਾਹਿਬ ਜਾ ਰਿਹਾ ਹਾਂ। ਇਕ ਸੱਚਾ ਜਗਿਆਸੂ ਬਣ ਕੇ ਜਾ ਰਿਹਾ ਹਾਂ ਜਾਂ ਖ਼ੁਦ ਨੂੰ ਖ਼ਾਨਦਾਨੀ ਸਿੱਖ ਮੰਨ ਕੇ ਇਕ ਕਿਸਮ ਦੀ ਮਰਿਆਦਾ ਪੂਰਤੀ ਕਰ ਰਿਹਾ ਹਾਂ ਮੱਥਾ ਟੇਕਣ ਦੀ, ਜਿਸ ਰੋਜ਼ ਇਹ ਅੰਤਰ ਸਮਝ-ਸੂਝ ਦਾ ਸਹੀ ਰੂਪ ਵਿਚ ਹਿੱਸਾ ਬਣ ਗਿਆ, ਉਸ ਦਿਨ ਸਭ ਕੁਝ ਅੰਦਰ ਬਦਲ ਜਾਵੇਗਾ। ਹੈਰਾਨੀਜਨਕ ਤਬਦੀਲੀ ਖ਼ੁਦ 'ਚੋਂ ਵੇਖਣ ਨੂੰ ਮਿਲੇਗੀ। ਪ੍ਰੇਸ਼ਾਨੀ ਇਸ ਗੱਲ ਦੀ ਹੋਵੇਗੀ ਕਿ ਅਜਿਹਾ ਪਹਿਲਾਂ ਕਿਉਂ ਨਹੀਂ ਕੀਤਾ। ਸਿਰ ਆਪਣੇ-ਆਪ ਗਿਆਨ ਦਾਤਾ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਝੁਕ ਜਾਵੇਗਾ। ਗੁਰਦੁਆਰਾ ਸਾਹਿਬ ਦਾ ਮਹੱਤਵ ਅੰਦਰ ਖੁੱਲ੍ਹੇਗਾ। ਸ਼ੁਕਰ-ਸ਼ੁਕਰ ਕਰਦਾ ਜਗਿਆਸੂ ਮਨੁੱਖ ਗੁਰੂ ਤੋਂ ਸਦਕੇ ਜਾਵੇਗਾ। ਹਿਰਦੇ 'ਚੋਂ ਗੁਰੂ ਦੇ ਗਿਆਨ ਬੋਲ ਆਪਣੇ-ਆਪ ਨਿਕਲ ਪੈਣਗੇ:-

**ਬਲਿਹਾਰੀ ਗੁਰ ਆਪਣੇ**
**ਦਿਉਹਾੜੀ ਸਦ ਵਾਰ ॥**
**ਜਿਨਿ ਮਾਣਸ ਤੇ ਦੇਵਤੇ ਕੀਏ**
**ਕਰਤ ਨ ਲਾਗੀ ਵਾਰ ॥** (ਅੰਗ: 462)

ਵਾਹਿਗੁਰੂ ਜੀ ਦੀ ਇਸ ਨਦਰਿ ਨੂੰ ਪਾ ਕੇ ਫਿਰ ਅੰਦਰ ਬਾਹਰ ਵੇਖੀਏ ਕੀ ਦਿਖਾਈ ਦੇਵੇਗਾ, ਜੋ ਹੋਵੇਗਾ ਉਸ ਦੀ ਵਿਆਖਿਆ ਲਈ ਸ਼ਬਦ ਨਹੀਂ ਹੋਣਗੇ। ਅਸੀਂ ਸਭ ਨੂੰ ਦੁਸ਼ਮਣ ਗਰਦਾਨਣ ਲੱਗੇ ਹੋਏ ਹਾਂ, ਕੀ ਹੋ ਗਿਆ ਹੈ ਸਾਨੂੰ। ਸਾਨੂੰ ਤਾਂ ਗੁਰੂ ਜੀ ਨੇ ਇਹ ਸਬਕ ਦਿੱਤਾ ਹੋਇਆ ਹੈਯ-

**ਮਨ ਅਪੁਨੇ ਤੇ ਬੁਰਾ ਮਿਟਾਨਾ ॥**
**ਪੇਖੈ ਸਗਲ ਸ੍ਰਿਸਟਿ ਸਾਜਨਾ ॥** (ਅੰਗ: 265)

ਗਲਤੀਆਂ ਕੌਣ ਨਹੀਂ ਕਰਦਾ? ਕੀ ਅਸੀਂ ਗ਼ਲਤੀਆਂ ਤੋਂ ਮੁਕਤ ਹਾਂ? ਸਾਡੇ ਵਿਚ ਕੋਈ ਗ਼ਲਤੀ ਨਹੀਂ? ਆਓ, ਆਪਾਂ ਵੇਖੀਏ ਆਪਣੇ ਅੰਦਰ ਆਪਣੀਆਂ ਗ਼ਲਤੀਆਂ ਨੂੰ , ਕਿਉਂਕਿ ਅਸੀਂ ਖ਼ੁਦ ਨੱਕੋ-ਨੱਕ ਭਰੇ ਹੋਏ ਹਾਂ, ਨਾ ਗਿਣੀਆਂ ਜਾ ਸਕਣ ਵਾਲੀਆਂ ਗ਼ਲਤੀਆਂ ਨਾਲ।

ਮੈ ਅਵਗਣ ਭਰਪੂਰਿ ਸਰੀਰੇ ॥
ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥
(ਅੰਗ: 560)

ਅੱਜ ਗੁਰਦੁਆਰਾ ਸਾਹਿਬ ਅੰਦਰ ਅਸੀਂ ਕੀ ਕੁਝ ਕਰਨ ਲੱਗੇ ਹੋਏ ਹਾਂ। ਸਾਡੀ ਬੁੱਧੀ 'ਤੇ ਕਿਵੇਂ ਦੇ ਪਰਦੇ ਪੈ ਗਏ ਹਨ। ਸਾਨੂੰ ਗੁਰੂ ਅਦਬ, ਗੁਰੂ ਭੈਅ, ਗੁਰੂ ਭਾਉ ਸਭ ਭੁੱਲ ਗਏ ਹਨ। ਸਾਡੀ ਖੋਟੀ ਅਕਲ ਹੀ ਸਭ ਕੁਝ ਹੋ ਗਈ ਹੈ। ਮਾੜਾ ਜਿਹਾ ਮਤਭੇਦ ਹੋਇਆ ਨਹੀਂ, ਅਸੀਂ ਕਿਸੇ ਦੀ ਧੌਣ ਵੱਢਣ ਤੱਕ ਤਿਆਰ ਹੋ ਜਾਂਦੇ ਹਾਂ। ਸਾਡੇ ਕੋਲ ਅੱਜ ਆਪਣੇ ਪੰਥਕ ਪ੍ਰਬੰਧ ਦਾ ਜੋ ਕਦੀ ਕੁੰਡਾ ਸੀ, ਗਵਾਚ ਗਿਆ ਹੈ। ਅੱਜ ਅਸੀਂ ਗੁਰੂ ਪੰਥ ਨਾਲੋਂ ਸੰਪਰਦਾਵਾਂ-ਡੇਰਿਆਂ ਤੇ ਇਨ੍ਹਾਂ ਦੇ ਮੁਖੀਆਂ ਦੇ ਵਧੇਰੇ ਆਦਰ-ਸਤਿਕਾਰ ਵਿਚ ਲੱਗ ਗਏ ਹਾਂ।

ਗੁਰਦੁਆਰਾ ਸਾਹਿਬ ਸਾਡੇ ਲਈ ਅਤਿ ਪਵਿੱਤਰ ਅਸਥਾਨ ਹੈ, ਜਿੱਥੇ ਵੈਰ, ਵਿਰੋਧ, ਅੰਤਰ ਆਦਿ ਦੇ ਮਸਲੇ ਕਿਸੇ ਵੀ ਰੂਪ ਅੰਦਰ ਵਿਵਾਦ ਦਾ ਹਿੱਸਾ ਨਹੀਂ ਬਣਨੇ ਚਾਹੀਦੇ। ਵਿਚਾਰ ਧਿਆਨ ਨਾਲ ਸੁਣਨੇ ਚਾਹੀਦੇ ਹਨ। ਕੱਟੜ ਤੋਂ ਕੱਟੜ ਦੁਸ਼ਮਣ ਵੀ ਗੁਰਦੁਆਰਾ ਸਾਹਿਬ ਦੇ ਅੰਦਰ ਆਵੇ, ਤਾਂ ਉਸ ਪਾਸੋਂ ਦੁਸ਼ਮਣੀ ਦਾ ਬਦਲਾ ਨਹੀਂ ਲੈਣਾ ਚਾਹੀਦਾ। ਇਹ ਗੁਰੂ ਵਿਚਾਰ ਦੇ ਅਨੁਸਾਰ ਨਹੀਂ ਮੰਨਿਆ ਜਾ ਸਕਦਾ। ਅੱਜ ਸੰਸਾਰ ਭਰ 'ਚੋਂ ਸਾਡੀਆਂ ਆਪਸੀ ਵਿਰੋਧ ਵਾਲੀਆਂ ਕਿਰਿਆਵਾਂ ਦੀਆਂ ਰੂਹਾਂ ਨੂੰ ਵਲੂੰਧਰਨ ਵਾਲੀਆਂ ਖ਼ਬਰਾਂ ਵਧੇਰੇ ਆਉਣ ਲੱਗੀਆਂ ਹਨ। ਪੰਥ ਦਰਦੀ ਇਸ ਪਾਸੇ ਧਿਆਨ ਦੇਣ। ਪ੍ਰਬੰਧਕੀ ਢਾਂਚੇ ਹੋਰ ਜ਼ਿੰਮੇਵਾਰ ਬਣਨ।

# ਕੁਰਸੀਆਂ ਦੀ ਲੜਾਈ ਨੇ ਲੋਕ ਮੁੱਦੇ ਵਿਸਾਰੇ

ਜਦੋਂ ਦਾ ਸਾਲ 2026 ਚੜ੍ਹਿਆ ਹੈ, ਉਦੋਂ ਤੋਂ ਪੰਜਾਬ ਵਿਚ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਸਨ, ਨਾਲ ਹੀ ਇਹ ਵੀ ਉਮੀਦ ਜਾਗੀ ਸੀ ਕਿ ਹੁਣ ਤਾਂ ਕੋਈ ਪੰਜਾਬ ਦੇ ਮੁੱਦਿਆਂ ਦੀ ਗੱਲ ਕਰੇਗਾ। ਪਰ ਧਿਆਨ ਮਾਰੋ ਤਾਂ ਸਾਨੂੰ ਪੰਜਾਬ ਦੀ ਸਿਆਸਤ ਦੀਆਂ ਸੁਰਖੀਆਂ ਕੁਝ ਇਸ ਤਰਾਂ ਦੀਆਂ ਮਿਲਦੀਆਂ ਹਨ, ਵੜਿੰਗ ਰਹਿਣਗੇ ਜਾਂ ਹਟਣਗੇ, ਚੰਨੀ ਧੜਾ ਕੀ ਮੰਗ ਰਿਹਾ ਹੈ, ਅਕਾਲ ਤਖ਼ਤ ਸਾਹਿਬ ਨੇ ਮਾਨ ਨੂੰ ਕੀ ਕਿਹਾ ਅਤੇ ਮਾਨ ਦਾ ਵਾਰ ਅਕਾਲ ਤਖ਼ਤ ਸਾਹਿਬ 'ਤੇ, ਅਕਾਲੀ ਦਲ 'ਚ ਧੜੇਬੰਦੀ, ਭਾਜਪਾ ਦਾ ਗੱਠਜੋੜ ਬਾਰੇ ਭੰਬਲਭੂਸਾ, ਇਹ ਸਭ ਖ਼ਬਰਾਂ ਮਿਲਦੀਆਂ ਹਨ ਪਰ ਪੰਜਾਬ ਦੀਆਂ ਸਮੱਸਿਆਵਾਂ ਦੀ ਕੋਈ ਖ਼ਬਰ ਨਹੀਂ, ਜਿਸ ਸੂਬੇ 'ਤੇ ਸਾਢੇ ਚਾਰ ਲੱਖ ਕਰੋੜ ਦਾ ਕਰਜ਼ ਹੋਵੇ, ਜਿੱਥੇ ਧਰਤੀ ਹੇਠਲਾ ਪਾਣੀ ਹਰ ਸਾਲ ਹੇਠਾਂ ਜਾ ਰਿਹਾ ਹੋਵੇ, ਜਿੱਥੇ ਨਸ਼ੇ ਨਾਲ ਮੌਤਾਂ ਦੀ ਗਿਣਤੀ ਪੂਰੇ ਦੇਸ਼ 'ਚੋਂ ਵਧ ਜਾਵੇ, ਉਥੇ ਚੋਣ ਪ੍ਰਚਾਰ ਦਾ ਧੁਰਾ ਇਹ ਬਣਿਆ ਹੋਵੇ ਕਿ ਕਿਸ ਪਾਰਟੀ ਦਾ ਕਿਹੜਾ ਧੜਾ ਕਿਸ ਦੇ ਖ਼ਿਲਾਫ਼ ਹੈ। ਸਟੇਜਾਂ 'ਤੇ ਮੁੱਦਿਆਂ ਦੀ ਬਜਾਏ ਇਕ-ਦੂਜੇ ਨੂੰ ਮੇਹਣੋ-ਮੇਹਣੀ ਹੋਣ ਤਾਂ ਇਹ ਫਰਕ ਸਮਝਣ ਵਾਲਾ ਹੈ ਅਤੇ ਅੱਜ ਇਸ ਫ਼ਰਕ ਦੀ ਗੱਲ ਕਰਨੀ ਜ਼ਰੂਰੀ ਹੈ।



ਕਰਜ਼ਾ ਸੁਰਖੀਆਂ ਦਾ ਹਿੱਸਾ ਬਣ ਰਹਿ ਜਾਂਦਾ-ਸੂਬਾ ਸਰਕਾਰ ਦੇ 2026-27 ਦੇ ਬਜਟ ਵਿਚ ਜੋ ਅਨੁਮਾਨ ਦਿੱਤਾ ਹੈ, ਉਸ ਅਨੁਸਾਰ ਸੂਬੇ ਸਿਰ ਵਿੱਤੀ ਕਰਜ਼ਾ ਸਾਢੇ ਚਾਰ ਲੱਖ ਕਰੋੜ ਤੱਕ ਪਹੁੰਚ ਜਾਣਾ ਹੈ। ਇਸ ਸੰਬੰਧੀ ਵਿਰੋਧੀ ਧਿਰ ਸਿਰਫ਼ ਵਿਧਾਨ ਸਭਾ ਵਿਚ ਖਾਨਾਪੂਰਤੀ ਲਈ ਆਪਣੀ ਹਾਜ਼ਰੀ ਲਵਾਉਂਦੀ ਨਜ਼ਰ ਆਉਂਦੀ ਹੈ। ਵਿਰੋਧੀ ਧਿਰਾਂ ਇਸ ਆਰਥਿਕ ਮੁੱਦੇ ਸੰਬੰਧੀ ਬਿਰਤਾਂਤ ਸਿਰਜਣ ਵਿਚ ਅਸਫਲ ਰਹੀਆਂ ਹਨ। ਇੱਥੋਂ ਤੱਕ ਕਿ ਵਿਧਾਨ ਸਭਾ ਵਿਚ ਵੀ ਕੋਈ ਇਹ ਨਹੀਂ ਬੋਲਦਾ ਕਿ ਸਰਕਾਰ ਦੀਆਂ ਕਿਹੜੀਆਂ ਗਲਤ ਨੀਤੀਆਂ ਕਾਰਨ ਇਹ ਕਰਜ਼ਾ ਚੜ੍ਹਦਾ ਜਾ ਰਿਹਾ ਹੈ, ਜਦਕਿ ਸਰਕਾਰ ਆਪਣਾ ਪੱਲਾ ਇਹ ਕਹਿ ਕਿ ਝਾੜ ਲੈਂਦੀ ਹੈ ਕਿ ਅਸੀਂ ਤਾਂ ਪੁਰਾਣਿਆਂ ਦੇ ਲਏ ਕਰਜ਼ੇ ਦਾ ਵਿਆਜ ਮੋੜਦੇ ਹੀ ਰਹਿ ਗਏ ਹਾਂ। ਨੀਤੀ ਆਯੋਗ ਦੀ ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ 2022-23 ਵਿਚ ਪੰਜਾਬ ਦਾ ਕਰਜ਼ਾ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਅਨੁਪਾਤ 47 ਫ਼ੀਸਦੀ ਸੀ, ਜਦਕਿ ਬਾਕੀ ਸੂਬਿਆਂ ਦਾ ਇਹ ਅੰਕੜਾ ਤਕਰੀਬਨ 32.1 ਫ਼ੀਸਦੀ ਸੀ। ਮਾਲੀਆ ਘਾਟਾ, 0.4 ਫ਼ੀਸਦੀ ਦੇ ਮੁਕਾਬਲੇ ਪੰਜਾਬ 'ਚ 3.5 ਫ਼ੀਸਦੀ ਹੈ। ਮੁਫ਼ਤ ਦੀਆਂ ਰਿਉੜੀਆਂ ਵੋਟਾਂ ਦਿੰਦੀਆਂ ਹਨ, ਕਰਜ਼ੇ ਦਾ ਬੋਝ ਵੋਟ ਨਹੀਂ ਦਿੰਦਾ। ਇਸ ਲਈ ਇਸ ਦੀ ਕੋਈ ਗੱਲ ਨਹੀਂ ਕਰਨਾ ਚਾਹੁੰਦਾ, ਲੋਕਾਂ ਦਾ ਧਿਆਨ ਵੀ ਹੋਰ ਪਾਸੇ ਲਾਇਆ ਜਾ ਰਿਹਾ ਹੈ।

ਪਾਣੀਆਂ ਦਾ ਮੁੱਦਾ ਸਿਰਫ਼ ਸਿਆਸੀ ਰੋਟੀਆਂ ਸੇਕਣ ਤੱਕ ਸੀਮਤ-ਅਸਲ 'ਚ ਪਾਣੀ ਦਾ ਮੁੱਦਾ ਤਾਂ ਜਦੋਂ ਬਿਲਕੁਲ ਨਹੀਂ ਸਰਦਾ ਤਾਂ ਬਸ ਹਰ ਨੇਤਾ ਇਹ ਕਹਿੰਦਾ ਹੈ ਕਿ ਅਸੀਂ ਪਾਣੀ ਦੀ ਬੂੰਦ ਨਹੀਂ ਜਾਣ ਦੇਵਾਂਗੇ। ਪਰ ਅਸਲ ਵਿਚ ਅੰਦਰਖਾਤੇ ਸਭ ਕੁਝ ਹੋਈ ਜਾਂਦਾ ਹੈ, ਬੀ.ਬੀ.ਐਮ.ਬੀ. ਦਾ ਕੰਟਰੋਲ ਰਾਜ ਹੱਥੋਂ ਗਿਆ, ਕੇਂਦਰ ਦੂਜੇ ਸੂਬਿਆਂ ਨੂੰ ਤਰਜੀਹ ਦਿੰਦਾ ਹੈ। ਪੰਜਾਬ ਦੇ ਸਿਆਸਤਦਾਨ ਇਸ 'ਤੇ ਉਦੋਂ ਬੋਲਦੇ ਨਜ਼ਰ ਆਉਂਦੇ ਹਨ, ਕਿਸਾਨ ਇਸ ਪਿੱਛੇ ਰੌਲਾ ਪਾਉਂਦੇ ਹਨ। ਨਹਿਰੀ ਪਾਣੀਆਂ ਦੀ ਮੁੜ ਵੰਡ 'ਤੇ ਤਾਂ ਸਿਆਸੀ ਬਹਿਸ ਤਕਰੀਬਨ ਖ਼ਤਮ ਹੀ ਹੋ ਗਈ ਹੈ। ਇਥੋਂ ਤੱਕ ਵੋਟਾਂ ਖ਼ਾਤਰ ਜੋ ਥੋੜ੍ਹਾ ਬਹੁਤ ਹੇਠਲੇ ਪਾਣੀ ਦੇ ਸੁਧਾਰ ਲਈ ਕੋਸ਼ਿਸ਼ਾਂ ਕੀਤੀਆਂ ਸਨ, ਯਾਨੀ ਝੋਨੇ ਦੀ ਲਵਾਈ ਲੇਟ ਕਰਨਾ ਵੋਟਾਂ ਖ਼ਾਤਿਰ ਉਨ੍ਹਾਂ 'ਤੇ ਵੀ ਪੂੰਝਾ ਫਿਰ ਗਿਆ, ਭਾਵੇਂ ਰਿਪੋਰਟਾਂ ਕਹੀ ਜਾਣ ਕਿ 150 ਬਲਾਕਾਂ ਦੇ ਹੇਠਲੇ ਪਾਣੀ ਦਾ ਪੱਧਰ ਡਾਰਕ ਜ਼ੋਨ ਵਿਚ ਆ ਚੁੱਕਾ ਹੈ। ਸਰਕਾਰ ਤਰਕ ਦਿੰਦੀ ਹੈ ਕਿ ਹੁਣ ਥੋੜ੍ਹਾ ਪਾਣੀ ਉੱਚਾ ਹੋ ਗਿਆ, ਇਸ ਲਈ ਝੋਨੇ ਦੀ ਲਵਾਈ ਪਹਿਲਾਂ ਕਰ ਦਿੱਤੀ ਗਈ ਹੈ, ਇਹ ਉੱਚਾ ਹੋਇਆ ਤਾਂ ਚੰਗੀ ਗੱਲ ਹੈ ਪਰ ਕੀ ਅਸੀਂ ਪਾਣੀ ਦੇ ਸੰਕਟ ਤੋਂ ਉੱਭਰ ਆਏ ਹਾਂ? ਅਫਸੋਸ ਆਮ ਲੋਕ ਇਸ ਗੱਲ 'ਤੇ ਬੋਲਦੇ ਹੀ ਨਹੀਂ, ਜਿਵੇਂ ਇਹ ਮਸਲਾ ਉਨ੍ਹਾਂ ਦਾ ਹੈ ਹੀ ਨਹੀਂ।

ਸਿੱਖਿਆ ਤੇ ਬੇਰੁਜ਼ਗਾਰੀ-ਹਰ ਕੋਈ ਇਹ ਅੰਕੜੇ ਦਿੰਦਾ ਹੈ ਕਿ ਅਸੀਂ ਕਿੰਨੀਆਂ ਨੌਕਰੀਆਂ ਦਿੱਤੀਆਂ ਪਰ ਕੋਈ ਇਹ ਨਹੀਂ ਦੱਸਦਾ ਕਿ ਕਿੰਨੇ ਬੇਰੋਜ਼ਗਾਰਾਂ 'ਚੋਂ ਕਿੰਨਿਆਂ ਨੂੰ ਨੌਕਰੀ ਮਿਲੀ। ਫੇਰ ਇਹ ਵੀ ਸਵਾਲ ਹੈ ਕਿ ਕੀ ਦਿੱਤੀ ਗਈ ਨੌਕਰੀ ਉਸ ਦੇ ਘਰ ਦਾ ਚੁੱਲ੍ਹਾ ਚਲਾਉਣ ਦੇ ਸਮਰੱਥ ਹੈ? ਇੱਥੇ

**ਡਾ. ਅਮਨਪ੍ਰੀਤ ਸਿੰਘ ਬਰਾੜ**

ਅੰਕੜਿਆਂ ਨਾਲ ਮੇਲ ਨਾ ਖਾਣ ਵਾਲੀ ਗੱਲ ਹੈ ਕਿ ਆਟਾ-ਦਾਲ ਤੋਂ ਅੱਗੇ 33 ਲੱਖ ਪਰਿਵਾਰਾਂ ਨੂੰ ਰਸੋਈ ਦੇ ਸਾਮਾਨ ਦੀਆਂ ਕਿੱਟਾਂ ਵੰਡੀਆਂ ਗਈਆਂ। ਜੇ ਉਨ੍ਹਾਂ ਕੋਲ ਵਧੀਆ ਨੌਕਰੀ ਜਾਂ ਕਾਰੋਬਾਰ ਹੁੰਦਾ, ਫਿਰ ਮੁਫ਼ਤ ਚੀਜ਼ਾਂ ਦੀ ਕਿਸ ਨੂੰ ਲੋੜ ਹੋਣੀ ਸੀ? ਸਿੱਖਿਆ 'ਤੇ ਤਾਂ ਕੋਈ ਬੋਲਦਾ ਹੀ ਨਹੀਂ। ਪੁਰਾਣੀ ਗੱਲ ਨਾ ਕਰੀਏ, ਕੇਂਦਰ ਸਰਕਾਰ ਦਸੰਬਰ 2025 ਵਿਚ ਨਵਾਂ ਸਿੱਖਿਆ ਬਿੱਲ 2025 ਲੈ ਕੇ ਆਈ ਪਰ ਸੰਸਦ ਵਿਚ ਵਿਰੋਧ ਹੋਇਆ ਤਾਂ ਸੰਸਦੀ ਕਮੇਟੀ ਨੂੰ ਭੇਜ ਦਿੱਤਾ ਗਿਆ। ਪੰਜਾਬ 'ਚ ਇਸ ਦਾ ਜ਼ਿਕਰ ਵੀ ਨਹੀਂ ਹੋਇਆ ਅਤੇ ਜੂਨ 2026 ਵਿਚ ਆ ਕੇ ਮੁੱਖ ਮੰਤਰੀ ਸਾਹਿਬ ਨੇ ਇਸ 'ਤੇ ਆਪਣੀ ਟਿੱਪਣੀ ਦਿੱਤੀ ਪਰ ਮੁੱਦਾ ਨਹੀਂ ਬਣਿਆ। ਅੱਜ ਵੀ ਬਹੁਤੇ ਸਿਆਸਤਦਾਨਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਹੋਣਾ। ਫਿਰ ਨਵੀਂ ਪੀੜ੍ਹੀ ਨੂੰ ਕਾਕਰੋਚ ਕਿਹਾ ਗਿਆ, ਜਿਸ ਦਾ ਵਿਰੋਧ ਭਾਰਤ ਵਿਚ ਦੇਖਣ ਨੂੰ ਮਿਲਿਆ, ਖ਼ਾਸ ਕਰਕੇ ਦਿੱਲੀ ਜੰਤਰ ਮੰਤਰ 'ਤੇ ਪਰ ਪੰਜਾਬ ਵਿਚ ਇਸ ਮੁੱਦੇ ਦੀ ਬਹੁਤੀ ਚਰਚਾ ਨਹੀਂ ਹੋਈ। ਹਾਲਾਂਕਿ ਕਾਂਗਰਸ ਪਾਰਟੀ ਨੂੰ ਹਾਈਕਮਾਨ ਨੇ ਆਦੇਸ਼ ਦਿੱਤਾ ਕਿ ਇਸ ਮੁੱਦੇ 'ਤੇ ਧਰਨੇ ਲਾਓ। ਅਫਸੋਸ ਕਿ ਸਿਆਸਤਦਾਨ ਆਪਣੀ ਖਿੱਚੋਤਾਣ ਵਿਚ ਲੋਕਾਂ ਦਾ ਨੁਕਸਾਨ ਕਰੀ ਜਾਂਦੇ ਹਨ। ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਵਿਰੁੱਧ ਵਿਦਿਆਰਥੀ ਉੱਠ ਕੇ ਖੜ੍ਹੇ ਹੋਏ ਅਤੇ ਅੰਦੋਲਨ ਹੋਇਆ, ਫਿਰ ਸਿਆਸਤਦਾਨਾਂ ਨੂੰ ਲੱਗਿਆ ਕਿ ਹੁਣ ਤਾਂ ਜਾਣਾ ਹੀ ਪੈਣਾ ਹੈ, ਫਿਰ ਸਾਰੇ ਹੌਲੀ-ਹੌਲੀ ਹਾਜ਼ਰੀ ਲਵਾਉਣ ਭੱਜੇ। ਲੋਕ ਇਥੇ ਕਿਸੇ ਸੁਧਾਰ ਦੀ ਉਮੀਦ ਛੱਡ ਕੇ ਬੱਚਿਆਂ ਨੂੰ ਬਾਹਰ ਕੱਢਣ ਵਿਚ ਲੱਗੇ ਹੋਏ ਹਨ। ਇਸ ਕਰਕੇ ਕਿਸੇ ਨੂੰ ਪੰਜਾਬ ਦੀ ਪ੍ਰਵਾਹ ਨਹੀਂ। ਸਿਆਸਤਦਾਨਾਂ ਦੇ ਬੱਚੇ ਤਾਂ ਪਹਿਲਾਂ ਹੀ ਬਾਹਰ ਹਨ। ਆਮ ਲੋਕਾਂ ਨੂੰ ਮੁਫ਼ਤਖੋਰੀ 'ਚ ਉਲਝਾ ਰੱਖਿਆ ਹੈ। ਜੇ ਲੋਕ ਚੰਗਾ ਪੜ੍ਹ-ਲਿਖ ਗਏ ਤਾਂ ਉਹ ਰੁਜ਼ਗਾਰੀ ਬਾਰੇ ਸੋਚਣਗੇ ਤੇ ਫਿਰ ਸਰਕਾਰ ਸਾਹਮਣੇ ਹੋਰ ਸਵਾਲ ਖੜ੍ਹੇ ਹੋਣਗੇ। ਕੁੱਲ ਮਿਲਾ ਕੇ ਨਿੱਜੀਕਰਨ ਅਤੇ ਸਿਆਸਤ ਨੇ ਸਾਡੀ ਸਿੱਖਿਆ ਪ੍ਰਣਾਲੀ ਦਾ ਭੱਠਾ ਬਿਠਾਇਆ ਹੋਇਆ ਹੈ।

ਨਸ਼ਾ, ਮਾਈਨਿੰਗ, ਪ੍ਰਵਾਸ ਬਹੁਤ ਧਿਆਨ ਆਕਰਸ਼ਤ ਕਰਦੇ ਹਨ, ਇਨ੍ਹਾਂ ਬਾਰੇ ਬਹੁਤ ਕੁਝ ਪ੍ਰਚਾਰਿਆ ਜਾਂਦਾ ਹੈ। ਇੱਥੋਂ ਤੱਕ ਕਿ ਹਰ ਸਰਕਾਰ ਨਸ਼ਿਆਂ ਦੀ ਤਸਕਰੀ ਤੇ ਨਾਜਾਇਜ਼ ਮਾਈਨਿੰਗ ਨੂੰ ਖ਼ਤਮ ਕਰਨ ਲਈ ਗੱਲ ਕਰਦੀ ਨਜ਼ਰ ਆਉਂਦੀ ਹੈ। ਪਰ ਅਸਲੀਅਤ ਵਿਚ ਜੋ ਦਿਖਦਾ ਹੈ, ਉਹ ਹੁੰਦਾ ਨਹੀਂ ਅਤੇ ਨੀਅਤ ਠੀਕ ਹੋਣ ਦੇ ਬਾਵਜੂਦ ਇਨ੍ਹਾਂ ਰੁਝਾਨਾਂ ਨੂੰ ਠੱਲ੍ਹ ਨਹੀਂ ਪੈ ਰਹੀ, ਸਭ ਕੁਝ ਵਧਦਾ ਜਾਂਦਾ ਹੈ।

ਪਾਰਟੀਆਂ ਲੜਾਈ 'ਚ ਕਿਉਂ ਰੁਝੀਆਂ-ਇਸ ਦਾ ਜਵਾਬ ਕੋਈ ਗੁੰਝਲਦਾਰ ਨਹੀਂ, ਕੁਰਸੀ ਦੀ ਲੜਾਈ ਰੋਜ਼ ਦੀ ਖ਼ਬਰ ਬਣਦੀ ਹੈ। ਕਰਜ਼ੇ, ਪਾਣੀ ਜਾਂ ਸਿੱਖਿਆ ਦੀਆਂ ਗੱਲਾਂ ਕਈ ਸਾਲਾਂ ਬਾਅਦ ਨਤੀਜਾ ਦਿੰਦੀਆਂ ਹਨ। ਕਿਸੇ ਵੀ ਧਿਰ ਲਈ ਵਿਰੋਧੀ 'ਤੇ ਦੋਸ਼ ਲਾਉਣੇ, ਕਰਜ਼ੇ ਦਾ ਲੇਖਾ-ਜੋਖਾ ਕਰਨਾ ਜਾਂ ਪਾਣੀ ਬਚਾਉਣ ਲਈ ਸਖ਼ਤ ਨੀਤੀ ਲਿਆਉਣ ਨਾਲੋਂ ਕਿਤੇ ਸੌਖਾ ਕੰਮ ਹੈ। ਅੰਦਰੂਨੀ ਕਲੇਸ਼ ਨਾਲ ਸੁਰਖੀਆਂ 'ਚ ਰਹਿਣਾ ਸੌਖਾ ਤਰੀਕਾ ਹੈ, ਭਾਵੇਂ ਉਸ ਵਿਚੋਂ ਆਪਣਾ ਖਾਲੀ ਅਤੇ ਖੋਖਲਾਪਣ ਹੀ ਕਿਉਂ ਨਾ ਝਲਕੇ, ਜਦਕਿ ਮੁੱਦਿਆਂ 'ਤੇ ਕੰਮ ਕਰਨ ਲਈ ਸਖ਼ਤ ਫ਼ੈਸਲੇ, ਲੰਬੀ ਯੋਜਨਾਬੰਦੀ ਅਤੇ ਕਈ ਵਾਰ ਵੋਟਰਾਂ ਨੂੰ ਨਾਰਾਜ਼ ਕਰਨ ਦਾ ਜੋਖ਼ਮ ਵੀ ਚੁੱਕਣਾ ਪੈਂਦਾ ਹੈ। ਕੋਈ ਵੀ ਧਿਰ ਇਹ ਜੋਖ਼ਮ ਚੁੱਕਣ ਲਈ ਤਿਆਰ ਨਹੀਂ, ਇਸ ਲਈ ਸੌਖਾ ਰਸਤਾ ਇਹ ਹੀ ਬਚਦਾ ਹੈ ਕਿ ਧਿਆਨ ਕੁਰਸੀ ਵੱਲ ਮੋੜ ਦਿੱਤਾ ਜਾਵੇ।

ਲੋਕਾਂ ਦੀ ਵਾਰੀ-ਇੱਥੇ ਜ਼ਿੰਮੇਵਾਰੀ ਸਿਰਫ਼ ਪਾਰਟੀਆਂ ਦੀ ਨਹੀਂ, ਜੇ ਹਰ ਚੋਣ ਰੈਲੀ 'ਚ ਲੋਕ ਖ਼ੁਦ ਕਰਜ਼ੇ, ਪਾਣੀ, ਨੌਕਰੀ ਸਿੱਖਿਆ ਆਦਿ ਤੇ ਇਲਾਜ ਦੇ ਢਾਂਚੇ ਬਾਰੇ ਸਵਾਲ ਪੁੱਛਣ ਤਾਂ ਫਿਰ ਪਾਰਟੀਆਂ ਦਾ ਧਿਆਨ ਵੀ ਆਪਣੇ-ਆਪ ਉਧਰ ਮੁੜ ਜਾਵੇਗਾ। ਮੀਡੀਆ ਦੀ ਭੂਮਿਕਾ ਵੀ ਇਥੇ ਅਹਿਮ ਹੈ, ਧੜੇਬੰਦੀ ਦੀ ਖ਼ਬਰ ਵਿਕਦੀ ਹੈ ਪਰ ਕਰਜ਼ੇ ਦੇ ਅੰਕੜੇ ਵੀ ਓਨੀ ਹੀ ਥਾਂ ਘੇਰਦੇ ਹਨ। 2027 ਦੀਆਂ ਚੋਣਾਂ ਅਸਲ ਵਿਚ ਇਸ ਗੱਲ ਦਾ ਇਮਤਿਹਾਨ ਹੋਣਗੀਆਂ ਕਿ ਪੰਜਾਬ ਦਾ ਵੋਟਰ ਕੁਰਸੀ ਦੀ ਖੇਡ ਤੋਂ ਧਿਆਨ ਹਟਾ ਕੇ ਆਪਣੇ ਅਸਲ ਸਵਾਲ ਪੁੱਛਣ ਲਈ ਕਿੰਨਾ ਕੁ ਤਿਆਰ ਹੈ? ਜੇ ਇਹ ਸਵਾਲ ਹੁਣ ਨਹੀਂ ਪੁੱਛੇ ਤਾਂ ਅਗਲੀ ਸਰਕਾਰ ਵੀ ਉਹੀ ਪੁਰਾਣੇ ਕਰਜ਼ੇ ਅਤੇ ਨਸ਼ੇ ਵਿਰਸੇ ਵਿਚ ਮਿਲੇ ਹੋਣ ਦਾ ਮਾਤਮ ਕਰਨ ਬੈਠ ਜਾਵੇਗੀ, ਬਸ ਕੁਰਸੀ ਅਤੇ ਚਿਹਰਾ ਬਦਲ ਜਾਵੇਗਾ।

# ਭਾਰਤੀ ਕੈਂਪਸਾਂ 'ਚ ਵਿਦੇਸ਼ੀ ਡਿਗਰੀਆਂ : ਕੀ ਉਹ ਕੰਮ ਕਰਨਗੀਆਂ ?

ਪਹਿਲਾਂ, ਅੰਤਰਰਾਸ਼ਟਰੀ ਡਿਗਰੀ ਹਾਸਲ ਕਰਨ ਦਾ ਮਤਲਬ ਸਿਰਫ਼ ਲੱਖਾਂ 'ਚ ਫ਼ੀਸ ਦੇਣਾ ਹੀ ਨਹੀਂ ਸੀ, ਸਗੋਂ ਮਹਿੰਗੇ ਵੀਜ਼ੇ, ਰਹਿਣ ਦਾ ਖ਼ਰਚ, ਹਵਾਈ ਕਿਰਾਇਆ ਅਤੇ ਹੋਰ ਖ਼ਰਚੇ ਵੀ ਸਨ ਜੋ ਕਰੋੜਾਂ ਤੱਕ ਪਹੁੰਚ ਸਕਦੇ ਸਨ।

ਰਾਸ਼ਟਰੀ ਸਿੱਖਿਆ ਨੀਤੀ (ਐੱਨ. ਈ. ਪੀ.) 2020 ਨੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ 'ਚ ਬ੍ਰਾਂਚ ਕੈਂਪਸ ਸਥਾਪਤ ਕਰਨ ਦੀ ਇਜਾਜ਼ਤ ਦੇ ਕੇ ਘਰੇਲੂ ਅਤੇ ਵਿਦੇਸ਼ੀ ਡਿਗਰੀਆਂ ਦੇ ਵਿਚਕਾਰ ਇਕ ਤੀਜਾ ਬਦਲ ਤਿਆਰ ਕੀਤਾ ਹੈ।

ਇਹ ਦੋ ਰੈਗੂਲੇਟਰੀਆਂ ਦੇ ਤਹਿਤ ਸੰਚਾਲਿਤ ਹੁੰਦੇ ਹਨ—ਵਿੱਤ ਮੰਤਰਾਲੇ ਦੇ ਅਧੀਨ ਅੰਤਰਰਾਸ਼ਟਰੀ ਵਿੱਤੀ ਸੇਵਾ ਕੇਂਦਰ ਅਥਾਰਟੀ (ਆਈ. ਐੱਫ. ਐੱਸ. ਸੀ. ਏ.) ਗਿਫਟ ਸਿਟੀ ਢਾਂਚਾ ਅਤੇ ਸਿੱਖਿਆ ਮੰਤਰਾਲੇ ਦੇ ਅਧੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ. ਜੀ. ਸੀ.) ਦੇ ਨਿਯਮ। ਦੋਵੇਂ ਹੀ ਦੁਨੀਆ ਭਰ ਦੀਆਂ ਮਾਨਤਾ ਪ੍ਰਾਪਤ ਰੈਂਕਿੰਗ ਏਜੰਸੀਆਂ ਦੁਆਰ ਵਿਸ਼ਵ ਵਾਰ ਗਲੋਬਲ ਰੈਂਕਿੰਗ 'ਚ ਚੋਟੀ ਦੇ 500 'ਚ ਸਥਾਨ ਪਾਉਣ ਵਾਲੇ ਸੰਸਥਾਨਾਂ ਤੱਕ ਹੀ ਦਾਖ਼ਲੇ ਨੂੰ ਸੀਮਤ ਕਰਦੇ ਹਨ। ਆਨਲਾਈਨ ਸਿੱਖਿਆ ਕੰਪਨੀ ਐਮਰਿਟਸ ਦੁਆਰਾ 'ਦਿ ਜੈੱਨ ਜ਼ੈੱਡ ਆਊਟਲੁੱਕ ਰਿਪੋਰਟ 2026' ਵਿਚ ਪਤਾ ਲੱਗਾ ਕਿ ਜਿੱਥੇ 60 ਪ੍ਰਤੀਸ਼ਤ ਪ੍ਰੀ-ਕਾਲਜ ਵਿਦਿਆਰਥੀ ਵਿਦੇਸ਼ 'ਚ ਪੜ੍ਹਾਈ ਕਰਨ 'ਚ ਰੁਚੀ ਰੱਖਦੇ ਹਨ, ਉੱਥੇ ਹੀ ਪੋਸਟ-ਗ੍ਰੈਜੂਏਟ (ਪੀ. ਜੀ.) ਪ੍ਰੋਗਰਾਮਾਂ ਦੀ ਭਾਲ ਕਰਨ ਵਾਲੇ 69 ਫੀਸਦੀ ਵਿਦਿਆਰਥੀ ਵੀਜ਼ੇ ਸਬੰਧੀ ਅਨਿਸ਼ਚਿਤਤਾ ਅਤੇ ਦੇਰੀ ਤੋਂ ਬਚਣ ਲਈ ਭਾਰਤ ਸਥਿਤ ਅੰਤਰਰਾਸ਼ਟਰੀ ਪ੍ਰੋਗਰਾਮ ਨੂੰ ਤਰਜੀਹ ਦੇਣਗੇ।

ਫਿਰ ਵੀ ਵਿਦੇਸ਼ੀ ਯੂਨੀਵਰਸਿਟੀਆਂ ਦੇ ਸੈਟੇਲਾਈਟ

**- ਕ੍ਰਿਸ਼ਨ ਭਨੋਟ**

ਕੈਂਪਸ ਹਾਲੇ ਸ਼ੁਰੂਆਤੀ ਦੌਰ 'ਚ ਹਨ, ਜਿਸ ਨਾਲ ਮਾਪੇ ਅਤੇ ਮਾਹਿਰ 'ਉਡੀਕ ਕਰੋ ਅਤੇ ਦੇਖੋ' ਦੀ ਸਥਿਤੀ 'ਚ ਹਨ।

**ਲਾਗਤ ਦਾ ਲਾਭ :** ਐਮਰਿਟਸ ਦੇ ਸਹਿ-ਸਸਥਾਪਕ ਅਤੇ ਸੀ. ਈ. ਓ. ਅਸ਼ਵਿਨ ਡਾਮੇਰਾ ਨੇ ਕਿਹਾ ਕਿ ਭਾਰਤੀ ਸ਼ਾਖਾ ਕੈਂਪਸ ਦਾ ਆਕਰਸ਼ਣ ਡਿਗਰੀ ਦੀ ਜਾਇਜ਼ਤਾ ਦਾ ਤਿਆਗ ਕੀਤੇ ਬਿਨਾਂ ਕਾਫ਼ੀ ਘੱਟ ਲਾਗਤ 'ਚ ਨਿਹਿਤ ਹੈ। ਇਹ ਕੈਂਪਸ ਮੂਲ ਸੰਸਥਾਨਾਂ ਦੇ ਸਮਾਨ ਸਿਲੇਬਸ ਪੜ੍ਹਾਉਂਦੇ ਹਨ, ਜਿਨ੍ਹਾਂ ਦੀਆਂ ਡਿਗਰੀਆਂ ਆਮ ਤੌਰ 'ਤੇ ਮੂਲ ਯੂਨੀਵਰਸਿਟੀ ਦੁਆਰਾ ਦਿੱਤੀਆਂ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਐਕਸਚੇਂਜ ਅਤੇ ਵਿਦੇਸ਼ 'ਚ ਸਮੈਸਟਰ ਬਿਤਾਉਣ ਦੇ ਬਦਲ ਵੀ ਮਿਲ ਸਕਦੇ ਹਨ।

ਯੂਨੀਵਰਸਿਟੀ ਆਫ਼ ਲਿਵਰਪੂਲ ਦੇ ਮੁੱਖ ਕੈਂਪਸ 'ਚ ਇਕ ਸਾਲਾ ਪੋਸਟ-ਗ੍ਰੈਜੂਏਟ ਪ੍ਰੋਗਰਾਮ ਦੀ ਲਾਗਤ ਲਗਭਗ 38 ਲੱਖ ਰੁਪਏ ਹੈ, ਨਾਲ ਹੀ ਰਹਿਣ ਦੇ ਖ਼ਰਚੇ ਵਜੋਂ 19 ਲੱਖ ਰੁਪਏ ਜੁੜਦੇ ਹਨ—ਜੋ ਕੁੱਲ ਮਿਲਾ ਕੇ 60 ਲੱਖ ਰੁਪਏ ਬਣਦਾ ਹੈ। ਇਸ ਦਾ ਮੁੰਬਈ ਕੈਂਪਸ 14-15 ਲੱਖ ਰੁਪਏ ਲੈਂਦਾ ਹੈ, ਜਿਸ 'ਚ ਸਥਾਨਕ ਰਹਿਣ ਦੇ ਖ਼ਰਚੇ ਵੀ ਸ਼ਾਮਲ ਹਨ, ਜਿਸ ਨਾਲ ਕੁੱਲ ਖ਼ਰਚਾ ਲਗਭਗ ਦੋ-ਤਿਹਾਈ ਤੱਕ ਘੱਟ ਹੋ ਜਾਂਦਾ ਹੈ।

ਚਾਰ ਸਾਲ ਦੇ ਬੈਚੁਲਰਜ਼ ਪ੍ਰੋਗਰਾਮ ਲਈ, ਡਾਮੇਰਾ ਨੇ ਇਲੀਨੋਇਸ ਟੈਕ ਦਾ ਹਵਾਲਾ ਦਿੱਤਾ, ਜਿੱਥੇ ਕੁੱਲ ਵਿਦੇਸ਼ੀ ਲਾਗਤ ਲਗਭਗ 2 ਕਰੋੜ ਹੈ। ਇਸ ਦਾ ਮੁੰਬਈ ਕੈਂਪਸ ਰਿਹਾਇਸ਼ ਸਮੇਤ 40-50 ਲੱਖ ਰੁਪਏ ਲੈਂਦਾ ਹੈ—ਜੋ ਵਿਦੇਸ਼ੀ ਲਾਗਤ ਦਾ ਲਗਭਗ ਇਕ-ਚੌਥਾਈ ਹੈ—ਨਾਲ ਹੀ ਉਸੇ ਫ਼ੀਸ ਢਾਂਚੇ ਦੇ ਤਹਿਤ ਵਿਦੇਸ਼ 'ਚ ਦੋ ਸਮੈਸਟਰ ਤੱਕ ਪੜ੍ਹਨ ਦੀ ਇਜਾਜ਼ਤ ਵੀ ਦਿੰਦਾ ਹੈ।

**ਭਰੋਸੇਯੋਗਤਾ 'ਤੇ ਸਵਾਲ :** ਸਿੱਖਿਆ ਸਲਾਹਕਾਰ ਪਰਿਵਾਰਾਂ ਨੂੰ ਅਪੀਲ ਕਰਦੇ ਹਨ ਕਿ ਉਹ ਸਿਰਫ਼ ਵਿਦੇਸ਼ੀ ਬ੍ਰਾਂਡ ਤੋਂ ਅੱਗੇ ਵੀ ਦੇਖਣ। ਇਕ ਸੁਤੰਤਰ ਸਿੱਖਿਆ ਸਲਾਹਕਾਰ (ਆਈ. ਈ. ਸੀ.) ਬਖ਼ਤਾਵਰ ਕ੍ਰਿਸ਼ਨਨ ਨੇ ਕਿਹਾ ਕਿ ਸੈਟੇਲਾਈਟ ਕੈਂਪਸਾਂ ਨੂੰ



ਅਮਰੀਕੀ ਵੀਜ਼ਾ ਨਾਮਨਜ਼ੂਰੀ, ਕੈਨੇਡਾ ਦੇ ਅੰਤਰਰਾਸ਼ਟਰੀ ਦਾਖ਼ਲੇ 'ਚ ਕਟੌਤੀ ਅਤੇ ਵਧਦੀ ਆਸਟ ?ਰੇਲੀਆਈ ਵੀਜ਼ਾ ਫ਼ੀਸ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਇਨ੍ਹਾਂ ਕੈਂਪਸਾਂ ਨੂੰ ਲੈ ਕੇ ਹੋਰ ਅਨਿਸ਼ਚਿਤਤਾਵਾਂ ਅਜੇ ਵੀ ਬਣੀਆਂ ਹੋਈਆਂ ਹਨ।

**ਮਾਪਿਆਂ ਦੇ ਕਦਮ ਪਿੱਛੇ :** ਵਿਦੇਸ਼ੀ ਸੈਟੇਲਾਈਟ ਕੈਂਪਸ ਘਰੇਲੂ ਯੂਨੀਵਰਸਿਟੀਆਂ ਅਤੇ ਮਹਿੰਗੀ ਵਿਦੇਸ਼ੀ ਸਿੱਖਿਆ ਦੇ ਵਿਚਕਾਰ ਇਕ ਤੀਜਾ ਰਾਹ ਮੁਹੱਈਆ ਕਰਦੇ ਹਨ, ਪਰ ਮਾਪੇ ਚੌਕਸ ਹਨ। ਆਪਣੀ ਧੀ ਦੀ ਸਿੱਖਿਆ ਦੀ ਯੋਜਨਾ ਬਣਾ ਰਹੇ ਇਕ ਵਪਾਰੀ ਮਾਲਕ ਅਮਿਤ ਗੋਇਲ ਨੇ ਕਿਹਾ : ਮੈਂ ਇਸ ਨੂੰ ਸਿਰਫ਼ ਵਿਦੇਸ਼ੀ ਡਿਗਰੀ ਲਈ ਪ੍ਰੀਮੀਅਮ ਦਾ ਭੁਗਤਾਨ ਕਰਨ ਵਜੋਂ ਨਹੀਂ ਦੇਖਾਂਗਾ।

ਮਾਹਿਰ ਪਰਿਵਾਰਾਂ ਨੂੰ ਰੈਗੂਲੇਟਰੀ ਢਾਂਚੇ ਦੀ ਪੁਸ਼ਟੀ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਸਲਾਹ ਦਿੰਦੇ ਹਨ ਕਿ ਡਿਗਰੀ ਮੁੱਖ ਕੈਂਪਸ ਦੇ ਬਰਾਬਰ ਹੋਵੇ।

ਸੈਟੇਲਾਈਟ ਕੈਂਪਸ ਗਲੋਬਲ ਡਿਗਰੀ ਦੀ ਲਾਗਤ ਘਟਾਉਂਦੇ ਹਨ, ਪਰ ਰੁਜ਼ਗਾਰਦਾਤਾ ਦੀ ਪ੍ਰਵਾਨਗੀ ਅਤੇ ਕਰੀਅਰ ਨਤੀਜੇ ਅਨਿਸ਼ਚਿਤ ਬਣੇ ਹੋਏ ਹਨ। ਮਾਪਿਆਂ ਨੂੰ ਛੋਟੇ ਵੇਰਵਿਆਂ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਵਿਦੇਸ਼ੀ ਬ੍ਰਾਂਡ ਮੁੱਲ ਤੋਂ ਪਰ੍ਹੇ ਦੇਖਣਾ ਚਾਹੀਦਾ ਹੈ।

# ਪੰਜਾਬ ਦੇ ਵਿੱਤੀ ਪੁਨਰ-ਨਿਰਮਾਣ ਦੀ ਲੋੜ



ਕਿਸੇ ਵੀ ਸੂਬੇ ਦੇ ਟਿਕਾਊ ਵਿਕਾਸ ਦਾ ਧੁਰਾ ਉਸ ਦਾ ਮਜ਼ਬੂਤ ਅਤੇ ਦੂਰਅੰਦੇਸ਼ ਵਿੱਤੀ ਪ੍ਰਬੰਧਨ ਹੁੰਦਾ ਹੈ। ਪਰ ਪੰਜਾਬ ਦੀ ਆਰਥਿਕਤਾ ਪਿਛਲੇ ਕਈ ਦਹਾਕਿਆਂ ਤੋਂ ਇੱਕ ਅਜਿਹੇ ਗੰਭੀਰ ਸੰਕਟ 'ਚੋਂ ਲੰਘ ਰਹੀ ਹੈ, ਜਿੱਥੇ ਵਿਕਾਸ ਨੀਤੀਆਂ ਨਾਲੋਂ ਚੋਣ ਮੁਖੀ ਤਰਜੀਹਾਂ ਭਾਰੂ ਰਹੀਆਂ ਹਨ। ਜਦੋਂ ਵੀ ਸੂਬੇ ਦੇ ਵਿੱਤੀ ਨਿਘਾਰ 'ਤੇ ਚਰਚਾ ਹੁੰਦੀ ਹੈ ਤਾਂ ਸਿਆਸੀ ਧਿਰਾਂ ਆਪਣੀ ਜਵਾਬਦੇਹੀ ਤੋਂ ਪੱਲਾ ਝਾੜ ਕੇ ਸਾਰਾ ਦੋਸ਼ ਪਿਛਲੀਆਂ ਸਰਕਾਰਾਂ ਸਿਰ ਮੜ੍ਹਨ ਦਾ ਰਵਾਇਤੀ ਰਾਹ ਚੁਣਦੀਆਂ ਹਨ। ਲੰਮਾ ਸਮਾਂ ਇਹ ਬਹਿਸ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਸਰਕਾਰਾਂ ਦੇ ਵਿੱਤੀ ਪ੍ਰਬੰਧਨ ਦੇ ਦਾਇਰੇ ਤੱਕ ਸੀਮਿਤ ਰਹੀ। ਪਰ 2022 ਵਿੱਚ ਰਾਜਨੀਤਕ ਬਦਲਾਅ ਤੋਂ ਬਾਅਦ ਹੁਣ 'ਆਮ ਆਦਮੀ ਪਾਰਟੀ' ਦਾ ਕਾਰਜਕਾਲ ਵੀ ਆਪਣੇ ਸ਼ਾਸਨ ਦੇ ਅੰਤ ਤੱਕ ਪਹੁੰਚ ਰਿਹਾ ਹੈ। ਇਸ ਲਈ ਹੁਣ ਸਮਾਂ ਕਿਸੇ ਇੱਕ ਪਾਰਟੀ ਨੂੰ ਦੋਸ਼ੀ ਠਹਿਰਾਉਣ ਦੀ ਬਜਾਏ, ਤਿੰਨਾਂ ਸ਼ਾਸਨਕਾਲਾਂ ਦੌਰਾਨ ਪੰਜਾਬ ਦੇ ਵਿੱਤੀ ਢਾਂਚੇ ਵਿੱਚ ਆਏ ਬਦਲਾਅ ਦੀ ਨਿਰਪੱਖ ਪੜਚੋਲ ਕਰਨ ਦਾ ਹੈ। ਅਸਲ ਸਵਾਲ ਇਹ ਹੈ ਕਿ ਤਿੰਨਾਂ ਸਰਕਾਰਾਂ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੀ ਮਾਲੀ ਹਾਲਤ ਨੂੰ ਸੁਧਾਰਨ ਲਈ ਢਾਂਚਾਗਤ ਯਤਨ ਕੀਤੇ ਜਾਂ ਸੰਕਟ ਨੂੰ ਹੋਰ ਡੂੰਘਾ ਕੀਤਾ? ਪੰਜਾਬ ਦੀ ਮੌਜੂਦਾ ਬਦਹਾਲੀ ਕਿਸੇ ਇੱਕ ਦੌਰ ਦੀ ਪੈਦਾਵਾਰ ਨਹੀਂ, ਸਗੋਂ ਸੀਮਿਤ ਮਾਲੀਆ ਵਾਧੇ, ਅਸੰਤੁਲਿਤ ਵਚਨਬੱਧ ਖ਼ਰਚਿਆਂ, ਵਧਦੇ ਵਿਆਜ ਬੋਝ ਅਤੇ ਪੂੰਜੀਗਤ ਨਿਵੇਸ਼ ਦੀ ਲਗਾਤਾਰ ਅਣਦੇਖੀ ਕਾਰਨ ਬਣੇ ਇੱਕ ਗੁੰਝਲਦਾਰ ਵਿੱਤੀ ਦੁਸ਼ਚੱਕਰ ਦਾ ਸਿੱਟਾ ਹੈ। ਇਸ ਗੰਭੀਰ ਸੰਕਟ ਦੀਆਂ ਅਸਲ ਪਰਤਾਂ ਅਤੇ ਵਿੱਤੀ ਤਸਵੀਰ ਨੂੰ ਸਮਝਣ ਲਈ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਇਸ ਲੇਖ ਵਿੱਚ ਕੀਤਾ ਗਿਆ ਹੈ।

ਮਾਲੀਏ ਦੀ ਸਥਿਤੀ : ਜਦੋਂ ਅਸੀਂ ਮਾਲੀਏ ਦੇ ਪੱਖ ਦਾ ਨਿਰੀਖਣ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਵਿੱਤੀ ਸਮੱਸਿਆ ਦਾ ਇੱਕ ਵੱਡਾ ਕਾਰਨ ਇਸਦੀ ਆਪਣੀ ਆਮਦਨ ਵਧਾਉਣ ਦੀ ਸੀਮਿਤ ਸਮਰੱਥਾ ਰਹੀ ਹੈ। ਪਹਿਲਾਂ ਦੇ ਅੰਕੜਿਆਂ ਅਨੁਸਾਰ ਕੁੱਲ ਮਾਲੀਏ ਵਿੱਚ ਕਰਾਂ ਅਤੇ ਗੈਰ-ਕਰਾਂ ਤੋਂ ਆਮਦਨ, ਜੋ 2010-11 ਵਿੱਚ ਕ੍ਰਮਵਾਰ 76 ਫ਼ੀਸਦੀ ਅਤੇ 24 ਫ਼ੀਸਦੀ ਸੀ, 2016-17 ਵਿੱਚ 83 ਫ਼ੀਸਦੀ ਅਤੇ 17 ਫ਼ੀਸਦੀ ਹੋ ਗਈ ਅਤੇ 2020-21 ਤੱਕ ਇਹ 87 ਫ਼ੀਸਦੀ ਅਤੇ 13 ਫ਼ੀਸਦੀ ਰਹਿ ਗਈ। ਇਸ ਤੋਂ ਸਪੱਸ਼ਟ ਸੀ ਕਿ ਗ਼ੈਰ-ਕਰ ਸਰੋਤਾਂ ਤੋਂ ਆਮਦਨ ਦਾ ਹਿੱਸਾ ਲਗਾਤਾਰ ਘਟ ਰਿਹਾ ਸੀ। ਸਾਲ 2026-27 ਦੇ ਬਜਟ ਅਨੁਸਾਰ ਪੰਜਾਬ ਦੇ ਕੁੱਲ ਮਾਲੀਏ ਵਿੱਚ ਕਰਾਂ ਅਤੇ ਗੈਰ-ਕਰਾਂ ਤੋਂ ਆਮਦਨ 81 ਫ਼ੀਸਦੀ ਅਤੇ 19 ਫ਼ੀਸਦੀ ਰਹਿਣ ਦੀ ਸੰਭਾਵਨਾ ਹੈ। ਇਹ ਦਰਸਾਉਂਦਾ ਹੈ ਕਿ ਤਿੰਨਾਂ ਸਰਕਾਰਾਂ ਦਾ ਧਿਆਨ ਲੋਕਾਂ ਦੀ ਆਮਦਨ ਅਤੇ ਆਰਥਿਕ ਗਤੀਵਿਧੀਆਂ ਵਧਾ ਕੇ ਟੈਕਸ ਆਧਾਰ ਮਜ਼ਬੂਤ ਕਰਨ ਦੀ ਬਜਾਏ, ਮੌਜੂਦਾ ਕਰਦਾਤਾਵਾਂ ਤੋਂ ਵੱਧ ਮਾਲੀਆ ਇਕੱਠਾ ਕਰਨ ਵੱਲ ਜ਼ਿਆਦਾ ਰਿਹਾ ਹੈ। ਇੱਥੇ ਇਹ ਵੀ ਸਪੱਸ਼ਟ ਕਰਨਾ ਬਣਦਾ ਹੈ ਕਿ ਸਾਲ 2022 ਵਿੱਚ ਸੂਬਿਆਂ ਲਈ ਜੀ ਐੱਸ ਟੀ ਮੁਆਵਜ਼ੇ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਪੰਜਾਬ ਦੀ ਵਿੱਤੀ ਯੋਜਨਾਬੰਦੀ ਵਿੱਚ ਕੇਂਦਰ ਤੋਂ ਮਿਲਣ ਵਾਲੇ ਸਰੋਤਾਂ ਦੀ ਮਹੱਤਤਾ ਹੁਣ ਪਹਿਲਾਂ ਨਾਲੋਂ ਹੋਰ ਵਧ ਗਈ ਹੈ। ਪ੍ਰੰਤੂ ਪੰਜਾਬ ਦੀ ਮੌਜੂਦਾ ਵਿੱਤੀ ਸਮੱਸਿਆ ਨੂੰ ਸਿਰਫ਼ ਜੀ ਐੱਸ ਟੀ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ। ਅਸਲ ਸਮੱਸਿਆ ਇਹ ਹੈ ਕਿ ਵੱਖੋ-ਵੱਖ ਸਰਕਾਰਾਂ ਨੇ ਪੰਜਾਬ ਵਿੱਚ ਨਿਵੇਸ਼, ਉਦਯੋਗੀਕਰਨ, ਰੁਜ਼ਗਾਰ ਸਿਰਜਣ ਅਤੇ ਲੋਕਾਂ ਦੀ ਆਮਦਨ ਵਧਾਉਣ ਵਾਲੇ ਵਿਕਾਸ ਮਾਡਲ ਨੂੰ ਲੰਮੇ ਸਮੇਂ ਤੱਕ ਨਜ਼ਰਅੰਦਾਜ਼ ਕੀਤਾ ਹੈ। ਨਤੀਜੇ ਵਜੋਂ ਰਾਜ ਦੀ ਆਰਥਿਕਤਾ ਅਤੇ ਟੈਕਸ ਆਧਾਰ ਲੋੜ ਅਨੁਸਾਰ ਨਹੀਂ ਫੈਲ ਸਕੇ, ਜਿਸ ਕਾਰਨ ਸਰਕਾਰ ਲਈ ਟੈਕਸ ਆਮਦਨ ਵਿੱਚ ਟਿਕਾਊ ਅਤੇ ਲੰਮੇ ਸਮੇਂ ਦਾ ਵਾਧਾ ਕਰਨਾ ਮੁਸ਼ਕਿਲ ਹੋ ਗਿਆ ਹੈ। 2026-27 ਵਿੱਚ ਪੰਜਾਬ ਨੂੰ ਜੀ ਐੱਸ ਟੀ ਤੋਂ ਲਗਪਗ 32,000 ਕਰੋੜ ਰੁਪਏ ਦੀ ਪ੍ਰਾਪਤੀ ਦਾ ਅਨੁਮਾਨ ਹੈ, ਜੋ ਪੰਜਾਬ ਦੀ ਆਪਣੀ ਟੈਕਸ ਆਮਦਨ ਦਾ ਲਗਪਗ 45 ਫ਼ੀਸਦੀ ਬਣਦਾ ਹੈ। ਇਸ ਲਈ ਅਸਲ ਸਵਾਲ ਇਹ ਹੈ ਕਿ ਜੀ ਐੱਸ ਟੀ ਤੋਂ ਬਾਅਦ ਪੰਜਾਬ ਨੇ ਆਪਣੀ ਆਰਥਿਕਤਾ ਅਤੇ ਟੈਕਸ ਆਧਾਰ ਨੂੰ ਕਿੰਨਾ ਵਿਸ਼ਾਲ ਕੀਤਾ ਹੈ। ਜੇਕਰ ਨੀਤੀ ਦਾ ਕੇਂਦਰ ਆਮਦਨ, ਉਦਯੋਗ ਅਤੇ ਰੁਜ਼ਗਾਰ ਵਧਾ ਕੇ ਟੈਕਸ ਆਧਾਰ ਵਿਸਥਾਰਨਾ ਹੁੰਦਾ, ਤਾਂ ਪੰਜਾਬ ਦੀ ਆਰਥਿਕਤਾ ਅੱਜ ਮਜ਼ਬੂਤ ਹੋ ਸਕਦੀ ਸੀ।

ਖਰਚਿਆਂ ਦੀ ਸਥਿਤੀ : ਇਸ ਪੱਖ ਦੀ ਚਰਚਾ ਸ਼ੁਰੂ ਕਰਦੇ ਹੀ ਸਭ ਤੋਂ ਪਹਿਲਾਂ ਨਜ਼ਰ ਪੰਜਾਬ ਸਰਕਾਰ ਦੇ ਵਧਦੇ ਵਿਆਜ ਭੁਗਤਾਨਾਂ ਵੱਲ ਜਾਂਦੀ ਹੈ। ਅੰਕੜਿਆਂ ਅਨੁਸਾਰ 2010-11 ਵਿੱਚ ਪ੍ਰਤੀ 100 ਰੁਪਏ ਸਰਕਾਰੀ ਖਰਚ 'ਚੋਂ 16.75 ਰੁਪਏ ਵਿਆਜ ਦੇ ਭੁਗਤਾਨ ਵੱਲ ਜਾਂਦੇ ਸਨ। 2016-17 ਵਿੱਚ ਇਹ 21 ਰੁਪਏ ਅਤੇ 2020-21 ਵਿੱਚ 20.20 ਰੁਪਏ ਰਹੇ। 2026-27 ਦੌਰਾਨ ਪੰਜਾਬ ਸਰਕਾਰ ਵੱਲੋਂ ਪ੍ਰਤੀ 100 ਰੁਪਏ ਸਰਕਾਰੀ ਖਰਚ 'ਚੋਂ 19.40 ਰੁਪਏ ਵਿਆਜ ਦੇ ਭੁਗਤਾਨ ਦੀ ਪੇਸ਼ੀਨਗੋਈ ਹੈ। ਜੇਕਰ ਤਨਖ਼ਾਹਾਂ ਅਤੇ ਪੈਨਸ਼ਨਾਂ ਦੇ ਖਰਚ ਨੂੰ ਵੀ ਜੋੜ ਲਿਆ ਜਾਵੇ ਤਾਂ ਇਹ ਰਕਮ ਪੰਜਾਬ ਦੇ ਕੁੱਲ ਮਾਲੀਆ ਪ੍ਰਾਪਤੀ ਦਾ ਲਗਪਗ 72 ਫ਼ੀਸਦੀ ਬਣਦੀ ਹੈ। ਸਾਲ 2024-25 ਵਿੱਚ ਤਾਂ ਇਹ ਸਥਿਤੀ ਹੋਰ ਵੀ ਗੰਭੀਰ ਸੀ, ਜਦੋਂ ਵਚਨਬੱਧ ਖਰਚੇ ਮਾਲੀਆ ਪ੍ਰਾਪਤੀਆਂ ਦੇ ਲਗਪਗ 85 ਫ਼ੀਸਦੀ ਤੱਕ ਪਹੁੰਚ ਗਏ ਸਨ। 2026-27 ਵਿੱਚ ਇਹ 72 ਫ਼ੀਸਦੀ ਰਹਿਣ ਦਾ ਅਨੁਮਾਨ ਹੈ, ਪਰ ਇਹ ਵਿੱਤੀ ਸੰਕਟ ਦਾ ਹੱਲ ਨਹੀਂ ਹੈ। ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਸਮੇਂ ਪੰਜਾਬ ਉੱਤੇ ਵੱਡੇ ਕਰਜ਼ਿਆਂ ਅਤੇ ਅਨਾਜ ਖ਼ਰੀਦ ਨਾਲ ਜੁੜੀਆਂ ਦੇਣਦਾਰੀਆਂ ਦਾ ਬੋਝ ਵਧਿਆ। ਕਾਂਗਰਸ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਪਿਛਲੀ ਸਰਕਾਰ ਦੇ ਵਿੱਤੀ ਪ੍ਰਬੰਧਨ ਉੱਤੇ ਸਵਾਲ ਚੁੱਕੇ, ਪਰ ਉਹ ਵੀ ਆਪਣੇ ਕਾਰਜਕਾਲ ਦੌਰਾਨ ਕਰਜ਼ੇ ਅਤੇ ਮਾਲੀਆ ਘਾਟੇ ਦੇ ਮੂਲ ਢਾਂਚੇ ਨੂੰ ਬਦਲਣ ਵਿੱਚ ਸਫ਼ਲਤਾ ਹਾਸਲ ਨਹੀਂ ਕਰ ਸਕੀ। ਇਹ ਸੱਚ ਹੈ ਕਿ ਆਮ ਆਦਮੀ ਪਾਰਟੀ ਨੂੰ ਭਾਰੀ ਕਰਜ਼ੇ ਅਤੇ ਵਿੱਤੀ ਜ਼ਿੰਮੇਵਾਰੀਆਂ ਵਿਰਾਸਤ ਵਿੱਚ ਮਿਲੀਆਂ। ਪਰ 2026 ਤੱਕ ਸਰਕਾਰ ਕੋਲ ਪੰਜਾਬ ਦੀ ਵਿੱਤੀ ਦਿਸ਼ਾ ਨੂੰ ਬਦਲਣ ਲਈ ਕਾਫ਼ੀ ਸਮਾਂ ਰਿਹਾ ਹੈ, ਪਰ ਇਹ ਵੀ ਬਹੁਤਾ ਕੁੱਝ ਨਹੀਂ ਕਰ ਸਕੀ।

ਕਰਜ਼ੇ ਦਾ ਵਧਦਾ ਚੱਕਰ : ਪੰਜਾਬ ਦੀ ਸਭ ਤੋਂ ਵੱਡੀ ਵਿੱਤੀ ਚਿੰਤਾ ਸਿਰਫ਼ ਕਰਜ਼ੇ ਦੀ ਕੁੱਲ ਰਕਮ ਨਹੀਂ ਹੈ। ਅਸਲ ਚਿੰਤਾ ਇਹ ਹੈ ਕਿ ਕਰਜ਼ਾ ਲੈਣ ਦੀ ਪ੍ਰਕਿਰਿਆ ਅਤੇ ਸਰਕਾਰ ਦੇ ਮੌਜੂਦਾ ਖਰਚੇ ਆਪਸ ਵਿੱਚ ਇੱਕ ਅਜਿਹਾ ਚੱਕਰ ਬਣਾ ਰਹੇ ਹਨ ਜਿਸ 'ਚੋਂ ਬਾਹਰ ਨਿਕਲਣਾ ਲਗਾਤਾਰ ਮੁਸ਼ਕਲ ਹੁੰਦਾ ਜਾ ਰਿਹਾ ਹੈ। 2024-25 ਵਿੱਚ ਪੰਜਾਬ ਦਾ ਵਿੱਤੀ ਘਾਟਾ ਘਰੇਲੂ ਉਤਪਾਦ (ਜੀ ਐੱਸ ਡੀ ਪੀ) ਦਾ 4.7 ਫ਼ੀਸਦੀ ਸੀ। 2025-26 ਦੇ ਸੰਸ਼ੋਧਿਤ ਅਨੁਮਾਨ ਵਿੱਚ ਇਹ 4.2 ਫ਼ੀਸਦੀ ਅਤੇ 2026-27 ਵਿੱਚ 4.1 ਫ਼ੀਸਦੀ ਰਹਿਣ ਦਾ ਅਨੁਮਾਨ ਹੈ। ਭਾਵੇਂ ਕੁਝ ਸੁਧਾਰ ਹੋਇਆ ਹੈ, ਪਰ ਉੱਚਾ ਵਿੱਤੀ ਘਾਟਾ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਆਪਣੇ ਖ਼ਰਚਿਆਂ ਲਈ ਅਜੇ ਵੀ ਕਰਜ਼ੇ ਉੱਤੇ ਬਹੁਤ ਜ਼ਿਆਦਾ ਨਿਰਭਰ ਹੈ। ਮਾਲੀਆ ਘਾਟੇ ਦਾ ਸਿੱਧਾ ਅਰਥ ਹੈ ਕਿ ਸਰਕਾਰ ਦੀ ਮੌਜੂਦਾ ਆਮਦਨ ਉਸ ਦੇ ਰੋਜ਼ਾਨਾ ਦੇ ਮੌਜੂਦਾ ਖਰਚਿਆਂ ਨੂੰ ਪੂਰਾ ਕਰਨ ਲਈ ਵੀ ਕਾਫ਼ੀ ਨਹੀਂ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਨੂੰ ਕਰਜ਼ਾ ਲੈਣਾ ਪੈਂਦਾ ਹੈ।

ਕਰਜ਼ਾ ਤਦ ਹੀ ਲਾਭਕਾਰੀ ਹੁੰਦਾ ਹੈ ਜਦੋਂ ਇਸ

**ਰਾਜੀਵ ਖੋਸਲਾ**

ਨਾਲ ਸੜਕਾਂ, ਸਿੰਜਾਈ, ਉਦਯੋਗਿਕ ਢਾਂਚੇ ਅਤੇ ਹੋਰ ਉਤਪਾਦਕ ਸੰਪਤੀਆਂ ਬਣਨ। ਪਰ ਕਰਜ਼ਾ ਲੈ ਕੇ ਮੁੱਖ ਤੌਰ 'ਤੇ ਸਬਸਿਡੀਆਂ ਅਤੇ ਲੋਕ-ਲੁਭਾਊ ਖ਼ਰਚੇ ਚਲਾਉਣ ਨਾਲ ਵਿੱਤੀ ਸੰਕਟ ਹੋਰ ਡੂੰਘਾ ਹੁੰਦਾ ਹੈ। ਪੰਜਾਬ ਇਸ ਵੇਲੇ ਇਸੇ ਚੱਕਰ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਅੰਕੜੇ ਦੱਸਦੇ ਹਨ ਕਿ ਵਿੱਤੀ ਸਾਲ 2026-27 ਖ਼ਤਮ ਹੋਣ ਤੱਕ ਪੰਜਾਬ ਦਾ ਕੁੱਲ ਕਰਜ਼ਾ ਲਗਪਗ 4.47 ਲੱਖ ਕਰੋੜ ਪਹੁੰਚਣ ਦਾ ਅੰਦਾਜ਼ਾ ਹੈ। ਇਸ ਤੋਂ ਇਲਾਵਾ, ਸਰਕਾਰ ਵੱਲੋਂ ਵੱਖ-ਵੱਖ ਬੋਰਡਾਂ ਅਤੇ ਅਦਾਰਿਆਂ ਲਈ ਲਗਪਗ 23,654 ਕਰੋੜ ਰੁਪਏ ਦੀ ਜ਼ਿੰਮੇਵਾਰੀ (ਗਾਰੰਟੀਆਂ) ਵੱਖਰੀਆਂ ਹਨ। ਇਸ ਪ੍ਰਕਾਰ ਪੰਜਾਬ ਦੀ ਅਸਲ ਵਿੱਤੀ ਹਾਲਤ ਸਿਰਫ਼ ਸਰਕਾਰੀ ਕਰਜ਼ੇ ਤੋਂ ਨਹੀਂ, ਸਗੋਂ ਇਨ੍ਹਾਂ ਸਾਰੀਆਂ ਦੇਣਦਾਰੀਆਂ ਨੂੰ ਮਿਲਾ ਕੇ ਹੀ ਸਮਝੀ ਜਾ ਸਕਦੀ ਹੈ। ਪੂੰਜੀਗਤ ਨਿਵੇਸ਼ ਹੀ ਇਸ ਸਥਿਤੀ ਵਿੱਚ ਇੱਕ ਉਮੀਦ ਦੀ ਕਿਰਨ ਸੀ, ਪ੍ਰੰਤੂ ਪੰਜਾਬ ਦੀਆਂ ਪਿਛਲੀਆਂ ਵਿੱਤੀ ਨੀਤੀਆਂ ਦੀ ਸਭ ਤੋਂ ਵੱਡੀ ਕਮਜ਼ੋਰੀ ਜਨਤਕ ਅਤੇ ਪੂੰਜੀਗਤ ਨਿਵੇਸ਼ ਦੀ ਲਗਾਤਾਰ ਅਣਦੇਖੀ ਰਹੀ ਹੈ। ਅੰਤਰ-ਰਾਜੀ ਤੁਲਨਾਤਮਕ ਅਧਿਐਨਾਂ ਵਿੱਚ ਪੰਜਾਬ ਲੰਮੇ ਸਮੇਂ ਤੋਂ ਵਿਕਾਸਮੁਖੀ, ਸਮਾਜਿਕ ਅਤੇ ਪੂੰਜੀਗਤ ਖ਼ਰਚਿਆਂ ਦੇ ਮਾਮਲੇ ਵਿੱਚ ਦੇਸ਼ ਦੇ ਪੱਛੜੇ ਸੂਬਿਆਂ ਦੀ ਕਤਾਰ ਵਿੱਚ ਖੜ੍ਹਾ ਨਜ਼ਰ ਆਉਂਦਾ ਰਿਹਾ ਹੈ। ਸਾਲ 2026-27 ਦੇ ਬਜਟ ਵਿੱਚ ਪੂੰਜੀਗਤ ਖਰਚ ਲਈ 18,381 ਕਰੋੜ ਰੁਪਏ ਰੱਖੇ ਗਏ ਹਨ, ਜੋ 2025-26 ਦੇ ਸੰਸ਼ੋਧਿਤ ਅਨੁਮਾਨ 10,434 ਕਰੋੜ ਰੁਪਏ ਨਾਲੋਂ ਲਗਪਗ 76 ਫ਼ੀਸਦੀ ਵੱਧ ਹਨ। ਇਹ ਇੱਕ ਸਕਾਰਾਤਮਕ ਕਦਮ ਹੈ, ਪਰ ਪੰਜਾਬ ਦੇ ਕਮਜ਼ੋਰ ਬੁਨਿਆਦੀ ਢਾਂਚੇ ਅਤੇ ਉਦਯੋਗਿਕ ਪਛੜੇਵੇਂ ਨੂੰ ਦੂਰ ਕਰਨ ਲਈ ਇਸ ਦੇ ਕਾਫੀ ਹੋਣ ਉੱਤੇ ਸਵਾਲ ਬਣਿਆ ਰਹਿੰਦਾ ਹੈ। ਇਸ ਨੂੰ ਵਿੱਤੀ ਦਿਸ਼ਾ ਦਾ ਇੱਕ ਸ਼ੁਰੂਆਤੀ ਮੋੜ ਤਾਂ ਮੰਨਿਆ ਜਾ ਸਕਦਾ ਹੈ, ਪਰ ਸੂਬੇ ਦੇ ਡੂੰਘੇ ਆਰਥਿਕ ਸੰਕਟ ਦਾ ਮੁਕੰਮਲ ਹੱਲ ਨਹੀਂ। ਜੇਕਰ ਮੁਫ਼ਤ ਸਹੂਲਤਾਂ ਅਤੇ ਚੋਣ ਗਾਰੰਟੀਆਂ 'ਤੇ ਖ਼ਰਚੀ ਜਾਣ ਵਾਲੀ ਵੱਡੀ ਰਕਮ ਨੂੰ ਵੀ ਕਿਸੇ ਤਰ੍ਹਾਂ ਨਾਲ ਪੂੰਜੀਗਤ ਨਿਵੇਸ਼ ਵੱਲ ਮੋੜਿਆ ਜਾਂਦਾ ਤਾਂ ਇਹ ਅੰਕੜਾ ਹੋਰ ਕਿਤੇ ਵੱਡਾ ਹੋ ਸਕਦਾ ਸੀ ਅਤੇ ਸੂਬੇ ਦੇ ਵਿਕਾਸ ਨੂੰ ਅਸਲ ਰਫ਼ਤਾਰ ਮਿਲ ਸਕਦੀ ਸੀ।

ਦਰਅਸਲ, ਪੰਜਾਬ ਇੱਕ ਅਜਿਹੇ ਢਾਂਚਾਗਤ ਦੁਸ਼ਚੱਕਰ ਵਿੱਚ ਘਿਰਿਆ ਹੋਇਆ ਹੈ ਜਿੱਥੇ ਪੁਰਾਣੇ ਕਰਜ਼ਿਆਂ ਨੇ ਵਿਆਜ ਦੀਆਂ ਦੇਣਦਾਰੀਆਂ ਵਧਾਈਆਂ, ਅਤੇ ਵਧਦੇ ਵਿਆਜ ਨੇ ਵਿਕਾਸ ਕਾਰਜਾਂ ਲਈ ਲੋੜੀਂਦੇ ਸਰੋਤ ਖੋਹ ਲਏ। ਜਦੋਂ ਵਿਕਾਸ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਘਟਿਆ, ਤਾਂ ਨਵੇਂ ਉਦਯੋਗ ਅਤੇ ਰੁਜ਼ਗਾਰ ਦੇ ਮੌਕੇ ਸੁੰਗੜ ਗਏ, ਜਿਸ ਕਾਰਨ ਸੂਬੇ ਦਾ ਟੈਕਸ ਆਧਾਰ ਕਦੇ ਮਜ਼ਬੂਤ ਹੀ ਨਹੀਂ ਹੋ ਸਕਿਆ। ਆਮਦਨ ਘਟਣ ਕਾਰਨ ਸਰਕਾਰਾਂ ਨੂੰ ਆਪਣੇ ਰੋਜ਼ਾਨਾ ਦੇ ਵਚਨਬੱਧ ਖ਼ਰਚੇ ਪੂਰੇ ਕਰਨ ਲਈ ਮੁੜ ਕਰਜ਼ੇ ਦਾ ਸਹਾਰਾ ਲੈਣਾ ਪਿਆ। ਇਸ ਗੈਰ-ਉਤਪਾਦਕ ਖ਼ਰਚਿਆਂ ਅਤੇ ਕਰਜ਼ੇ ਦੇ ਚੱਕਰਵਿਊਹ ਦਾ ਸਿੱਧਾ ਨੁਕਸਾਨ ਸੂਬੇ ਦੇ ਸਕੂਲਾਂ, ਹਸਪਤਾਲਾਂ, ਨਹਿਰੀ ਸਿੰਜਾਈ, ਸਰਕਾਰੀ ਅਤੇ ਨਿੱਜੀ ਖੇਤਰ ਦੇ ਮੁਲਾਜ਼ਮਾਂ ਅਤੇ ਨੌਜਵਾਨਾਂ ਦੇ ਰੁਜ਼ਗਾਰ ਨੂੰ ਝੱਲਣਾ ਪੈ ਰਿਹਾ ਹੈ। ਇਸ ਅਸੰਵੇਦਨਸ਼ੀਲ ਰਵੱਈਏ ਕਾਰਨ ਹੀ ਬੱਚੇ, ਕਿਸਾਨ, ਮੁਲਾਜ਼ਮ ਅਤੇ ਹੋਰ ਵਰਗ ਆਪਣੀਆਂ ਜਾਇਜ਼ ਮੰਗਾਂ ਲਈ ਸੜਕਾਂ ਉੱਤੇ ਉਤਰਨ ਲਈ ਮਜਬੂਰ ਹਨ। ਸਪੱਸ਼ਟ ਹੈ ਕਿ ਇਹ ਵਿੱਤੀ ਸੰਕਟ ਕਿਸੇ ਇੱਕ ਪਾਰਟੀ ਜਾਂ ਇਕੱਲੀ ਸਰਕਾਰ ਦੀ ਦੇਣ ਨਹੀਂ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਸਮੇਂ ਲਏ ਗਏ ਭਾਰੀ ਕਰਜ਼ਿਆਂ ਅਤੇ ਅਨਾਜ ਖ਼ਰੀਦ ਦੇਣਦਾਰੀਆਂ ਦੇ ਉਤਪਾਦਕ ਲਾਭਾਂ ਦਾ ਲੇਖਾ-ਜੋਖਾ ਹੋਣਾ ਚਾਹੀਦਾ ਹੈ; ਕਾਂਗਰਸ ਸਰਕਾਰ ਨੂੰ ਆਪਣੀ ਪੰਜ ਸਾਲਾ ਮਿਆਦ ਦੌਰਾਨ ਵਿੱਤੀ ਢਾਂਚੇ ਨੂੰ ਨਵੀਂ ਦਿਸ਼ਾ ਦੇਣ ਵਿੱਚ ਰਹੀ ਨਾਕਾਮੀ ਦਾ ਜਵਾਬ ਦੇਣਾ ਪਵੇਗਾ ਅਤੇ 2022 ਤੋਂ ਸੱਤਾ ਸੰਭਾਲ ਰਹੀ ਆਮ ਆਦਮੀ ਪਾਰਟੀ ਨੂੰ ਵੀ ਇਹ ਸਪੱਸ਼ਟ ਕਰਨਾ ਪਵੇਗਾ ਕਿ ਕਰਜ਼ੇ ਦੇ ਬੋਝ ਹੇਠ ਦੱਬੇ ਸੂਬੇ ਵਿੱਚ ਮੁਫ਼ਤ ਸਹੂਲਤਾਂ ਦੀ ਸਿਆਸਤ ਦੀ ਥਾਂ ਆਮਦਨ ਵਧਾਉਣ ਲਈ ਠੋਸ ਨੀਤੀਆਂ ਕਿਉਂ ਨਹੀਂ ਅਪਣਾਈਆਂ ਗਈਆਂ। ਹੁਣ ਸਿਰਫ਼ ਸੱਤਾ ਜਾਂ ਪਾਰਟੀਆਂ ਬਦਲਣ ਨਾਲ ਪੰਜਾਬ ਦੀ ਤਕਦੀਰ ਨਹੀਂ ਬਦਲੇਗੀ, ਸੂਬੇ ਨੂੰ ਖ਼ਪਤ-ਅਧਾਰਿਤ ਅਤੇ ਲੋਕ ਲੁਭਾਊ ਮਾਡਲ ਛੱਡ ਕੇ ਨਿਵੇਸ਼, ਉਦਯੋਗੀਕਰਨ ਅਤੇ ਉਤਪਾਦਕਤਾ 'ਤੇ ਆਧਾਰਿਤ ਨਵਾਂ ਵਿੱਤੀ ਮਾਡਲ ਅਪਣਾਉਣ ਦੀ ਸਖ਼ਤ ਲੋੜ ਹੈ।



# ਜ਼ਹਿਰੀਲਾ ਸਤਲੁਜ

ਸਤਲੁਜ ਦਰਿਆ ਵੱਲੋਂ ਅਜਿਹੀ ਚਿਤਾਵਨੀ ਮਿਲ ਰਹੀ ਹੈ, ਜਿਸ ਨੂੰ ਹੁਣ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਹੋਰ ਅਣਗੌਲਿਆਂ ਨਹੀਂ ਕਰ ਸਕਦੇ। ਬੱਦੀ-ਨਾਲਾਗੜ੍ਹ ਖੇਤਰ ਵਿੱਚ ਅਣਪਛਾਤੀਆਂ ਸਨਅਤੀ ਇਕਾਈਆਂ ਖ਼ ?ਲਾਫ਼ ਕੇਸ ਦਰਜ ਕੀਤਾ ਜਾਣਾ ਇੱਕ ਗੰਭੀਰ ਮਾਮਲਾ ਹੈ ਕਿਉਂਕਿ ਦੋਸ਼ ਹੈ ਕਿ ਜ਼ਹਿਰੀਲਾ ਕਚਰਾ ਸਰਸਾ ਨਦੀ ਰਾਹੀਂ ਹੁੰਦਾ ਹੋਇਆ ਸਤਲੁਜ ਵਿੱਚ ਜਾ ਰਿਹਾ ਹੈ। ਅਸਲ ਚਿੰਤਾ ਦੀ ਗੱਲ ਇਹ ਹੈ ਕਿ ਇਹ ਕੋਈ ਨਵੀਂ ਸਮੱਸਿਆ ਨਹੀਂ ਸਗੋਂ ਵਾਤਾਵਰਣ ਸਬੰਧੀ ਨਿਯਮਾਂ ਦੀ ਲਗਾਤਾਰ ਹੁੰਦੀ ਅਣਦੇਖੀ ਹੈ। ਬੱਦੀ-ਬਰੋਟੀਵਾਲਾ-ਨਾਲਾਗੜ੍ਹ ਦੇ ਉਦਯੋਗਿਕ ਖੇਤਰ ਵਿੱਚੋਂ ਫੈਲ ਰਿਹਾ ਪ੍ਰਦੂਸ਼ਣ ਪਿਛਲੇ ਕਈ ਸਾਲਾਂ ਤੋਂ ਸਾਹਮਣੇ ਆ ਰਿਹਾ ਹੈ। ਸਰਸਾ ਨਦੀ ਇਨ੍ਹਾਂ ਸਨਅਤੀ ਇਕਾਈਆਂ ਨੇੜਿਉਂ ਲੰਘਦੀ ਹੈ, ਜੋ ਇਸ ਸਾਰੀ ਗੰਦਗੀ ਨੂੰ ਆਪਣੇ ਨਾਲ ਅੱਗੇ ਲੈ ਜਾਂਦੀ ਹੈ। ਪਹਿਲੀਆਂ ਜਾਂਚਾਂ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਦੀਆਂ ਕਾਰਵਾਈਆਂ ਵਿੱਚ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਇਹ ਸਨਅਤੀ ਇਕਾਈਆਂ ਆਪਣੇ ਪ੍ਰਦੂਸ਼ਿਤ ਪਾਣੀ ਨੂੰ ਬਿਨਾਂ ਸਾਫ਼ ਕੀਤਿਆਂ ਹੀ ਨਦੀ ਵਿੱਚ ਛੱਡ ਰਹੀਆਂ ਹਨ। ਇਸ ਕਾਰਨ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੀਆਂ ਇਨ੍ਹਾਂ ਇਕਾਈਆਂ ਅਤੇ ਸਾਂਝੇ ਜਲ ਸ਼ੁੱਧੀਕਰਨ ਸਿਸਟਮ ਦੀਆਂ ਖ਼ਾਮੀਆਂ ਵੀ ਉਜਾਗਰ ਹੋਈਆਂ ਹਨ। ਖ਼ਾਸ ਤੌਰ 'ਤੇ ਦਵਾਈਆਂ ਦੀਆਂ ਫੈਕਟਰੀਆਂ ਦਾ ਪ੍ਰਦੂਸ਼ਣ ਬਹੁਤ ਚਿੰਤਾਜਨਕ ਹੈ ਕਿਉਂਕਿ ਪਾਣੀ ਦੀ ਸਫ਼ਾਈ (ਟਰੀਟਮੈਂਟ) ਦੇ ਆਮ ਤਰੀਕਿਆਂ ਨਾਲ ਦਵਾਈਆਂ ਦੇ ਕਈ ਤੱਤ ਅਤੇ ਐਂਟੀਬਾਇਓਟਿਕਸ ਦੇ ਬਚੇ-ਖੁਚੇ ਅੰਸ਼ ਖ਼ਤਮ ਨਹੀਂ ਹੁੰਦੇ। ਤਾਜ਼ਾ ਘਟਨਾਕ੍ਰਮ ਇੱਕ ਹੋਰ ਪ੍ਰੇਸ਼ਾਨ ਕਰਨ ਵਾਲੇ ਵਿਰੋਧਾਭਾਸ ਨੂੰ ਵੀ ਬੇਨਕਾਬ ਕਰਦਾ ਹੈ। ਰੋਪੜ ਹੈੱਡਵਰਕਸ 'ਤੇ ਜਮ ?ਹਾਂ ਹੋਇਆ ਭਾਰੀ ਕਚਰਾ ਕਥਿਤ ਤੌਰ 'ਤੇ ਹੇਠਾਂ ਵੱਲ ਛੱਡ ਦਿੱਤਾ ਗਿਆ। ਜੇਕਰ ਇਹ ਸਮੱਗਰੀ ਪ੍ਰਦੂਸ਼ਣ ਕਰਨ ਵਾਲੀ ਸੀ ਤਾਂ ਇਸ ਨੂੰ ਦਰਿਆ ਵਿੱਚ ਵਹਾਉਣ ਨਾਲ ਸਮੱਸਿਆ ਸਿਰਫ਼ ਇੱਕ ਥਾਂ ਤੋਂ ਹਟ ਕੇ ਦੂਜੀ ਥਾਂ ਵੱਲ ਚਲੀ ਗਈ ਹੈ। ਹੈੱਡਵਰਕਸ ਨੂੰ ਵਿਗਿਆਨਕ ਜਾਂਚ ਲਈ ਇੱਕ ਥਾਂ ਮੰਨਿਆ ਜਾਣਾ ਚਾਹੀਦਾ ਸੀ, ਜਿੱਥੇ ਇਸ ਕਚਰੇ ਦੇ ਸੈਂਪਲ ਲੈ ਕੇ ਨਿਪਟਾਰੇ ਤੋਂ ਪਹਿਲਾਂ ਇਸ ਦੀ ਪੂਰੀ ਪਰਖ ਕੀਤੀ ਜਾਣੀ ਚਾਹੀਦੀ ਸੀ।

ਦੋਵਾਂ ਗੁਆਂਢੀ ਸੂਬਿਆਂ ਨੂੰ ਇਹ ਮਾਮਲਾ ਹਿਮਾਚਲ ਬਨਾਮ ਪੰਜਾਬ ਦੀ ਦੂਸ਼ਣਬਾਜ਼ੀ ਨਹੀਂ ਬਣਨ ਦੇਣਾ ਚਾਹੀਦਾ। ਕਚਰੇ ਦੇ ਅਸਲੀ ਸਰੋਤ ਦਾ ਅਜੇ ਪਤਾ ਨਹੀਂ ਲੱਗ ਸਕਿਆ ਅਤੇ ਅਣਪਛਾਤੀਆਂ ਸਨਅਤੀ ਇਕਾਈਆਂ ਵਿਰੁੱਧ ਐੱਫ ਆਈ ਆਰ ਦਰਜ ਹੋਣ ਨੂੰ ਹੀ ਕਿਸੇ ਦੇ ਦੋਸ਼ੀ ਹੋਣ ਦਾ ਪੱਕਾ ਸਬੂਤ ਨਹੀਂ ਮੰਨਿਆ ਜਾ ਸਕਦਾ। ਅਸਲ ਲੋੜ ਇਸ ਗੱਲ ਦੀ ਹੈ ਕਿ ਪੰਜਾਬ ਅਤੇ ਹਿਮਾਚਲ ਦੇ ਪ੍ਰਦੂਸ਼ਣ ਕੰਟਰੋਲ ਬੋਰਡ ਮਿਲ ਕੇ ਸਾਂਝੀ ਜਾਂਚ ਕਰਨ, ਜਿਸ 'ਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਸੁਤੰਤਰ ਤੌਰ 'ਤੇ ਨਿਗਰਾਨੀ ਰੱਖੇ। ਇਸ ਹਾਲਤ ਵਿੱਚ ਲੋੜ ਇਸ ਗੱਲ ਦੀ ਵੀ ਹੈ ਕਿ ਬੱਦੀ-ਸਰਸਾ-ਸਤਲੁਜ ਦੇ ਪੂਰੇ ਰਸਤੇ ਉੱਤੇ ਲਗਾਤਾਰ ਨਜ਼ਰ ਰੱਖੀ ਜਾਵੇ, ਬਰਸਾਤਾਂ ਦੌਰਾਨ ਅਚਨਚੇਤ ਚੈਕਿੰਗ ਕੀਤੀ ਜਾਵੇ, ਗ਼ੈਰ-ਕਾਨੂੰਨੀ ਨਾਲਿਆਂ ਦੀ ਪਛਾਣ ਕੀਤੀ ਜਾਵੇ ਅਤੇ ਪ੍ਰਦੂਸ਼ਣ ਦੇ ਅਸਲੀ ਸਰੋਤਾਂ ਦਾ ਵਿਗਿਆਨਕ ਤਰੀਕੇ ਨਾਲ ਪਤਾ ਲਾਇਆ ਜਾਵੇ। ਵਾਰ-ਵਾਰ ਨਿਯਮ ਤੋੜਨ ਵਾਲਿਆਂ ਨੂੰ ਵੱਡੇ ਜੁਰਮਾਨੇ ਲਾਉਣ ਦੇ ਨਾਲ-ਨਾਲ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਖ਼ਤਰੇ ਦੇ ਪਹਾੜਾਂ ਨੂੰ ਸੰਭਾਲਣ ਦਾ ਵੇਲਾ

ਗੁਰ ਕ੍ਰਿਪਾਲ ਸਿੰਘ ਅਸ਼ਕ

ਨੇਪਾਲ 'ਚ ਕੁਝ ਦਿਨ ਪਹਿਲਾਂ ਬਰਫ਼-ਚੱਟਾਨ ਦੇ ਵਿਸ਼ਾਲ ਹਿੱਸੇ ਦੇ ਢਹਿ ਕੇ ਹੇਠਾਂ ਆਉਣ ਨਾਲ ਪੈਦਾ ਹੋਏ ਮਲਬੇ ਦੇ ਤਬਾਹਕਾਰੀ ਹੜ੍ਹ ਨੇ ਇਕ ਵਾਰ ਫਿਰ ਪੂਰੀ ਦੁਨੀਆ ਨੂੰ ਇਹ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਹਿਮਾਲਿਆ ਵਰਗੇ ਨਾਜ਼ੁਕ ਪਹਾੜੀ ਖੇਤਰਾਂ 'ਚ ਵਾਤਾਵਰਣ ਸੁਰੱਖਿਆ ਅਤੇ ਕੁਦਰਤੀ ਖ਼ਤਰਿਆਂ ਨੂੰ ਨਜ਼ਰਅੰਦਾਜ਼ ਕਰਕੇ ਕੀਤਾ ਗਿਆ ਵਿਕਾਸ ਆਖ਼ਰਕਾਰ ਮਨੁੱਖੀ ਜਾਨਾਂ ਤੇ ਬੁਨਿਆਦੀ ਢਾਂਚੇ ਲਈ ਵੱਡਾ ਜੋਖ਼ਮ ਬਣ ਸਕਦਾ ਹੈ। ਅਸੀਂ ਪਹਿਲਾਂ ਹੋਈਆਂ ਤਬਾਹੀਆਂ ਤੋਂ ਕੋਈ ਸਬਕ ਨਹੀਂ ਲੈ ਰਹੇ।

ਤ੍ਰਾਸਦੀ ਤਾਂ ਇਹ ਹੈ ਕਿ ਧਰਤੀ ਦੇ ਔਸਤ ਤਾਪਮਾਨ 'ਚ ਲਗਾਤਾਰ ਹੋ ਰਹੇ ਵਾਧੇ, ਜਿਸ ਨੂੰ ਗਲੋਬਲ ਵਾਰਮਿੰਗ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, 'ਚ ਨਾਮਾਤਰ ਯੋਗਦਾਨ ਪਾਉਣ ਵਾਲੇ ਦੇਸ਼ ਵੀ ਜਲਵਾਯੂ ਤਬਦੀਲੀ ਦੇ ਗੰਭੀਰ ਪ੍ਰਭਾਵ ਝੱਲ ਰਹੇ ਹਨ। ਗਲੋਬਲ ਵਾਰਮਿੰਗ ਮੁੱਖ ਤੌਰ 'ਤੇ ਮਨੁੱਖੀ ਗਤੀਵਿਧੀਆਂ ਕਾਰਨ ਵਾਯੂਮੰਡਲ 'ਚ ਗ੍ਰੀਨਹਾਊਸ ਗੈਸਾਂ, ਜਿਵੇਂ ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟ੍ਰਸ ਆਕਸਾਈਡ ਦੇ ਜਮ੍ਹਾਂ ਹੋਣ ਨਾਲ ਹੁੰਦੀ ਹੈ। ਸੂਰਜ ਦੀਆਂ ਕਿਰਨਾਂ ਧਰਤੀ ਨੂੰ ਗਰਮ ਕਰਦੀਆਂ ਹਨ। ਧਰਤੀ ਇਸ ਗਰਮੀ ਦਾ ਕੁਝ ਹਿੱਸਾ ਵਾਪਸ ਪੁਲਾੜ 'ਚ ਛੱਡਦੀ ਹੈ ਪਰ ਵਾਯੂਮੰਡਲ 'ਚ ਮੌਜੂਦ ਇਹ ਗ੍ਰੀਨਹਾਊਸ ਗੈਸਾਂ ਧਰਤੀ ਤੋਂ ਪੁਲਾੜ ਵੱਲ ਜਾਣ ਵਾਲੀ ਗਰਮੀ ਦਾ ਕੁਝ ਹਿੱਸਾ ਸੋਖ ਕੇ ਮੁੜ ਵਾਤਾਵਰਣ ਵੱਲ ਭੇਜਦੀਆਂ ਹਨ, ਜਿਸ ਨਾਲ ਧਰਤੀ ਦਾ ਔਸਤ ਤਾਪਮਾਨ ਵਧਦਾ ਹੈ। ਬਿਜਲੀ ਬਣਾਉਣ, ਫੈਕਟਰੀਆਂ ਚਲਾਉਣ ਅਤੇ ਵਾਹਨਾਂ 'ਚ ਤੇਲ-ਕੋਲਾ ਬਾਲਣ ਨਾਲ ਸਭ ਤੋਂ ਵੱਧ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ।

ਜੰਗਲਾਂ ਦੀ ਲਗਾਤਾਰ ਕਟਾਈ ਹੋ ਰਹੀ ਹੈ। ਦਰੱਖਤ ਹਵਾ 'ਚੋਂ ਕਾਰਬਨ ਡਾਈਆਕਸਾਈਡ ਸੋਖਦੇ ਹਨ। ਜੰਗਲਾਂ ਦੇ ਕੱਟਣ ਨਾਲ ਕਾਰਬਨ ਸੋਖਣ ਦੀ ਸਮਰੱਥਾ ਘਟਦੀ ਹੈ। ਇਸ ਤੋਂ ਇਲਾਵਾ ਝੋਨੇ ਦੀ ਖੇਤੀ ਅਤੇ ਦੁਧਾਰੂ ਪਸ਼ੂਆਂ ਦੇ ਪਾਚਨ ਤੰਤਰ 'ਚੋਂ ਵੱਡੀ ਮਾਤਰਾ 'ਚ ਮੀਥੇਨ ਗੈਸ ਨਿਕਲਦੀ ਹੈ। ਸੰਯੁਕਤ ਰਾਸ਼ਟਰ ਦੀ ਜਲਵਾਯੂ ਤਬਦੀਲੀ ਬਾਰੇ ਅੰਤਰ-ਸਰਕਾਰੀ ਪੈਨਲ ਦੀ ਛੇਵੀਂ ਮੁਲਾਂਕਣ ਰਿਪੋਰਟ ਮੁਤਾਬਕ ਪਿਛਲੇ 100 ਸਾਲ ਦੇ ਪੈਮਾਨੇ 'ਤੇ ਮੀਥੇਨ ਕਾਰਬਨ ਡਾਈਆਕਸਾਈਡ ਨਾਲੋਂ ਲਗਭਗ 27-30 ਗੁਣਾ ਅਤੇ 20 ਸਾਲ ਦੇ ਪੈਮਾਨੇ 'ਤੇ ਲਗਭਗ 81-83 ਗੁਣਾ ਗਰਮੀ ਵਧਾਉਣ ਦੀ ਸਮਰੱਥਾ ਰੱਖਦੀ ਹੈ।



ਵਾਤਾਵਰਣ ਤੇ ਕੁਦਰਤੀ ਆਫ਼ਤਾਂ ਦੇ ਸੰਦਰਭ 'ਚ ਨੇਪਾਲ ਤੇ ਭੁਟਾਨ ਦੀ ਤ੍ਰਾਸਦੀ ਇਹ ਹੈ ਕਿ ਭੁਟਾਨ ਦੁਨੀਆ ਦਾ ਪਹਿਲਾ 'ਕਾਰਬਨ ਨੈਗੇਟਿਵ' ਦੇਸ਼ ਹੋਣ ਅਤੇ ਨੇਪਾਲ ਦੇ ਘੱਟ ਨਿਕਾਸ ਦੇ ਬਾਵਜੂਦ, ਦੋਵੇਂ ਗਲੋਬਲ ਗ੍ਰੀਨਹਾਊਸ ਗੈਸਾਂ ਦੇ ਪ੍ਰਭਾਵਾਂ ਦੀ ਕੀਮਤ ਜਾਨਾਂ ਅਤੇ ਵਾਤਾਵਰਣ ਦੀ ਤਬਾਹੀ ਰਾਹੀਂ ਚੁਕਾ ਰਹੇ ਹਨ। ਨੇਪਾਲ 'ਚ ਇਸੇ 26 ਅਗਸਤ ਨੂੰ ਲੈਂਗਟਾਂਗ ਲਿਰੁੰਗ ਦੇ ਉੱਤਰੀ ਪਾਸੇ ਰਾਸੁਵਾ ਵਿਖੇ ਬਰਫ਼ ਤੇ ਚੱਟਾਨਾਂ ਢਹਿਣ ਨਾਲ ਘਟਨਾਵਾਂ ਦੀ ਲੜੀ ਸ਼ੁਰੂ ਹੋਈ। ਭਾਰੀ ਮਲਬਾ ਅਤੇ ਪਾਣੀ ਹੇਠਾਂ ਵਗਿਆ ਅਤੇ ਭੋਟੇ ਕੋਸ਼ੀ-ਤ੍ਰਿਸ਼ੂਲੀ ਘਾਟੀ 'ਚ ਵਿਨਾਸ਼ਕਾਰੀ ਹੜ੍ਹ ਆਇਆ।

ਮਲਬੇ ਦੀ ਰਫ਼ਤਾਰ ਬੇਹੱਦ ਤੇਜ਼ ਸੀ ਅਤੇ ਇਹ ਘਟਨਾਸਥਲ ਤੋਂ 22 ਕਿਲੋਮੀਟਰ ਦੂਰ ਰਾਸੁਵਾਗਾਧੀ ਤੱਕ ਸੱਤ ਮਿੰਟ ਤੋਂ ਥੋੜ੍ਹੇ ਵੱਧ ਸਮੇਂ 'ਚ ਪਹੁੰਚ ਗਿਆ। ਇਸ ਘਟਨਾ ਦਾ ਪ੍ਰਭਾਵ ਕਰੀਬ ਸੌ ਕਿਲੋਮੀਟਰ ਤੱਕ ਦੇਖਿਆ ਗਿਆ। ਮੁੱਢਲੇ ਅਨੁਮਾਨ ਮੁਤਾਬਕ ਪ੍ਰਭਾਵਿਤ ਖੇਤਰਾਂ 'ਚ ਲਗਭਗ 22 ਲੱਖ ਟਨ ਮਲਬਾ ਮੌਜੂਦ ਹੈ। ਮ੍ਰਿਤਕਾਂ ਤੇ ਲਾਪਤਾ ਲੋਕਾਂ ਦੀ ਗਿਣਤੀ ਹਾਲੇ ਵੀ ਬਦਲ ਰਹੀ ਹੈ। ਜਿੱਥੋਂ ਤੱਕ ਦੂਸਰੇ ਨੁਕਸਾਨਾਂ ਦਾ ਸਵਾਲ ਹੈ, ਸ਼ੁਰੂਆਤੀ ਸਰਕਾਰੀ ਅੰਕੜਿਆਂ ਅਨੁਸਾਰ ਦਰਜਨਾਂ ਪੁਲ ਅਤੇ ਲਗਭਗ 40 ਕਿਲੋਮੀਟਰ ਸੜਕਾਂ ਤਬਾਹ ਜਾਂ ਨੁਕਸਾਨੀ ਹੋਈਆਂ। ਹਾਈਡ੍ਰੋਪਾਵਰ ਪ੍ਰੋਜੈਕਟਾਂ ਨੂੰ ਵੀ ਭਾਰੀ ਨੁਕਸਾਨ ਹੋਇਆ। ਹਿਮਾਲਿਆ 'ਚ ਤਾਪਮਾਨ ਵਧਣ ਅਤੇ ਗਲੇਸ਼ੀਅਰਾਂ ਦੇ ਪਿੱਛੇ ਹਟਣ ਨਾਲ ਕਈ ਥਾਵਾਂ 'ਤੇ ਕੁਦਰਤੀ ਰੁਕਾਵਟਾਂ ਦੇ ਪਿੱਛੇ ਪਾਣੀ ਇਕੱਠਾ ਹੋ ਕੇ ਗਲੇਸ਼ੀਅਰ ਝੀਲਾਂ ਬਣ ਸਕਦੀਆਂ ਹਨ। ਜਿੱਥੇ ਪਰਮਾ-ਫਰੌਸਟ ਜਾਂ ਲੰਬੇ ਸਮੇਂ ਤੱਕ ਜੰਮੀ ਜ਼ਮੀਨ ਮੌਜੂਦ ਰਹਿੰਦੀ ਹੈ, ਉੱਥੇ ਬਰਫ਼ ਪਿਘਲਣ ਅਤੇ ਤਾਪਮਾਨ ਵਧਣ ਨਾਲ ਢਲਾਣਾਂ ਦੀ ਸਥਿਰਤਾ ਪ੍ਰਭਾਵਿਤ ਹੋ ਸਕਦੀ ਹੈ। ਇਸ ਕਰਕੇ ਉੱਪਰੋਂ ਬਰਫ਼ ਜਾਂ ਚੱਟਾਨਾਂ ਝੀਲ 'ਚ ਡਿੱਗਣ, ਭਾਰੀ ਮੀਂਹ ਜਾਂ ਝੀਲ 'ਚ ਪਾਣੀ ਦਾ ਪੱਧਰ ਬਹੁਤ ਵਧ ਜਾਣ ਵਰਗੇ ਕਾਰਨਾਂ ਨਾਲ ਕੁਦਰਤੀ ਬੰਨ੍ਹ ਟੁੱਟ ਸਕਦਾ ਹੈ ਅਤੇ ਝੀਲ ਦਾ ਪਾਣੀ ਅਚਾਨਕ ਹੇਠਾਂ ਵਗ ਸਕਦਾ ਹੈ। ਇਸ ਨੂੰ ਗਲੇਸ਼ੀਅਲ ਲੇਕ ਆਊਟਬਰਸਟ ਫਲੱਡ (ਗਲੋਫ) ਕਿਹਾ ਜਾਂਦਾ ਹੈ ਪਰ ਨੇਪਾਲ ਚੀਨ ਸਰਹੱਦ ਤੇ ਰਾਸੁਵਾ ਦੀ 26 ਅਗਸਤ ਦੀ ਘਟਨਾ ਨੂੰ ਤਕਨੀਕੀ ਤੌਰ 'ਤੇ ਗਲੋਫ ਕਹਿਣਾ ਠੀਕ ਨਹੀਂ ਹੋਵੇਗਾ। ਮੁੱਢਲੇ ਵਿਗਿਆਨਕ ਸਬੂਤ ਇਸ ਨੂੰ ਬਰਫ਼-ਚੱਟਾਨ ਦੇ ਵਿਸ਼ਾਲ ਹਿੱਸੇ ਦੇ ਡਿੱਗਣ ਨਾਲ ਸ਼ੁਰੂ ਹੋਈ ਲੜੀਵਾਰ ਤਬਾਹੀ ਵਜੋਂ ਦਰਸਾਉਂਦੇ ਹਨ। ਇਸ 'ਚ ਮਲਬੇ ਨੇ ਲਹੇਂਦੇ ਖੋਲਾ ਨੂੰ ਅਸਥਾਈ ਤੌਰ 'ਤੇ ਰੋਕਿਆ ਅਤੇ ਬਾਅਦ 'ਚ ਉਸ ਰੁਕਾਵਟ ਦੇ ਟੁੱਟਣ ਨਾਲ ਮਲਬੇ ਦਾ ਭਿਆਨਕ ਹੜ੍ਹ ਆਇਆ। ਤਕਨੀਕੀ ਤੌਰ 'ਤੇ ਦੋਵਾਂ 'ਚ ਫਰਕ ਹੈ ਪਰ ਨਤੀਜੇ ਜਾਨ ਅਤੇ ਮਾਲ ਦੇ ਨੁਕਸਾਨ ਦੇ ਰੂਪ 'ਚ ਹੀ ਸਾਹਮਣੇ ਆਉਂਦੇ ਹਨ।

ਭਾਰਤੀ ਹਿਮਾਲਿਆ ਦੇ ਕਈ ਖੇਤਰ ਗਲੇਸ਼ੀਅਰਾਂ ਦੇ ਪਿੱਛੇ ਹਟਣ, ਵਧਦੀਆਂ ਝੀਲਾਂ, ਅਸਥਿਰ ਢਲਾਣਾਂ ਅਤੇ ਗਲੋਫ ਸਮੇਤ ਗਲੇਸ਼ੀਅਰ-ਚੱਟਾਨ ਸਰਕਣ ਦੇ ਖ਼ਤਰਿਆਂ ਲਈ ਸੰਵੇਦਨਸ਼ੀਲ ਹਨ। ਇਸਰੋ ਦੇ ਸਰਵੇਖਣ ਅਨੁਸਾਰ 2016-17 'ਚ ਪਛਾਣੀਆਂ ਗਈਆਂ 10 ਹੈਕਟੇਅਰ ਤੋਂ ਵੱਡੀਆਂ 2,431 ਗਲੇਸ਼ੀਅਰ ਝੀਲਾਂ 'ਚੋਂ 676 ਦੇ ਖੇਤਰਫਲ 'ਚ 1984 ਤੋਂ ਬਾਅਦ ਮਹੱਤਵਪੂਰਨ ਵਾਧਾ ਹੋਇਆ ਹੈ, ਇਨ੍ਹਾਂ 'ਚੋਂ 130 ਝੀਲਾਂ ਭਾਰਤ ਦੇ ਅੰਦਰ ਹਨ। ਹਿਮਾਚਲ ਦੀ ਘੇਪਾਂਗ ਘਾਟ ਝੀਲ 1989 ਤੋਂ 2022 ਤੱਕ 36.49 ਤੋਂ ਵਧ ਕੇ 101.30 ਹੈਕਟੇਅਰ ਹੋ ਗਈ- ਲਗਭਗ 178 % ਵਾਧਾ। ਲੱਦਾਖ, ਜੰਮੂ-ਕਸ਼ਮੀਰ ਤੇ ਅਰੁਣਾਚਲ ਪ੍ਰਦੇਸ਼ ਵੀ ਸੰਵੇਦਨਸ਼ੀਲ ਹਨ। ਅਰੁਣਾਚਲ 'ਚ ਗਲੇਸ਼ੀਅਰ ਤੇ ਉੱਚ-ਪਹਾੜੀ ਢਲਾਣਾਂ ਨਾਲ ਸਬੰਧਤ ਘਟਨਾਵਾਂ ਸਿਆਂਗ/ਬ੍ਰਹਮਪੁੱਤਰ ਪ੍ਰਣਾਲੀ 'ਚ ਅਚਾਨਕ ਹੜ੍ਹਾਂ ਦਾ ਖ਼ਤਰਾ ਵਧਾ ਸਕਦੀਆਂ ਹਨ। ਇਸੇ ਤਰ੍ਹਾਂ ਪੱਛਮੀ ਹਿਮਾਲਿਆ 'ਚ ਅਜਿਹੀਆਂ ਘਟਨਾਵਾਂ ਸਤਲੁਜ, ਬਿਆਸ, ਰਾਵੀ ਅਤੇ ਹੋਰ ਦਰਿਆਈ ਪ੍ਰਣਾਲੀਆਂ ਰਾਹੀਂ ਹੇਠਲੇ ਇਲਾਕਿਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਸਤਲੁਜ ਦਾ ਉੱਪਰੀ ਕੈਚਮੈਂਟ ਤਿੱਬਤ ਤੇ ਹਿਮਾਚਲ ਦੇ ਉੱਚ ਹਿਮਾਲਿਆਈ ਖੇਤਰਾਂ ਤੱਕ ਫੈਲਿਆ ਹੋਣ ਕਾਰਨ ਉੱਥੇ ਬਰਫ਼-ਚੱਟਾਨ ਦੇ ਵੱਡੇ ਪੱਧਰ ਤੇ ਖਿਸਕਣ, ਗਲੋਫ ਜਾਂ ਬੇਹੱਦ ਜ਼ਿਆਦਾ ਮੀਂਹ ਵਰਗੀਆਂ ਘਟਨਾਵਾਂ ਕਾਰਨ ਪਾਣੀ ਅਤੇ ਮਲਬਾ ਹੇਠਲੇ ਡੈਮਾਂ ਲਈ ਮਹੱਤਵਪੂਰਨ ਖ਼ਤਰਾ ਬਣ ਸਕਦਾ ਹੈ।

ਇਸ ਲਈ ਭਾਖੜਾ-ਗੋਬਿੰਦ ਸਾਗਰ ਸਮੇਤ ਸਤਲੁਜ ਦੇ ਇਸ ਪੂਰੇ ਇਲਾਕੇ ਲਈ ਹਰ ਤਰ੍ਹਾਂ ਦੇ ਖ਼ਤਰੇ ਨੂੰ ਧਿਆਨ 'ਚ ਰੱਖਣਾ ਜ਼ਰੂਰੀ ਹੈ। ਮਾਹਿਰਾਂ ਮੁਤਾਬਕ ਇਸ ਤਰਾਂ ਦੀ ਤਬਾਹੀ ਤੋਂ ਬਚਾਉਣ ਲਈ ਬੇਹੱਦ ਜ਼ਰੂਰੀ ਹੈ ਕਿ ਸੰਵੇਦਨਸ਼ੀਲ ਗਲੇਸ਼ੀਅਰ ਝੀਲਾਂ 'ਤੇ ਸੈਂਸਰ ਅਤੇ ਸੈਟੇਲਾਈਟ ਆਧਾਰਿਤ ਨਿਗਰਾਨੀ ਸਿਸਟਮ ਲਗਾਏ ਜਾਣ। ਖ਼ਤਰਨਾਕ ਝੀਲਾਂ 'ਚੋਂ ਸਾਈਫ਼ਨ ਪਾਈਪਾਂ ਜਾਂ ਹੋਰ ਉਚਿਤ ਤਰੀਕਿਆਂ ਰਾਹੀਂ ਪਾਣੀ ਦਾ ਪੱਧਰ ਪਹਿਲਾਂ ਹੀ ਘਟਾਇਆ ਜਾਵੇ। ਨਾਜ਼ੁਕ ਪਹਾੜੀ ਇਲਾਕਿਆਂ ਅਤੇ ਉੱਚ-ਜੋਖ਼ਮ ਵਾਲੇ ਸਥਾਨਾਂ 'ਤੇ ਅੰਨ੍ਹੇਵਾਹ ਡੈਮਾਂ ਤੇ ਵੱਡੇ ਬੁਨਿਆਦੀ ਢਾਂਚੇ ਦੇ ਨਿਰਮਾਣ ਤੋਂ ਪਰਹੇਜ਼ ਕੀਤਾ ਜਾਵੇ। ਇਸ ਤੋਂ ਇਲਾਵਾ ਸਰਹੱਦ ਪਾਰ ਸਹਿਯੋਗ ਵੀ ਬੇਹੱਦ ਜ਼ਰੂਰੀ ਹੈ। ਦੁਨੀਆਂ ਦੇ ਇਸ ਖਿੱਤੇ 'ਚ ਚੀਨ, ਨੇਪਾਲ ਤੇ ਭਾਰਤ ਵਿਚਕਾਰ ਨਾ ਕੇਵਲ ਦਰਿਆਈ ਅਤੇ ਗਲੇਸ਼ੀਅਲ ਡਾਟਾ ਸਾਂਝਾ ਕਰਨ ਦੀ ਲੋੜ ਹੈ, ਬਲਕਿ ਇਸ ਨੂੰ ਬਿਨਾ ਕੋਈ ਸਮਾਂ ਗਵਾਏ ਤੁਰੰਤ ਸਾਂਝਾ ਕਰਨ ਦੀ ਸਾਂਝੀ ਵਿਵਸਥਾ ਕਾਇਮ ਕੀਤੀ ਜਾਣੀ ਜ਼ਰੂਰੀ ਹੈ ਤਾਂ ਕਿ ਸੰਕਟ ਦੀ ਘੜੀ ਆਉਣ ਤੋਂ ਪਹਿਲਾਂ ਹੀ ਚੌਕਸ ਹੋਇਆ ਜਾ ਸਕੇ। ਕੁਦਰਤੀ ਖ਼ਤਰਾ ਆਪਣੇ ਆਪ ਹਮੇਸ਼ਾ ਵੱਡੀ ਤਬਾਹੀ ਨਹੀਂ ਬਣਦਾ। ਗਲਤ ਨਿਰਮਾਣ, ਕਮਜ਼ੋਰ ਬੁਨਿਆਦੀ ਢਾਂਚਾ, ਬੇਤਰਤੀਬ ਸ਼ਹਿਰੀਕਰਨ ਅਤੇ ਨਿਗਰਾਨੀ ਤੇ ਚੇਤਾਵਨੀ ਦੀ ਘਾਟ ਇਸ ਨੂੰ ਮਨੁੱਖੀ ਤ੍ਰਾਸਦੀ ਬਣਾਉਂਦੇ ਹਨ। ਇਸ ਲਈ ਹਿਮਾਲਿਆ 'ਚ ਵਿਕਾਸ ਰੋਕਣ ਦੀ ਨਹੀਂ, ਸਗੋਂ ਵਾਤਾਵਰਣ ਸੁਰੱਖਿਆ ਅਤੇ ਵਿਗਿਆਨਕ ਤੌਰ ਤੇ ਖ਼ਤਰੇ ਦੇ ਮੁਲਾਂਕਣ ਨਾਲ ਵਿਕਾਸ ਦੀ ਦਿਸ਼ਾ ਬਦਲਣ ਦੀ ਲੋੜ ਹੈ।

## ਗਲੇਸ਼ੀਅਰਾਂ ਦਾ ਖ਼ਤਰਾ

ਆਈ ਆਈ ਟੀ ਮੰਡੀ ਦੇ ਇੱਕ ਅਧਿਐਨ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਦੀਆਂ ਤੇਜ਼ੀ ਨਾਲ ਫੈਲ ਰਹੀਆਂ ਨੌਂ ਗਲੇਸ਼ੀਅਰ ਝੀਲਾਂ ਦੀ ਪਛਾਣ ਕੀਤੀ ਗਈ ਹੈ, ਨੂੰ ਮੌਸਮੀ ਤਬਦੀਲੀ ਦਾ ਮਹਿਜ਼ ਇੱਕ ਹੋਰ ਅੰਕੜਾ ਸਮਝਣ ਦੀ ਬਜਾਏ ਇੱਕ ਗੰਭੀਰ ਚਿਤਾਵਨੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਇਸ ਅਧਿਐਨ ਮੁਤਾਬਿਕ ਸਾਲ 2025 ਵਿੱਚ 3,500 ਮੀਟਰ ਦੀ ਉਚਾਈ ਤੋਂ ਉੱਪਰ 2,076 ਗਲੇਸ਼ੀਅਰ ਝੀਲਾਂ ਮੌਜੂਦ ਸਨ, ਜੋ ਕਿ ਇੱਕ ਦਹਾਕਾ ਪਹਿਲਾਂ ਨਾਲੋਂ ਲਗਪਗ 710 ਵੱਧ ਹਨ। ਇਸ ਦੇ ਨਾਲ ਹੀ ਇਨ੍ਹਾਂ ਦਾ ਕੁੱਲ ਰਕਬਾ 28.45 ਫ਼ੀਸਦੀ ਵਧ ਗਿਆ ਹੈ। ਖ਼ਤਰੇ ਦੀ ਜ਼ਦ ਵਿੱਚ ਆਉਂਦੇ ਇਨ੍ਹਾਂ ਇਲਾਕਿਆਂ ਵਿੱਚ 15 ਤੋਂ ਵੱਧ ਪੁਲਾਂ ਤੋਂ ਇਲਾਵਾ ਰਿਹਾਇਸ਼ੀ ਆਬਾਦੀ, ਸਿੱਖਿਆ ਅਤੇ ਸਿਹਤ ਸਹੂਲਤਾਂ ਵੀ ਆਉਂਦੀਆਂ ਹਨ। ਇਸ ਸਮੇਂ ਇਹ ਖ਼ਤਰਾ ਹੋਰ ਵੀ ਗੰਭੀਰ ਲੱਗ ਰਿਹਾ ਹੈ ਕਿਉਂਕਿ ਨੇਪਾਲ ਹਾਲੇ ਵੀ 26 ਅਗਸਤ ਨੂੰ ਇੱਕ ਗਲੇਸ਼ੀਅਰ ਟੁੱਟਣ ਕਾਰਨ ਆਈ ਤਬਾਹੀ ਦੇ ਜਾਨੀ-ਮਾਲੀ ਨੁਕਸਾਨ ਤੋਂ ਉੱਭਰ ਰਿਹਾ ਹੈ। ਇਸ ਹਾਦਸੇ ਵਿੱਚ 1,300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਹਜ਼ਾਰਾਂ ਅਜੇ ਵੀ ਲਾਪਤਾ ਹਨ। ਪਾਣੀ, ਚਿੱਕੜ, ਬਰਫ਼ ਅਤੇ ਪੱਥਰਾਂ ਦਾ ਇੱਕ ਵਿਸ਼ਾਲ ਹੜ੍ਹ ਘਾਟੀਆਂ ਵਿਚਦੀ ਗੁਜ਼ਰਿਆ, ਜਿਸ ਨੇ ਇਸ ਇਲਾਕੇ ਦੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਦਿੱਤਾ ਅਤੇ ਪਣ-ਬਿਜਲੀ ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਕਾਮੇ ਵੀ ਉੱਥੇ ਹੀ ਫਸ ਗਏ।

ਹਾਲਾਂਕਿ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਹਿਮਾਚਲ ਨੂੰ ਵੀ ਅਜਿਹੀ ਹੀ ਤਬਾਹੀ ਦਾ ਸਾਹਮਣਾ ਕਰਨਾ ਪਵੇਗਾ, ਪਰ ਨੇਪਾਲ ਦੀ ਇਹ ਤ੍ਰਾਸਦੀ ਦੱਸਦੀ ਹੈ ਕਿ ਉਚਾਈ 'ਤੇ ਵਾਪਰਨ ਵਾਲੀ ਕੋਈ ਘਟਨਾ ਦੇਖਦਿਆਂ-ਦੇਖਦਿਆਂ ਹੇਠਲੇ ਇਲਾਕਿਆਂ ਲਈ ਕਿਵੇਂ ਵੱਡੀ ਆਫ਼ਤ ਬਣ ਸਕਦੀ ਹੈ। ਲਗਾਤਾਰ ਗਰਮ ਹੋ ਰਹੇ ਹਿਮਾਲਿਆ ਵਿੱਚ ਗਲੇਸ਼ੀਅਰਾਂ ਦਾ ਪਿੱਛੇ ਹਟਣਾ, ਝੀਲਾਂ ਦਾ ਫੈਲਣਾ, ਪਿਘਲਦੀ ਬਰਫ਼, ਮਿੱਟੀ ਖਿਸਕਣਾ (ਲੈਂਡਸਲਾਈਡ) ਅਤੇ ਭਾਰੀ ਮੀਂਹ ਇਕੱਠੇ ਮਿਲ ਕੇ ਅਜਿਹੀ ਆਫ਼ਤ ਲਿਆ ਸਕਦੇ ਹਨ, ਜਿਸ ਦਾ ਅੰਦਾਜ਼ਾ ਰਵਾਇਤੀ ਆਫ਼ਤ ਪ੍ਰਬੰਧਨ ਨਹੀਂ ਲਗਾ ਸਕਦਾ। ਹਿਮਾਚਲ ਵਿੱਚ ਕਿਸੇ ਗਲੇਸ਼ੀਅਰ ਝੀਲ ਦੇ ਫਟਣ ਦਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਸੈਟੇਲਾਈਟ ਰਾਹੀਂ ਨਿਗਰਾਨੀ ਦੇ ਨਾਲ-ਨਾਲ ਜ਼ਮੀਨੀ ਪੱਧਰ 'ਤੇ ਪੜਤਾਲ, ਰੀਅਲ-ਟਾਈਮ ਅਰਲੀ-ਵਾਰਨਿੰਗ ਸਿਸਟਮ (ਅਗਾਊਂ ਚਿਤਾਵਨੀ ਪ੍ਰਣਾਲੀ) ਅਤੇ ਸਪੱਸ਼ਟ ਤੌਰ 'ਤੇ ਨਿਸ਼ਾਨਬੱਧ ਕੀਤੇ ਗਏ ਨਿਕਾਸੀ ਰਸਤੇ ਹੋਣੇ ਬਹੁਤ ਜ਼ਰੂਰੀ ਹਨ। ਹੇਠਲੇ ਇਲਾਕਿਆਂ ਵਿੱਚ ਵਸਦੇ ਲੋਕਾਂ ਨੂੰ ਨਿਯਮਿਤ ਤੌਰ 'ਤੇ ਮੌਕ-ਡਰਿੱਲਾਂ ਕਰਵਾਉਣ ਦੀ ਲੋੜ ਹੈ ਜਦੋਂਕਿ ਪੁਲਾਂ, ਪਣ-ਬਿਜਲੀ ਪ੍ਰੋਜੈਕਟਾਂ ਅਤੇ ਹੋਰ ਅਹਿਮ ਬੁਨਿਆਦੀ ਢਾਂਚੇ ਦੀ ਸੰਭਾਵੀ ਖ਼ਤਰਿਆਂ ਦੇ ਮੱਦੇਨਜ਼ਰ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ।



ਵਿਕਾਸ ਨੀਤੀਆਂ ਉੱਤੇ ਵੀ ਮੁੜ ਗ਼ੌਰ ਕਰਨ ਦੀ ਲੋੜ ਹੈ। ਪਹਾੜਾਂ ਦੇ ਨਾਜ਼ੁਕ ਅਤੇ ਉੱਚੇ ਇਲਾਕਿਆਂ ਵਿੱਚ ਸੜਕਾਂ, ਸੈਰ-ਸਪਾਟਾ ਅਤੇ ਉਸਾਰੀ ਦੇ ਕੰਮ ਇਸ ਤਰ੍ਹਾਂ ਯੋਜਨਾਬੱਧ ਨਹੀਂ ਕੀਤੇ ਜਾ ਸਕਦੇ ਜਿਵੇਂ ਪਹਾੜੀ ਵਾਤਾਵਰਣ ਹਮੇਸ਼ਾ ਲਈ ਸਥਿਰ ਹੋਵੇ। ਜਿੰਨਾ ਵੱਧ ਬੁਨਿਆਦੀ ਢਾਂਚਾ ਖ਼ਤਰੇ ਦੀ ਜ਼ਦ ਵਿੱਚ ਆਉਂਦੀਆਂ ਘਾਟੀਆਂ ਵਿੱਚ ਤਿਆਰ ਕੀਤਾ ਜਾਵੇਗਾ, ਕੁਦਰਤੀ ਆਫ਼ਤ ਆਉਣ ਦੀ ਸੂਰਤ ਵਿੱਚ ਜਾਨੀ ਨੁਕਸਾਨ ਦਾ ਖ਼ਤਰਾ ਵੀ ਓਨਾ ਹੀ ਵੱਧ ਹੋਵੇਗਾ। ਆਈ ਆਈ ਟੀ ਮੰਡੀ ਦੇ ਅਧਿਐਨ ਨੇ ਸੰਭਾਵੀ ਖ਼ਤਰੇ ਦੀ ਤਸਵੀਰ ਸਾਹਮਣੇ ਰੱਖ ਦਿੱਤੀ ਹੈ। ਇਸ ਲਈ ਹੁਣ ਅਗਲਾ ਕਦਮ ਫ਼ੌਰੀ ਅਤੇ ਠੋਸ ਕਾਰਵਾਈ ਦਾ ਹੋਣਾ ਚਾਹੀਦਾ ਹੈ।

# ਭੁੱਖੀਆਂ ਆਂਦਰਾਂ ਲਈ ਸਬਜ਼ਬਾਗ਼ ਦੇ ਸੁਫ਼ਨੇ





ਡਾ. ਕੇਸਰ ਸਿੰਘ ਭੰਗੂ

ਮੁਲਕ ਦੀ ਆਜ਼ਾਦੀ ਦੇ 80 ਸਾਲਾਂ ਬਾਅਦ ਵੀ ਦੇਸ਼ ਦੇ ਆਲਮੀ ਪੱਧਰ 'ਤੇ ਇਕ ਵੱਡੀ ਆਰਥਿਕ ਸ਼ਕਤੀ ਵਜੋਂ ਉਭਰਨ ਅਤੇ ਜਲਦ ਹੀ ਦੁਨੀਆਂ ਦੇ ਵਿਕਸਤ ਦੇਸ਼ਾਂ 'ਚ ਸ਼ਾਮਲ ਹੋਣ ਦੇ ਨਾਗਰਿਕਾਂ ਨੂੰ ਸੁਪਨੇ ਦਿਖਾਏ ਜਾ ਰਹੇ ਹਨ। ਪ੍ਰਧਾਨ ਮੰਤਰੀ ਸਮੇਤ ਸਾਰੀ ਸੱਤਾਧਾਰੀ ਧਿਰ ਦੇਸ਼ ਦੇ 2047 ਤੱਕ ਵਿਕਸਿਤ ਦੇਸ਼ਾਂ ਦੀ ਕਤਾਰ 'ਚ ਸ਼ਾਮਲ ਹੋਣ ਦਾ ਜ਼ਬਰਦਸਤ ਪ੍ਰਚਾਰ ਕਰ ਰਹੇ ਹਨ। ਇਸ ਗੱਲ ਨੂੰ ਵੀ ਬੜੇ ਜ਼ੋਰ ਸ਼ੋਰ ਨਾਲ ਉਭਾਰਿਆ ਜਾ ਰਿਹਾ ਹੈ ਕਿ ਭਾਰਤ 'ਚ ਆਮਦਨ ਵੰਡ ਅਤੇ ਸੰਪਤੀ ਦੀ ਵੰਡ 'ਚ ਬਹੁਤ ਇਕਸਾਰਤਾ ਹੋ ਗਈ ਹੈ ਅਤੇ ਇਹਨਾਂ ਮਿਆਰਾਂ 'ਚ ਅਤੇ ਅਤਿ ਗਰੀਬੀ ਦੀ ਘਟਦੀ ਅਨੁਪਾਤ ਦੇ ਮਾਮਲੇ 'ਚ ਦੇਸ਼ ਦੁਨੀਆ ਦੀ ਚੌਥੀ ਸਭ ਤੋਂ ਵੱਧ ਬਰਾਬਰਤਾ ਵਾਲੀ ਅਰਥਵਿਵਸਥਾ ਬਣ ਗਈ ਹੈ।

ਇਸ ਸਬੰਧੀ ਅੰਤਰਰਾਸ਼ਟਰੀ ਸੰਸਥਾਵਾਂ ਦੇ ਅੰਕੜਿਆਂ ਨੂੰ ਤੋੜ-ਮਰੋੜ ਕੇ ਆਪਣੀ ਪ੍ਰਸ਼ੰਸਾ ਲਈ ਵਰਤਿਆ ਜਾ ਰਿਹਾ ਹੈ ਪਰ ਜੇਕਰ ਦੇਸ਼ ਦੇ ਮਨੁੱਖੀ ਵਿਕਾਸ ਦੀ ਗੱਲ ਕਰੀਏ, ਖ਼ਾਸਕਰ ਬੱਚਿਆਂ ਦੇ ਸਰੀਰਕ ਵਿਕਾਸ ਤੇ ਤੰਦਰੁਸਤੀ ਦੀ ਤਾਂ ਅਸਲੀਅਤ 'ਚ ਸਾਹਮਣੇ ਕੁਝ ਹੋਰ ਹੀ ਆਉਂਦਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਬੱਚੇ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੇ ਹਨ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਬਹੁਤ ਵਧੀਆ ਤਰੀਕੇ ਨਾਲ ਹੋਣਾ ਚਾਹੀਦਾ ਹੈ ਅਤੇ ਉਹਨਾਂ ਦੀ ਪਰਵਰਿਸ਼ 'ਚ ਕਿਸੇ ਕਿਸਮ ਦੀ ਕਮੀਂ ਨਹੀਂ ਰਹਿਣੀ ਚਾਹੀਦੀ ਤਾਂ ਕਿ ਦੇਸ਼ ਦਾ ਭਵਿੱਖ ਉੱਜਵਲ ਹੋ ਸਕੇ। ਇਸ ਲੇਖ 'ਚ ਅਸੀਂ ਪਤਾ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਕੀ ਭਾਰਤ ਵਿੱਚ ਬੱਚਿਆਂ ਦਾ ਪਾਲਣ ਪੋਸ਼ਣ ਅਤੇ ਉਨ੍ਹਾਂ ਦੀ ਪਰਵਰਿਸ਼ ਠੀਕ ਢੰਗ ਨਾਲ, ਭਾਵ ਵਿਸ਼ਵ ਸਿਹਤ ਸੰਗਠਨ ਵੱਲੋਂ ਤਹਿ ਮਾਨਕਾ ਅਤੇ ਮਿਆਰਾਂ ਅਨੁਸਾਰ ਹੋ ਰਹੀ ਹੈ ਜਾਂ ਨਹੀਂ ? ਇਸ ਸਬੰਧੀ ਅਧਿਐਨ ਲਈ, ਭਾਰਤ ਸਰਕਾਰ ਦੇ ਔਰਤਾਂ ਅਤੇ ਬੱਚਿਆਂ ਦੇ ਵਿਕਾਸ ਸਬੰਧੀ ਵਿਭਾਗ ਵੱਲੋਂ ਕੀਤੇ ਜਾਂਦੇ ਸਰਵੇਖਣ ਨੂੰ ਆਧਾਰ ਬਣਾਇਆ ਗਿਆ ਹੈ।

ਇਸੇ ਸਬੰਧੀ ਔਰਤਾਂ ਅਤੇ ਬੱਚਿਆਂ ਦੇ ਵਿਕਾਸ ਵਿਭਾਗ ਦੇ ਕੇਂਦਰੀ ਸਰਕਾਰ ਦੇ ਮੰਤਰੀ ਨੇ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੌਰਾਨ ਰਾਜ ਸਭਾ 'ਚ ਕਿਸੇ ਸਵਾਲ ਦੇ ਜਵਾਬ 'ਚ ਜਾਣਕਾਰੀ ਸਾਂਝੀ ਕਰਦਿਆਂ ਮੰਨਿਆ ਕਿ ਦੇਸ਼ ਦੇ ਬੱਚੇ ਕੁਪੋਸ਼ਣ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਇਹ ਵਿਭਾਗ ਪੂਰੇ ਦੇਸ਼ ਵਿੱਚੋਂ 0-5 ਸਾਲ ਦੀ ਉਮਰ ਦੇ ਬੱਚਿਆਂ ਸਬੰਧੀ ਜਾਣਕਾਰੀ ਇਕੱਤਰ ਕਰਕੇ ਅੰਕੜਿਆਂ ਦਾ ਅਧਿਐਨ ਕਰਕੇ ਸਮੇਂ ਸਮੇਂ ਤੇ ਦੇਸ਼ ਵਾਸੀਆਂ ਦੀ ਜਾਣਕਾਰੀ ਹਿੱਤ ਜਾਰੀ ਕਰਦਾ ਰਹਿੰਦਾ ਹੈ। ਇਸ ਸਰਵੇਖਣ ਨੂੰ ਪੋਸ਼ਣ ਟਰੈਕਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਅਤੇ ਹੁਣ ਇਹ ਤਾਜ਼ਾ ਜੁਲਾਈ 2026 'ਚ ਜਾਰੀ ਕੀਤਾ ਗਿਆ ਹੈ। ਪੋਸ਼ਣ ਟਰੈਕਰ ਰਾਹੀਂ ਵਿਭਾਗ 0-5 ਸਾਲਾਂ ਉਮਰ ਵਿੱਚਕਾਰ ਬੱਚਿਆਂ ਦੀ ਸਿਹਤ ਸਬੰਧੀ ਜਾਣਕਾਰੀ ਇਕੱਤਰ ਕਰਦਾ ਹੈ। ਇੱਥੇ ਬੱਚਿਆਂ ਦੇ ਪਾਲਣ ਪੋਸ਼ਣ ਅਤੇ ਉਨ੍ਹਾਂ ਦੀ ਪਰਵਰਿਸ਼ ਸਬੰਧੀ ਹੋਰਨਾਂ ਮੁੱਦਿਆਂ ਦੇ ਨਾਲ ਨਾਲ, ਤਿੰਨ ਮੁੱਦਿਆਂ ਦਾ ਨਿਰੀਖਣ ਵੀ ਕਰਦਾ ਹੈ।

ਪਹਿਲਾਂ, ਸਟੰਟਇੰਗ-ਦਾ ਮਤਲਬ ਹੁੰਦਾ ਹੈ ਜਦੋਂ ਬੱਚਿਆਂ ਦਾ ਗੰਭੀਰ ਕੁਪੋਸ਼ਣ ਕਰਕੇ ਵਿਸ਼ਵ ਸਿਹਤ ਸੰਗਠਨ ਦੇ ਮਿਆਰਾਂ ਅਨੁਸਾਰ ਉਮਰ ਦੇ ਅਨੁਸਾਰ ਕੱਦ ਨਾ ਵਧੇ, ਦੂਜਾ, ਵੇਸਟਿੰਗ-ਦਾ ਮਤਲਬ ਹੁੰਦਾ ਹੈ ਕਿ ਜਦੋਂ ਬੱਚੇ ਕੁਪੋਸ਼ਣ ਕਾਰਨ ਉਮਰ ਅਤੇ ਕੱਦ ਮੁਤਾਬਿਕ ਜ਼ਿਆਦਾ ਦੁਬਲੇ ਪਤਲੇ ਹੋਣ ਅਤੇ ਤੀਜਾ, ਅੰਡਰਵੇਟ-ਦਾ ਭਾਵ ਕਿ ਜਦੋਂ ਬੱਚਿਆਂ ਦਾ ਭਾਰ ਕੱਦ ਅਤੇ ਉਮਰ ਮੁਤਾਬਕ ਮਿਆਰਾਂ ਨਾਲੋਂ ਕਿਤੇ ਘੱਟ ਹੋਵੇ।

ਇਸ ਸਬੰਧੀ ਭਾਰਤ ਅਤੇ ਭਾਰਤ ਦੇ ਪ੍ਰਮੁੱਖ 10 ਸੂਬਿਆਂ ਦੇ ਅੰਕੜਿਆਂ ਦਾ ਅਧਿਐਨ ਕਰਾਂਗੇ, ਪੰਜ ਸੂਬਿਆਂ ਜਿਹਨਾਂ 'ਚ ਬੱਚਿਆਂ ਵਿੱਚ ਕੁਪੋਸ਼ਣ ਵੱਡੇ ਪੱਧਰ 'ਤੇ ਪਾਇਆ ਜਾਂਦਾ ਹੈ ਅਤੇ ਪੰਜ ਉਹ ਸੂਬੇ ਜਿਹਨਾਂ 'ਚ ਮੁਕਾਬਲੇ 'ਚ ਬੱਚਿਆਂ 'ਚ ਕੁਪੋਸ਼ਣ ਘੱਟ ਪਾਇਆ ਜਾਂਦਾ ਹੈ।

ਇਸ ਦੇ ਨਾਲ ਹੀ ਬੱਚਿਆਂ ਦੇ ਕੁਪੋਸ਼ਣ ਸਬੰਧੀ ਕੁੱਝ ਹੋਰ ਪ੍ਰਮੁੱਖ ਪਹਿਲੂਆਂ ਜਿਵੇਂ ਨੀਓ ਨੇਟਲ ਮੋਰੈਲਿਟੀ ਰੇਟ ਭਾਵ ਨਵਜੰਮੇ ਬੱਚਿਆਂ 'ਚ ਪਹਿਲੇ 29 ਦਿਨਾਂ ਦੇ ਅੰਦਰ ਮੌਤ ਦੀ ਦਰ, ਇਨਫੈਂਟ ਮੋਰੈਲਿਟੀ ਰੇਟ, ਭਾਵ ਇੱਕ ਸਾਲ ਤੋਂ ਛੋਟੇ ਬੱਚਿਆਂ ਵਿੱਚ ਮੌਤ ਦਰ ਅਤੇ ਅੰਡਰ 5 ਮੋਰੈਲਿਟੀ ਰੇਟ ਭਾਵ ਬੱਚਿਆਂ ਦਾ ਜਨਮ ਹੋਣ ਤੋਂ ਬਾਅਦ ਪੰਜ ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਮੌਤ ਹੋਣ ਦੀ ਦਰ, ਦਾ ਅਧਿਐਨ ਵੀ ਕਰਨ ਦੀ ਕੋਸ਼ਿਸ਼ ਕਰਾਂਗੇ। ਪੋਸ਼ਣ ਟਰੈਕਰ 2026 ਦੇ ਅੰਕੜੇ ਸਪੱਸ਼ਟ ਦੱਸਦੇ ਹਨ ਕਿ ਦੇਸ਼ 'ਚ 0-5 ਸਾਲ ਦੇ ਬੱਚਿਆਂ ਦੀ ਕੁੱਲ ਆਬਾਦੀ ਦਾ ਇਕ ਤਿਹਾਈ ਤੋਂ ਵੱਧ ਹਿੱਸਾ, 28 ਪ੍ਰਤੀਸ਼ਤ, ਬੱਚੇ ਗੰਭੀਰ ਕੁਪੋਸ਼ਣ ਦਾ ਸ਼ਿਕਾਰ ਹੋਣ ਕਾਰਨ ਸਰੀਰਕ ਤੌਰ 'ਤੇ ਮਿਆਰਾਂ ਅਨੁਸਾਰ ਵਿਕਾਸ ਨਹੀਂ ਕਰਦੇ ਅਤੇ ਤੰਦਰੁਸਤ ਨਹੀਂ ਹਨ ਅਤੇ ਉਨ੍ਹਾਂ ਦਾ ਕੱਦ ਛੋਟਾ ਰਹਿ ਜਾਂਦਾ ਹੈ। ਕੁਪੋਸ਼ਣ ਕਰ ਕੇ ਲਗਭਗ 3 ਪ੍ਰਤੀਸ਼ਤ ਬੱਚੇ ਦੁਬਲੇ-ਪਤਲੇ ਰਹਿ ਰਹੇ ਹਨ ਅਤੇ 11 ਪ੍ਰਤੀਸ਼ਤ ਬੱਚਿਆਂ ਦਾ ਉਮਰ ਅਤੇ ਕੱਦ ਮੁਤਾਬਿਕ ਭਾਰ ਬਹੁਤ ਘੱਟ ਹੈ।

ਵੱਧ ਕੁਪੋਸ਼ਣ ਦੇ ਸ਼ਿਕਾਰ ਸੂਬਿਆ 'ਚ ਜਿਵੇਂ ਕਿ ਝਾੜਖੰਡ 'ਚ 41 ਪ੍ਰਤੀਸ਼ਤ, ਮੱਧ ਪ੍ਰਦੇਸ਼ 'ਚ 39 ਪ੍ਰਤੀਸ਼ਤ, ਬਿਹਾਰ 'ਚ 38 ਪ੍ਰਤੀਸ਼ਤ, ਉੱਤਰ ਪ੍ਰਦੇਸ਼ 'ਚ 34 ਪ੍ਰਤੀਸ਼ਤ ਅਤੇ ਅਸਮ 'ਚ 32 ਪ੍ਰਤੀਸ਼ਤ ਬੱਚੇ ਗੰਭੀਰ ਕੁਪੋਸ਼ਣ ਦਾ ਸ਼ਿਕਾਰ ਹੋਣ ਕਾਰਨ ਸਰੀਰਕ ਤੌਰ 'ਤੇ ਮਿਆਰਾਂ ਅਨੁਸਾਰ ਕੱਦ 'ਚ ਛੋਟੇ ਰਹਿ ਜਾਂਦੇ ਹਨ ਅਤੇ ਤੰਦਰੁਸਤ ਨਹੀਂ ਹਨ। ਇਵੇਂ ਹੀ ਇਹਨਾਂ ਸੂਬਿਆਂ 'ਚ 4 ਪ੍ਰਤੀਸ਼ਤ ਤੋਂ 8 ਪ੍ਰਤੀਸ਼ਤ ਤੱਕ ਬੱਚੇ ਦੁਬਲੇ ਪਤਲੇ ਰਹਿ ਰਹੇ ਹਨ ਅਤੇ 11 ਪ੍ਰਤੀਸ਼ਤ ਤੋਂ 17 ਪ੍ਰਤੀਸ਼ਤ ਤੱਕ ਬੱਚਿਆਂ ਦਾ ਉਮਰ ਅਤੇ ਕੱਦ ਮੁਤਾਬਿਕ ਭਾਰ ਬਹੁਤ ਘੱਟ ਹੈ। ਜਦੋਂ ਦੇਸ਼ ਦੇ ਘੱਟ ਕੁਪੋਸ਼ਣ ਦਾ ਸ਼ਿਕਾਰ ਵਾਲੇ ਸੂਬਿਆਂ ਦੀ ਗੱਲ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕੇਰਲਮ ਵਿੱਚ 25 ਪ੍ਰਤੀਸ਼ਤ, ਪੰਜਾਬ 'ਚ 17 ਪ੍ਰਤੀਸ਼ਤ, ਹਰਿਆਣਾ 'ਚ 15 ਪ੍ਰਤੀਸ਼ਤ, ਆਂਧਰਾ ਪ੍ਰਦੇਸ਼ 'ਚ 9 ਪ੍ਰਤੀਸ਼ਤ ਅਤੇ ਤਾਮਿਲਨਾਡੂ 'ਚ 8 ਪ੍ਰਤੀਸ਼ਤ ਬੱਚਿਆਂ ਦਾ ਤੈਅ ਮਿਆਰਾਂ ਅਨੁਸਾਰ ਸਰੀਰਕ ਵਿਕਾਸ ਨਹੀਂ ਹੋ ਰਿਹਾ। ਇਹਨਾਂ ਸੂਬਿਆਂ 'ਚ 1 ਪ੍ਰਤੀਸ਼ਤ ਤੋਂ 4 ਪ੍ਰਤੀਸ਼ਤ ਬੱਚੇ ਦੁਬਲੇ ਪਤਲੇ ਰਹਿ ਰਹੇ ਹਨ ਅਤੇ 3 ਪ੍ਰਤੀਸ਼ਤ ਤੋਂ 8 ਪ੍ਰਤੀਸ਼ਤ ਬੱਚਿਆਂ ਦਾ ਉਮਰ ਅਤੇ ਕੱਦ ਮੁਤਾਬਿਕ ਭਾਰ ਘੱਟ ਪਾਇਆ ਜਾ ਰਿਹਾ ਹੈ।

ਇੱਥੇ ਬੱਚਿਆਂ ਦੀ ਸਿਹਤ ਸਬੰਧੀ ਕੁੱਝ ਹੋਰ ਅਹਿਮ ਮੁੱਦਿਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਜਾਂਦਾ ਹੈ ਪਹਿਲਾਂ, ਨੀਓ ਨੇਟਲ ਰੇਟ ਭਾਵ ਨਵਜੰਮੇ ਬੱਚਿਆਂ 'ਚ ਪਹਿਲੇ 29 ਦਿਨਾਂ ਦੇ ਅੰਦਰ ਮੌਤ ਦੀ ਦਰ, ਜਦੋਂ ਇਸ ਸੰਬੰਧੀ ਅੰਕੜਿਆਂ ਤੇ ਨਿਗਾਹ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਦੇਸ਼ ਪੱਧਰ ਤੇ 1000 ਨਵਜੰਮੇ ਬੱਚਿਆਂ ਵਿੱਚੋਂ 17 ਬੱਚਿਆਂ ਦੀ ਜਨਮ ਹੋਣ ਤੋਂ ਬਾਅਦ 29 ਦਿਨਾਂ ਦੇ ਅੰਦਰ ਅੰਦਰ ਮੌਤ ਹੋ ਜਾਂਦੀ ਹੈ।

ਇਹ ਮੌਤ ਦਰ ਗੰਭੀਰ ਕੁਪੋਸ਼ਣ ਵਾਲਿਆਂ ਸੂਬਿਆਂ ਜਿਵੇਂ ਕਿ ਮੱਧ ਪ੍ਰਦੇਸ਼ 'ਚ 26, ਉਤਰ ਪ੍ਰਦੇਸ਼ 26, ਛੱਤੀਸਗੜ੍ਹ 'ਚ 26 ਅਤੇ ਉਡੀਸਾ 'ਚ 21 ਹੈ ਅਤੇ ਘੱਟ ਕੁਪੋਸ਼ਣ ਵਾਲੇ ਸੂਬਿਆਂ 'ਚ ਜਿਵੇਂ ਕਿ ਕੇਰਲਮ 'ਚ 5, ਤਾਮਿਲਨਾਡੂ 'ਚ 8, ਮਹਾਰਾਸ਼ਟਰ 'ਚ 11 ਤੇ ਪੰਜਾਬ 'ਚ 11 ਹੈ। ਦੂਜਾ, ਅੰਡਰ-ਫਾਈਵ ਮੋਰੈਲਿਟੀ ਰੇਟ ਭਾਵ ਬੱਚਿਆਂ ਦਾ ਜਨਮ ਹੋਣ ਤੋਂ ਬਾਅਦ ਪੰਜ ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਮੌਤ ਹੋਣ ਦੀ ਦਰ ਦਾ ਮੁੱਦਾ ਵੀ ਬਹੁਤ ਮਹੱਤਤਾ ਰੱਖਦਾ ਹੈ। ਇਸ ਸਬੰਧੀ ਅੰਕੜੇ ਸਪੱਸ਼ਟ ਦੱਸਦੇ ਹਨ ਕਿ ਇਹ ਮੌਤ ਦਰ ਦੇਸ਼ ਪੱਧਰ ਤੇ 1000 ਬੱਚਿਆਂ ਪਿੱਛੇ 27 ਹੈ ਅਤੇ ਵੱਧ ਕੁਪੋਸ਼ਣ ਦਾ ਸ਼ਿਕਾਰ ਸੂਬਿਆਂ 'ਚ ਜਿਵੇਂ ਕਿ ਮੱਧ ਪ੍ਰਦੇਸ਼ 'ਚ 41, ਉਤਰ ਪ੍ਰਦੇਸ਼ 'ਚ 41 ਤੇ ਛੱਤੀਸਗੜ੍ਹ 'ਚ 39 ਤੇ ਉਡੀਸਾ 'ਚ 28 ਹੈ ਅਤੇ ਘੱਟ ਕੁਪੋਸ਼ਣ ਵਾਲੇ ਸੂਬਿਆਂ ਜਿਵੇਂ ਕਿ ਕੇਰਲਮ 'ਚ 8, ਤਾਮਿਲਨਾਡੂ 'ਚ 13, ਮਹਾਰਾਸ਼ਟਰ 'ਚ 16 ਤੇ ਪੰਜਾਬ 'ਚ 19 ਹੈ। ਤੀਜਾ, ਇਸ ਦੇ ਨਾਲ ਹੀ ਇਨਫੈਂਟ ਮੋਰੈਲਿਟੀ ਰੇਟ ਭਾਵ ਇਕ ਸਾਲ ਤੋਂ ਛੋਟੇ ਬੱਚਿਆਂ 'ਚ ਮੌਤ ਦਰ ਦਾ ਸੂਚਕ ਵੀ ਬੱਚਿਆਂ ਦੀ ਸਿਹਤ ਤੇ ਪਰਵਰਿਸ਼ ਨਾਲ ਸਬੰਧਤ ਇੱਕ ਮਹੱਤਵਪੂਰਨ ਵਿਸ਼ਾ ਹੈ।

ਭਾਰਤ 'ਚ ਲਗਭਗ ਇਹ ਮੌਤ ਦਰ 2026 'ਚ 1000 ਜਨਮੇ ਬੱਚਿਆਂ ਪਿੱਛੇ 24 ਸੀ ਜਦੋਂ ਕਿ ਦੁਨੀਆਂ ਦੇ ਵਿਕਸਤ ਮੁਲਕਾਂ 'ਚ ਇਹ ਦਰ 1-3 ਤੱਕ ਪਾਈ ਜਾਂਦੀ ਹੈ। ਬੱਚਿਆਂ ਦੇ ਘੱਟ ਕੁਪੋਸ਼ਣ ਦੇ ਸ਼ਿਕਾਰ ਸੂਬਿਆਂ ਜਿਵੇਂ ਕਿ ਕੇਰਲਮ 8, ਤਾਮਿਲਨਾਡੂ 11, ਪੰਜਾਬ 16, ਜਦੋਂ ਕਿ ਕੁਪੋਸ਼ਣ ਦੇ ਵੱਧ ਸ਼ਿਕਾਰ ਸੂਬਿਆਂ 'ਚ ਇਹ ਦਰ ਕਾਫ਼ੀ ਜ਼ਿਆਦਾ ਹੈ ਜਿਵੇਂ ਕਿ ਮੱਧ ਪ੍ਰਦੇਸ਼ ਵਿੱਚ ਸਭ ਤੋਂ ਵੱਧ 37, ਛੱਤੀਸਗੜ੍ਹ 37 ਫਿਰ ਉਤਰ ਪ੍ਰਦੇਸ਼ 37, ਬਿਹਾਰ 23, ਝਾੜਖੰਡ 29 ਆਉਂਦੇ ਹਨ। ਸਾਡੇ ਦੇਸ਼ 'ਚ ਬੱਚਿਆਂ 'ਚ ਗੰਭੀਰ ਕੁਪੋਸ਼ਣ ਦੇ ਕਈ ਕਾਰਨ ਹਨ।

ਸਭ ਤੋਂ ਪ੍ਰਮੁੱਖ ਕਾਰਨ ਦੇਸ਼ 'ਚ ਵੱਡੇ ਪੱਧਰ 'ਤੇ ਪਾਈ ਜਾਂਦੀ ਆਮ ਗ਼ਰੀਬੀ ਅਤੇ ਵੱਡੇ ਪੱਧਰ ਦੀਆਂ ਆਰਥਿਕ ਅਤੇ ਸਮਾਜਿਕ ਨਾਬਰਾਬਰੀਆ ਹੋਣਾ ਹੀ ਹੈ, ਜਿਸ ਕਾਰਨ ਆਬਾਦੀ ਦੇ ਇੱਕ ਵੱਡੇ ਹਿੱਸੇ ਦੀ ਸੰਤੁਲਿਤ ਭੋਜਨ ਤੇ ਖ਼ੁਰਾਕ ਤੱਕ ਪਹੁੰਚ ਹੀ ਨਹੀਂ ਬਣਦੀ ਹੈ। ਉਦਾਹਰਣ ਦੇ ਤੌਰ 'ਤੇ ਜੇ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਲਗਭਗ ਦੇਸ਼ ਦੇ 78 ਪ੍ਰਤੀਸ਼ਤ ਲੋਕ ਪ੍ਰਤੀ ਮਹੀਨਾ 15000 ਰੁਪਏ ਤੋਂ ਘੱਟ ਕਮਾਉਂਦੇ ਹਨ ਅਤੇ 28 ਪ੍ਰਤੀਸ਼ਤ ਲੋਕ ਪ੍ਰਤੀ ਮਹੀਨਾ ਕੇਵਲ 3000 ਰੁਪਏ ਤੋਂ ਘੱਟ ਕਮਾਉਂਦੇ ਹਨ।

ਇਹ ਸਭ ਕੁੱਝ ਉਦੋਂ ਵਾਪਰ ਰਿਹਾ ਹੈ, ਜਦੋਂ ਦੇਸ਼ ਵਾਸੀਆਂ ਨੂੰ ਸਭ ਕੁਝ ਠੀਕ ਹੋਣ ਦੇ ਸਬਜ਼ਬਾਗ ਅਤੇ ਸੁਪਨੇ ਦਿਖਾਏ ਜਾ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿਹਤ ਸਹੂਲਤਾਂ ਅਤੇ ਸਿੱਖਿਆ ਉਤੇ ਆਪਣਾ ਖ਼ਰਚ ਵਧਾ ਕੇ ਆਮ ਲੋਕਾਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਤਾਂ ਬੱਚਿਆਂ 'ਚ ਕੁਪੋਸ਼ਣ ਦੀ ਸਮੱਸਿਆਂ ਵੱਲ ਧਿਆਨ ਕੇਂਦਰਿਤ ਕੀਤਾ ਜਾ ਸਕੇ ਨਾ ਕਿ ਕੇਵਲ ਵੱਡੀਆਂ ਵੱਡੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ।

# ਸਜ਼ਾ ਤੋਂ ਪਹਿਲਾਂ ਬਚਾਅ



ਜਦੋਂ ਕੋਈ ਬੱਚਾ ਅਪਰਾਧ ਦੀ ਦੁਨੀਆ ਵਿੱਚ ਪੈਰ ਧਰਦਾ ਹੈ ਤਾਂ ਇਹ ਇਸ ਗੱਲ ਦਾ ਸਬੂਤ ਹੁੰਦਾ ਹੈ ਕਿ ਸਿਸਟਮ ਕਾਫ਼ੀ ਸਮਾਂ ਪਹਿਲਾਂ ਫੇਲ੍ਹ ਹੋ ਚੁੱਕਾ ਹੈ। ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਟਿੱਪਣੀ ਕੀਤੀ ਹੈ ਕਿ ਗ਼ਰੀਬੀ, ਨਾਬਰਾਬਰੀ, ਅਨਪੜ੍ਹਤਾ ਅਤੇ ਵਿਤਕਰਾ ਬੱਚਿਆਂ ਨੂੰ ਅਪਰਾਧ ਵੱਲ ਧੱਕ ਸਕਦੇ ਹਨ। ਇਹ ਟਿੱਪਣੀ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਸਾਨੂੰ ਸਿਰਫ਼ ਅਪਰਾਧ ਵੱਲ ਨਹੀਂ ਸਗੋਂ ਉਨ੍ਹਾਂ ਹਾਲਾਤ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਕਾਰਨ ਇਹ ਵਾਪਰਦਾ ਹੈ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਗ਼ਰੀਬ ਬੱਚੇ ਲਾਜ਼ਮੀ ਤੌਰ 'ਤੇ ਅਪਰਾਧੀ ਬਣ ਜਾਂਦੇ ਹਨ। ਤੰਗੀ ਵਿੱਚ ਪਲਣ ਵਾਲੇ ਬਹੁਤੇ ਬੱਚੇ ਅਜਿਹੇ ਰਸਤੇ ਨਹੀਂ ਅਪਣਾਉਂਦੇ, ਪਰ ਜਦੋਂ ਗ਼ਰੀਬੀ ਕਾਰਨ ਪੜ੍ਹਾਈ ਛੁੱਟ ਜਾਵੇ, ਬਾਲ ਮਜ਼ਦੂਰੀ, ਘਰੇਲੂ ਕਲੇਸ਼, ਨਸ਼ੇ, ਮਾੜੀ ਸੰਗਤ ਅਤੇ ਸਮਾਜਿਕ ਵਿਤਕਰੇ ਵਰਗੀਆਂ ਸਮੱਸਿਆਵਾਂ ਵੀ ਇਸ ਨਾਲ ਜੁੜ ਜਾਂਦੀਆਂ ਹਨ ਤਾਂ ਬੱਚੇ ਕਮਜ਼ੋਰ ਪੈ ਕੇ ਗ਼ਲਤ ਰਾਹ ਪੈ ਜਾਂਦੇ ਹਨ। ਸਰਕਾਰ ਜਾਂ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ। ਇਸ ਨੂੰ ਬੱਚੇ ਵੱਲੋਂ ਪੁਲੀਸ ਸਟੇਸ਼ਨ ਜਾਂ ਜੁਵੇਨਾਈਲ ਬੋਰਡ (ਬਾਲ ਅਦਾਲਤ) ਤੱਕ ਪਹੁੰਚਣ ਤੋਂ ਪਹਿਲਾਂ ਹੀ ਸਿਸਟਮ ਦੀਆਂ ਖ਼ਾਮੀਆਂ ਦੂਰ ਕਰਨੀਆਂ ਚਾਹੀਦੀਆਂ ਹਨ।

ਸੁਪਰੀਮ ਕੋਰਟ ਦੀ ਇਹ ਚਿੰਤਾ ਕਿ ਜੁਵੇਨਾਈਲ ਜਸਟਿਸ ਐਕਟ (ਬਾਲ ਨਿਆਂ ਐਕਟ) ਦੇ ਸੁਰੱਖਿਆ ਉਪਬੰਧ ਹਰ ਲੋੜਵੰਦ ਬੱਚੇ ਤੱਕ ਨਹੀਂ ਪਹੁੰਚ ਸਕੇ, ਜੋ ਸਰਕਾਰੀ ਤੰਤਰ ਦੀ ਵੱਡੀ ਅਸਫ਼ਲਤਾ ਨੂੰ ਉਜਾਗਰ ਕਰਦੀ ਹੈ। ਇਹ ਕਾਨੂੰਨ ਸਜ਼ਾ ਦੇਣ 'ਤੇ ਨਹੀਂ ਸਗੋਂ ਬੱਚਿਆਂ ਦੀ ਦੇਖਭਾਲ, ਸੁਰੱਖਿਆ, ਸੁਧਾਰ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਵਾਪਸ ਲਿਆਉਣ 'ਤੇ ਆਧਾਰਿਤ ਹੈ। ਇਸ ਦੇ ਬਾਵਜੂਦ ਕਈ ਵਾਰ ਬੱਚੇ ਅਜਿਹੇ ਸਿਸਟਮ ਵਿੱਚ ਫਸ ਜਾਂਦੇ ਹਨ ਜਿੱਥੇ ਅਧਿਕਾਰੀ ਅਤੇ ਸਬੰਧਿਤ ਲੋਕ ਨਾ ਤਾਂ ਉਨ੍ਹਾਂ ਦੀ ਉਮਰ (ਨਾਬਾਲਗ ਹੋਣ) ਨੂੰ ਪਛਾਣ ਪਾਉਂਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਮਿਲਣ ਵਾਲੇ ਕਾਨੂੰਨੀ ਹੱਕਾਂ ਨੂੰ ਪੂਰੀ ਤਰ੍ਹਾਂ ਸਮਝਦੇ ਹਨ।

ਇਸ ਦਾ ਅਸਲ ਹੱਲ ਇਹੀ ਹੈ ਕਿ ਬਾਲ ਨਿਆਂ ਪ੍ਰਣਾਲੀ ਨੂੰ ਸਜ਼ਾ ਦੇਣ ਦੀ ਬਜਾਏ ਅਪਰਾਧ ਨੂੰ ਪਹਿਲਾਂ ਹੀ ਰੋਕਣ (ਪ੍ਰੀਵੈਂਟਿਵ) ਵਾਲਾ ਬਣਾਇਆ ਜਾਵੇ। ਸਕੂਲੋਂ ਹਟਣ ਵਾਲੇ ਬੱਚਿਆਂ, ਬਾਲ ਮਜ਼ਦੂਰਾਂ, ਬੇਘਰ ਬੱਚਿਆਂ, ਨਸ਼ੇ ਦੇ ਆਦੀ ਅਤੇ ਵੈੱਲਫੇਅਰ ਏਜੰਸੀਆਂ ਦੇ ਸੰਪਰਕ ਵਿੱਚ ਵਾਰ-ਵਾਰ ਆਉਣ ਵਾਲੇ ਬੱਚਿਆਂ ਦੀ ਮਦਦ ਲਈ ਸਿਖਲਾਈ ਪ੍ਰਾਪਤ ਸੋਸ਼ਲ ਵਰਕਰਾਂ, ਕਾਊਂਸਲਰਾਂ ਅਤੇ ਬਾਲ ਸੁਰੱਖਿਆ ਅਧਿਕਾਰੀਆਂ ਵੱਲੋਂ ਸਮੇਂ ਸਿਰ ਕਦਮ ਚੁੱਕੇ ਜਾਣੇ ਚਾਹੀਦੇ ਹਨ। ਜੁਵੇਨਾਈਲ ਜਸਟਿਸ ਬੋਰਡਾਂ (ਬਾਲ ਨਿਆਂ ਬੋਰਡਾਂ) ਨੂੰ ਪੂਰੀ ਪੇਸ਼ੇਵਰ ਮਦਦ ਦੀ ਲੋੜ ਹੈ ਅਤੇ ਬਾਲ ਸੁਧਾਰ ਘਰਾਂ ਤੋਂ ਛੁੱਟਣ ਤੋਂ ਬਾਅਦ ਵੀ ਬੱਚਿਆਂ ਦੀ ਦੇਖਭਾਲ ਅਤੇ ਮੁੜ-ਵਸੇਬਾ ਜਾਰੀ ਰਹਿਣਾ ਚਾਹੀਦਾ ਹੈ। ਇਹ ਚੁਣੌਤੀ ਹੁਣ ਹੋਰ ਵੀ ਗੁੰਝਲਦਾਰ ਹੋ ਗਈ ਹੈ। ਜਿਵੇਂ ਕਿ ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਨੋਟ ਕੀਤਾ ਹੈ ਕਿ ਅੱਜ ਦੇ ਬੱਚੇ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਰਾਹੀਂ ਬਹੁਤ ਛੋਟੀ ਉਮਰ ਵਿੱਚ ਹੀ ਗੁੰਝਲਦਾਰ ਜਾਣਕਾਰੀ, ਹਿੰਸਕ ਜਾਂ ਅਸ਼ਲੀਲ ਸਮੱਗਰੀ (ਗ੍ਰਾਫਿਕ ਕੰਟੈਂਟ) ਅਤੇ ਉਨ੍ਹਾਂ ਤਜਰਬਿਆਂ ਦੇ ਸੰਪਰਕ ਵਿੱਚ ਆ ਰਹੇ ਹਨ, ਜੋ ਅਜੇ ਉਨ੍ਹਾਂ ਦੀ ਉਮਰ ਦੇ ਨਹੀਂ ਹੁੰਦੇ। ਅਸਲ ਪ੍ਰੀਖਿਆ ਇਹੀ ਹੈ ਕਿ ਕੀ ਸਮਾਜ ਕਿਸੇ ਕਮਜ਼ੋਰ ਬੱਚੇ ਦੇ ਅਪਰਾਧੀ ਬਣਨ ਤੋਂ ਪਹਿਲਾਂ ਉਸ ਦੀ ਮਦਦ ਲਈ ਅੱਗੇ ਆ ਸਕਦਾ ਹੈ ਜਾਂ ਨਹੀਂ।

# ਸਿੱਖਿਆ : ਰੋਜ਼ੀ-ਰੋਟੀ ਤੋਂ ਰੋਸ਼ਨੀ ਤੱਕ



ਜਦੋਂ ਬੱਚੇ ਹਾਲੇ ਤੋਤਲੀ ਜ਼ੁਬਾਨ 'ਚ ਬੋਲਣਾ ਹੀ ਸਿੱਖ ਰਹੇ ਹੁੰਦੇ ਹਨ, ਅਸੀਂ ਮੱਧਵਰਗੀ ਲੋਕ ਉਨ੍ਹਾਂ ਨੂੰ ਇਕ ਸਵਾਲ ਪੁੱਛਣ ਦੇ ਆਦੀ ਹੋ ਗਏ ਹਾਂ-'ਪੜ੍ਹ-ਲਿਖ ਕੇ ਕੀ ਬਣੇਂਗੇ?' ਸਾਡੀ ਇੱਛਾ ਹੁੰਦੀ ਹੈ ਕਿ ਬੱਚਾ ਇਸ ਦਾ ਜਵਾਬ ਕਿਸੇ ਅਹੁਦੇ ਜਾਂ ਨੌਕਰੀ ਦੇ ਰੂਪ 'ਚ ਦੇਵੇ—ਡਾਕਟਰ, ਇੰਜੀਨੀਅਰ, ਆਈਏਐੱਸ, ਜਾਂ ਅਜਿਹਾ ਕੁਝ ਹੋਰ ਪਰ ਇਕ ਸਵਾਲ ਜੋ ਅਸੀਂ ਪੁੱਛਦੇ ਹੀ ਨਹੀਂ ਉਹ ਹੈ-'ਤੂੰ ਪੜ੍ਹ ਕੇ ਕਿਹੋ ਜਿਹਾ ਮਨੁੱਖ ਬਣਨਾ ਚਾਹੁੰਦਾ ਹੈਂ?' ਪਰ ਇਹਦੇ 'ਚ ਸਾਡਾ ਕੋਈ ਕਸੂਰ ਨਹੀ। ਇਸ ਦੇ ਪਿੱਛੇ ਭਾਰਤ ਦਾ ਬਸਤੀਵਾਦੀ ਇਤਿਹਾਸ ਵੀ ਹੈ।

ਬ੍ਰਿਟਿਸ਼ ਰਾਜ ਨੂੰ ਆਪਣਾ ਵਿਸ਼ਾਲ ਪ੍ਰਸ਼ਾਸਕੀ ਢਾਂਚਾ ਚਲਾਉਣ ਲਈ ਅਜਿਹੇ ਲੋਕਾਂ ਦੀ ਲੋੜ ਸੀ, ਜੋ ਪੜ੍ਹ-ਲਿਖ ਸਕਣ, ਅੰਗਰੇਜ਼ੀ 'ਚ ਕੰਮ ਕਰ ਸਕਣ, ਸਰਕਾਰੀ ਰਿਕਾਰਡ ਸੰਭਾਲ ਸਕਣ, ਹਿਸਾਬ-ਕਿਤਾਬ ਕਰ ਸਕਣ ਅਤੇ ਹੁਕਮਾਂ ਨੂੰ ਸਮਝ ਕੇ ਲਾਗੂ ਕਰ ਸਕਣ। 1830 ਅਤੇ 1840 ਦੇ ਦਹਾਕਿਆਂ ਤੋਂ ਅੰਗਰੇਜ਼ੀ ਸਿੱਖਿਆ ਅਤੇ ਪੱਛਮੀ ਪਾਠਕ੍ਰਮ ਦਾ ਵਿਸਥਾਰ ਇਸ ਲੋੜ ਨਾਲ ਜੁੜਦਾ ਗਿਆ। 1835 ਦੇ ਮੈਕਾਲੇ ਨੇ ਇਸ ਪ੍ਰਕਿਰਿਆ ਨੂੰ ਹੋਰ ਸੰਸਥਾਗਤ ਰੂਪ ਦਿੱਤਾ। ਯੂਨੀਵਰਸਿਟੀਆਂ, ਪ੍ਰੀਖਿਆਵਾਂ, ਸਰਟੀਫਿਕੇਟਾਂ ਤੇ ਸਰਕਾਰੀ ਭਰਤੀਆਂ ਦੀ ਪ੍ਰਣਾਲੀ ਦੇ ਫੈਲਾਅ ਨਾਲ ਇਹ ਧਾਰਨਾ ਮਜ਼ਬੂਤ ਹੁੰਦੀ ਗਈ-ਪੜ੍ਹਾਈ ਕਰੋ, ਪ੍ਰੀਖਿਆ ਪਾਸ ਕਰੋ, ਸਰਟੀਫਿਕੇਟ ਲਵੋ ਅਤੇ ਨੌਕਰੀ ਹਾਸਲ ਕਰੋ। ਬ੍ਰਿਟਿਸ਼ ਰਾਜ ਲਈ ਇਹ ਪ੍ਰਸ਼ਾਸਨਿਕ ਲੋੜ ਸੀ ਪਰ ਸਮੇਂ ਦੇ ਨਾਲ ਇਹ ਸਮਾਜਿਕ ਮਨੋਵਿਰਤੀ ਬਣ ਗਈ। ਆਜ਼ਾਦੀ ਤੋਂ ਬਾਅਦ ਵੀ ਇਹ ਸੋਚ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ। ਸਰਕਾਰੀ ਨੌਕਰੀ ਸਥਿਰ ਆਮਦਨ, ਸਮਾਜਿਕ ਸੁਰੱਖਿਆ ਤੇ ਇੱਜ਼ਤ ਦਾ ਪ੍ਰਤੀਕ ਬਣ ਗਈ ਅਤੇ 'ਚੰਗੀ ਪੜ੍ਹਾਈ' ਦਾ ਅਰਥ ਅਕਸਰ 'ਚੰਗੀ ਨੌਕਰੀ' ਹੀ ਮੰਨਿਆ ਜਾਣ ਲੱਗਾ ਪਰ ਕੀ ਬਦਲ ਚੁੱਕੀ ਦੁਨੀਆ 'ਚ ਅਸੀਂ ਅਜੇ ਵੀ ਸਿੱਖਿਆ ਨੂੰ ਉਸੇ ਪੁਰਾਣੇ ਨਜ਼ਰੀਏ ਨਾਲ ਦੇਖ ਸਕਦੇ ਹਾਂ? ਉਪਲਬਧ ਅੰਕੜਿਆਂ ਅਨੁਸਾਰ ਹਰ ਸਾਲ ਲਗਭਗ 1.5 ਕਰੋੜ ਗ੍ਰੈਜੂਏਟ ਤਿਆਰ ਹੁੰਦੇ ਹਨ, ਜਦਕਿ ਸਰਕਾਰੀ ਅਤੇ ਨਿੱਜੀ ਖੇਤਰ 'ਚ ਕੁੱਲ ਮਿਲਾ ਕੇ ਲਗਭਗ 8 ਲੱਖ ਲੋਕ ਰਿਟਾਇਰ ਹੁੰਦੇ ਹਨ। ਭਾਵੇਂ ਇਨ੍ਹਾਂ ਅੰਕੜਿਆਂ ਦੀ ਤੁਲਨਾ ਨੂੰ ਸਿੱਧੇ ਤੌਰ 'ਤੇ ਨਵੀਆਂ ਭਰਤੀਆਂ ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ ਪਰ ਇਹ ਇਕ ਤਲਖ਼ ਹਕੀਕਤ ਵੱਲ ਜ਼ਰੂਰ ਇਸ਼ਾਰਾ ਕਰਦੇ ਹਨ-ਹਰ ਪੜ੍ਹੇ-ਲਿਖੇ ਨੌਜਵਾਨ ਲਈ ਇਕ ਨਿਯਮਤ ਤਨਖ਼ਾਹ ਵਾਲੀ ਨੌਕਰੀ ਉਪਲਬਧ ਨਹੀਂ ਹੋ ਸਕਦੀ। ਸਾਡੇ ਦੇਸ਼ 'ਚ 15 ਤੋਂ 29 ਸਾਲ ਦੀ ਉਮਰ ਦੇ ਲਗਭਗ 31 ਕਰੋੜ ਨੌਜਵਾਨਾਂ 'ਚੋਂ ਕਰੀਬ 14 ਕਰੋੜ ਕਿਰਤ-ਸ਼ਕਤੀ ਦਾ ਹਿੱਸਾ ਹਨ ਤੇ ਲਗਭਗ 13 ਕਰੋੜ ਰੁਜ਼ਗਾਰ 'ਚ ਹਨ ਪਰ ਇਨ੍ਹਾਂ 'ਚੋਂ ਕੇਵਲ ਲਗਭਗ 1.5 ਕਰੋੜ ਲੋਕਾਂ ਕੋਲ ਅਜਿਹੀ ਨਿਯਮਤ ਤਨਖ਼ਾਹ ਵਾਲੀ ਨੌਕਰੀ ਹੈ, ਜਿਸ 'ਚ ਸਮਾਜਿਕ ਸੁਰੱਖਿਆ, ਉਚਿਤ ਕੰਮਕਾਜੀ ਹਾਲਾਤ ਤੇ ਤਰੱਕੀ ਵਰਗੀਆਂ ਵਿਸ਼ੇਸ਼ਤਾਵਾਂ ਹਨ।

ਇਸ ਲਈ ਜੇ ਅਸੀਂ ਹਰ ਬੱਚੇ ਨੂੰ ਇਹੀ ਸਿਖਾਉਂਦੇ ਰਹੇ ਕਿ 'ਪੜ੍ਹੋ ਤਾਂ ਜੋ ਨੌਕਰੀ ਮਿਲੇ', ਤਾਂ ਅਸੀਂ ਉਸ ਨੂੰ ਅਜਿਹੀ ਦੌੜ 'ਚ ਧੱਕ ਰਹੇ ਹਾਂ, ਜਿਸ 'ਚ ਪਹਿਲਾਂ ਤਾਂ ਹਾਰਨ ਦੇ ਜ਼ਿਆਦਾ ਮੌਕੇ ਹਨ ਤੇ ਫਿਰ ਇਸ ਹਾਰ ਤੋਂ ਨਿਰਾਸ਼ਾ ਪੈਦਾ ਹੋਣ ਦੇ। ਇਸ ਮਨੋਵਿਰਤੀ ਦਾ ਸਭ ਤੋਂ ਸਪੱਸ਼ਟ ਰੂਪ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਦਿਖਾਈ ਦਿੰਦਾ ਹੈ। ਲੱਖਾਂ ਨੌਜਵਾਨ ਕੁਝ ਗਿਣਤੀ ਦੀਆਂ ਪ੍ਰੀਖਿਆਵਾਂ ਨੂੰ ਆਪਣੀ ਜ਼ਿੰਦਗੀ ਦੀ ਆਖ਼ਰੀ ਮੰਜ਼ਿਲ ਸਮਝ ਲੈਂਦੇ ਹਨ। ਇਨ੍ਹਾਂ ਪ੍ਰੀਖਿਆਵਾਂ 'ਚ ਮੁਕਾਬਲਾ ਇੰਨਾ ਤੀਬਰ ਹੈ ਕਿ ਬਹੁਤ ਵੱਡੀ ਗਿਣਤੀ 'ਚ ਉਮੀਦਵਾਰਾਂ 'ਚੋਂ ਬਹੁਤ ਥੋੜ੍ਹੇ ਹੀ ਚੁਣੇ ਜਾਂਦੇ ਹਨ। 2026 'ਚ ਜੇਈਈ ਮੇਨਜ਼ ਲਈ 15.38 ਲੱਖ ਉਮੀਦਵਾਰਾਂ ਨੇ ਇਮਤਿਹਾਨ ਦਿੱਤਾ ਅਤੇ 56,880 ਉਮੀਦਵਾਰ ਯੋਗ ਪਾਏ ਗਏ, ਜਦਕਿ ਆਈਆਈਟੀ ਦੀਆਂ ਸੀਟਾਂ ਲਗਭਗ 18,000 ਹਨ। ਨੀਟ 'ਚ ਤਕਰੀਬਨ 22 ਲੱਖ ਬੱਚੇ ਬੈਠਦੇ ਹਨ, ਜਦਕਿ ਕੁੱਲ ਸੀਟਾਂ ਲਗਭਗ 1,16,000 ਹਨ। ਸਫ਼ਲਤਾ ਦੀ ਸੰਭਾਵਨਾ ਸਿਰਫ਼ 0.1 ਫ਼ੀਸਦ ਹੈ। ਇੱਥੇ ਇਕ ਗੰਭੀਰ ਸਵਾਲ ਪੈਦਾ ਹੁੰਦਾ ਹੈ-ਕੀ ਸੀਟਾਂ ਦਾ ਘੱਟ ਹੋਣਾ ਕਾਬਲੀਅਤ ਦਾ ਸਬੂਤ ਹੈ? ਅਤੇ ਜੋ ਸਫ਼ਲ ਨਹੀਂ ਹੋਏ, ਕੀ ਉਹ ਨਲਾਇਕ ਹਨ? ਬਿਲਕੁਲ ਨਹੀਂ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇੱਕ ਪ੍ਰੀਖਿਆ ਦਾ ਨਤੀਜਾ ਨੌਜਵਾਨ ਦੀ ਪੂਰੀ ਯੋਗਤਾ ਅਤੇ ਭਵਿੱਖ ਦਾ ਫ਼ੈਸਲਾ ਬਣ ਜਾਂਦਾ ਹੈ।

ਇਕ ਪ੍ਰੀਖਿਆ 'ਚ ਅਸਫਲਤਾ ਜੀਵਨ ਦੀ ਅਸਫਲਤਾ ਨਹੀਂ ਹੋ ਸਕਦੀ। ਮਨੁੱਖ ਦੀਆਂ ਸੰਭਾਵਨਾਵਾਂ ਇਕ ਡਿਗਰੀ, ਇਕ ਪ੍ਰੀਖਿਆ ਜਾਂ ਇਕ ਅਹੁਦੇ ਨਾਲੋਂ ਕਿਤੇ ਵੱਡੀਆਂ ਹਨ। ਜੇ ਕੋਈ ਨੌਜਵਾਨ ਡਿਗਰੀ ਲੈਣ ਤੋਂ ਬਾਅਦ ਸਿਰਫ਼ ਇਸ ਲਈ ਨਿਰਾਸ਼ ਹੋ ਜਾਂਦਾ ਹੈ ਕਿ ਉਸ ਨੂੰ ਸਰਕਾਰੀ ਨੌਕਰੀ ਨਹੀਂ ਮਿਲੀ, ਤਾਂ ਸਾਨੂੰ ਸਿਰਫ਼ ਉਸ ਦੀ ਮਨੋਵਿਰਤੀ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਸਾਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਸਾਡੀ ਸਿੱਖਿਆ ਨੇ ਉਸ ਨੂੰ ਕੀ ਦਿੱਤਾ? ਕੀ ਅਸੀਂ ਉਸ ਨੂੰ ਸਿਰਫ਼ ਕਿਸੇ ਇਕ ਅਹੁਦੇ ਲਈ ਯੋਗ ਬਣਾਇਆ ਜਾਂ ਉਸ ਨੂੰ ਇਹ ਸਿਖਾਇਆ ਕਿ ਬਦਲਦੀ ਦੁਨੀਆ 'ਚ ਆਪਣੀ ਯੋਗਤਾ, ਗਿਆਨ ਤੇ ਹੁਨਰ ਨਾਲ ਨਵੇਂ ਮੌਕੇ ਕਿਵੇਂ ਪੈਦਾ ਕਰਨੇ ਹਨ? ਅਸਲ ਸਿੱਖਿਆ ਵਿਅਕਤੀ ਨੂੰ ਸਿਰਫ਼ ਨੌਕਰੀ ਲੱਭਣ ਵਾਲਾ ਨਹੀਂ ਬਣਾਉਂਦੀ; ਇਹ ਉਸ ਨੂੰ ਸਮੱਸਿਆਵਾਂ ਦਾ ਹੱਲ ਲੱਭਣ ਵਾਲਾ ਬਣਾਉਂਦੀ ਹੈ। ਇਹ ਉਸ ਨੂੰ ਸਿਰਫ਼ ਹੁਕਮ ਮੰਨਣ ਵਾਲਾ ਕਰਮਚਾਰੀ ਨਹੀਂ, ਸਗੋਂ ਸੋਚਣ, ਸਵਾਲ ਕਰਨ, ਫ਼ੈਸਲਾ ਲੈਣ ਅਤੇ ਨਵਾਂ ਰਸਤਾ ਬਣਾਉਣ ਵਾਲਾ ਮਨੁੱਖ ਬਣਾਉਂਦੀ ਹੈ।

ਅੱਜ ਗਿਆਨ, ਤਕਨਾਲੋਜੀ ਅਤੇ ਬਨਾਵਟੀ ਬੁੱਧੀ ਨੇ ਕੰਮ ਦੀ ਪ੍ਰਕਿਰਤੀ ਹੀ ਬਦਲ ਦਿੱਤੀ ਹੈ। ਇਸ ਲਈ ਸਫਲਤਾ ਨੂੰ ਸਿਰਫ਼ ਇਸ ਗੱਲ ਨਾਲ ਨਹੀਂ ਮਾਪਿਆ ਜਾ ਸਕਦਾ ਕਿ ਕਿਸੇ ਸੰਸਥਾ 'ਚ ਨੌਕਰੀ ਮਿਲੀ ਜਾਂ ਨਹੀਂ। ਅਸਲ ਤਾਕਤ ਇਹ ਹੈ ਕਿ ਵਿਅਕਤੀ ਕਿੰਨਾ ਸਿੱਖ ਸਕਦਾ ਹੈ, ਕਿੰਨੀ ਤੇਜ਼ੀ ਨਾਲ ਬਦਲ ਸਕਦਾ ਹੈ ਤੇ ਆਪਣੀ ਯੋਗਤਾ ਨੂੰ ਕਿੰਨੇ ਵੱਖ-ਵੱਖ ਢੰਗਾਂ ਨਾਲ ਵਰਤ ਸਕਦਾ ਹੈ। ਇਸ ਲਈ ਸਿੱਖਿਆ ਬਾਰੇ ਸਵਾਲ ਇਹ ਨਹੀਂ ਹੋਣਾ ਚਾਹੀਦਾ-'ਇਹ ਡਿਗਰੀ ਮੈਨੂੰ ਕਿਹੜੀ ਨੌਕਰੀ ਦਿਵਾਏਗੀ?' ਸਗੋਂ ਇਹ ਹੋਣਾ ਚਾਹੀਦਾ ਹੈ-'ਇਹ ਸਿੱਖਿਆ ਮੈਨੂੰ ਕਿਹੋ ਜਿਹਾ ਮਨੁੱਖ ਬਣਾਏਗੀ ਅਤੇ ਮੈਂ ਇਸ ਗਿਆਨ ਨਾਲ ਆਪਣੀ ਜ਼ਿੰਦਗੀ ਅਤੇ ਸਮਾਜ 'ਚ ਕੀ ਕਰ ਸਕਾਂਗਾ?' ਵਿਦਿਆ ਦੇ ਅਸਲ ਮਕਸਦ ਨੂੰ

ਇੰਜ. ਦਰਸ਼ਨ ਸਿੰਘ ਭੁੱਲਰ

ਸਮਝਣ ਲਈ ਸ੍ਰੀ ਵਿਸ਼ਣੂ ਪੁਰਾਣ ਵਿੱਚ ਕਿਹਾ ਗਿਆ ਹੈ-'ਸਾ ਵਿਦਿਆ ਯਾ ਵਿਮੁਕਤਯੇ।' ਅਰਥਾਤ, ਉਹੀ ਵਿਦਿਆ ਅਸਲ ਵਿਦਿਆ ਹੈ ਜੋ ਮਨੁੱਖ ਨੂੰ ਮੁਕਤੀ ਵੱਲ ਲੈ ਕੇ ਜਾਵੇ। ਇਹ ਮੁਕਤੀ ਕੇਵਲ ਧਾਰਮਿਕ ਜਾਂ ਆਧਿਆਤਮਿਕ ਅਰਥਾਂ 'ਚ ਨਹੀਂ, ਸਗੋਂ ਅਗਿਆਨਤਾ, ਡਰ, ਅੰਦਰੂਨੀ ਕਲੇਸ਼, ਅੰਧਵਿਸ਼ਵਾਸ ਅਤੇ ਹੰਕਾਰ ਦੇ ਬੰਧਨਾਂ ਤੋਂ ਮੁਕਤੀ ਵੀ ਹੈ। ਵਿਦਿਆ ਦਾ ਕੰਮ ਮਨੁੱਖ ਦੇ ਬੰਧਨ ਕੱਟਣਾ ਹੈ ਪਰ ਅੱਜ ਦੀ ਸਿੱਖਿਆ ਉਸ ਨੂੰ ਇਕ ਜਾਲ 'ਚ ਫਸਾ ਰਹੀ ਹੈ-ਡਿਗਰੀ, ਨੌਕਰੀ, ਅਹੁਦੇ, ਮੁਕਾਬਲੇ ਅਤੇ ਸਮਾਜਿਕ ਦਿਖਾਵੇ ਦੇ ਜਾਲ 'ਚ। ਅਸੀਂ ਸਿੱਖਿਆ ਨੂੰ ਜੀਵਨ ਨੂੰ ਸਮਝਣ ਅਤੇ ਸੰਵਾਰਨ ਦਾ ਸਾਧਨ ਬਣਾਉਣ ਦੀ ਬਜਾਏ ਉਸ ਨੂੰ ਸਿਰਫ਼ ਬਾਜ਼ਾਰ ਲਈ ਤਿਆਰ ਕਰਨ ਦਾ ਮਾਧਿਅਮ ਬਣਾ ਦਿੱਤਾ ਹੈ। ਸਿੱਖਿਆ ਵਿਅਕਤੀ ਨੂੰ ਸਿਰਫ਼ ਬਾਜ਼ਾਰ ਲਈ ਨਹੀਂ, ਜੀਵਨ ਲਈ ਤਿਆਰ ਕਰਦੀ ਹੈ। ਇਹ ਸਾਨੂੰ ਸਿਰਫ਼ ਰੋਜ਼ੀ-ਰੋਟੀ ਕਮਾਉਣੀ ਨਹੀਂ ਸਿਖਾਉਂਦੀ, ਸਗੋਂ ਇਹ ਵੀ ਸਿਖਾਉਂਦੀ ਹੈ ਕਿ ਜੀਵਨ ਨੂੰ ਕਿਵੇਂ ਜੀਉਣਾ ਹੈ। ਅਸਲ ਸਿੱਖਿਆ ਮਨੁੱਖ ਨੂੰ ਇਹ ਸਮਰੱਥਾ ਦਿੰਦੀ ਹੈ ਕਿ ਉਹ ਮੁਸ਼ਕਲਾਂ, ਨਿਰਾਸ਼ਾਵਾਂ ਅਤੇ ਅਸਫਲਤਾਵਾਂ ਦੇ ਬਾਵਜੂਦ ਟੁੱਟੇ ਨਾ; ਹਾਲਾਤਾਂ ਅਨੁਸਾਰ ਆਪਣੇ ਆਪ ਨੂੰ ਢਾਲੇ, ਨਵੇਂ ਰਸਤੇ ਲੱਭੇ ਅਤੇ ਜੀਵਨ ਨੂੰ ਹੋਰ ਦ੍ਰਿੜਤਾ ਨਾਲ ਅੱਗੇ ਵਧਾਏ। ਪ੍ਰੀਖਿਆ 'ਚ ਅਸਫਲ ਹੋ ਜਾਣਾ ਜੀਵਨ ਦੀ ਅਸਫਲਤਾ ਨਹੀਂ ਅਤੇ ਨੌਕਰੀ ਰੂਪੀ ਰੋਜ਼ੀ ਨਾ ਮਿਲਣਾ ਜੀਵਨ ਦਾ ਅੰਤ ਨਹੀਂ। ਮਨੁੱਖ ਦੀ ਯੋਗਤਾ ਇਕ ਪ੍ਰੀਖਿਆ ਜਾਂ ਇਕ ਅਹੁਦੇ ਨਾਲੋਂ ਕਿਤੇ ਵੱਡੀ ਹੈ। ਰੋਜ਼ੀ ਜੀਵਨ ਦੀ ਲੋੜ ਹੈ ਪਰ ਸਿੱਖਿਆ ਜੀਵਨ ਨੂੰ ਸਮਝਣ ਦੀ ਸਮਰੱਥਾ ਹੈ। ਨੌਕਰੀ ਰੋਜ਼ੀ ਦਿੰਦੀ ਹੈ; ਸਿੱਖਿਆ ਇਹ ਸਮਝ ਦਿੰਦੀ ਹੈ ਕਿ ਉਸ ਰੋਜ਼ੀ ਨੂੰ ਕਿਵੇਂ ਅਰਥਪੂਰਨ ਬਣਾਉਣਾ ਹੈ। ਨੌਕਰੀ ਸਾਨੂੰ ਕਿਸੇ ਸੰਸਥਾ ਦਾ ਹਿੱਸਾ ਬਣਾ ਸਕਦੀ ਹੈ; ਸਿੱਖਿਆ ਸਾਨੂੰ ਸਮਾਜ ਦਾ ਜ਼ਿੰਮੇਵਾਰ ਮੈਂਬਰ ਬਣਾਉਂਦੀ ਹੈ।

ਇਸ ਲਈ ਸਿੱਖਿਆ ਨੀਤੀ, ਮਾਪਿਆਂ, ਅਧਿਆਪਕਾਂ ਅਤੇ ਸਿੱਖਿਆ ਸੰਸਥਾਵਾਂ ਨੂੰ ਆਪਣੇ ਬੱਚਿਆਂ ਨੂੰ ਸਿਰਫ਼ ਰੋਜ਼ਗਾਰ ਲਈ ਮੁਕਾਬਲੇ ਦੀ ਦੌੜ ਲਈ ਤਿਆਰ ਕਰਨ ਦੀ ਬਜਾਏ ਜ਼ਿੰਦਗੀ ਲਈ ਤਿਆਰ ਕਰਨਾ ਹੋਵੇਗਾ। ਸਾਡਾ ਮਕਸਦ ਸਿਰਫ਼ ਇਹ ਨਹੀਂ ਹੋਣਾ ਚਾਹੀਦਾ ਕਿ ਬੱਚਾ 'ਕੀ ਬਣੇਗਾ', ਸਗੋਂ ਇਹ ਹੋਣਾ ਚਾਹੀਦਾ ਹੈ ਕਿ ਉਹ ਕਿਹੋ ਜਿਹਾ ਮਨੁੱਖ ਬਣੇਗਾ। ਇਹੀ ਵਿਦਿਆ ਦਾ ਅਸਲ ਮਕਸਦ ਹੈ-'ਵਿਦਿਆ ਵਿਚਾਰੀ ਤਾਂ ਪਰਉਪਕਾਰੀ।'






# ਬੱਚੀਆਂ ਦੀ ਸੁਰੱਖਿਆ: ਸਮਾਜ ਅੱਗੇ ਵੱਡਾ ਸਵਾਲ



**ਡਾ. ਗੁਰਤੇਜ ਸਿੰਘ**

ਇਹ ਸਾਡੇ ਸਮਾਜ ਦਾ ਦੁਖਾਂਤ ਹੈ ਕਿ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਬੇਤਹਾਸ਼ਾ ਵਾਧਾ ਹੋਇਆ ਹੈ। ਰੋਜ਼ਾਨਾ ਸ਼ਰਮਨਾਕ ਕੇਸ ਸਾਹਮਣੇ ਆ ਰਹੇ ਹਨ ਜਿਨ੍ਹਾਂ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। ਨਵੰਬਰ 2025 ਵਿੱਚ ਜਲੰਧਰ ਵਿਖੇ 13 ਸਾਲ ਦੀ ਲੜਕੀ ਨਾਲ ਬਲਾਤਕਾਰ ਅਤੇ ਕਤਲ ਦੀ ਮੰਦਭਾਗੀ ਘਟਨਾ ਨੇ ਇਲਾਕੇ ਦੇ ਨਾਲ ਪੂਰੇ ਦੇਸ਼ ਅੰਦਰ ਸਨਸਨੀ ਫੈਲਾ ਦਿੱਤੀ ਸੀ। 12 ਜੁਲਾਈ 2023 ਨੂੰ ਪਟਿਆਲਾ ਦੇ ਪਾਤੜਾਂ ਕਸਬੇ ਵਿੱਚ 14 ਸਾਲਾਂ ਮਾਸੂਮ ਕੁੜੀ ਉਸੇ ਦੇ ਮੁਹੱਲੇ 'ਚ ਰਹਿਣ ਵਾਲੇ ਇੱਕ ਦਰਿੰਦੇ ਦੀ ਦਰਿੰਦਗੀ ਦਾ ਸ਼ਿਕਾਰ ਹੋਈ। ਇਹ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਜਿਸ ਨੇ ਦੇਖਣ ਵਾਲੇ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਸੀ। ਮੁਲਜ਼ਮ ਉਕਤ ਲੜਕੀ ਨਾਲ ਦੋਸਤੀ ਹੋਣ ਦਾ ਦਾਅਵਾ ਕਰ ਰਿਹਾ ਸੀ, ਪਰ ਕੀ ਦੋਸਤੀ ਜਾਨਵਰ ਬਣਨਾ ਸਿਖਾਉਂਦੀ ਹੈ।

74ਵੇਂ ਗਣਤੰਤਰ ਦਿਵਸ ਤੋਂ ਕੁਝ ਦਿਨ ਪਹਿਲਾਂ ਪਟਿਆਲਾ ਜ਼ਿਲ੍ਹੇ ਦੇ ਬਲਬੇੜਾ ਕਸਬੇ ਵਿੱਚ ਇੱਕ ਵਿਆਹ ਸਮਾਗਮ ਦੀ ਸ਼ਾਮ ਨੂੰ ਅਨੁਸੂਚਿਤ ਜਾਤੀ ਦੀ 11 ਸਾਲਾਂ ਲੜਕੀ ਨਾਲ ਉੱਥੋਂ ਦੇ ਰਸੂਖਦਾਰ ਮੁੰਡਿਆਂ ਵੱਲੋਂ ਜਬਰ-ਜਨਾਹ ਦੀ ਮੰਦਭਾਗੀ ਘਟਨਾ ਕੀਤੀ ਗਈ। ਪੀੜਤ ਲੜਕੀ ਨੂੰ ਤਰਸਯੋਗ ਹਾਲਤ ਵਿੱਚ ਉਸ ਦੇ ਘਰ ਸਾਹਮਣੇ ਸੁੱਟਿਆ ਗਿਆ। ਇਸ ਦੌਰਾਨ ਉਨ੍ਹਾਂ ਰਸੂਖਦਾਰਾਂ ਨੇ ਪੀੜਤ ਲੜਕੀ ਦੇ ਪਰਿਵਾਰ ਨਾਲ ਹੱਥੋਪਾਈ ਵੀ ਕੀਤੀ ਸੀ। ਇਸ ਘਟਨਾ ਤੋਂ ਬਾਅਦ ਵੀ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਸੀ। ਕੁਝ ਸਮਾਜ ਸੇਵੀ ਲੋਕਾਂ ਦੁਆਰਾ ਆਵਾਜ਼ ਬੁਲੰਦ ਕਰਨ 'ਤੇ ਹੀ ਪ੍ਰਸ਼ਾਸਨ ਗਹਿਰੀ ਨੀਂਦ 'ਚੋਂ ਜਾਗਿਆ ਸੀ ਤੇ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਸੀ। ਵਿਚਾਰਨਯੋਗ ਪਹਿਲੂ ਇਹ ਹੈ ਕਿ ਕੀ ਇਨ੍ਹਾਂ ਧੀਆਂ ਨੂੰ ਵੀ ਇਨਸਾਫ਼ ਮਿਲੇਗਾ ਜਾਂ ਫਿਰ ਹੋਰਾਂ ਹਜ਼ਾਰਾਂ ਕੇਸਾਂ ਵਾਂਗ ਪੁਲੀਸ ਦੀਆਂ ਫਾਈਲਾਂ 'ਚ ਕੈਦ ਹੋ ਕੇ ਰਹਿ ਜਾਵੇਗਾ। ਕੀ ਉਹ ਦਰਿੰਦੇ ਕਾਨੂੰਨ ਦੀ ਪਕੜ ਹੇਠਾਂ ਆਉਣਗੇ ਜਾਂ ਹੋਰਨਾਂ ਵਾਂਗ ਇਨ੍ਹਾਂ ਗ਼ਰੀਬਾਂ, ਲਾਚਾਰਾਂ ਦੀ ਇੱਜ਼ਤ ਦਾ ਜਨਾਜ਼ਾ ਵੀ ਉੱਠ ਜਾਵੇਗਾ। ਇਨ੍ਹਾਂ ਸਵਾਲਾਂ ਦੇ ਜਵਾਬ ਅਜੇ ਵੀ ਭਵਿੱਖ ਦੀ ਗੋਦ 'ਚ ਹਨ, ਪਰ ਔਰਤਾਂ ਦੀ ਸੁਰੱਖਿਆ ਦਾ ਸਵਾਲ ਸਮਾਜ, ਪ੍ਰਸ਼ਾਸਨ ਵੱਲ ਮੂੰਹ ਅੱਡੀਂ ਖੜ੍ਹਾ ਹੈ ਤੇ ਕਾਰਵਾਈ ਦੀ ਉਡੀਕ ਕਰ ਰਿਹਾ ਹੈ।

ਉਕਤ ਮੰਦਭਾਗੀਆਂ ਘਟਨਾਵਾਂ ਨੇ ਅਤੀਤ ਦੇ ਜ਼ਖ਼ਮ ਹਰੇ ਕਰ ਦਿੱਤੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਬੁਰਜ ਝੱਬਰ ਦਾ ਸ. ਬੰਤ ਸਿੰਘ ਝੱਬਰ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਉਸ ਦੀ ਨਾਬਾਲਗ ਲੜਕੀ ਨਾਲ ਸਾਲ 2002 ਵਿੱਚ ਉਸ ਦੇ ਹੀ ਪਿੰਡ ਦੇ ਅਖੌਤੀ ਉੱਚ ਜਾਤੀ ਦੇ ਕੁਝ ਲੋਕਾਂ ਨੇ ਬਲਾਤਕਾਰ ਕੀਤਾ ਸੀ। ਇਸ ਦਰਿੰਦਗੀ ਦਾ ਸ. ਝੱਬਰ ਨੇ ਡਟ ਕੇ ਵਿਰੋਧ ਕੀਤਾ ਸੀ ਤਾਂ ਰਸੂਖਦਾਰਾਂ ਨੇ ਉਸ 'ਤੇ ਸ਼ਿਕਾਇਤ ਵਾਪਸ ਲੈਣ ਲਈ ਬਹੁਤ ਦਬਾਅ ਪਾਇਆ, ਪਰ ਉਹ ਨਿਡਰ ਯੋਧਾ ਘਬਰਾਇਆ ਨਹੀਂ। ਜਨਵਰੀ 2006 ਵਿੱਚ ਸ਼ਹਿਰ ਤੋਂ ਵਾਪਸ ਆਉਂਦੇ ਸਮੇਂ ਉਕਤ ਦੋਸ਼ੀਆਂ ਨੇ ਉਸ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਦੀ ਬੁਰੀ ਤਰ੍ਹਾਂ ਮਾਰ ਕੁਟਾਈ ਕੀਤੀ ਸੀ ਜਿਸ ਕਰਕੇ ਇਲਾਜ ਦੌਰਾਨ ਉਸ ਦੀਆਂ ਦੋਵੇਂ ਬਾਹਾਂ ਅਤੇ ਇੱਕ ਲੱਤ ਕੱਟਣੀ ਪਈ ਸੀ। ਇਸੇ ਤਰ੍ਹਾਂ ਹੀ ਲਗਭਗ ਦੋ ਦਹਾਕੇ ਪਹਿਲਾਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਮਹਿਲ ਕਲਾਂ 'ਚ ਉਸੇ ਪਿੰਡ ਦੇ ਰਸੂਖਦਾਰਾਂ ਨੇ ਸਕੂਲ ਪੜ੍ਹਦੀ ਕੁੜੀ ਨਾਲ ਜਬਰ-ਜਨਾਹ ਕੀਤਾ ਸੀ ਤੇ ਲਾਸ਼ ਨੂੰ ਜ਼ਮੀਨ ਵਿੱਚ ਦੱਬ ਦਿੱਤਾ ਸੀ। ਪ੍ਰਸ਼ਾਸਨ ਨੇ ਉਸ ਸਮੇਂ ਸਾਰਾ ਜ਼ੋਰ ਦੋਸ਼ੀਆਂ ਨੂੰ ਬਚਾਉਣ ਲਈ ਲਗਾ ਦਿੱਤਾ ਸੀ। ਆਖ਼ਰ ਲੋਕ ਰੋਹ ਜਾਗਿਆ ਤੇ ਐਕਸ਼ਨ ਕਮੇਟੀ ਦੇ ਨਾਲ ਲੋਕਾਈ ਹੋ ਤੁਰੀ ਤਾਂ ਜਾ ਕੇ ਲੰਮੇ ਸਮੇਂ ਬਾਅਦ ਦੋਸ਼ੀਆਂ ਨੂੰ ਸਜ਼ਾਵਾਂ ਹੋਈਆਂ ਸਨ, ਪਰ ਉੱਚੀ ਰਾਜਨੀਤਕ ਪਹੁੰਚ ਕਾਰਨ ਐਕਸ਼ਨ ਕਮੇਟੀ ਦੇ ਆਗੂਆਂ ਨੂੰ ਝੂਠੇ ਮਾਮਲਿਆਂ ਵਿੱਚ ਫਸਾਇਆ ਗਿਆ ਸੀ। ਇਸ ਕੇਸ ਵਿੱਚ ਲੋਕ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਲਈ ਲੋਕ ਰੋਹ ਸੰਘਰਸ਼ ਦੇ ਰਾਹ 'ਤੇ ਸੀ। ਸਾਲ 2019 ਵਿੱਚ ਕਿਤੇ ਜਾ ਕੇ ਉਸ ਦੀ ਸਜ਼ਾ ਰੱਦ ਹੋਈ ਸੀ।

ਸਾਡੇ ਸੂਬੇ ਤੋਂ ਇਲਾਵਾ ਦੇਸ਼ ਦੇ ਬਾਕੀ ਸੂਬਿਆਂ ਵਿੱਚ ਵੀ ਬੱਚੀਆਂ ਦੀ ਹਾਲਤ ਤਰਸਯੋਗ ਹੈ ਜਿਸ ਦੀ ਮੂੰਹ ਬੋਲਦੀ ਤਸਵੀਰ ਉੱਥੇ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਹਨ। ਆਜ਼ਾਦੀ ਦਿਵਸ ਤੋਂ ਦੋ ਦਿਨ ਪਹਿਲਾਂ 13 ਅਗਸਤ 2020 ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਦੇ ਇੱਕ ਪਿੰਡ ਵਿੱਚ ਤੇਰਾਂ ਸਾਲ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਬੇਰਹਿਮੀ ਨਾਲ ਮਾਰ ਦਿੱਤਾ ਸੀ। ਉਹ ਉਕਤ ਦਿਨ ਦੁਪਹਿਰ ਨੂੰ ਗੰਨੇ ਦੇ ਖੇਤ ਵਿੱਚ ਜੰਗਲ-ਪਾਣੀ ਗਈ ਸੀ ਜਿੱਥੇ ਕੁਝ ਲੋਕਾਂ ਨੇ ਉਸ ਨੂੰ ਪਕੜ ਕੇ ਇਹ ਸ਼ਰਮਨਾਕ ਕਾਰਾ ਕੀਤਾ ਸੀ। ਇਸ ਘਟਨਾ ਦੀ ਸਿਆਹੀ ਅਜੇ ਸੁੱਕੀ ਹੀ ਨਹੀਂ ਸੀ ਕਿ 14 ਸਤੰਬਰ 2020 ਨੂੰ ਉੱਤਰ ਪ੍ਰਦੇਸ਼ ਦੇ ਹੀ ਹਾਥਰਸ ਜ਼ਿਲ੍ਹੇ ਵਿੱਚ 19 ਸਾਲਾਂ ਦੀ ਦਲਿਤ ਲੜਕੀ ਨਾਲ ਉਸੇ ਪਿੰਡ ਦੇ ਅਖੌਤੀ ਉੱਚ ਜਾਤੀ ਦੇ ਚਾਰ ਵਿਅਕਤੀਆਂ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਉਸ ਤੋਂ ਬਾਅਦ ਬੇਰਹਿਮੀ ਨਾਲ ਉਕਤ ਲੜਕੀ ਦੀ ਜ਼ੁਬਾਨ ਕੱਟ ਦਿੱਤੀ ਗਈ ਸੀ, ਰੀੜ੍ਹ ਦੀ ਹੱਡੀ ਤੋੜੀ ਗਈ ਤੇ ਹਮੇਸ਼ਾਂ ਰਾਮਰਾਜ ਦਾ ਨਾਅਰਾ ਦੇਣ ਵਾਲੇ ਯੋਗੀ ਅਦਿੱਤਿਆਨਾਥ ਦੇ ਇਸ਼ਾਰੇ 'ਤੇ ਇੱਕ ਰਾਤ ਨੂੰ ਉਸ ਦਾ ਜ਼ਬਰੀ ਸਸਕਾਰ ਤੱਕ ਕਰ ਦਿੱਤਾ ਗਿਆ ਤਾਂ ਜੋ ਇਸ ਸ਼ਰਮਨਾਕ ਕਾਰੇ ਦੀ ਕੌੜੀ ਸੱਚਾਈ ਵੀ ਸੁਆਹ ਕੀਤੀ ਜਾ ਸਕੇ। 13 ਮਈ 2019 ਨੂੰ ਪੰਚਕੂਲਾ 'ਚ ਪਰਵਾਸੀ ਮਜ਼ਦੂਰ ਦੀ ਪੰਜ ਸਾਲ ਦੀ ਬੱਚੀ ਨਾਲ ਗੁਆਂਢ 'ਚ ਰਹਿੰਦੇ ਅਧਖੜ ਉਮਰ ਦੇ ਵਿਅਕਤੀ ਨੇ ਜਬਰ-ਜਨਾਹ ਕੀਤਾ ਸੀ ਤੇ ਬਾਅਦ ਵਿੱਚ ਬੱਚੀ ਦੇ ਸਿਰ ਵਿੱਚ ਪੱਥਰ ਮਾਰ ਕੇ ਲਾਸ਼ ਨੂੰ ਝਾੜੀਆਂ 'ਚ ਸੁੱਟ ਦਿੱਤਾ ਸੀ। ਉਹ ਦਰਿੰਦਾ ਬੱਚੀ ਨੂੰ ਆਪਣੇ ਘਰ ਪੂਜਾ ਕਰਨ ਦੇ ਬਹਾਨੇ ਲੈ ਗਿਆ ਸੀ। ਸਾਲ 2018 ਜੰਮੂ 'ਚ ਕੁਝ ਰਸੂਖਦਾਰਾਂ ਨੇ ਨੌਂ ਦਿਨਾਂ ਤੱਕ ਅੱਠ ਸਾਲਾ ਬੱਚੀ ਆਸਿਫ਼ਾ ਦਾ ਜਿਸਮ ਇੱਕ ਧਾਰਮਿਕ ਸਥਾਨ ਵਿੱਚ ਨੋਚਿਆ ਸੀ ਜਿਸ ਨੇ ਧਰਮ ਦੀ ਆੜ 'ਚ ਚੱਲ ਰਹੇ ਗੋਰਖਧੰਦੇ ਦਾ ਪਰਦਾਫਾਸ਼ ਕੀਤਾ ਸੀ।

ਯੂਨੀਸੈੱਫ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਵਿੱਚ 43 ਫ਼ੀਸਦੀ ਲੜਕੀਆਂ 19 ਸਾਲ ਦੀ ਉਮਰ ਤੋਂ ਪਹਿਲਾਂ ਹੀ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। 20 ਸਾਲ ਦੀ ਉਮਰ ਦੀਆਂ 10 ਲੜਕੀਆਂ 'ਚੋਂ ਇੱਕ ਨੂੰ ਜਿਸਮ ਨੁਚਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਬੱਚਿਆਂ ਨੂੰ ਅਗਵਾ ਕਰਨ ਜਾਂ ਦੇਹ ਵਪਾਰ ਵਿੱਚ ਦੇਸ਼ ਵਿੱਚ ਪਹਿਲੇ ਸਥਾਨ 'ਤੇ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਬੱਚਿਆਂ ਪ੍ਰਤੀ 90 ਹਜ਼ਾਰ ਜੁਰਮਾਂ ਦੇ ਕੇਸ ਰਿਕਾਰਡ ਹੋਏ ਹਨ। ਜਿਨ੍ਹਾਂ 'ਚੋਂ 37 ਹਜ਼ਾਰ ਅਗਵਾ ਅਤੇ 14 ਹਜ਼ਾਰ ਜਬਰ ਜਿਨਾਹ ਦੇ ਕੇਸ ਹਨ। ਬੱਚਿਆਂ 'ਤੇ ਹੁੰਦੇ ਜ਼ੁਲਮਾਂ 'ਚ ਪਿਛਲੇ ਸਾਲ ਦੇ ਮੁਕਾਬਲੇ 50 ਫ਼ੀਸਦੀ ਵਾਧਾ ਹੋਇਆ ਹੈ।

ਅਜੋਕੇ ਅਗਾਂਹਵਧੂ ਯੁੱਗ ਅੰਦਰ ਔਰਤਾਂ ਦੀ ਸੁਰੱਖਿਆ ਅੱਜ ਵੀ ਸ਼ੱਕ ਦੇ ਘੇਰੇ ਹੇਠ ਹੈ ਜਿਸ ਦੀ ਸ਼ੁਰੂਆਤ ਉਸ ਦੇ ਜਨਮ ਤੋਂ ਪਹਿਲਾਂ ਹੀ ਹੋ ਜਾਂਦੀ ਹੈ ਤੇ ਪੂਰੀ ਉਮਰ ਅਸੁਰੱਖਿਆ ਦੇ ਆਲਮ 'ਚ ਗੁਜ਼ਰਦੀ ਹੈ। ਜਨਮ ਤੋਂ ਬਾਅਦ ਜਵਾਨੀ 'ਚ ਪੈਰ ਧਰਦੇ ਹੀ ਸਮਾਜ ਦੇ ਖ਼ੁਦਗਰਜ਼ ਲੋਕਾਂ ਦੀਆਂ ਗੰਦੀਆਂ ਨਜ਼ਰਾਂ ਅਤੇ ਹਰਕਤਾਂ ਦੀ ਸ਼ਿਕਾਰ ਹੁੰਦੀ ਹੈ ਜੋ ਔਰਤ ਨੂੰ ਸਰੀਰਕ ਤੇ ਮਾਨਸਿਕ ਰੂਪ 'ਚ ਜ਼ਖ਼ਮੀ ਕਰਦੀਆਂ ਹਨ। ਮਜ਼ਦੂਰੀ ਕਰਦੀਆਂ ਬਲਕਿ ਹਰ ਜਗ੍ਹਾ, ਹਰ ਵਿਭਾਗ 'ਚ ਔਰਤਾਂ ਨਾਲ ਸਹਿਕਰਮੀ ਜਾਂ ਉੱਚ ਅਧਿਕਾਰੀ ਛੇੜਛਾੜ ਕਰਦੇ ਹਨ ਅਤੇ ਬਹੁਤ ਵਾਰ ਉਹ ਉਨ੍ਹਾਂ ਦੀ ਹਵਸ ਦਾ ਸ਼ਿਕਾਰ ਵੀ ਬਣਦੀਆਂ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਾਜ਼ਾ ਅੰਕੜੇ ਹੈਰਾਨ ਕਰਨ ਵਾਲੇ ਹਨ ਕਿ ਬਲਾਤਕਾਰ ਦੇ 94 ਫ਼ੀਸਦੀ ਦਰਜ ਮਾਮਲਿਆਂ ਵਿੱਚ ਦੋਸ਼ੀ ਪੀੜਤਾ ਦੇ ਕਰੀਬੀ ਸਨ ਜਿਸ ਵਿੱਚ ਦਾਦਾ, ਭਰਾ ਜਾਂ ਪੁੱਤਰ ਤੱਕ ਵੀ ਸ਼ਾਮਿਲ ਸਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਦੇਸ਼ ਅੰਦਰ ਸਾਲ 2010 ਤੋਂ ਬਾਅਦ ਬਲਾਤਕਾਰ ਦੇ ਮਾਮਲਿਆਂ 'ਚ 7.5 ਫ਼ੀਸਦੀ ਵਾਧਾ ਹੋਇਆ ਹੈ। ਜਬਰ-ਜਨਾਹ ਦੀਆਂ ਸ਼ਿਕਾਰ ਜ਼ਿਆਦਾਤਰ ਲੜਕੀਆਂ ਜਿਨ੍ਹਾਂ ਦੀ ਉਮਰ 18 ਤੋਂ 30 ਸਾਲ ਹੈ ਅਤੇ ਹਰ ਤੀਸਰੀ ਪੀੜਤਾ ਦੀ ਉਮਰ 18 ਸਾਲ ਤੋਂ ਘੱਟ ਹੈ। ਰਿਪੋਰਟ ਅਨੁਸਾਰ ਪੂਰੇ ਦੇਸ਼ ਵਿੱਚ ਬਲਾਤਕਾਰ ਦੇ 36859 ਮਾਮਲਿਆਂ ਵਿੱਚ ਬੱਚੀਆਂ ਜਾਂ ਔਰਤਾਂ ਦੇ ਜਿਸਮਾਨੀ ਸ਼ੋਸ਼ਣ ਵਿੱਚ ਮੁਲਜ਼ਮ ਜਾਣਕਾਰ ਪਾਏ ਗਏ ਹਨ। ਪਿਛਲੇ ਦੋ ਦਹਾਕਿਆਂ ਦੌਰਾਨ ਬਲਾਤਕਾਰ ਦੇ ਕੇਸਾਂ ਵਿੱਚ 30 ਫ਼ੀਸਦੀ ਵਾਧਾ ਹੋਇਆ ਹੈ। ਦੇਸ਼ ਵਿੱਚ ਹਰ ਰੋਜ਼ ਔਸਤਨ 92 ਬਲਾਤਕਾਰ ਦੇ ਕੇਸ ਦਰਜ ਹੁੰਦੇ ਹਨ ਜਦੋਂਕਿ ਦਿੱਲੀ 'ਚ ਰੋਜ਼ਾਨਾ 4 ਜਬਰ ਜਨਾਹ ਦੇ ਕੇਸ ਦਰਜ ਹੁੰਦੇ ਹਨ। ਦੁਨੀਆ ਦੇ ਦਸ ਦੇਸ਼ ਜਿੱਥੇ ਜਬਰ-ਜਨਾਹ ਜ਼ਿਆਦਾ ਹੁੰਦੇ ਹਨ, ਭਾਰਤ ਦਾ ਉਸ ਵਿੱਚ ਤੀਜਾ ਸਥਾਨ ਹੈ। ਸਾਲ 2012-2018 ਤੱਕ 12125 ਬੱਚੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰੀਆਂ ਸਨ। ਇਸ ਦਾ ਭਾਵ ਇਹ ਹੋਇਆ ਕਿ ਪ੍ਰਤੀ ਦਿਨ ਪੰਜ ਬੱਚੀਆਂ ਨੂੰ ਦਰਿੰਦਿਆਂ ਦੀ ਦਰਿੰਦਗੀ ਦਾ ਸ਼ਿਕਾਰ ਹੋਣਾ ਪਿਆ।

ਬਚਪਨ ਬਚਾਉ ਅੰਦੋਲਨ ਸੰਸਥਾ ਅਨੁਸਾਰ 50 ਫ਼ੀਸਦੀ ਗੁੰਮ ਬੱਚਿਆਂ ਦੀ ਰਿਪੋਰਟ ਹੀ ਕੌਮੀ ਅਪਰਾਧ ਰਿਕਾਰਡ ਬਿਊਰੋ ਕੋਲ ਪੁੱਜੀ ਹੈ। ਇੱਕ ਗ਼ੈਰ ਸਰਕਾਰੀ ਸੰਸਥਾ ਦੇ ਅਨੁਮਾਨ ਅਨੁਸਾਰ ਦੇਸ਼ ਅੰਦਰ ਵੱਖ ਵੱਖ ਥਾਵਾਂ 'ਤੇ ਹਰ ਰੋਜ਼ 271 ਬੱਚੇ ਲਾਵਾਰਿਸ ਛੱਡੇ ਜਾਂਦੇ ਹਨ ਜਿਸ ਵਿੱਚੋਂ 90 ਫ਼ੀਸਦੀ ਕੁੜੀਆਂ ਹੁੰਦੀਆਂ ਹਨ। ਲਾਵਾਰਿਸ ਥਾਵਾਂ ਤੋਂ ਚੁੱਕ ਕੇ ਇਨ੍ਹਾਂ ਨੂੰ ਅਨਾਥ ਆਸ਼ਰਮਾਂ 'ਚ ਪਹੁੰਚਾ ਦਿੱਤਾ ਜਾਂਦਾ ਹੈ। ਇਹ ਬੱਚੇ ਜ਼ਿਆਦਾਤਰ ਅਨਾਥ ਆਸ਼ਰਮਾਂ 'ਚ ਨਰਕਮਈ ਜ਼ਿੰਦਗੀ ਜਿਊਂਦੇ ਹਨ। ਉੱਥੇ ਤਾਇਨਾਤ ਵਾਰਡਨ ਜਾਂ ਹੋਰ ਅਮਲਾ ਇਨ੍ਹਾਂ ਨਾਲ ਜਾਨਵਰਾਂ ਵਰਗਾ ਸਲੂਕ ਕਰਦਾ ਹੈ। ਛੋਟੀਆਂ ਛੋਟੀਆਂ ਬੱਚੀਆਂ ਦਾ ਜਿਸਮਾਨੀ ਸ਼ੋਸ਼ਣ ਤੱਕ ਕੀਤਾ ਜਾਂਦਾ ਹੈ। ਮੀਡੀਆ ਨੇ ਅਜਿਹੇ ਅਣਗਿਣਤ ਕੇਸਾਂ ਦਾ ਖ਼ੁਲਾਸਾ ਕੀਤਾ ਹੈ।

ਇਸ ਵਰਤਾਰੇ ਦੇ ਕਾਰਨ ਬਹੁਤ ਜ਼ਿਆਦਾ ਹਨ ਜਿਸ 'ਚ ਮੁੱਖ ਤੌਰ 'ਤੇ ਨਸ਼ੇ, ਬੇਰੁਜ਼ਗਾਰੀ, ਮਾਪਿਆਂ ਦੀ ਅਣਗਹਿਲੀ, ਇੰਟਰਨੈੱਟ ਦੀ ਦੁਰਵਰਤੋਂ ਅਤੇ ਕਈ ਸਮਾਜਿਕ ਕਾਰਨ ਹਨ ਜੋ ਲੋਕਾਂ ਨੂੰ ਖ਼ਾਸ ਕਰਕੇ ਨੌਜਵਾਨਾਂ ਨੂੰ ਘਿਨੌਣੇ ਕੰਮ ਲਈ ਪ੍ਰੇਰਦੇ ਹਨ। ਮਨੋਰੰਜਨ ਇੰਡਸਟਰੀ ਨੇ ਨੈਤਿਕ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਅਜੋਕਾ ਸਿਨੇਮਾ ਆਪਣੀ ਜ਼ਿੰਮੇਵਾਰੀ ਭੁੱਲ ਚੁੱਕਾ ਹੈ ਤੇ ਮੁਨਾਫੇ ਲਈ ਅਸ਼ਲੀਲਤਾ ਪਰੋਸ ਰਿਹਾ ਹੈ। ਸੈਂਸਰ ਬੋਰਡ ਦੇ ਲੋਕ ਸੁੱਤੇ ਹੋਏ ਹਨ ਜਾਂ ਫਿਰ ਕਥਿਤ ਤੌਰ 'ਤੇ ਵਿਕੇ ਹੋਏ ਹਨ। ਟੀਵੀ ਸੀਰੀਅਲਾਂ ਤੇ ਇਸ਼ਤਿਹਾਰਾਂ ਵਿੱਚ ਵੀ ਅਸ਼ਲੀਲਤਾ ਦੀ ਭਰਮਾਰ ਹੈ। ਇਸ ਲਈ ਲੋਕ ਵੀ ਬਰਾਬਰ ਦੇ ਜ਼ਿੰਮੇਵਾਰ ਹਨ ਜੋ ਅਜਿਹੇ ਮਨੋਰੰਜਨ ਨੂੰ ਕਬੂਲਦੇ ਹਨ। ਜਬਰ-ਜਨਾਹ ਦੇ ਬਹੁਤੇ ਕੇਸ ਪਿਛਲੇ ਵੀਹ ਸਾਲਾਂ ਤੋਂ ਲਟਕੇ ਹੋਏ ਹਨ ਅਤੇ ਕਾਨੂੰਨ ਨਾਲ ਸਬੰਧਿਤ ਵਿਅਕਤੀ ਅਜੇ ਵੀ ਕਾਨੂੰਨ ਦੀਆਂ ਬਾਰੀਕੀਆਂ ਦਾ ਲਾਹਾ ਦੋਸ਼ੀਆਂ ਨੂੰ ਦਿਵਾ ਰਹੇ ਹਨ। ਜਬਰ-ਜਨਾਹ ਦੇ ਕੇਸਾਂ 'ਚ ਕਾਨੂੰਨ ਸਖ਼ਤ ਕੀਤਾ ਗਿਆ ਹੈ, ਪਰ ਜਦੋਂ ਤੱਕ ਲੋਕਾਂ ਦੀ ਮਾਨਸਿਕਤਾ ਨਹੀਂ ਬਦਲਦੀ ਉਦੋਂ ਤੱਕ ਕਾਨੂੰਨ ਦੀ ਸਖ਼ਤੀ ਸਾਰਥਿਕ ਸਿੱਧ ਨਹੀਂ ਹੋ ਸਕਦੀ।

ਇਸ ਮੰਦਭਾਗੇ ਵਰਤਾਰੇ ਨੇ ਸਮਾਜ 'ਚ ਬੜੀ ਉੱਥਲ ਪੁੱਥਲ ਮਚਾ ਰੱਖੀ ਹੈ। ਜਦੋਂ ਤੱਕ ਅਸੀਂ ਇਸ ਖ਼ਿਲਾਫ਼ ਲਾਮਬੰਦ ਨਹੀਂ ਹੁੰਦੇ, ਤਦ ਤੱਕ ਇਸ ਦਾ ਰੁਕਣਾ ਅਸੰਭਵ ਹੈ। ਸਾਰੇ ਲੋਕ ਇਹ ਜ਼ਰੂਰ ਸੋਚਣ ਕਿ ਇਹ ਮੰਦਭਾਗਾ ਵਰਤਾਰਾ ਕਦੇ ਵੀ ਸਾਡੇ ਬੱਚਿਆਂ ਨਾਲ ਵੀ ਵਾਪਰ ਸਕਦਾ ਹੈ। ਇਹ ਵੀ ਸਾਡਾ ਫਰਜ਼ ਹੈ ਕਿ ਅਸੀਂ ਇਹ ਧਿਆਨ ਰੱਖੀਏ ਕਿ ਬੱਚਿਆਂ ਲਈ ਬਣੀਆਂ ਸਮਾਜਿਕ ਸੰਸਥਾਵਾਂ ਹੀ ਕਿਤੇ ਉਨ੍ਹਾਂ ਨਾਲ ਵਧੀਕੀਆਂ ਤਾਂ ਨਹੀਂ ਕਰ ਰਹੀਆਂ। ਅਜੋਕੇ ਸਮੇਂ ਅੰਦਰ ਸਮਾਜ ਅਤੇ ਸਰਕਾਰਾਂ ਨੂੰ ਅਜਿਹੇ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਜੋ ਕਿਸੇ ਦੀ ਆਬਰੂ ਤਾਰ ਤਾਰ ਨਾ ਹੋਵੇ। ਬਹੁਤੇ ਦੇਸ਼ਾਂ 'ਚ ਸਜ਼ਾ ਦੇ ਤੌਰ 'ਤੇ ਦੋਸ਼ੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ। ਕਈ ਦੇਸ਼ਾਂ ਵਿੱਚ ਕੈਮੀਕਲ ਤੇ ਸਰਜੀਕਲ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸਜ਼ਾ ਦੇ ਨਾਲ ਨੈਤਿਕ ਸਿੱਖਿਆ ਨੂੰ ਵੀ ਸਿੱਖਿਆ ਪ੍ਰਣਾਲੀ 'ਚ ਸ਼ਾਮਿਲ ਕੀਤਾ ਜਾਵੇ ਅਤੇ ਇਸ ਦੀ ਜਗ ?ਹਾ ਲੋਕਾਂ ਦੇ ਦਿਲ ਦਿਮਾਗ਼ 'ਚ ਬਣਾਈ ਜਾਵੇ। ਸਾਨੂੰ ਆਪਣੇ ਪੁਰਖਿਆਂ ਦੀ ਉਹ ਰੀਤ ਕਾਇਮ ਕਰਨੀ ਹੋਵੇਗੀ ਕਿ ਜੇ ਉਹ ਅਹਿਮਦ ਸ਼ਾਹ ਅਬਦਾਲੀ ਅੱਗੇ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਲਈ ਅੜ ਸਕਦੇ ਸਨ ਤਾਂ ਸਾਨੂੰ ਵੀ ਉਹ ਕਦਮ ਜ਼ਰੂਰ ਚੁੱਕਣਾ ਚਾਹੀਦਾ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76886
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366





TRUCK INSURANCE
TRUCK TAX IFTA
Amarjit S Bir
amarjit@uscipp.org





Lic#0I15593CA
Ph: (925)318-1247

## ਮੂਲ ਨਾ ਬੋਲਣ ਰੁੱਖ



ਰੁੱਖ ਸ਼ਿੰਗਾਰ ਨੇ ਧਰਤੀ ਮਾਂ ਦਾ,
ਰੁੱਖ ਨੇ ਇਸ ਦੇ ਜਾਏ।
ਫ਼ਲ, ਫੁੱਲ ਦੇਣ ਹਵਾਵਾਂ ਠੰਢੀਆਂ,
ਉੱਤਰ ਸਵਰਗੋਂ ਆਏ।

ਮੂਲ ਨਾ ਬੋਲਣ? ਰੁੱਖ ਦੇਵਤੇ,
ਦੁੱਖ ਆਪਣੇ 'ਤੇ ਝੱਲਣ।
ਬੰਜਰਾਂ ਦੇ ਵਿੱਚ ਰੌਣਕਾਂ ਲਾਉਂਦੇ,
ਖੁੱਲ੍ਹੀਆਂ ਥਾਵਾਂ ਮੱਲਣ।

ਰਾਹੀ ਪਾਂਧੀ ਲੈਣ ਆਸਰਾ,
ਮੀਂਹ ਝੱਖੜ ਤੋਂ ਬਚਦੇ।
ਨਿਆਸਰਿਆਂ ਨੂੰ ਦੇਣ ਆਸਰਾ,
ਲੱਖਾਂ ਪਰਦੇ ਕੱਜਦੇ।

ਪ੍ਰਦੂਸ਼ਣ ਨੂੰ ਸੋਖ ਲੈਣ ਇਹ,
ਸ਼ੁੱਧ ਹਵਾਵਾਂ ਛੱਡਣ।
ਮਸਤੀ ਦੇ ਵਿੱਚ ਜਦੋਂ ਝੂਮਦੇ,
ਇੱਕ ਦੂਜੇ ਵਿੱਚ ਵੱਜਣ।

ਕੁਦਰਤ ਦੇ ਰੰਗਾਂ ਵਿੱਚ ਰੰਗੇ,
ਹਰੇ ਕਚੂਰ ਲਹਿਰਾਉਂਦੇ।
ਸਬਰ ਸ਼ੁਕਰ ਵਿੱਚ ਰਹਿੰਦੇ ਇਹ,
ਦਰਵੇਸ਼ ਤਾਂ ਹੀ ਅਖਵਾਉਂਦੇ।

ਰੁੱਖਾਂ ਨੂੰ ਨਾ ਕੱਟੋ ਲੋਕੋ,
ਇਹ ਭਲਾ ਸਰਬੱਤ ਦਾ ਮੰਗਦੇ।
'ਪੱਤੋ' ਆਖੇ ਰਹਿਮ ਕਰੋ ਕੁਝ,
ਨਾ ਗਵਾਓ ਭਾਣੇ ਭੰਗ ਦੇ।

-ਹਰਪ੍ਰੀਤ ਪਾਤੋ

## ਅੰਨ੍ਹੇਵਾਹ ਰੁੱਖ ਪੁੱਟ ਕੇ

ਲੋਕ ਮੈਨੂੰ ਪੁੱਛਦੇ ਨੇ ਰਹਿੰਦੇ,
ਐਨੀ ਗਰਮੀ ਕਿੱਥੋਂ ਹੈ ਆਈ।
ਅੰਨ੍ਹੇਵਾਹ ਤੁਸੀਂ ਰੁੱਖ ਪੁੱਟ ਕੇ,
ਮੈਂ ਕਿਹਾ ਹੈ ਗਰਮੀ ਵਧਾਈ।

ਘਰ-ਘਰ ਦੇ ਵਿੱਚ ਏ ਸੀ ਲਾ ਕੇ,
ਰਹਿੰਦੀ ਕਸਰ ਤੁਸਾਂ ਕਢਾਈ।
ਅੰਦਰ ਏ ਸੀ ਠੰਢ ਹੈ ਦਿੰਦਾ,
ਬਾਹਰ ਜਾਵੇ ਅੱਗ ਵਰ੍ਹਾਈ।

ਪਾਣੀ ਹੇਠੋਂ ਮੁੱਕਦਾ ਹੈ ਜਾਂਦਾ,
ਸਿਆਣੇ ਬੰਦੇ ਪਾਉਣ ਦਹਾਈ।
ਕੁਦਰਤ ਦਾ ਅਨਮੋਲ ਖ਼ਜ਼ਾਨਾ,
ਭੰਗ ਦੇ ਮੁੱਲ ਹੀ ਜਾਂਦੇ ਗਵਾਈ।

ਧਰਤੀ 'ਤੇ ਜਦੋਂ ਤਪਸ਼ ਵਧ ਜਾਏ,
ਸੋਕਾ ਡੋਬਾ ਵੀ ਦੇਵੇ ਵਿਖਾਈ।
ਸਭ ਕੁਝ ਅੱਖੀਂ ਵੇਖ ਕੇ ਵੀ,
ਸਾਨੂੰ ਭੋਰਾ ਅਕਲ ਨਾ ਆਈ।

ਹਾੜ੍ਹ ਮਹੀਨੇ ਵਰਗੀ ਗਰਮੀ,
ਵਿਸਾਖ ਦੇ ਵਿੱਚ ਜਾਵੇ ਸਤਾਈ।
ਠੰਢੜੀ ਮਿੱਠੜੀ ਪੌਣ ਵੀ ਸਾਨੂੰ,
ਕਿਸੇ ਪਾਸੇ ਨਾ ਦੇਵੇ ਵਿਖਾਈ।

ਕਿਸੇ ਪਾਸੇ ਵੀ ਕਿਸੇ ਮੋਰ ਨੇ,
ਅਸਾਂ ਨਾ ਵੇਖੀ ਪੈਲ ਜੋ ਪਾਈ।
ਡੱਡੂਆਂ ਦੀ ਹੁਣ ਗੜੈਂ-ਗੜੈਂ ਵੀ,
ਕਿਸੇ ਪਾਸੇ ਨਾ ਦੇਵੇ ਸੁਣਾਈ।

ਭਵਿੱਖ ਦੇ ਬਾਰੇ ਜਦੋਂ ਹਾਂ ਸੋਚਦੇ,
ਚਿੰਤਾ ਜਾਵੇ ਵੱਢ-ਵੱਢ ਖਾਈ।
ਉਹ ਤਾਂ ਘੂਕ ਪਏ ਨੇ ਸੁੱਤੇ,
ਜਿਨ੍ਹਾਂ ਨੇ ਸੀ ਕਰਨੀ ਅਗਵਾਈ।

ਕੁਦਰਤ ਨਾਲ ਖਿਲਵਾੜ ਜੋ ਕੀਤਾ,
ਓਹਦੀ ਸਜ਼ਾ ਸਭ ਨੇ ਪਾਈ।
ਆਉਣ ਵਾਲੀਆਂ ਪੀੜ੍ਹੀਆਂ ਦੀ,
'ਤਲਵੰਡੀ' ਚਿੰਤਾ ਅਸੀਂ ਵਧਾਈ।

- ਅਮਰੀਕ ਸਿੰਘ ਤਲਵੰਡੀ ਕਲਾਂ

## ਮੇਰੀ ਮੰਜ਼ਿਲ

ਮੇਰੀ ਮੰਜ਼ਿਲ
ਅਤੇ ਖ਼ੁਆਬਾਂ ਦੀ ਕਹਾਣੀ
ਬੱਸ ਖਾਬਾਂ ਤੀਕਰ ਸਹਿਮਤ ਰਹੀ
ਇਕੱਲਾਪਣ ਵੱਢ ਵੱਢ
ਖਾਣ ਸਤਾਉਣ ਲੱਗਾ
ਬੇਬਸੀ ਦੀ ਅੱਗ ਅੰਦਰ
ਸਿੱਲ੍ਹੀ ਲੱਕੜ ਵਾਂਗੂ
ਧੁੱਖਦੀ ਚਲੀ ਗਈ
ਉਸਨੂੰ ਕਦੋਂ ਹੋਵੇਗਾ
ਮੇਰੀ ਵਫ਼ਾ ਦਾ
ਅਹਿਸਾਸ
ਕੀ ਅਖਾਂ
ਆਪਣੇ ਇੰਤਜ਼ਾਰ ਨੂੰ
ਮੈਂ ਤੇ ਮੇਰੀ ਤਨਹਾਈ
ਪ੍ਰੇਮ ਦੇ ਧਾਗੇ ਵਿਚ
ਹਮੇਸ਼ਾਂ ਉਲਝੇ ਰਹੇ
ਜਿੱਧਰ ਦੇਖਿਆ ਹੈ
ਮੁਹੱਬਤ ਦਾ ਨਹੀਂ
ਗ਼ਮਾਂ ਦਾ ਸੈਲਾਬ ਹੀ ਮਿਲਿਆ
ਹੰਝੂਆਂ ਦੀ ਝੜੀ
ਬਿਨਾਂ ਸਾਵਣ ਦੇ
ਆ ਕੇ ਗਲਵਕੜੀ ਪਾ ਬਹਿੰਦੀ
ਆਸਾਂ ਦਾ ਕਾਫ਼ਿਲਾ
ਆਪਣੀ ਮੰਜ਼ਿਲ ਦੀ ਤਲਾਸ਼ ਵਿਚ
ਚਾਰ ਚੁਫੇਰੇ ਭਟਕਦਾ
ਕਦੇ ਕਦੇ
ਇੰਜ ਜਾਪਦਾ
ਉੱਪਰ ਵਾਲਾ ਨਾਲ ਮੇਰੇ
ਸ਼ਾਇਦ
ਸਾਜ਼ਿਸ਼ ਦੀ ਤਾਂਘ ਅੰਦਰ ਹੋਏ
ਮੇਰੀ ਖ਼ੁਸ਼ੀਆਂ ਨੂੰ
ਕੈਦ ਕਰ ਰੱਖਿਆ ਹੋਵੈ
ਇਹ ਭਰਮ
ਆਪ ਹੀ ਪਾਲ ਬੈਠੀ ਹਾਂ
ਜ਼ਖਮਾਂ ਅੰਦਰ
ਛਿਪਿਆ ਚਿਹਰਾ ਚੰਦ ਵਰਗਾ
ਓਹਦਾ, ਭੁੱਲੀ ਕਿਥੇ ਹਾਂ
ਡੂੰਘਾ ਹਸਰਤਾਂ ਦਾ ਅਸਰ ਏ
ਓਹਦੀਆਂ ਯਾਦਾਂ ਸਾਂਝੀਆਂ ਕੀਤੀਆਂ ਨੇ
ਰੱਬ ਜਾਣੇ
ਕਿਹੜੇ ਸੱਤ ਸਮੁੰਦਰੋਂ ਪਾਰ ਗਿਓਂ
ਆਸਾਨੀ ਨਾਲ ਫ਼ਰਿਆਦ ਵੀ
ਸਾਡੀ ਤੇਰੇ ਕੋਲ ਨਹੀਂ ਪੁਜਦੀ
ਕਹਿੰਦੇ ਨੇ ਦਿਲੋਂ ਨਿਕਲੀ
ਫ਼ਰਿਆਦ ਤਾਂ ਪੱਥਰਾਂ ਨੂੰ ਪਾੜ ਦਿੰਦੀ ਹੈ
ਤੂੰ ਲੈ ਇਮਾਨਦਾਰੀ ਮੇਰੀ ਦਾ
ਇਮਤਿਹਾਨ
ਸਿਸਕੀਆਂ ਜਵਾਬ ਦੇਣਗੀਆਂ
ਤੈਨੂੰ ਮੋੜਵਾਂ
ਹਰ ਸਿਤਮ ਹੰਢਾਇਆ
ਤੇਰਾ ਆਪਣੇ ਸਿਰ ਲੈ ਬੈਠੇ ਆ
ਅਲਵਿਦਾ ਆਖ ਦਿੱਤਾ
ਆਪਣੇ ਜਜ਼ਬਾਤਾਂ ਨੂੰ
ਉੱਡਦੀ ਸੋਚ ਦੀ ਉਡਾਰੀ ਨੂੰ
ਸਹਿਮੀ ਹੋਈ ਚਿੜੀਆਂ ਦੀ ਡਾਰ ਨੂੰ
ਹੋਠਾਂ 'ਚ ਦਬੀਆਂ ਚੀਸਾਂ ਨੂੰ
'ਕਵਿਤਾ'
ਦੀ ਕਲਮ ਵਿਚੋਂ ਨਿਕਲੇ ਸ਼ਬਦਾਂ ਨੂੰ

ਸਵਰਨ ਕਵਿਤਾ

## ਜਰ ਲੈਂਦੇ ਨੇ

ਸਿਰਾਂ 'ਤੇ ਬੈਠਣ ਵਾਲੇ,
ਪੈਰਾਂ ਵਿੱਚ ਗਿਰ ਵੀ ਲੈਂਦੇ ਨੇ,

ਸਭ ਕੀੜੇ-ਮਕੌੜੇ ਰੀਂਗਦੇ ਨਹੀਂ,
ਥੋੜ੍ਹੇ ਤੁਰ ਵੀ ਲੈਂਦੇ ਨੇ।
ਜਿਗਰੇ ਵਾਲੇ ਬਦਲਾ ਲੈਂਦੇ,
ਹੋਈ ਨਾਲ ਵਧੀਕੀ ਦਾ,
ਕੁਝ ਠਰ੍ਹੰਮੇ ਵਾਲੇ ਸੀਨੇ ਉੱਤੇ,
ਜਰ ਵੀ ਲੈਂਦੇ ਨੇ।

ਐਵੇਂ ਹਲਕੇ ਵਿੱਚ ਨਾ ਲੈ ਜਾਵੀਂ,
ਤੂੰ ਕਲਮਾਂ ਵਾਲਿਆਂ ਨੂੰ
ਇਹ ਥਲ ਵਿੱਚ ਤੁਰ ਵੀ ਲੈਂਦੇ ਨੇ,
ਝਨਾਂ ਵਿੱਚ ਤਰ ਵੀ ਲੈਂਦੇ ਨੇ।

- ਜਗਜੀਤ ਗੁਰਮ



## ਸ਼ਬਦ

ਸ਼ਬਦ ਕਦੇ ਵੀ ਕੰਧਾਂ ਦੇ ਕੈਦੀ ਨਹੀਂ ਬਣ ਸਕਦੇ,
ਉਹ ਹਵਾ ਵਾਂਗ ਹਨ- ਇੱਕ ਵਾਰ ਉਚਾਰ ਦਿੱਤੇ ਜਾਣ,

ਤਾਂ ਕਿਸੇ ਦੀ ਮਲਕੀਅਤ ਨਹੀਂ ਰਹਿੰਦੇ।
ਨਾ ਲੇਖਕ ਦੇ ਰਹਿੰਦੇ ਹਨ, ਨਾ ਵਕਤਾ ਦੇ,
ਉਹ ਚੇਤਨਾਵਾਂ ਦੇ ਸਫ਼ਰ 'ਤੇ ਨਿਕਲ ਪੈਂਦੇ ਹਨ।

ਇੱਕ ਮਨ ਤੋਂ ਦੂਜੇ ਤੱਕ,
ਇੱਕ ਅਨੁਭਵ ਤੋਂ ਦੂਜੇ ਤੱਕ,
ਉਹ ਨਵੇਂ ਨਵੇਂ ਅਰਥਾਂ ਨੂੰ ਜਨਮ ਦਿੰਦੇ ਰਹਿੰਦੇ ਹਨ।

ਵਿਚਾਰਾਂ ਦਾ, ਵਿਚਾਰਾਂ ਤੋਂ ਪ੍ਰਭਾਵਿਤ ਹੋਣਾ ਹੀ
ਪ੍ਰਕਿਰਤੀ ਦਾ ਨਿਯਮ ਹੈ,
ਮਨੁੱਖੀ ਚਿੰਤਨ ਕਿਸੇ ਦੀ ਜਾਇਦਾਦ ਨਹੀਂ।

ਇੱਕ ਰੇਖਾ ਦੇ ਆਰ-ਪਾਰ ਖੜ੍ਹੀ ਹੈ ਖੇਡ ਸਾਰੀ
ਇਸ ਪਾਸੇ ਪ੍ਰੇਰਣਾ ਤੇ ਦੂਜੇ ਪਾਸੇ ਚੋਰੀ
ਪ੍ਰੇਰਣਾ ਪਵਿੱਤਰ ਤੇ ਚੋਰੀ ਪਲੀਤ ਕਰਦੀ ਹੈ।

ਸ਼ਬਦਾਂ ਦੀ ਰਾਖੀ ਵੀ ਸ਼ਬਦ ਹੀ ਕਰਦੇ ਨੇ
ਇੱਕ ਦੇ ਮੂੰਹੋਂ ਨਿਕਲ ਕੇ ਦੂਜੇ ਤੱਕ ਪੁੱਜਦੇ ਸ਼ਬਦ
ਇੱਕ ਦੀ ਚੇਤਨਾ ਤੋਂ ਉਪਜ ਕੇ ਦੂਜੇ ਤੱਕ ਅੱਪੜਦੇ ਸ਼ਬਦ।

- ਦੀਪ ਜ਼ੀਰਵੀ

## ਮੇਰੀ ਉਡਾਣ

ਖੰਭ ਟੁੱਟ ਵੀ ਗਏ ਤਾਂ ਕੀ ਹੋਇਆ,
ਹਾਲੇ ਹੌਸਲੇ ਦੀ ਪਰਵਾਜ਼ ਬਾਕੀ ਹੈ।
ਮੁਸ਼ਕਿਲਾਂ ਦੇ ਇਸ ਔਖੇ ਦੌਰ ਅੰਦਰ,
ਮੇਰੀ ਕਮਜ਼ੋਰ ਜਿਹੀ ਆਵਾਜ਼ ਬਾਕੀ ਹੈ।

ਨਾ ਨਾਪੋ ਮੇਰੀਆਂ ਉਡਾਣਾਂ ਨੂੰ,
ਇਹ ਅੰਬਰਾਂ ਤੋਂ ਵੀ ਉੱਚੀਆਂ ਨੇ।
ਮੇਰੇ ਇਰਾਦਿਆਂ ਦੀ ਤਾਕਤ ਅੱਗੇ,
ਸਭ ਰੁਕਾਵਟਾਂ ਬਹੁਤ ਨਿੱਕੀਆਂ ਨੇ।

ਦੁੱਖਾਂ ਨੇ ਭਾਵੇਂ ਘੇਰਾ ਪਾਇਆ ਹੈ,
ਪਰ ਚਾਨਣ ਦੀ ਆਸ ਹਾਲੇ ਬਾਕੀ ਹੈ।
ਹਨੇਰੀਆਂ ਝੁੱਲਣ ਭਾਵੇਂ ਰਾਹਾਂ ਵਿੱਚ,
ਸਿਦਕ ਦੀ ਸ਼ਮ੍ਹਾ ਝਿਲਮਿਲਾਉਂਦੀ ਹੈ।

ਮੈਂ ਮਨ ਨੂੰ ਜਿੱਤ ਕੇ ਬੈਠਾ ਹਾਂ,
ਵਧਦੇ ਜਾਣਾ ਹੋਰ ਅੱਗੇ-ਅੱਗੇ।
ਮੇਰੇ ਪੈਰਾਂ ਦੇ ਛਾਲੇ ਪਏ ਟਸਕਣ,
ਪਰ ਮੈਂ ਮੰਜ਼ਿਲ ਤੱਕ ਪਹੁੰਚ ਕੇ ਰਹਿਣਾ ਹੈ।

ਗ਼ਮਾਂ ਦੇ ਰਾਹਾਂ ਨੂੰ ਚੀਰ ਕੇ ਮੈਂ,
ਆਪਣੀ ਮੰਜ਼ਿਲ 'ਤੇ ਜਾ ਬਹਿਣਾ ਹੈ।
ਇਹ ਟੁੱਟੇ ਹੌਸਲੇ ਦੀ ਚੀਖ਼ ਨਹੀਂ,
ਇਹ ਤਾਂ ਮੇਰੇ ਦਿਲ ਦੀ ਗਰਜਣ ਹੈ।

ਮੇਰੇ ਇਰਾਦਿਆਂ ਨੂੰ ਰਾਹ ਦੱਸੇਗੀ,
ਇਹ ਮੇਰੀ ਨਿਰੰਤਰ ਭਟਕਣ ਹੈ।

- ਓਮਕਾਰ ਸੂਦ ਬਹੋਨਾ

## ਪ੍ਰਚਾਰ ਬੇਅਸਰ ਕਿਉਂ ?

ਕਦੇ ਹੁੰਦਾ ਸੀ ਸ਼ਿਕਵਾ ਇਹ ਬਹੁਤ ਵੱਡਾ
ਹੁੰਦਾ ਗੁਰਮਤਿ ਦਾ ਨਹੀਂ ਪ੍ਰਚਾਰ ਭਾਈ।
ਜੇਬ੍ਹਾਂ ਵਿੱਚ ਮੋਬਾਈਲ ਹੁਣ ਸਾਰਿਆਂ ਦੇ
ਕਥਾ-ਕੀਰਤਨ ਦੇ ਭਰੇ 'ਭੰਡਾਰ' ਭਾਈ।
ਸਜਿਆ ਕਿਧਰੇ ਵੀ ਹੋਵੇ 'ਦੀਵਾਨ' ਭਾਵੇਂ
ਸੁਣਨ ਵਾਸਤੇ 'ਲਾਈਵ' ਦਰਕਾਰ ਭਾਈ।
ਹਰਿਕ ਪਿੰਡ ਤੇ ਸ਼ਹਿਰ ਵਿੱਚ ਸੁਭਾ ਸ਼ਾਮੀਂ
ਲਾਊਡ ਸਪੀਕਰ ਨੇ ਪਾਉਂਦੇ ਗੁੰਜਾਰ ਭਾਈ।
ਚਾਹੀਏ ਸੋਚਣਾ ਸਭਨਾਂ 'ਪਰਚਾਰਕਾਂ' ਨੂੰ
ਕਰ ਕੇ ਗ਼ਹਿਰ ਗੰਭੀਰ 'ਵਿਚਾਰ' ਭਾਈ।
ਹੋਵੇ ਭਾਵਨਾ 'ਸ਼ੋਹਰਤ-ਕਮਾਈ' ਦੀ ਜੇ
ਕਰਦਾ ਅਸਰ ਨਹੀਂ ਫੇਰ ਪ੍ਰਚਾਰ ਭਾਈ।



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਬਹੁਤ ਕੁਝ ਕਹਿ ਕੇ ਵੀ

ਬਹੁਤ ਕੁਝ ਕਹਿ ਕੇ ਵੀ,
ਅਣਕਿਹਾ ਰਹਿ ਗਿਆ,
ਉਹ ਚੁੱਪ ਰਹਿ ਕੇ ਵੀ,
ਬਹੁਤ ਕੁਝ ਕਹਿ ਗਿਆ।

ਮੁੱਦਤਾਂ ਦਾ ਦਰਦ ਸੀ,
ਜੋ ਹੰਝੂਆਂ ਥੀਂ ਵਹਿ ਗਿਆ,
ਦਰਦ ਬਾਝੋਂ ਜ਼ਿੰਦਗੀ ਦਾ,
ਕੀ ਵਜੂਦ ਰਹਿ ਗਿਆ।

ਇਸ ਸੀਨੇ ਵਿੱਚ ਵੀ,
ਧੜਕਦਾ ਹੁੰਦਾ ਸੀ ਦਿਲ ਕਦੇ,
ਦਿਲ ਦੀ ਤਾਂ ਕੋਈ ਸੰਗਦਿਲ,
ਖਿੱਦੋ ਬਣਾ ਕੇ ਲੈ ਗਿਆ।

ਆਪਣਾ ਆਪ ਵੀ ਹੁਣ ਤਾਂ,
ਪਰਾਇਆ ਹੋ ਗਿਆ,
ਪਹੀਆ ਜਦੋਂ ਵਕਤ ਦਾ,
ਜ਼ਿੰਦਗੀ ਨਾਲ ਖਹਿ ਗਿਆ।

ਅੱਖਾਂ ਵਿਛਾ ਕੇ ਜਿਸ ਨੂੰ,
ਤੱਕਦੇ ਰਹੇ ਅਸੀਂ ਉਮਰ ਭਰ,
ਚੋਰਾਂ ਵਾਂਗ ਲੁੱਟ ਕੇ,
ਜਹਾਨ ਸਾਡਾ ਲੈ ਗਿਆ।

-ਸੰਤਵੀਰ

## ਸਿੱਖੀ ਦੇ ਭੇਸ ਵਿੱਚ ਕੌਡੇ ਰਾਖਸ਼

ਜਿਨ੍ਹਾਂ ਆਪਣੀ ਬੱਚੀ ਨੂੰ ਦਗਾ ਦਿੱਤਾ,
ਲਾਲਾਂ ਗੈਰ ਦੀਆਂ ਚੱਟਦੇ ਵੇਖ ਸਿੰਘਾਂ।
ਸ਼ਕਲ ਮੋਮਨਾਂ ਦੀ, ਕੰਮ ਕਾਫ਼ਰਾਂ ਦੇ,
ਕੌਡੇ ਰਾਖਸ਼ ਵਿੱਚ ਸਿੱਖੀ ਦੇ ਭੇਸ ਸਿੰਘਾ।

ਬੋਲਾਂ ਵਿੱਚ ਸਿੱਖੀ, ਪਰ ਦਿਲ ਵਿੱਚ ਸੌਦੇ,
ਕਿਹੜੀ ਦੱਸੋ ਇਹ ਦੋਹਰੀ ਚਾਲ ਸਿੰਘਾਂ।
ਘਰ ਦੀ ਅੱਗ 'ਤੇ ਅੱਖਾਂ ਮੀਟ ਬੈਠੇ,
ਗੈਰਾਂ ਦੇ ਦੀਵੇ ਦਾ ਰੱਖਦੇ ਖ਼ ?ਆਲ ਸਿੰਘਾ।

ਜਿਨ੍ਹਾਂ ਆਪਣਿਆਂ ਦੀ ਇੱਜ਼ਤ ਦਾਅ ਲਾਈ,
ਉਹ ਗੈਰਾਂ ਨੂੰ ਸਿਖਾਉਂਦੇ ਵਫ਼ਾ ਸਿੰਘਾਂ।
ਆਪਣਿਆਂ ਦੇ ਹੱਕਾਂ 'ਤੇ ਬੁੱਲ੍ਹ ਸੀਤੇ,
ਪਰ ਬੇਗਾਨਿਆਂ ਲਈ ਬਣਦੇ ਦਵਾ ਸਿੰਘਾ।

ਦਸਤਾਰ ਸਜਾ ਕੇ ਸਿੰਘ ਨਹੀਂ ਬਣੀਦਾ,
ਜੇ ਵਿਕ ਜਾਵੇ ਅੰਦਰੋ ਜ਼ਮੀਰ ਸਿੰਘਾਂ।
ਸਿੱਖੀ ਭੇਸ ਨਹੀਂ, ਸੱਚ ਦੀ ਧਾਰ ਹੈ ਇਹ,
ਜਿਹੜੀ ਚੀਰਦੀ ਝੂਠ ਦੀ ਲਕੀਰ ਸਿੰਘਾ।

ਜਦ ਆਪਣੇ ਹੀ ਦਰ 'ਤੇ ਚੀਖ ਉੱਠੀ,
ਤੁਹਾਨੂੰ ਸੁਣਿਆ ਨਾ ਉਹਦਾ ਵੈਣ ਸਿੰਘਾਂ।
ਗੈਰਾਂ ਦੇ ਦਰਦ 'ਤੇ ਅੱਥਰੂ ਵਹਾਉਂਦੇ,
ਆਪਣਿਆਂ ਲਈ ਕਿਉਂ ਸੁੱਕ ਗਏ ਨੈਣ ਸਿੰਘਾ ?

ਨਾ ਗੈਰ ਨਾਲ ਵੈਰ ਦੀ ਗੱਲ ਕਰੀਏ,
ਨਾ ਆਪਣੇ ਨਾਲ ਕਰੀਏ ਦਗ਼ਾ ਸਿੰਘਾਂ।
ਇੱਕੋ ਤੱਕੜੀ 'ਤੇ ਸੱਚ ਨੂੰ ਤੋਲਣਾ ਹੈ,
ਇਹੀ ਇਨਸਾਫ਼, ਇਹੀ ਹੈ ਵਫ਼ਾ ਸਿੰਘਾ।

ਕੇਸ, ਦਸਤਾਰਾਂ ਸਜਾ ਕੇ ਕੀ ਮਿਲਜੂ,
ਜੇ ਕਿਰਦਾਰ ਹੀ ਹੋ ਗਿਆ ਢੇਰ ਸਿੰਘਾਂ।
ਜੋਗਾ ਨੰਗਲ ਕਲਮ ਇਹ ਪੁੱਛਦੀ ਏ-
ਸਿੱਖੀ ਵੱਢੀ ਹੋ, ਜਾਂ ਸਿੱਖੀ ਦਾ ਭੇਸ ਸਿੰਘਾ।



— ਜੋਗਾ ਨੰਗਲ

# ਘਰ ਵਿੱਚ ਬਾਜ਼ਾਰ, ਹੱਥ ਵਿੱਚ ਦੁਨੀਆ-ਪਰ ਰਿਸ਼ਤਿਆਂ ਤੋਂ ਦੂਰੀ ਕਿਉਂ ?



ਅਸੀਂ ਅੱਜ ਅਜਿਹੇ ਯੁੱਗ ਵਿੱਚ ਜੀ ਰਹੇ ਹਾਂ, ਜਿੱਥੇ ਸਹੂਲਤਾਂ ਦੀ ਕੋਈ ਘਾਟ ਨਹੀਂ। ਅੱਜ ਸਾਨੂੰ ਲਗਭਗ ਹਰ ਚੀਜ਼ ਘਰ ਬੈਠਿਆਂ ਹੀ ਮਿਲ ਸਕਦੀ ਹੈ। ਕਰਿਆਨਾ, ਕੱਪੜੇ, ਦਵਾਈਆਂ, ਕਿਤਾਬਾਂ ਅਤੇ ਹੋਰ ਅਣਗਿਣਤ ਚੀਜ਼ਾਂ ਮੋਬਾਈਲ ਫ਼ੋਨ 'ਤੇ ਕੁਝ ਕਲਿੱਕ ਕਰਕੇ ਘਰ ਮੰਗਵਾਈਆਂ ਜਾ ਸਕਦੀਆਂ ਹਨ। ਸੱਚਮੁੱਚ, ਅੱਜ ਪੂਰੀ ਦੁਨੀਆ ਸਾਡੇ ਹੱਥਾਂ ਵਿੱਚ ਸਮਾ ਗਈ ਹੈ। ਅਸੀਂ ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਵਿਅਕਤੀ ਨਾਲ ਗੱਲ ਕਰ ਸਕਦੇ ਹਾਂ, ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਵਾਪਰ ਰਹੀਆਂ ਘਟਨਾਵਾਂ ਦੇਖ ਸਕਦੇ ਹਾਂ ਅਤੇ ਕੁਝ ਹੀ ਸਕਿੰਟਾਂ ਵਿੱਚ ਬੇਅੰਤ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

ਤਕਨਾਲੋਜੀ ਨੇ ਬਾਜ਼ਾਰ ਨੂੰ ਸਾਡੇ ਘਰਾਂ ਤੱਕ ਅਤੇ ਦੁਨੀਆ ਨੂੰ ਸਾਡੀਆਂ ਸਕਰੀਨਾਂ ਤੱਕ ਪਹੁੰਚਾ ਦਿੱਤਾ ਹੈ। ਪਰ ਵਿਡੰਬਨਾ ਇਹ ਹੈ ਕਿ ਜਿਵੇਂ-ਜਿਵੇਂ ਸਾਡੇ ਡਿਜੀਟਲ ਸੰਪਰਕ ਵਧੇ ਹਨ, ਕਈ ਵਾਰ ਸਾਡੇ ਅਸਲ ਅਤੇ ਸਾਰਥਕ ਮਨੁੱਖੀ ਰਿਸ਼ਤੇ ਕਮਜ਼ੋਰ ਹੁੰਦੇ ਨਜ਼ਰ ਆਉਂਦੇ ਹਨ।

ਇੱਕ ਸਮਾਂ ਸੀ ਜਦੋਂ ਲੋਕ ਘਰੋਂ ਬਾਹਰ ਸਿਰਫ਼ ਸਮਾਨ ਖਰੀਦਣ ਲਈ ਨਹੀਂ ਨਿਕਲਦੇ ਸਨ, ਸਗੋਂ ਲੋਕਾਂ ਨੂੰ ਮਿਲਣ-ਜੁਲਣ ਲਈ ਵੀ ਜਾਂਦੇ ਸਨ। ਸਥਾਨਕ ਬਾਜ਼ਾਰ ਜਾਣ ਦਾ ਮਤਲਬ ਸੀ ਗੁਆਂਢੀਆਂ ਨੂੰ ਮਿਲਣਾ, ਦੁਕਾਨਦਾਰਾਂ ਨੂੰ ਸਤਿ ਸ੍ਰੀ ਅਕਾਲ ਕਹਿਣਾ ਅਤੇ ਜਾਣ-ਪਛਾਣ ਵਾਲਿਆਂ ਨਾਲ ਕੁਝ ਪਲ ਗੱਲਬਾਤ ਕਰਨਾ। ਬੱਚੇ ਗਲੀਆਂ ਅਤੇ ਪਾਰਕਾਂ ਵਿੱਚ ਇਕੱਠੇ ਖੇਡਦੇ ਸਨ। ਪਰਿਵਾਰ ਅਤੇ ਰਿਸ਼ਤੇਦਾਰ ਇੱਕ-ਦੂਜੇ ਦੇ ਘਰ ਵੱਧ ਆਉਂਦੇ-ਜਾਂਦੇ ਸਨ। ਗੱਲਬਾਤ ਸੁਭਾਵਿਕ ਤੌਰ 'ਤੇ ਹੁੰਦੀ ਸੀ—ਬਿਨਾਂ ਕਿਸੇ ਪਹਿਲਾਂ ਤੋਂ ਯੋਜਨਾ, ਨੋਟੀਫਿਕੇਸ਼ਨ ਜਾਂ ਸਕਰੀਨ ਦੇ।

ਅੱਜ ਅਜਿਹੇ ਬਹੁਤ ਸਾਰੇ ਛੋਟੇ ਪਰ ਅਰਥਪੂਰਨ ਮਨੁੱਖੀ ਸੰਪਰਕ ਹੌਲੀ-ਹੌਲੀ ਘਟਦੇ ਜਾ ਰਹੇ ਹਨ।

ਅੱਜ ਇੱਕ ਵਿਅਕਤੀ ਘਰ ਬੈਠਿਆਂ ਪੂਰਾ ਦਿਨ ਖਾਣਾ ਮੰਗਵਾਉਣ, ਆਨਲਾਈਨ ਪੜ੍ਹਾਈ ਕਰਨ, ਕੰਮ ਕਰਨ, ਖਰੀਦਦਾਰੀ ਕਰਨ, ਮਨੋਰੰਜਨ ਦੇਖਣ ਅਤੇ ਸੁਨੇਹਿਆਂ ਰਾਹੀਂ ਲੋਕਾਂ ਨਾਲ ਸੰਪਰਕ ਵਿੱਚ ਰਹਿਣ ਵਿੱਚ ਬਿਤਾ ਸਕਦਾ ਹੈ। ਮਾਨੋ ਇੱਕੋ ਕਮਰੇ ਵਿੱਚ ਜੀਵਨ ਦੀਆਂ ਲਗਭਗ ਸਾਰੀਆਂ ਸਹੂਲਤਾਂ ਉਪਲਬਧ ਹੋ ਗਈਆਂ ਹੋਣ। ਸਹੂਲਤ ਨੇ ਸਾਡਾ ਸਮਾਂ ਤਾਂ ਬਚਾਇਆ ਹੈ, ਪਰ ਇੱਕ ਮਹੱਤਵਪੂਰਨ ਸਵਾਲ ਇਹ ਹੈ ਕਿ ਅਸੀਂ ਬਚੇ ਹੋਏ ਸਮੇਂ ਦੀ ਵਰਤੋਂ ਕਿਵੇਂ ਕਰ ਰਹੇ ਹਾਂ?

ਕਈ ਵਾਰ ਲੋਕਾਂ ਨੂੰ ਮਿਲਣ, ਪਰਿਵਾਰ ਨਾਲ ਗੱਲਬਾਤ ਕਰਨ ਅਤੇ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਦੀ ਬਜਾਏ ਅਸੀਂ ਉਸੇ ਬਚੇ ਹੋਏ ਸਮੇਂ ਦਾ ਵੱਡਾ ਹਿੱਸਾ ਸਕਰੀਨ ਦੇ ਸਾਹਮਣੇ ਬਿਤਾਉਣ ਲੱਗ ਪੈਂਦੇ ਹਾਂ।

ਮੋਬਾਈਲ ਫੋਨ ਸਾਨੂੰ ਸੈਂਕੜਿਆਂ ਜਾਂ ਹਜ਼ਾਰਾਂ ਲੋਕਾਂ ਨਾਲ ਜੋੜ ਸਕਦਾ ਹੈ, ਪਰ ਇਹ ਹਮੇਸ਼ਾ ਕਿਸੇ ਦੇ ਕੋਲ ਬੈਠ ਕੇ ਪਿਆਰ ਅਤੇ ਆਪਣਾਪਨ ਨਾਲ ਕੀਤੀ ਗੱਲਬਾਤ ਦੀ ਗਰਮਾਹਟ ਦੀ ਥਾਂ ਨਹੀਂ ਲੈ ਸਕਦਾ। ਇੱਕ ਸੁਨੇਹਾ ਜਾਣਕਾਰੀ ਤਾਂ ਪਹੁੰਚਾ ਸਕਦਾ ਹੈ, ਪਰ ਆਹਮੋ-ਸਾਹਮਣੇ ਦੀ ਗੱਲਬਾਤ ਵਾਂਗ ਭਾਵਨਾਵਾਂ ਨੂੰ ਡੂੰਘਾਈ ਨਾਲ ਪ੍ਰਗਟ ਕਰਨਾ ਹਮੇਸ਼ਾ ਸੰਭਵ ਨਹੀਂ ਹੁੰਦਾ। ਵੀਡੀਓ ਕਾਲ ਲਾਭਦਾਇਕ ਹੈ, ਪਰ ਕਿਸੇ ਪਿਆਰੇ ਵਿਅਕਤੀ ਨਾਲ ਸੈਰ ਕਰਨ, ਇਕੱਠੇ ਖਾਣਾ ਖਾਣ ਜਾਂ ਕੁਝ ਪਲ ਚੁੱਪਚਾਪ ਬੈਠਣ ਦੇ ਅਨੁਭਵ ਦੀ ਪੂਰੀ ਤਰ੍ਹਾਂ ਬਰਾਬਰੀ ਨਹੀਂ ਕਰ ਸਕਦੀ।


ਵਿਜੈ ਗਰਗ
ਸਾਬਕਾ ਪ੍ਰਿੰਸੀਪਲ
ਸਿੱਖਿਆ ਕਾਲਮਨਵੀਸ
9465682110

ਮਨੁੱਖੀ ਰਿਸ਼ਤੇ ਸਮੇਂ, ਧਿਆਨ ਅਤੇ ਸੱਚੀ ਮੌਜੂਦਗੀ ਨਾਲ ਮਜ਼ਬੂਤ ਹੁੰਦੇ ਹਨ।

ਸਮੱਸਿਆ ਖੁਦ ਤਕਨਾਲੋਜੀ ਨਹੀਂ ਹੈ। ਤਕਨਾਲੋਜੀ ਨੇ ਜੀਵਨ ਨੂੰ ਆਸਾਨ ਬਣਾਇਆ ਹੈ ਅਤੇ ਸਿੱਖਿਆ, ਸਿਹਤ, ਸੰਚਾਰ ਅਤੇ ਵਪਾਰ ਦੇ ਖੇਤਰ ਵਿੱਚ ਬੇਅੰਤ ਮੌਕੇ ਪੈਦਾ ਕੀਤੇ ਹਨ। ਆਨਲਾਈਨ ਸੇਵਾਵਾਂ ਖ਼ਾਸ ਤੌਰ 'ਤੇ ਬਜ਼ੁਰਗਾਂ, ਦਿਵਿਆਂਗ ਵਿਅਕਤੀਆਂ ਅਤੇ ਜ਼ਰੂਰੀ ਸਹੂਲਤਾਂ ਤੋਂ ਦੂਰ ਰਹਿਣ ਵਾਲੇ ਲੋਕਾਂ ਲਈ ਬਹੁਤ ਲਾਭਦਾਇਕ ਹਨ। ਇਸ ਲਈ ਹੱਲ ਤਕਨਾਲੋਜੀ ਨੂੰ ਰੱਦ ਕਰਨਾ ਨਹੀਂ, ਸਗੋਂ ਇਸ ਦੀ ਸਮਝਦਾਰੀ ਅਤੇ ਸੰਤੁਲਨ ਨਾਲ ਵਰਤੋਂ ਕਰਨਾ ਹੈ।

ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਸਹੂਲਤ ਹੌਲੀ-ਹੌਲੀ ਸਾਨੂੰ ਇਕੱਲੇਪਣ ਵੱਲ ਨਾ ਲੈ ਜਾਵੇ।

ਸ਼ਾਇਦ ਸਾਨੂੰ ਆਪਣੇ ਡਿਜੀਟਲ ਸੰਸਾਰ ਤੋਂ ਕਦੇ-ਕਦੇ ਬਾਹਰ ਨਿਕਲਣ ਦੀ ਸੁਚੇਤ ਕੋਸ਼ਿਸ਼ ਕਰਨੀ ਚਾਹੀਦੀ ਹੈ। ਹਰ ਗੱਲ ਸਿਰਫ਼ ਸੁਨੇਹੇ ਰਾਹੀਂ ਕਹਿਣ ਦੀ ਬਜਾਏ ਕਦੇ-ਕਦੇ ਖੁਦ ਜਾ ਕੇ ਮਿਲਣਾ ਚਾਹੀਦਾ ਹੈ। ਹਰ ਸ਼ਾਮ ਸੋਸ਼ਲ ਮੀਡੀਆ 'ਤੇ ਲਗਾਤਾਰ ਸਕ੍ਰੋਲ ਕਰਨ ਦੀ ਬਜਾਏ ਪਰਿਵਾਰ ਨਾਲ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ। ਘਰ ਬੈਠਿਆਂ ਹਰ ਚੀਜ਼ ਮੰਗਵਾਉਣ ਦੀ ਬਜਾਏ ਕਦੇ-ਕਦੇ ਨੇੜਲੀ ਦੁਕਾਨ ਤੱਕ ਪੈਦਲ ਜਾਣਾ, ਕਿਸੇ ਗੁਆਂਢੀ ਨੂੰ ਸਤਿ ਸ੍ਰੀ ਅਕਾਲ ਕਹਿਣਾ ਜਾਂ ਪਾਰਕ ਵਿੱਚ ਕੁਝ ਸਮਾਂ ਬਿਤਾਉਣਾ ਵੀ ਜ਼ਰੂਰੀ ਹੈ।

ਕਈ ਵਾਰ ਕੁਝ ਕਦਮ ਤੁਰਨਾ ਵੀ ਵੱਡਾ ਬਦਲਾਅ ਲਿਆ ਸਕਦਾ ਹੈ।

ਘਰ ਤੋਂ ਬਾਹਰ ਨਿਕਲ ਕੇ ਤੁਰਨਾ ਸਿਰਫ਼ ਸਰੀਰਕ ਕਸਰਤ ਹੀ ਨਹੀਂ ਦਿੰਦਾ, ਸਗੋਂ ਸਾਨੂੰ ਅਸਲ ਲੋਕਾਂ ਅਤੇ ਅਸਲ ਦੁਨੀਆ ਨਾਲ ਵੀ ਜੋੜਦਾ ਹੈ। ਗੁਆਂਢੀ ਨੂੰ ਕੀਤਾ ਗਿਆ ਇੱਕ ਸਧਾਰਨ ਸਤਿਕਾਰ, ਕਿਸੇ ਦੋਸਤ ਨਾਲ ਕੁਝ ਮਿੰਟਾਂ ਦੀ ਗੱਲਬਾਤ ਜਾਂ ਪਰਿਵਾਰ ਨਾਲ ਬਿਤਾਇਆ ਥੋੜ੍ਹਾ ਜਿਹਾ ਸਮਾਂ ਵੀ ਆਪਣੇਪਣ ਅਤੇ ਜੁੜਾਅ ਦੀ ਉਸ ਭਾਵਨਾ ਨੂੰ ਮਜ਼ਬੂਤ ਕਰ ਸਕਦਾ ਹੈ, ਜੋ ਕੋਈ ਵੀ ਐਪ ਪੂਰੀ ਤਰ੍ਹਾਂ ਪ੍ਰਦਾਨ ਨਹੀਂ ਕਰ ਸਕਦੀ।

ਖ਼ਾਸ ਤੌਰ 'ਤੇ ਬੱਚਿਆਂ ਅਤੇ ਨੌਜਵਾਨਾਂ ਨੂੰ ਅਸਲ ਦੁਨੀਆ ਵਿੱਚ ਲੋਕਾਂ ਨਾਲ ਮਿਲਣ-ਜੁਲਣ ਦੇ ਮੌਕਿਆਂ ਦੀ ਲੋੜ ਹੈ। ਦੋਸਤੀ ਸਿਰਫ਼ ਲਾਈਕ, ਇਮੋਜੀ ਅਤੇ ਸੁਨੇਹਿਆਂ ਨਾਲ ਨਹੀਂ ਬਣਦੀ। ਸੱਚੀ ਦੋਸਤੀ ਸਾਂਝੇ ਤਜਰਬਿਆਂ, ਗੱਲਬਾਤ, ਸਹਿਯੋਗ, ਵਿਚਾਰਾਂ ਦੇ ਅੰਤਰ ਅਤੇ ਹਾਸੇ-ਮਜ਼ਾਕ ਨਾਲ ਵੀ ਵਿਕਸਿਤ ਹੁੰਦੀ ਹੈ। ਅਜਿਹੇ ਰੋਜ਼ਾਨਾ ਦੇ ਤਜਰਬੇ ਬੱਚਿਆਂ ਅਤੇ ਨੌਜਵਾਨਾਂ ਵਿੱਚ ਹਮਦਰਦੀ, ਸੰਚਾਰ ਕੌਸ਼ਲ ਅਤੇ ਭਾਵਨਾਤਮਕ ਸਮਝ ਵਿਕਸਿਤ ਕਰਦੇ ਹਨ।

ਅੱਜ ਸਾਡੇ ਘਰਾਂ ਵਿੱਚ ਬਾਜ਼ਾਰ ਵੀ ਹੈ, ਦਫ਼ਤਰ ਵੀ, ਕਲਾਸਰੂਮ ਵੀ ਅਤੇ ਮਨੋਰੰਜਨ ਦੀ ਦੁਨੀਆ ਵੀ। ਸਾਡੇ ਮੋਬਾਈਲ ਫੋਨਾਂ ਵਿੱਚ ਪੂਰੀ ਦੁਨੀਆ ਸਮਾਈ ਹੋਈ ਹੈ। ਪਰ ਮਨੁੱਖ ਨੂੰ ਸਿਰਫ਼ ਸਹੂਲਤ ਅਤੇ ਇੰਟਰਨੈੱਟ ਕਨੈਕਸ਼ਨ ਤੋਂ ਵੱਧ ਦੀ ਲੋੜ ਹੁੰਦੀ ਹੈ।

ਉਸਨੂੰ ਸਾਥ ਚਾਹੀਦਾ ਹੈ।

ਉਸਨੂੰ ਗੱਲਬਾਤ ਚਾਹੀਦੀ ਹੈ।

ਉਸਨੂੰ ਅਜਿਹੇ ਰਿਸ਼ਤੇ ਚਾਹੀਦੇ ਹਨ, ਜਿਨ੍ਹਾਂ ਦੀ ਕੀਮਤ ਸਕਰੀਨ ਟਾਈਮ, ਫਾਲੋਅਰਜ਼ ਜਾਂ ਨੋਟੀਫਿਕੇਸ਼ਨਾਂ ਦੀ ਗਿਣਤੀ ਨਾਲ ਨਾ ਤੋਲੀ ਜਾਵੇ।

ਤਕਨਾਲੋਜੀ ਦਾ ਉਦੇਸ਼ ਲੋਕਾਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣਾ ਹੋਣਾ ਚਾਹੀਦਾ ਹੈ, ਨਾ ਕਿ ਅਣਜਾਣੇ ਵਿੱਚ ਉਨ੍ਹਾਂ ਨੂੰ ਇੱਕ-ਦੂਜੇ ਤੋਂ ਦੂਰ ਕਰਨਾ। ਆਧੁਨਿਕ ਯੁੱਗ ਦੀ ਸਭ ਤੋਂ ਵੱਡੀ ਚੁਣੌਤੀ ਸਿਰਫ਼ ਇੰਟਰਨੈੱਟ ਨਾਲ ਜੁੜੇ ਰਹਿਣਾ ਨਹੀਂ, ਸਗੋਂ ਇੱਕ-ਦੂਜੇ ਨਾਲ ਵੀ ਜੁੜੇ ਰਹਿਣਾ ਹੈ।

ਇਸ ਲਈ ਸ਼ਾਇਦ ਸਮਾਂ ਆ ਗਿਆ ਹੈ ਕਿ ਅਸੀਂ ਕਦੇ-ਕਦੇ ਆਪਣਾ ਫੋਨ ਇੱਕ ਪਾਸੇ ਰੱਖੀਏ, ਘਰ ਦਾ ਦਰਵਾਜ਼ਾ ਖੋਲ੍ਹੀਏ ਅਤੇ ਕੁਝ ਕਦਮ ਬਾਹਰ ਤੁਰ ਚੱਲੀਏ।

ਬਾਜ਼ਾਰ ਭਾਵੇਂ ਸਾਡੇ ਘਰ ਵਿੱਚ ਆ ਗਿਆ ਹੈ ਅਤੇ ਦੁਨੀਆ ਸਾਡੇ ਹੱਥਾਂ ਵਿੱਚ ਸਮਾ ਗਈ ਹੈ, ਪਰ ਸਾਰਥਕ ਰਿਸ਼ਤਿਆਂ ਲਈ ਸਾਨੂੰ ਅੱਜ ਵੀ ਖੁਦ ਮੌਜੂਦ ਹੋਣਾ ਪੈਂਦਾ ਹੈ।

ਤਾਂ ਕਿਉਂ ਨਾ ਕੁਝ ਕਦਮ ਤੁਰ ਕੇ ਕਿਸੇ ਆਪਣੇ, ਗੁਆਂਢੀ ਜਾਂ ਦੋਸਤ ਨਾਲ ਦਿਲ ਖੋਲ੍ਹ ਕੇ ਗੱਲਬਾਤ ਕਰ ਲਈਏ?

# ਮਾਂ-ਨਾਨੀ ਦੇ ਬਣਾਏ ਖਾਣੇ ਦੇ ਸੁਆਦ ਤੋਂ ਵਾਂਝੇ ਹੁੰਦੇ ਜਾ ਰਹੇ ਬੱਚੇ !

ਤੁਸੀਂ ਭਾਰਤ ਦੇ ਕਿਸੇ ਵੀ ਸ਼ਹਿਰ ਜਾਂ ਕਸਬੇ 'ਚ ਘੁੰਮ ਕੇ ਦੇਖੋ ਤਾਂ ਸਭ ਤੋਂ ਜ਼ਿਆਦਾ ਦੁਕਾਨਾਂ ਅੰਗਰੇਜ਼ੀ ਦਵਾਈਆਂ ਦੀਆਂ ਮਿਲਣਗੀਆਂ ਜਾਂ ਪੈਥਾਲੋਜੀ ਟੈਸਟ ਅਤੇ ਐੱਮ. ਆਰ. ਆਈ. ਆਦਿ ਕਰਨ ਵਾਲੇ ਸੈਂਟਰ ਮਿਲਣਗੇ ਜਾਂ ਤਾਂ ਬਹੁਤ ਸਾਰੇ ਨਰਸਿੰਗ ਹੋਮ ਅਤੇ ਹਸਪਤਾਲ ਮਿਲਣਗੇ। ਜ਼ਾਹਿਰ ਹੈ ਕਿ ਅਸੀਂ ਤੇਜ਼ੀ ਨਾਲ ਇਕ ਬਿਮਾਰ ਦੇਸ਼ ਬਣਦੇ ਜਾ ਰਹੇ ਹਾਂ।

ਅਸੀਂ ਬਿਮਾਰੀ ਨੂੰ ਡਾਕਟਰੀ ਇਲਾਜ ਨਾਲ ਠੀਕ ਕਰਨ 'ਚ ਲੱਖਾਂ ਰੁਪਏ ਗੁਆ ਦਿੰਦੇ ਹਾਂ ਪਰ ਬਿਮਾਰੀ ਦੇ ਕਾਰਨਾਂ ਨੂੰ ਸਮਝ ਕੇ ਜੜ੍ਹ ਤੋਂ ਖਤਮ ਕਰਨ ਦੀ ਕਵਾਇਦ ਨਹੀਂ ਕਰਦੇ, ਜਦੋਂ ਕਿ ਸੱਚਾਈ ਇਹ ਹੈ ਕਿ ਜੇਕਰ ਅਸੀਂ ਆਪਣੇ ਧਰਮ ਸ਼ਾਸਤਰਾਂ ਅਨੁਸਾਰ ਆਪਣੇ ਭੋਜਨ ਅਤੇ ਰੋਜ਼ਮੱਰਾ ਨੂੰ ਸੰਚਾਲਿਤ ਕਰੀਏ ਤਾਂ ਆਧੁਨਿਕ ਜੀਵਨ ਦੀ ਚਕਾਚੌਂਧ 'ਚ ਵੀ ਅਸੀਂ ਪੂਰੀ ਤਰ੍ਹਾਂ ਸਿਹਤਮੰਦ ਰਹਿ ਸਕਦੇ ਹਾਂ।

ਉਦਾਹਰਣ ਲਈ ਫੱਗਣ ਪੂਰਨਮਾਸ਼ੀ ਨੂੰ ਹੋਲਿਕੋ ਉਤਸਵ ਮਨਾਉਣਾ, ਮਕਰ ਸੰਕ੍ਰਾਂਤੀ ਦੇ ਦਿਨ ਤਿਲ ਅਤੇ ਗੁੜ ਦੇ ਲੱਡੂ ਖਾਣਾ ਅਤੇ ਦਾਨ ਕਰਨਾ। ਸੂਰਜ-ਚੰਦਰ ਗ੍ਰਹਿਣ ਦੇ ਸਮੇਂ ਖਾਣਾ-ਪੀਣਾ ਨਹੀਂ ਜਾਂ ਫਿਰ ਗਣੇਸ਼ ਜੀ ਦੇ ਪੂਜਨ ਲਈ ਦੂਰਵਾ ਦਾ, ਸ਼ੰਕਰ ਜੀ ਦੇ ਪੂਜਨ ਲਈ ਬੇਲਪੱਤਰ ਦਾ ਅਤੇ ਵਿਸ਼ਨੂੰ ਪੂਜਨ ਲਈ ਤੁਲਸੀ ਪੱਤਰ ਦਾ ਪ੍ਰਯੋਗ ਕਰਨਾ ਉਸੇ ਪਰੰਪਰਾ ਦਾ ਪ੍ਰਭਾਵ ਹੈ। ਇਸੇ ਤਰ੍ਹਾਂ ਦੁਸਹਿਰੇ ਨੂੰ ਸ਼ਸਤਰ ਪੂਜਨ ਕਰਨਾ, ਪਾਟੀ ਪੂਜਨ ਕਰਨਾ ਜਾਂ ਵਿਦਵਾਨਾਂ ਨੂੰ ਦਕਸ਼ਿਣਾ ਦੇਣਾ, ਦੀਵਾਲੀ ਤੋਂ ਪਹਿਲਾਂ ਆਪਣੇ ਘਰ ਨੂੰ ਰੰਗ-ਰੋਗਨ ਅਤੇ ਲਕਸ਼ਮੀ ਪੂਜਨ ਤੋਂ ਬਾਅਦ ਦੀਵਾਲੀ ਮਨਾਉਣੀ। ਇਹ ਸਭ ਸ਼ਾਸਤਰ ਸ਼ੁੱਧ ਪ੍ਰਣਾਲੀਆਂ ਦਾ ਸਮਾਵੇਸ਼ ਕਰਕੇ, ਜਿਨ੍ਹਾਂ ਗ੍ਰੰਥਾਂ ਦੀ ਰਚਨਾ ਕੀਤੀ ਗਈ ਉਨ੍ਹਾਂ ਨੂੰ ਧਰਮ ਸ਼ਾਸਤਰ ਕਹਿੰਦੇ ਹਨ। ਧਰਮ ਉਹੀ ਹੈ ਜਿਸ ਨੂੰ ਪਰਜਾ ਧਾਰਨ ਕਰੇ ਭਾਵ ਉਸਦੇ ਅਨੁਸਾਰ ਆਚਰਣ ਕਰੇ ਤਾਂ ਸਮਾਜ ਨੂੰ ਸਥਿਰਤਾ ਪ੍ਰਾਪਤ ਹੁੰਦੀ ਹੈ।

ਇਹੋ ਗੱਲ ਸਾਡੇ ਦੈਨਿਕ ਆਹਾਰ ਅਤੇ ਪਾਕ-ਕਿਰਿਆ 'ਤੇ ਵੀ ਲਾਗੂ ਹੁੰਦੀ ਹੈ। ਸਾਡਾ ਆਹਾਰ ਸ਼ਾਸਤਰ ਅਤੇ ਪਾਕ ਸ਼ਾਸਤਰ ਧਰਮ ਸ਼ਾਸਤਰਾਂ ਦਾ ਹੀ ਇਕ ਮਹੱਤਵਪੂਰਨ ਅੰਗ ਹੈ। ਜ਼ਰਾ ਸੋਚੋ ਕਿ ਬਹੁਤ ਸਾਰੇ ਲੋਕਾਂ ਦਾ ਭੋਜਨ ਦਾਲ-ਚਾਵਲ, ਰੋਟੀ-ਸਬਜ਼ੀ ਹੋਵੇਗਾ, ਇਹ ਕਿਸ ਨੇ ਤੈਅ ਕੀਤਾ? ਦਾਲ-ਸਬਜ਼ੀ ਨੂੰ ਬਣਾਉਣ ਦੀ ਖੋਜ ਕਿਸ ਨੇ ਕੀਤੀ ਹੋਵੇਗੀ? ਸਰਾਧ 'ਚ ਮਾਂਹ ਦੀ ਦਾਲ ਦੀ ਪਕੌੜੀ, ਕਚੌੜੀ, ਇਮਰਤੀ ਖਾਣਾ ਅਤੇ ਹੋਲੀ ਦੇ ਦਿਨਾਂ 'ਚ ਖਜੂਰ ਅਤੇ ਜਵਾਰ ਖਾਣਾ ਅਤੇ ਚੇਤ ਦੇ ਮਹੀਨੇ 'ਚ ਕੌੜੀ ਨਿੰਮ ਦਾ ਰਸ ਪੀਣਾ ਇਹ ਕਿਸ ਨੇ ਅਤੇ ਕਦੋਂ ਤੈਅ ਕੀਤਾ ਹੋਵੇਗਾ? ਇਨ੍ਹਾਂ ਪਰੰਪਰਾਵਾਂ ਨੂੰ ਅਸੀਂ ਸਿਰਫ ਅੰਧਵਿਸ਼ਵਾਸ ਤੋਂ ਨਹੀਂ, ਸਗੋਂ ਆਪਣੀ ਸਿਹਤ ਨੂੰ ਠੀਕ ਰੱਖਣ ਦੇ ਉਦੇਸ਼ ਨਾਲ ਅੱਜ ਵੀ ਨਿਭਾਉਂਦੇ ਆ ਰਹੇ ਹਾਂ।

—ਵਿਨੀਤ ਨਾਰਾਇਣ

ਇਸੇ ਤਰ੍ਹਾਂ ਦੱਖਣ ਭਾਰਤ 'ਚ ਇਡਲੀ-ਡੋਸਾ, ਮਹਾਰਾਸ਼ਟਰ 'ਚ ਵਰਣ ਅਤੇ ਭਾਤ, ਰਾਜਸਥਾਨ 'ਚ ਦਾਲ-ਬਾਟੀ ਅਤੇ ਸੈਂਗਰੀ, ਗੁਜਰਾਤ 'ਚ ਭਕੜੀ ਅਤੇ ਸੁਖੜੀ, ਪੰਜਾਬ 'ਚ ਪਰੌਂਠੇ ਅਤੇ ਲੱਸੀ, ਓਡਿਸ਼ਾ 'ਚ ਪਖਾਲਭਾਤ, ਬੰਗਾਲ 'ਚ ਮਾਛ-ਭਾਤ, ਇਹ ਕਿਵੇਂ ਅਤੇ ਕਦੋਂ ਸਾਡੀ ਰੋਜ਼ਮੱਰਾ 'ਚ ਆਏ ਅਤੇ ਅੱਜ ਵੀ ਅਸੀਂ ਇਨ੍ਹਾਂ ਦਾ ਪਾਲਣ ਕਰਦੇ ਹਾਂ।



ਇਸੇ ਤਰ੍ਹਾਂ, ਭੋਜਨ ਬਣਾਉਣ ਦੀਆਂ ਵੱਖ-ਵੱਖ ਪ੍ਰਣਾਲੀਆਂ, ਵੱਖ-ਵੱਖ ਮਸਾਲਿਆਂ ਦਾ ਪ੍ਰਯੋਗ, ਸ਼ੁੱਧ ਘਿਓ ਜਾਂ ਫਿਰ ਸਰ੍ਹੋਂ, ਤਿਲ ਜਾਂ ਨਾਰੀਅਲ ਦੇ ਤੇਲ ਦੀ ਵਰਤੋਂ, ਭੋਜਨ ਪਰੋਸਣ ਦੀਆਂ ਵੱਖ-ਵੱਖ ਪ੍ਰਣਾਲੀਆਂ, ਉਨ੍ਹਾਂ ਨੂੰ ਪਕਾਉਣ ਅਤੇ ਖਾਣ ਲਈ ਵੱਖ-ਵੱਖ ਧਾਤਾਂ ਦੇ ਬਰਤਨਾਂ ਦੀ ਵਰਤੋਂ ਕਿਸ ਨੇ ਅਤੇ ਕਦੋਂ ਸਿਖਾਈ ਹੋਵੇਗੀ? ਯੁੱਗਾਂ ਤੋਂ ਜੋ ਅਸੀਂ ਕਰਦੇ ਆਏ ਹਾਂ ਉਹ ਸਾਨੂੰ ਬਹੁਤ ਹੀ ਸਹਿਜ ਅਤੇ ਸੁਭਾਵਿਕ ਲੱਗਦਾ ਹੈ ਪਰ ਵਿਚਾਰ ਕਰਨ 'ਤੇ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਰਿਸ਼ੀਆਂ ਦੀ ਸਮੱਗਰ ਬੁੱਧੀ ਅਤੇ ਸੂਖਮਤਾ 'ਤੇ, ਜਿਨ੍ਹਾਂ ਨੇ ਇਸ ਵਿਗਿਆਨ ਨੂੰ ਸਥਾਪਿਤ ਕੀਤਾ। ਭੋਜਨ ਬਣਾਉਣਾ, ਪਰੋਸਣਾ ਅਤੇ ਉਸ ਦਾ ਸਵਾਦ ਚੱਖਣਾ, ਇਹ ਤੱਤਗਿਆਨ ਹੈ, ਇਹ ਯੱਗ ਹੈ, ਸ਼ਾਸਤਰ ਹੈ, ਕੌਸ਼ਲ ਹੈ, ਕਲਾ ਹੈ, ਰਸਾਸਵਾਦ ਹੈ, ਪ੍ਰਾਣਾਂ ਦੀ ਪੁਸ਼ਟੀ ਹੈ, ਇੰਦਰੀਆਂ ਅਤੇ ਮਨ ਦਾ ਸੁੱਖ ਹੈ ਅਤੇ ਇਹ ਸਾਡਾ ਸੰਸਕਾਰ ਹੈ। ਇਕੋ ਸਮੇਂ ਪੋਸ਼ਣ, ਤੋਸ਼ਣ, ਸੰਸਕਾਰ, ਆਨੰਦ ਅਤੇ ਆਤਮ ਦਰਸ਼ਨ ਹੈ। ਆਪਣੇ ਸੱਭਿਆਚਾਰ ਦੇ ਇਨ੍ਹਾਂ ਮੂਲ ਤੱਤਾਂ ਦੇ ਕਾਰਨ, ਭਾਰਤ ਚਿਰੰਜੀਵ ਬਣਿਆ ਹੈ। ਇਸ ਅਸਲੀਅਤ ਨੂੰ ਹੁਣ ਪੂਰਾ ਵਿਸ਼ਵ ਸਵੀਕਾਰ ਕਰ ਰਿਹਾ ਹੈ ਪਰ ਅਸੀਂ ਖੁਦ ਹੀ ਅੱਜ ਇਨ੍ਹਾਂ ਗੱਲਾਂ ਤੋਂ ਬੇਮੁਖ ਹੋ ਗਏ ਹਾਂ।

ਮੈਕਾਲੇ ਦੀ ਅੱਜ ਤੱਕ ਲਾਗੂ ਸਿੱਖਿਆ ਪ੍ਰਣਾਲੀ ਨੇ ਸਾਡੀ ਸੋਚ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਆਪਣੇ ਰੀਤੀ-ਰਿਵਾਜਾਂ, ਪਰੰਪਰਾਵਾਂ, ਪ੍ਰਣਾਲੀਆਂ ਅਤੇ ਖਾਣ-ਪਾਨ ਤੇ ਪਹਿਰਾਵੇ ਦਾ ਸਨਮਾਨ ਕਰਨ ਦੀ ਬਜਾਏ ਅਸੀਂ ਉਨ੍ਹਾਂ ਦਾ ਮਜ਼ਾਕ ਕਰਨਾ, ਆਲੋਚਨਾ ਕਰਨਾ ਅਤੇ ਅਣਗਹਿਲੀ ਕਰਨਾ ਆਪਣੇ ਆਧੁਨਿਕ ਹੋਣ ਦਾ ਪ੍ਰਮਾਣ ਮੰਨਦੇ ਹਾਂ। ਅਸੀਂ ਅੰਨ ਨੂੰ ਪਵਿੱਤਰ ਮੰਨਣ ਦੀ ਬਜਾਏ ਉਸ ਨੂੰ ਬਾਜ਼ਾਰ 'ਚ ਵਿਕਣ ਵਾਲਾ ਇਕ ਆਮ ਪਦਾਰਥ ਮੰਨਣ ਲੱਗੇ ਹਾਂ।

ਅੰਨ ਦਾ ਅਰੋਗਿਆ ਅਤੇ ਸੰਸਕਾਰ ਦੇ ਨਾਲ ਸਿੱਧਾ ਸੰਬੰਧ ਹੈ, ਇਸ ਗੱਲ ਨੂੰ ਭੁੱਲ ਕੇ ਸਿਰਫ ਸੰਵਾਦ ਦੀ ਸੰਤੁਸ਼ਟੀ ਲਈ ਹੀ ਉਸ ਨੂੰ ਗ੍ਰਹਿਣ ਕਰਦੇ ਹਾਂ। ਇਸ ਲਈ ਦੇਸ਼ 'ਚ ਅੰਨ ਦਾ ਸੰਕਟ ਅਤੇ ਸਰੀਰਕ ਅਤੇ ਮਾਨਸਿਕ ਸਿਹਤ ਦਾ ਸੰਕਟ ਵਧ ਗਿਆ ਹੈ। ਜਿਵੇਂ ਕੋਈ ਹੀਰੇ ਨੂੰ ਪੱਥਰ ਸਮਝ ਕੇ ਸੁੱਟ ਦੇਵੇ, ਉਂਝ ਹੀ ਅਸੀਂ ਆਪਣੇ ਸ਼ਾਸਤਰਾਂ ਨੂੰ ਸੁੱਟ ਦਿੱਤਾ ਹੈ ਅਤੇ ਪੱਛਮ ਦੀ ਬਾਜ਼ਾਰੂ ਸੰਸਕ੍ਰਿਤੀ ਦੇ ਗੁਲਾਮ ਬਣ ਗਏ ਹਾਂ। ਸਾਡੇ ਦੈਨਿਕ ਜੀਵਨ 'ਚ ਆਨਲਾਈਨ ਆਉਣ ਵਾਲਾ ਭੋਜਨ ਇਸ ਦਾ ਪ੍ਰਮਾਣ ਹੈ, ਜਿਸਦਾ ਨਤੀਜਾ ਹੈ ਆਧੁਨਿਕ ਇਲਾਜ ਦਾ ਦਿਨ-ਦੂਣਾ ਅਤੇ ਰਾਤ-ਚੌਗੁਣਾ ਵਧਦਾ ਕਾਰੋਬਾਰ। ਉਪਰੋਕਤ ਗਿਆਨ ਦਾ ਆਧਾਰ ਪੁਨਰ-ਉੱਥਾਨ ਪ੍ਰਕਾਸ਼ਨ ਸੇਵਾ ਟਰੱਸਟ, ਕਾਂਕਰੀਆ, ਅਹਿਮਦਾਬਾਦ ਤੋਂ ਪ੍ਰਕਾਸ਼ਿਤ ਇਕ ਬਹੁਤ ਹੀ ਮੁੱਲਵਾਨ ਗ੍ਰੰਥ 'ਆਹਾਰਸ਼ਾਸਤਰ' ਹੈ, ਜੋ ਅੱਜ ਹਰ ਘਰ 'ਚ ਹੋਣਾ ਚਾਹੀਦਾ ਹੈ। ਇਹ ਗ੍ਰੰਥ ਪੜ੍ਹ ਕੇ ਹਰ ਮਹਿਲਾ ਆਪਣੇ ਘਰ ਨੂੰ ਨਿਰੋਗੀ, ਸੁਖੀ ਅਤੇ ਸੰਪੰਨ ਬਣਾ ਸਕਦੀ ਹੈ।

ਇਸੇ ਲੜੀ 'ਚ ਯਾਦ ਆਇਆ ਕਿ ਕਈ ਸਾਲ ਪਹਿਲਾਂ ਅਮਰੀਕਾ ਦੇ ਕਈ ਵੱਡੇ ਸ਼ਹਿਰਾਂ 'ਚ ਆਪਣੀ ਵਿਆਖਿਆਨ ਮਾਲਾ ਦੌਰਾਨ, ਲਾਸ ਏਂਜਲਸ ਤੋਂ ਸੈਨਹੋਜੇ ਦੀ ਫਲਾਈਟ 'ਚ ਇਕ ਬਜ਼ੁਰਗ ਅਮਰੀਕੀ ਮਹਿਲਾ, ਜੋ ਮੇਰੇ ਨਾਲ ਬੈਠੀ ਸੀ, ਉਨ੍ਹਾਂ ਤੋਂ ਮੈਂ ਪੁੱਛਿਆ ਕਿ ਉਹ ਕਿੱਥੇ ਜਾ ਰਹੀ ਹੈ? ਉਹ ਬੋਲੀ ਆਪਣੀ ਦੋਹਤੀ ਦੇ ਕੋਲ। ਕਿਉਂਕਿ ਉਹ ਫੋਨ 'ਤੇ ਕਹਿੰਦੀ ਹੈ, "ਨਾਨੀ ਤੁਹਾਡਾ ਬਣਾਇਆ ਖਾਣਾ ਮੈਨੂੰ ਬਹੁਤ ਚੰਗਾ ਲੱਗਦਾ ਹੈ। ਮੰਮੀ ਜੋ ਪਕਿਆ-ਪਕਾਇਆ ਖਾਣਾ ਬਾਜ਼ਾਰੋਂ ਲਿਆਉਂਦੀ ਹੈ, ਉਸ 'ਚ ਕੋਈ ਸੁਆਦ ਨਹੀਂ ਹੈ। ਇਸ ਲਈ ਮੈਂ ਕੁਝ ਦਿਨਾਂ ਲਈ ਉਸਦੇ ਕੋਲ ਜਾ ਰਹੀ ਹਾਂ।"

ਉਨ੍ਹਾਂ ਦੀ ਇਹ ਗੱਲ ਸੁਣ ਕੇ ਮੈਨੂੰ ਆਪਣੀ ਮਾਂ ਅਤੇ ਨਾਨੀ ਦੇ ਬਣਾਏ ਖਾਣੇ ਦਾ ਸੁਆਦ ਮੂੰਹ 'ਚ ਆ ਗਿਆ। ਉਹ ਸੁਆਦ, ਜਿਸ ਤੋਂ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਸਾਡੇ ਦੋਹਤੇ-ਪੋਤੇ ਬਹੁਤ ਤੇਜ਼ੀ ਨਾਲ ਵਾਂਝੇ ਹੁੰਦੇ ਜਾ ਰਹੇ ਹਨ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD